# ਪ੍ਰਿੰ. ਤੇਜਾ ਸਿੰਘ ਦਾ ਗੁਰਮਤਿ ਵਿਆਖਿਆ ਵਿਚ ਯੋਗਦਾਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ ਸਾਇੰਸਿਜ਼ ਫੈਕਲਟੀ ਦੇ ਅਧੀਨ

ਪੀਐਚ.ਡੀ. ਦੀ ਉਪਾਧੀ ਲਈ ਪੇਸ਼ ਕੀਤਾ

ਥੀਸਸ

(2019)


ਨਿਗਰਾਨ

ਡਾ. ਗੁੰਜਨਜੋਤ ਕੌਰ

ਖੋਜਾਰਥੀ

ਗੁਰਪ੍ਰੀਤ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਇਹ ਖੋਜ-ਪ੍ਰਬੰਧ **ਪ੍ਰਿੰ. ਤੇਜਾ ਸਿੰਘ ਦਾ ਗੁਰਮਤਿ ਵਿਆਖਿਆ ਵਿਚ ਯੋਗਦਾਨ** ਗੁਰਪ੍ਰੀਤ ਸਿੰਘ ਨੇ ਮੇਰੀ ਨਿਗਰਾਨੀ ਅਧੀਨ ਤਿਆਰ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਅਤੇ ਆਪਣੀ ਮਿਹਨਤ ਦਾ ਫਲ਼ ਹੈ ਅਤੇ ਇਸ ਖੋਜ-ਪ੍ਰਬੰਧ ਨੂੰ ਇਸ ਤੋਂ ਪਹਿਲਾਂ ਕਿਸੇ ਹੋਰ ਡਿਗਰੀ ਜਾਂ ਡਿਪਲੋਮਾ ਲਈ ਯੂਨੀਵਰਸਿਟੀ ਵਿਚ ਪੇਸ਼ ਨਹੀਂ ਕੀਤਾ ਗਿਆ। ਮੈਂ ਇਸ ਖੋਜ- ਪ੍ਰਬੰਧ ਨੂੰ ਪੀਐਚ.ਡੀ. ਦੀ ਡਿਗਰੀ ਦੀ ਪੂਰਤੀ ਵਜੋਂ ਪ੍ਰਸਤੁਤ ਕਰਨ ਦੀ ਸਿਫਾਰਸ਼ ਕਰਦੀ ਹਾਂ।

20...ਫਰਵਰੀ 2019

ਗੁੰਜਨਜੋਤ ਕੌਰ (ਡਾ.)

ਗੁੰਜਨ ਜੋਤ ਕੌਰ

(ਨਿਗਰਾਨ)

# ਅਧਿਆਇ ਪਹਿਲਾ

## ਪ੍ਰਿੰ. ਤੇਜਾ ਸਿੰਘ ਜੀਵਨ ਤੇ ਰਚਨਾ

ਸਾਹਿਤ ਸਮੀਖਿਆ ਦੇ ਬੀਜ ਸਾਹਿਤ ਸਿਰਜਣਾ ਵਿਚ ਹੀ ਮੌਜੂਦ ਹੁੰਦੇ ਹਨ। ਸਾਹਿਤ ਚਿੰਤਕਾਂ ਦਾ ਇਹ ਮਤ ਹੈ ਕਿ ਸਾਹਿਤ ਸਮੀਖਿਆ ਦੀ ਨਿੱਖੜੀ ਹੋਈ ਪਰੰਪਰਾ ਉਸੇ ਸਮਾਜ ਵਿਚ ਵਿਗਸਦੀ ਹੈ ਜਿਸ ਵਿਚ ਸਾਹਿਤ ਇਕ ਪੱਕੀ ਤੇ ਸੁਤੰਤਰ ਸੰਸਥਾ ਦਾ ਰੂਪ ਧਾਰ ਚੁੱਕਾ ਹੋਵੇ। ਸੰਸਾਰ ਵਿਚ ਬਹੁਤ ਘੱਟ ਵਿਅਕਤੀ ਅਜਿਹੇ ਹਨ ਜੋ ਕਿ ਇਕੋ ਸਮੇਂ ਚੰਗੇ ਆਲੋਚਕ ਅਤੇ ਸਮੀਖਿਅਕ ਹੋਣ ਦੇ ਨਾਲ-ਨਾਲ ਵਧੀਆ ਚਿੰਤਕ ਵੀ ਹੋਣ ਪਰ ਜਦੋਂ ਇਹ ਸਾਰੇ ਗੁਣ ਇਕੋ ਵਿਅਕਤੀ ਵਿਚ ਆ ਜਾਣ ਤਾਂ ਉਹ ਜਿਸ ਸਾਹਿਤ ਦੀ ਸਿਰਜਨਾ ਕਰਦਾ ਹੈ, ਉਹ ਨਰੋਆ ਸਾਹਿਤ ਕਿਹਾ ਜਾ ਸਕਦਾ ਹੈ।

ਜਿਵੇਂ ਭੂਮਿਕਾ ਵਿਚ ਵਰਣਿਤ ਕੀਤਾ ਜਾ ਚੁੱਕਾ ਹੈ ਕਿ ਚਿੰਤਕ ਅਤੇ ਚਿੰਤਨ ਵਿਹਾਰਕ ਪੱਖ ਤੋਂ ਸਮਾਨਾਂਤਰ ਰੂਪ ਵਿਚ ਹੀ ਕਾਰਜ ਕਰਦੇ ਪ੍ਰਤੀਤ ਹੁੰਦੇ ਹਨ ਕਿਉਂਕਿ ਚਿੰਤਕ ਰਾਹੀਂ ਹੀ ਚਿੰਤਨ ਦੀ ਆਧਾਰਸ਼ਿਲਾ ਬਣਦੀ ਹੈ। ਉਕਤ ਦੋਵੇਂ ਹੀ ਕਿਸੇ ਵੀ ਦੇਸ਼, ਕੌਮ ਅਤੇ ਧਰਮ ਦੇ ਸਾਹਿਤ ਲਈ ਸੰਜੀਵਨੀ ਬੂਟੀ ਦਾ ਕੰਮ ਕਰਦੇ ਹਨ ਜੋ ਲੋਕਾਈ ਵਿਚੋਂ ਮਰ ਚੁੱਕੀ ਚੇਤੰਨਤਾ ਨੂੰ ਮੁੜ ਸੁਰਜੀਤ ਕਰਨ ਵੱਲ ਪ੍ਰੇਰਦੇ ਹੋਏ ਸਾਹਿਤਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪੱਖ ਤੋਂ ਵੀ ਵਿਕਾਸ ਕਰਦੇ ਹਨ। ਸਮਾਜ ਵਿਚ ਐਸੇ ਅਨੇਕਾਂ ਦਾਨਿਸ਼ਮੰਦ, ਸਤਪੁਰਖ, ਮਹਾਤਮਾ ਬੰਧੂ ਜ਼ਿਕਰਯੋਗ ਹਨ ਜਿਨ੍ਹਾਂ ਨੇ ਪ੍ਰਚੰਡ ਗਿਆਨ-ਵਿਗਿਆਨ ਦੇ ਬਲਬੂਤੇ ਅਤੇ ਵਿਸ਼ੇਸ਼ ਕਰਕੇ 'ਬਿਬੇਕ-ਬੁੱਧ' ਦੇ ਆਸਰੇ ਸਮਾਜ ਨੂੰ ਨਵੀਂ ਸੇਧ ਦਿੱਤੀ। ਇਸ ਲਈ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਕਿਸੇ ਵੀ ਧਰਮ, ਕੌਮ ਜਾਂ ਨਸਲ ਲਈ ਵਿਦਵਾਨ ਨਿਰੰਤਰ ਵਗਦੇ ਦਰਿਆ ਵਾਂਗ ਹੁੰਦੇ ਹਨ ਜੋ ਆਪਣੇ ਵਿਰਸੇ ਅਤੇ ਸਿਧਾਤਾਂ ਤੋਂ ਟੁੱਟ ਚੁੱਕੀ ਲੋਕਾਈ ਨੂੰ ਆਪਣੇ ਧੁਰੇ ਨਾਲ ਜੋੜ ਕੇ ਬੇਕਾਰ ਤੋਂ ਬੇਕਾਰ ਜਮੀਨ ਨੂੰ ਵੀ ਉਪਜਾਊ ਬਨਾਉਣ (ਇਕ ਨਵੀਂ ਸੋਚ ਪੈਦਾ ਕਰਨ) ਦੀ ਸਮਰਥਾ ਰੱਖਦੇ ਹਨ। ਇਨ੍ਹਾਂ ਦਾਨਾਈ ਪੁਰਸ਼ਾਂ ਦੀ ਬੁੱਧੀ ਮੰਡਲ ਦੀ ਸੋਚ, ਸਮਾਜ ਵਿਚਲੇ ਆਮ ਮਨੁੱਖਾਂ ਤੋਂ ਕਿਤੇ ਜ਼ਿਆਦਾ ਆਗਾਂਹ ਵਧੂ ਹੁੰਦੀ ਹੈ ਪਰ ਅਫਸੋਸ ਇਸ ਗੱਲ ਦਾ ਹੁੰਦਾ ਹੈ ਕਿ ਐਸੇ ਦਾਨਿਆਂ ਨੂੰ ਅਸੀਂ ਅਕਸਰ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਹੀ ਸਮਝਣ ਦਾ ਜਤਨ ਕਰਦੇ ਹਾਂ।

ਸਿੱਖ ਧਰਮ ਸਮੁੱਚੀ ਲੋਕਾਈ ਦਾ ਸਾਂਝਾ ਧਰਮ ਹੋਣ ਕਰਕੇ ਗਿਆਨ ਦਾ ਵੱਡਾ ਸੋਮਾ ਹੈ। ਇਸ ਨੂੰ ਧਰਮਾਂ ਦੇ ਇਤਿਹਾਸ ਵਿਚ ਆਧੁਨਿਕ ਧਰਮ ਦਾ ਲਕਬ ਵੀ ਹਾਸਲ ਹੈ। ਆਧੁਨਿਕ ਧਰਮ ਦੇ ਆਧੁਨਿਕ ਗਿਆਨ ਨੂੰ ਪ੍ਰਾਪਤ ਕਰਨਾ ਅਤੇ ਗਿਆਨ ਪ੍ਰਾਪਤ ਕਰਕੇ ਦੂਜਿਆਂ ਨੂੰ ਜਾਗਰੂਕ ਕਰਵਾਉਣਾ ਇਕ ਮਹੱਤਵਪੂਰਨ ਕਾਰਜ ਹੈ। ਜੇਕਰ ਸਿੱਖ ਚਿੰਤਕਾਂ ਦੀ ਗੱਲ ਕਰੀਏ ਤਾਂ ਇਥੇ ਸਭ ਤੋਂ ਪਹਿਲਾ ਨਾਂ ਭਾਈ ਗੁਰਦਾਸ ਜੀ ਦਾ ਹੈ ਜਿਨ੍ਹਾਂ ਨੇ 40 ਵਾਰਾਂ ਅਤੇ ਕਬਿੱਤ ਸਵਯੇ ਰਚਨਾਵਾਂ ਰਾਹੀਂ ਸਿੱਖ ਚਿੰਤਨ ਦਾ ਆਧਾਰ ਰੱਖਿਆ। ਜਿਨ੍ਹਾਂ ਤੇ ਸ਼ਬਦ ਦੀ ਮਿਹਰ ਹੋਈ ਤੇ ਉਹ ਵੇਦ ਵਿਆਸ (ਵੇਦਾਂਤ), ਦੇਵ ਰਿਧੀ (ਜੈਨ), ਵਿਦਰਾਗਮਨੀ (ਬੁੱਧ), ਹੈਰੂਨ ਸੈਮੂਅਲ (ਯੂਹੂ+ਈਸਾਈਅਤ) ਅਤੇ ਜੈਦ-ਬਿਨ-ਸਾਬਿਤ ਵਾਂਗ ਆਪੋ ਆਪਣੇ ਧਰਮਾਂ ਦੀ ਪੈਗੰਬਰੀ ਅਜ਼ਮਤ ਤੋਂ ਬਾਅਦ ਵਿਰਾਸਤ ਦਾ ਫ਼ਖ਼ਰ ਹੋ ਨਿਬੜੇ।[1] ਉਨ੍ਹਾਂ ਤੋਂ ਉਪਰੰਤ ਭਾਈ ਨੰਦ ਲਾਲ ਜੀ, ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਰਤਨ ਸਿੰਘ ਭੰਗੂ ਆਦਿ ਅਤੇ ਨਵੀਨ ਚਿੰਤਕਾਂ ਦੀ ਲੜੀ ਵਿਚ ਪ੍ਰੋਫੈਸਰ ਪੂਰਨ ਸਿੰਘ, ਭਾਈ ਵੀਰ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਹੋਰ ਅਨੇਕਾਂ ਐਸੇ ਚਿੰਤਕਾਂ ਦੀ ਲੜੀ ਵੇਖੀ ਜਾ ਸਕਦੀ ਹੈ ਜਿਨ੍ਹਾਂ ਨੇ ਆਪਣੀ ਵਿਧਾ ਤੇ ਵਿਚਾਰਧਾਰਾ ਦੇ ਪਰਬਲ ਵੇਗ ਨਾਲ ਸਮਾਜ ਨੂੰ ਹਰ ਪੱਖੋਂ ਅਗਾਂਹ ਲਿਜਾਣ ਦੀ ਕੋਸ਼ਿਸ਼ ਕੀਤੀ ਇਨ੍ਹਾਂ ਵਿਚ ਪ੍ਰਿੰ. ਤੇਜਾ ਸਿੰਘ ਦਾ ਨਾਂ ਸਿੱਖ ਅਕਾਦਮਿਕਤਾ ਜਗਤ ਵਿਚ ਇਸ ਤਰ੍ਹਾਂ ਜੁੜਿਆ ਹੋਇਆ ਹੈ ਕਿ ਜਦ ਵੀ ਪੰਜਾਬੀ ਸਾਹਿਤ ਜਾਂ ਧਰਮ ਦੀ ਗੱਲ ਚਲਦੀ ਹੈ ਤਾਂ ਉਨ੍ਹਾਂ ਦਾ ਨਾਂ ਮੁੱਢਲੇ ਵਿਦਵਾਨਾਂ ਦੀ ਕਤਾਰ ਵਿਚ ਆਉਂਦਾ ਹੈ। ਪ੍ਰਿੰ. ਸਾਹਿਬ ਨੇ ਪੰਜਾਬੀ ਵਾਰਤਕ, ਪੰਜਾਬੀ ਭਾਸ਼ਾ, ਵਿਆਕਰਨ ਅਤੇ ਗੁਰਬਾਣੀ ਵਿਆਖਿਆਕਾਰੀ ਨੂੰ ਆਧੁਨਿਕਤਾ ਦਾ ਰੂਪ ਪ੍ਰਦਾਨ ਕਰਦਿਆਂ, ਵਿਗਿਆਨਕ ਅੰਤਰ ਦ੍ਰਿਸ਼ਟੀਆਂ ਰਾਹੀਂ ਨਵੀਆਂ ਪੈੜਾਂ ਪਾਈਆਂ। ਜਿੰਦਗੀ ਦੇ ਵਿਭਿੰਨ ਰੰਗਾਂ ਵਿਚੋਂ ਹਰ ਰੰਗ ਦਾ ਕੁਝ ਨਾ ਕੁਝ ਅੰਸ਼ ਗ੍ਰਹਿਣ ਕਰਨ ਨਾਲ ਹੀ ਸ਼ਖ਼ਸੀਅਤ ਦੀ ਬਹੁ ਰੰਗੀ ਤਸਵੀਰ ਬਣਦੀ ਹੈ।[2] ਪ੍ਰਿੰ. ਤੇਜਾ ਸਿੰਘ ਵੀ ਸਿੱਖ ਧਰਮ ਵਿਚ ਬਹੁ ਰੰਗੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦਾ ਜਨਮ 2 ਜੂਨ 1894[3] ਨੂੰ ਭਾਈ ਭਲਾਕਰ ਸਿੰਘ ਅਤੇ ਮਾਤਾ ਸੁਰਸਤੀ ਦੇ ਘਰ ਪਿੰਡ ਅੜਿਆਲੇ

---

[1] ਡਾ. ਸਰਬਜਿੰਦਰ ਸਿੰਘ (ਸੰਪਾ.), ਕਬਿੱਤ ਸਵੈਯੇ ਭਾਈ ਗੁਰਦਾਸ, ਤੁਕ-ਤਤਕਰਾ, ਭੂਮਿਕਾ

[2] ਡਾ. ਨਰੇਸ਼, ਸ਼ਖ਼ਸੀਅਤਾਂ, ਦੋ ਸ਼ਬਦ

[3] ਪਿੱਛੋਂ ਜਾ ਕੇ ਉਮਰ ਵਿਚ ਇਕ ਸਾਲ ਦਾ ਵਾਧਾ ਕਰਕੇ 1893 ਈਸਵੀ ਕੀਤਾ।

(ਹੁਣ ਪਾਕਿਸਤਾਨ) ਸੂਹਾ ਦਰਿਆ ਦੇ ਕੰਢੇ ਹੋਇਆ। ਆਪ ਜੀ ਦੇ ਦਾਦਾ ਜੀ ਦਾ ਨਾਂ ਨਰਾਇਣ ਸਿੰਘ ਸੀ ਜੋ ਬਹੁਤ ਮਿਹਨਤੀ ਇਨਸਾਨ ਸਨ। ਜਿਸ ਘਰ ਵਿਚ ਪ੍ਰਿੰ. ਸਾਹਿਬ ਦਾ ਜਨਮ ਹੋਇਆ ਉਸ ਘਰ ਨੂੰ ਨਰਾਇਣ ਸਿੰਘ ਨੇ ਆਪ ਬਣਾਇਆ ਸੀ। ਅਡਿਆਲੇ ਪਿੰਡ ਦੀ ਰਮਣੀਕ ਜਗ੍ਹਾ ਨੂੰ ਪ੍ਰਿੰ. ਸਾਹਿਬ ਇਸ ਤਰ੍ਹਾਂ ਬਿਆਨ ਕਰਦੇ ਹਨ:-"ਮੇਰਾ ਦਾਦਾ ਪਿੰਡ ਤੋਂ ਅੱਧ ਮੀਲ ਬਾਹਰ, ਜਿਥੇ ਕਬਰਾਂ ਸਨ, ਆ ਵੱਸਿਆ। ਪਿੰਡ ਦੇ ਕੋਲ ਸੂਹਾ, ਜਰਾਹੀ ਤੇ ਸਪਿਆਲਾ ਦਰਿਆ ਆਕੇ ਮਿਲਦੇ ਸਨ। ਆਸ ਪਾਸ ਹਰੀਆਂ ਹਰੀਆਂ ਢਕੀਆਂ ਜੂਹਾਂ, ਰੁੱਖਾਂ ਤੇ ਬੇਲੇ ਸਨ।[4] ਮਾਤਾ ਹਿੰਦੂ ਘਰਾਣੇ ਵਿਚੋ ਸੀ, ਅੰਤ ਤੱਕ ਹਿੰਦੂ ਹੀ ਰਹੇ। ਮਾਤਾ ਸੁਰਸਤੀ ਬਾਰੇ ਉਹ ਦਸਦੇ ਹਨ ਕਿ ਉਹ ਬੜੇ ਦਲੇਰ ਸੁਭਾਅ ਦੇ ਸਨ, ਡਰਦੇ ਨਹੀਂ ਸਨ ਕਿਉਂਕਿ ਪਿਤਾ ਰਾਵਲਪਿੰਡੀ ਰਹਿੰਦੇ ਸਨ ਇਸ ਲਈ ਘਰ ਦੀ ਰਾਖੀ ਮਾਤਾ ਜੀ ਨੂੰ ਹੀ ਕਰਨੀ ਪੈਂਦੀ ਸੀ। ਘਰ ਪਿੰਡ ਤੋਂ ਬਾਹਰ ਹੋਣ ਕਾਰਨ ਰਾਖੀ ਕਰਨਾ ਬੜਾ ਮੁਸ਼ਕਿਲ ਕਾਰਜ ਸੀ, ਨਜਦੀਕ ਕੋਈ ਘਰ ਵੀ ਨਹੀਂ ਸੀ। ਇਕ ਵਾਰ ਈਦ ਦੀ ਰਾਤ ਚੋਰ ਆ ਪਏ, ਮਾਤਾ ਜੀ ਨੇ ਸਾਰੀ ਰਾਤ ਚੋਰਾਂ ਦਾ ਮੁਕਾਬਲਾ ਕੀਤਾ ਅਤੇ ਉਨ੍ਹਾਂ ਨੂੰ ਵੰਗਾਰਦਿਆਂ ਕਿਹਾ "ਸੂਰੋ! ਇਹ ਤੁਸੀਂ ਈਦ ਮਨਾ ਰਹੇ ਹੋ? ਮੈਂ ਵੀ ਕੁਹਾੜਾ ਲੈ ਕੇ ਤੁਹਾਡੀ ਸੰਨ੍ਹ ਦੇ ਮੂਹਰੇ ਖਲੋਤੀ ਹਾਂ, ਜਿਹੜਾ ਤੁਹਾਡੇ ਵਿਚੋਂ ਪਹਿਲਾਂ ਅੰਦਰ ਵੜਨ ਦੀ ਕੋਸ਼ਿਸ਼ ਕਰੇਗਾ ਉਸ ਦਾ ਸਿਰ ਤਾਂ ਵੱਢ ਦਿਉਂਗੀ।[5] ਪ੍ਰਿੰ. ਤੇਜਾ ਸਿੰਘ ਦਾ ਪਹਿਲਾ ਨਾਂ ਤੇਜ ਰਾਮ ਸੀ ਜੋ ਬਾਅਦ ਵਿਚ ਬਾਬਾ ਖੇਮ ਸਿੰਘ ਬੇਦੀ ਪਾਸੋਂ ਖੰਡੇ ਦੀ ਪਾਹੁਲ ਲੈ ਕੇ ਸਿੱਖ ਬਣੇ ਤੇ ਨਾਂ ਵੀ ਤੇਜਾ ਸਿੰਘ ਹੋਇਆ। ਸਮੇਂ ਅਤੇ ਸਥਾਨ ਦੇ ਰਿਵਾਜ ਅਨੁਸਾਰ ਤੇਜ ਰਾਮ ਨੇ ਧਰਮਸ਼ਾਲ ਅਤੇ ਮਸੀਤ ਵਿਚ ਮੁਢਲੀ ਵਿਦਿਆ ਪ੍ਰਾਪਤ ਕੀਤੀ। ਧਰਮਸ਼ਾਲਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਅਤੇ ਗੁਰਮੁਖੀ ਲਿਖਣੀ ਸਿੱਖੀ। ਮਸੀਤ ਵਿਚੋਂ ਉਰਦੂ ਤੇ ਫਾਰਸੀ ਦੀ ਪੜ੍ਹਾਈ ਕੀਤੀ। ਜਿਸ ਦੀ ਫੀਸ ਵਜੋਂ ਮੁਸਾਫਰਾਂ ਲਈ ਰੋਟੀਆਂ ਮੰਗਕੇ ਲਿਆਉਣ ਦੀ ਸੇਵਾ ਕਰਨੀ ਪਈ। ਇਸ ਮੁਢਲੀ ਤਾਲੀਮ ਤੋਂ ਉਪਰੰਤ ਪੰਜਵੀਂ ਤੱਕ ਦੀ ਪੜ੍ਹਾਈ ਨਾਲ ਦੇ ਪਿੰਡ ਢੱਲੇ ਤੋਂ ਕੀਤੀ (ਜੋ 4-5) ਕਿਲੋਮੀਟਰ ਦੂਰ ਸੀ। ਉਹ ਪੈਂਡਾ ਤੁਰਕੇ ਜਾਣਾ ਅਤੇ ਮੌਲਵੀ ਲਈ ਲਕੜਾਂ ਇਕਠੀਆਂ ਕਰਨੀਆਂ ਆਦਿ ਕਈ ਤਰਾਂ ਦਾ ਕੰਮ

[4] ਪ੍ਰਿੰ. ਤੇਜਾ ਸਿੰਘ, ਆਰਸੀ, ਪੰਨਾ 1

[5] ਉਪਰੋਕਤ ਵਰਣਿਤ, ਪੰਨਾ 3

ਕਰਨਾ ਪਿਆ। ਢੱਲੇ ਸਕੂਲ ਦੀ ਯਾਦ ਪ੍ਰਿੰ. ਸਾਹਿਬ ਆਰਸੀ[6] ਵਿਚ ਲਿਖਦੇ ਹਨ 'ਸੰਨ 1899 ਵਿਚ ਮੈਂ ਪ੍ਰਾਇਮਰੀ ਸਕੂਲ, ਢੱਲਾ, ਵਿਚ ਜਾ ਕੇ ਦੂਜੀ ਜਮਾਤੇ ਦਾਖਲ ਹੋਇਆ। ਪਹਿਲੇ ਦਿਨ ਹੀ ਮੁਨਸ਼ੀ ਜੈ ਰਾਮ ਜੀ ਨੇ ਮੇਰੀ ਉਰਦੂ ਦੀ ਲਿਖਾਈ ਵੇਖੀ ਤਾਂ ਖੁਸ਼ੀ ਵਿਚ ਉਛਲਦੇ-ਉਛਲਦੇ ਵੱਡੇ ਮੌਲਵੀ ਨਵਾਬ ਖ਼ਾਨ ਪਾਸ ਆ ਕੇ ਕਹਿਣ ਲੱਗੇ "ਦੇਖੋ, ਮੌਲਵੀ ਸਾਹਿਬ, ਇਸ ਬਚੇ ਕੀ ਲਿਖਾਈ! ਯਿਹ ਲੜਕਾ ਕੁਛ ਬਨ ਕਰ ਰਹੇਗਾ।[7]

ਇਸ ਮੁੱਢਲੀ ਵਿਦਿਆ ਤੋਂ ਬਾਅਦ ਇਸ ਮਹਾਨ ਚਿੰਤਕ ਨੇ ਦੋ ਸਾਲ ਘਰ ਦੇ ਡੰਗਰ ਚਾਰੇ, ਹੱਟੀ ਕੀਤੀ ਅਤੇ ਬਾਲਣ ਢੋਇਆ ਪਰ ਅੰਦਰ ਵਿਦਿਆ ਪ੍ਰਾਪਤੀ ਦਾ ਚਾਅ ਉਨ੍ਹਾਂ ਨੂੰ ਅਡਿਆਲੇ ਤੋਂ ਰਾਵਲਪਿੰਡੀ ਲੈ ਆਇਆ। ਪਹਿਲੀ ਵਾਰ ਸ਼ਹਿਰ ਵਿਚ ਓਪਰਿਆਂ ਵਾਂਗ ਘੁੰਮਦੇ ਨੂੰ ਵੇਖ ਇਕ ਬਜੁਰਗ ਨੇ ਪੁਛਿਆ ਜੋ ਉਨ੍ਹਾਂ ਆਰਸੀ ਵਿਚ ਲਿਖਿਆ-

"ਕਾਕਾ, ਕੇ ਢੂੰਡਨਾ ਵੇਂ?"

ਮੈਂ ਕਿਹਾ, "ਜੀ ਕੰਮ ਲਭਨਾ ਵਾ"

"ਕਿਹੜੀ ਨੌਕਰੀ ਕਰਨੀਂ ਆ?"

"ਜੀ, ਜਿਹੜੀ ਲੱਭ ਪਵੇ।"

ਘਰੈ ਨੀ ਨੌਕਰੀ ਕਰਸੇਂ? ਭਾਂਡੇ ਮਾਜਸੇਂ? ਕਪੜੇ ਧੋਸੇਂ?"

"ਜੀ ਹਾਂ, ਸਭੋ ਕੁਝ ਕਰਸਾਂ।"

"ਕੇ ਲੈਸੇਂ?"

---

[6] 'ਆਰਸੀ' ਪ੍ਰਿੰ. ਤੇਜਾ ਸਿੰਘ ਦੀ ਸਵੈ ਜੀਵਨੀ ਹੈ। ਸਵੈ ਜੀਵਨੀ ਸਾਹਿਤ ਦੀ ਇਕ ਅਜਿਹੀ ਵਿਧਾ ਹੈ ਜਿਹੜੀ ਸਾਹਿਤ ਦੇ ਬਾਕੀ ਰੂਪਾਂ ਨਾਲੋਂ ਆਪਣੀ ਬਣਤਰ ਕਾਰਨ ਵੱਖ ਹੈ ਕਿਉਂਕਿ ਸਵੈ ਜੀਵਨੀ ਕਿਸੇ ਲੇਖਕ ਦੀ ਆਪਣੇ ਸਵੈ ਬਾਰੇ, ਆਪਣੇ ਆਪ ਬਾਰੇ ਇਕ ਸੱਚੀ ਕਥਾ ਹੁੰਦੀ ਹੈ। ਕੋਈ ਵੀ ਵਿਅਕਤੀ ਆਪਣੇ ਆਪ ਬਾਰੇ ਗੱਲ ਕਰਦਿਆਂ ਨਿਰਪੱਖ ਨਹੀਂ ਹੋ ਸਕਦਾ ਪਰ ਸਵੈ ਜੀਵਨੀ ਲੇਖਕ ਕੋਲੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਆਪਣੇ ਜੀਵਨ ਦਾ ਹਾਲ ਦੱਸਣ ਲੱਗਿਆਂ ਉਹ ਬਿਨਾਂ ਕਿਸੇ ਉਹਲੇ ਜਾਂ ਪਰਦੇ ਤੋਂ ਆਪਣੇ ਜੀਵਨ ਦੇ ਨੰਗੇ ਸੱਚ ਦਾ ਪ੍ਰਗਟਾਵਾ ਕਰੇ। (ਪ੍ਰਮੁੱਖ ਪੂਰਬੀ ਸਾਹਿਤ ਚਿੰਤਕ, ਭਾਸ਼ਾ ਵਿਭਾਗ ਪੰਜਾਬ, ਪੰਨਾ 315)

[7] ਪ੍ਰਿੰ. ਤੇਜਾ ਸਿੰਘ, ਉਪਰੋਕਤ ਵਰਣਿਤ, ਪੰਨਾ 4

"ਸਿਰਫ ਰੋਟੀ, ਤੇ ਪੜ੍ਹਨ ਜੋਗੀ ਖੁਲ੍ਹ ਤੇ ਸਮਾਂ।"[8]

ਪ੍ਰਿੰ. ਸਾਹਿਬ ਜੀ ਦੇ ਜੀਵਨ ਦੀ ਕਹਾਣੀ ਗਿਆਨੀ ਲਾਲ ਸਿੰਘ ਡਾਇਰੈਕਟਰ ਭਾਸ਼ਾ ਵਿਭਾਗ, ਪਟਿਆਲਾ ਦੇ ਸ਼ਬਦਾਂ ਵਿਚ ਇਸ ਪ੍ਰਕਾਰ ਹੈ: 'ਇਸ ਕਹਾਣੀ ਦੇ ਹੀਰੋ ਨੇ ਜੀਵਨ ਦੇ ਆਰੰਭ ਵਿਚ ਨਾ ਕੇਵਲ ਘਰ ਦੇ ਡੰਗਰ ਚਾਰੇ, ਬਾਲਣ ਲਿਆਂਦਾ, ਤੇ ਹੱਟੀ ਕੀਤੀ ਸਗੋਂ ਉਪਜੀਵਕਾ ਲਈ ਕਿਸੇ ਦੇ ਘਰ ਨੌਕਰ ਹੋ ਕੇ ਪਾਣੀ ਢੋਇਆ, ਭਾਂਡੇ ਮਾਂਜੇ, ਕਪੜੇ ਧੋਤੇ ਅਤੇ ਰਾਤ ਨੂੰ ਘਰ ਦੇ ਬੁੱਢੇ ਮਾਲਕ ਦੀ ਮੁੱਠੀ ਚਾਪੀ ਵੀ ਕੀਤੀ।[9]

ਮਿਡਲ ਦੀ ਪੜ੍ਹਾਈ ਤੋਂ ਬਾਅਦ ਪ੍ਰਿੰ. ਸਾਹਿਬ ਅਗਲੇਰੀ ਪੜ੍ਹਾਈ ਕਰਨ ਲਈ 1908 ਈ. ਵਿਚ ਅੰਮ੍ਰਿਤਸਰ ਆ ਗਏ। ਅੰਮ੍ਰਿਤਸਰ ਪੜ੍ਹਾਈ ਦੌਰਾਨ ਪ੍ਰਿੰ. ਸਾਹਿਬ ਦਾ ਰਹਿਣ ਸਹਿਣ ਚੰਗੇ ਅਮੀਰਾਂ ਵਾਂਗ ਸੀ। ਉਹ ਚੰਗੇ ਕਪੜੇ ਪਾਉਂਦੇ, ਕਿਤਾਬਾਂ ਅਤੇ ਤਸਵੀਰਾਂ ਉਤੇ ਵੀ ਚੰਗੇ ਪੈਸੇ ਖਰਚ ਕਰਦੇ ਸਨ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਇਕ ਸਾਰੰਗੀ ਵਾਲਾ ਵੀ ਰਖਿਆ ਹੋਇਆ ਸੀ ਜੋ ਉਨ੍ਹਾਂ ਨੂੰ ਰੋਜ ਕਮਰੇ ਵਿਚ ਆ ਕੇ ਸਾਰੰਗੀ ਸੁਣਾ ਕੇ ਜਾਂਦਾ ਸੀ। ਇਕ ਲਾਂਗਰੀ ਜੋ ਕਮਰੇ ਵਿਚ ਹੀ ਰੋਟੀ ਦੇ ਕੇ ਜਾਂਦਾ ਸੀ ਅਤੇ ਗਰਮ ਪਾਣੀ ਦਾ ਪ੍ਰਬੰਧ ਵੀ ਕਰਦਾ ਸੀ। ਇਸ ਤਰ੍ਹਾਂ ਉਹ ਅਮੀਰਾਂ ਦੇ ਬੱਚਿਆਂ ਵਾਂਗ ਚੰਗੀ ਠਾਠ-ਬਾਠ ਵਿਚ ਰਹਿੰਦੇ ਪਰ ਇਸ ਸਾਰੇ ਖਰਚ ਨੂੰ ਕਰਨ ਲਈ ਉਨ੍ਹਾਂ ਨੂੰ ਚੰਗੀ ਮਿਹਨਤ ਵੀ ਕਰਨੀ ਪੈਂਦੀ ਇਸ ਵਿਚ ਟਿਊਸ਼ਨ ਪੜ੍ਹਾਉਣਾ, ਟ੍ਰੈਕਟ ਲਿਖਣੇ, ਡਿਜਾਇਨਿੰਗ ਕਰਨੀ ਆਦਿ। ਅੰਮ੍ਰਿਤਸਰ ਖ਼ਾਲਸਾ ਕਾਲਜ ਦੀ ਪੜ੍ਹਾਈ ਕਰਨ ਤੋਂ ਬਾਅਦ ਪ੍ਰਿੰ. ਸਾਹਿਬ ਫਿਰ ਰਾਵਲਪਿੰਡੀ ਆ ਗਏ ਉਨ੍ਹਾਂ ਦੇ ਇਸ ਹੁਨਰ ਨੂੰ ਵੇਖ ਕੇ ਹੀ ਕਾਲਜ ਦੇ ਪ੍ਰਿੰਸੀਪਲ ਪੀ.ਐਲ. ਪੋਰਟਰ ਨੇ ਤੇਜਾ ਸਿੰਘ ਨੂੰ ਬੀ.ਏ. ਦਾ ਨਤੀਜਾ ਆਉਣ ਤੋਂ ਪਹਿਲਾਂ ਹੀ ਕਾਲਜ ਵਿਚ ਹੀ ਅੰਗ੍ਰੇਜ਼ੀ ਅਤੇ ਹਿਸਟਰੀ ਦਾ ਲੈਕਚਰਾਰ ਮੁਕੱਰਰ ਕਰ ਲਿਆ। ਇਹ ਉਹ ਸਮਾਂ ਸੀ ਜਦੋਂ ਪ੍ਰਿੰ. ਤੇਜਾ ਸਿੰਘ ਜੀ ਦੀ ਜਾਣ-ਪਛਾਣ ਦੂਰ ਦੁਰਾਡੇ ਤੱਕ ਪਹੁੰਚ ਗਈ। ਹੁਣ ਉਹ ਵਿਦਿਆਰਥੀ ਹੀ ਨਹੀਂ ਸਗੋਂ ਇਕ ਪ੍ਰੋਫ਼ੈਸਰ, ਲਿਖਾਰੀ, ਧਾਰਮਿਕ ਆਗੂ (ਪ੍ਰਚਾਰਕ) ਅਤੇ ਸਿੰਘ ਸਭਾ ਲਹਿਰ ਦੇ ਵਿਚ ਵੀ ਸਰਗਰਮ ਰਹਿੰਦੇ। 1912-1919 ਈ. ਤੱਕ ਦੇ ਸਮੇਂ ਕਾਲ ਵਿਚ ਹੀ ਰਾਵਲਪਿੰਡੀ ਵਿਖੇ ਪ੍ਰਸਿੱਧ ਅਕਾਲੀ ਨੇਤਾ ਗਿਆਨੀ ਸ਼ੇਰ

---

[8] ਉਪਰੋਕਤ ਵਰਣਿਤ, ਪੰਨਾ 9

[9] ਅਭਿਨੰਦਨ ਗ੍ਰੰਥ, ਪੰਨਾ 6

ਸਿੰਘ, ਨਿਹਾਲ ਸਿੰਘ ਸੂਰੀ, ਭਗਤ ਲਛਮਣ ਸਿੰਘ, ਸ. ਹਰਨਾਮ ਸਿੰਘ ਆਦਿ ਦੀ ਸੰਗਤ ਪ੍ਰਾਪਤ ਹੋਈ। ਗਿਆਨੀ ਸ਼ੇਰ ਸਿੰਘ ਹੁਰਾਂ ਦੀ ਸੰਗਤ ਨੇ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਖੋਜ ਵਿਚ ਰੁਚੀ ਪੁਆਈ। ਗਿਆਨੀ ਜੀ ਨਵੇਂ ਖਿਆਲਾਂ ਵਾਲੇ ਸੁਧਾਰਕਾਂ ਵਿਚੋਂ ਮੋਹਰੀ ਸਨ।[10] ਗਿਆਨੀ ਜੀ ਦੀ ਸੰਗਤ ਨੇ ਹੀ ਪ੍ਰਿੰ. ਸਾਹਿਬ ਨੂੰ ਸਿੱਖ ਸਾਹਿਤ ਲਿਖਣ ਲਈ ਤਿਆਰ ਕੀਤਾ। ਭਗਤ ਲਛਮਣ ਸਿੰਘ ਦਾ ਸਾਥ ਪ੍ਰਿੰ. ਸਾਹਿਬ ਦੀ ਉਸਾਰੀ ਲਈ ਲਾਹੇਵੰਦ ਸੀ ਕਿਉਂਕਿ ਭਗਤ ਜੀ ਚੰਗੇ ਗੁਰਮੁਖ ਇਨਸਾਨ ਸਨ ਜੋ ਚਾਹੁੰਦੇ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਚਾਰ ਹੋਵੇ ਪਰ ਦਸਮ ਪਾਤਸ਼ਾਹ ਦੀ ਬਾਣੀ ਦਾ ਪ੍ਰਚਾਰ ਵੀ ਸੰਗਤਾਂ ਵਿਚ ਹੋਵੇ। ਪ੍ਰਿੰ. ਸਾਹਿਬ ਦਸਦੇ ਹਨ ਕਿ ਦਸਮ ਪਾਤਸ਼ਾਹ ਦੀ ਸ਼ਰਧਾ ਨੇ ਮੈਥੋਂ ਅਤੇ ਭਗਤ ਜੀ ਤੋਂ ਇਕ ਹੋਰ ਗੱਲ ਕਰਾਈ, ਜਿਸ ਨੂੰ ਚੇਤੇ ਕਰਕੇ ਮੈਨੂੰ ਹਾਸਾ ਆਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਲਈ ਸ਼ਰਧਾ ਵਧਾਉਣ ਦੇ ਖਿਆਲ ਨਾਲ ਅਸੀਂ ਪ੍ਰਚਾਰ ਕਰਦੇ ਸਾਂ ਕਿ ਅਸੀਂ ਕਿਸੇ ਨੰਗ-ਧੜੰਗ ਫਕੀਰ ਦੇ ਚੇਲੇ ਨਹੀਂ, ਅਸੀਂ ਤਾਂ ਇਕ ਸਹਿਨਸ਼ਾਹ ਦੇ ਸ਼ਾਹਜਾਦੇ ਹਾਂ। ਇਸ ਲਈ ਅਸੀਂ ਸਿੱਖਾਂ ਦੇ ਨਾਵਾਂ ਨਾਲ 'ਭਾਈ' ਜਾਂ 'ਸਰਦਾਰ' ਦੀ ਥਾਂ ਸਾਹਿਬਜਾਦਾ ਪਦ ਲਾਉਣਾ ਸ਼ੁਰੂ ਕਰ ਦਿਤਾ।[11] 1919 ਈ. ਵਿਚ ਐਮ.ਏ. ਪਾਸ ਕਰਕੇ ਪ੍ਰਿੰਸੀਪਲ ਜੀ.ਏ. ਵਾਦਨ ਦੇ ਕਹਿਣ ਤੇ ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਆ ਗਏ। ਇਥੇ ਆ ਕੇ ਅੰਗ੍ਰੇਜ਼ੀ, ਇਤਿਹਾਸ ਅਤੇ ਧਰਮ ਵਿਦਿਆ ਦੇ ਪ੍ਰੋਫ਼ੈਸਰ ਬਣੇ।

ਸੰਨ 1919-1945 ਈ. ਤੱਕ ਭਾਵ ਜਿੰਦਗੀ ਦੇ 26 ਵਰ੍ਹੇ ਪ੍ਰਿੰ. ਸਾਹਿਬ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਅਧਿਆਪਨ ਦਾ ਕਾਰਜ ਕਰਦਿਆਂ ਪੰਜਾਬ, ਦੇਸ ਅਤੇ ਧਰਮ ਦੀਆਂ ਸਾਹਿਤਕ ਅਤੇ ਧਾਰਮਿਕ ਸਰਗਰਮੀਆਂ ਵਿਚ ਮੋਹਰੀ ਭੂਮਿਕਾ ਨਿਭਾਈ। ਕਹਿਣੀ ਤੇ ਕਥਨੀ ਦੇ ਮਾਲਕ ਹੋਣ ਕਰਕੇ ਉਨ੍ਹਾਂ ਨੇ ਇਹ ਸੇਵਾ ਤਨੋ ਮਨੋਂ ਨਿਭਾਈ। ਐਸ. ਐਸ. ਅਮੋਲ ਅਨੁਸਾਰ ਸੰਨ 1919 ਤੋਂ 1945 ਈ. ਤੱਕ ਅਰਥਾਤ ਜੀਵਨ ਤੇ ਜਵਾਨੀ ਦਾ ਚੰਗੇ ਤੋਂ ਚੰਗਾ ਸਮਾਂ 26 ਵਰ੍ਹੇ ਜਾਂ ਇਓਂ ਕਹੀਏ ਕਿ 25 ਵਰ੍ਹੇ ਦੀ ਉਮਰ ਤੋਂ 50 ਵਰ੍ਹੇ ਦੀ ਅਵਸਥਾ ਤੱਕ ਤੇਜਾ ਸਿੰਘ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੇ ਨਾਲ ਹੀ ਵਿਦਿਆ ਦੇ ਪੱਖ

---

[10] ਪ੍ਰਿੰ. ਤੇਜਾ ਸਿੰਘ, ਉਪਰੋਕਤ ਵਰਣਿਤ, ਪੰਨਾ 23

[11] ਉਪਰੋਕਤ ਵਰਣਿਤ, ਪੰਨਾ 25

ਤੋਂ ਪੰਜਾਬ ਤੇ ਦੇਸ਼ ਦੀ ਤੇ ਧਰਮ ਦੇ ਪੱਖ ਤੋਂ ਸਿੱਖ ਧਰਮ ਦੀ ਅਦੁੱਤੀ ਸੇਵਾ ਕੀਤੀ। ਇਹ ਨੌਕਰੀ ਨਹੀਂ 'ਸੇਵਾ' ਸੀ।[12] ਪ੍ਰਿੰ. ਤੇਜਾ ਸਿੰਘ ਦੀ ਪੜ੍ਹਣ ਅਤੇ ਪੜ੍ਹਾਉਣ ਦੀ ਲਗਣ ਸਿੱਖੀ ਪ੍ਰੇਮ ਅਤੇ ਸੇਵਾ ਦੀ ਭਾਵਨਾ ਬਿਆਨ ਕਰਦਿਆਂ ਉਹ ਅਗੇ ਲਿਖਦੇ ਹਨ ਤੇਜਾ ਸਿੰਘ ਨੇ ਇਹ ਸੇਵਾ ਤਨ ਨਾਲ ਤੇ ਧਨ ਨਾਲ ਹਰ ਤਰ੍ਹਾਂ ਨਿਭਾਈ। ਇਸ ਸੇਵਾ ਨੂੰ ਵੇਖ ਕੇ 'ਸੁਹਿਰਦਤਾ' ਅਤੇ 'ਬੱਧਾ ਚੱਟੀ' ਜਾਂ 'ਸੇਵਾ' ਤੇ 'ਨੌਕਰੀ' ਦਾ ਅੰਤਰ ਸਪਸ਼ਟ ਹੁੰਦਾ ਹੈ ਅਤੇ ਪ੍ਰਤੱਖ ਦਿਸਦਾ ਹੈ ਕਿ ਲਗਨ ਅਤੇ ਪ੍ਰੀਤ ਮਨੁੱਖ ਕੋਲੋਂ ਕਿੰਨਾਂ ਕੁਝ ਕਰਾ ਸਕਦੀ ਹੈ? ਬੱਧਾ ਚੱਟੀ, ਵਿਗਾਰ, ਰੋਅਬ, ਕਾਨੂੰਨ ਤੇ ਕਰੜਾਈਆਂ ਮਨੁੱਖ ਨੂੰ ਕੁਰਸੀਆਂ ਉਤੇ ਬਹਾ ਸਕਦੀਆਂ ਹਨ, ਸਰੀਰਕ ਭਾਂਤ ਹਾਜਰ ਰੱਖ ਸਕਦੀਆਂ ਹਨ ਪਰ ਜਿੰਨੇ ਕੁਝ ਦੇ ਕੋਈ ਸਮਰਥ ਹੈ, ਉਸ ਦਾ 10ਵਾਂ ਹਿੱਸਾ ਭੀ ਉਹ ਲਗਨ, ਪ੍ਰੀਤ ਤੇ ਰੀਝ ਬਿਨਾਂ ਨਹੀਂ ਕਰ ਸਕਦਾ ਅਤੇ ਨਾ ਹੀ ਇਨ੍ਹਾਂ ਬਿਨਾਂ ਕੋਈ ਸਫਲ, ਪ੍ਰਸਿਧ ਅਤੇ ਮਹਾਨ ਹੋ ਸਕਦਾ ਹੈ।[13] ਖ਼ਾਲਸਾ ਕਾਲਜ ਦੀ ਸੇਵਾ ਬਦਲੇ ਆਪ ਜੀ ਨੇ ਪੰਜਾਬ ਐਜੂਕੇਸ਼ਨ ਸਰਵਿਸ ਦੀ ਨੌਕਰੀ ਵੀ ਠੁਕਰਾ ਦਿੱਤੀ ਜਿਸ ਵਿਚ ਤਨਖਾਹ ਵੀ ਵਧ ਸੀ ਪਰ ਪੈਸੇ ਤੋਂ ਜਿਆਦਾ ਪਿਆਰ ਆਪ ਜੀ ਨੇ ਖ਼ਾਲਸਾ ਕਾਲਜ ਨੂੰ ਕੀਤਾ। ਉਨ੍ਹਾਂ ਦੀ ਪ੍ਰੀਤ, ਲਗਨ ਅਤੇ ਦ੍ਰਿੜਤਾ ਦੀ ਭਾਵਨਾ ਹੀ ਉਨ੍ਹਾਂ ਕੋਲੋਂ ਨੌਕਰੀ ਅਤੇ ਸੇਵਾ ਨਾਲੋਂ-ਨਾਲ ਕਰਵਾ ਸਕੀ। ਗਿ. ਲਾਲ ਸਿੰਘ ਅਨੁਸਾਰ, 'ਪ੍ਰੋਫ਼ੈਸਰੀ ਤੇਜਾ ਸਿੰਘ ਜੀ ਦਾ ਰੀਝਾਂ ਵਾਲਾ ਕਿਤਾ ਸੀ, ਇਸ ਨੂੰ ਧਾਰਨ ਕਰਨ ਦੇ ਇਸ਼ਕ ਬਦਲ ਇਨ੍ਹਾਂ ਨੇ ਇੰਜੀਨੀਅਰੀ ਜੇਹੇ ਧਨ-ਕਮਾਊ ਪੇਸ਼ੇ ਨੂੰ ਠੁਕਰਾ ਦਿੱਤਾ।[14] ਡਾ. ਗੰਡਾ ਸਿੰਘ, ਪ੍ਰਿੰ. ਸਾਹਿਬ ਦੀ ਸ਼ਖ਼ਸੀਅਤ ਬਾਰੇ ਲਿਖਦੇ ਹਨ: 'ਤੇਜਾ ਸਿੰਘ ਦਾ ਘਰ ਕੁਰਖੇਤਰ ਤੇ ਤਕਸ਼ੀਲਾ ਦੇ ਪਾਂਧਿਆਂ ਦੀ ਪਾਠਸ਼ਾਲਾ ਅਤੇ ਬਗਦਾਦ ਦੇ ਮੁਲਾਣਿਆਂ ਦਾ ਮੱਕਾ ਬਣਿਆ ਹੋਇਆ ਸੀ। ਜਿਸ ਵੇਲੇ ਵੇਖੋ ਦੋ ਚਾਰ ਪਾੜ੍ਹੇ ਤੇ ਸ਼ਰਧਾਲੂ ਗੋਡੇ ਟੇਕੇ ਬੈਠੇ ਹਨ। ਕਦੇ ਕੋਈ ਲਾਹੌਰ, ਇਲਾਹਾਬਾਦ ਤੇ ਲਖਨਊ ਤੋਂ ਐਮ. ਏ ਜਾਂ ਪੀ. ਐਚ. ਡੀ. ਦਾ ਵਿਦਿਆਰਥੀ ਬੈਠਾ ਹੈ। ਕਦੇ ਕੋਈ ਕਵਿਤਾ ਵਿਖਾਉਣ ਆਇਆ ਹੈ, ਕੋਈ ਕਹਿੰਦਾ ਹੈ, ਜੀ ਕਿਤਾਬ ਖਤਮ ਹੋ ਗਈ ਹੈ, ਭੂਮਿਕਾ ਕਦੋਂ ਤਕ

---

[12] ਐਸ. ਐਸ. ਅਮੋਲ, ਪ੍ਰੋ. ਤੇਜਾ ਸਿੰਘ, ਪੰਨਾ 9

[13] ਉਪਰੋਕਤ ਵਰਣਿਤ, ਪੰਨਾ 9

[14] ਅਭਿਨੰਦਨ ਗ੍ਰੰਥ, ਪੰਨਾ 6

ਲਿਖੀ ਜਾਵੇਗੀ।[15] ਲੰਮੀ ਚਿੱਟੀ ਦਾੜ੍ਹੀ ਵਾਲਾ ਤੇਜਾ ਸਿੰਘ ਬੁੱਢੇ ਬੋਹੜ ਹੇਠ ਉਸ ਧੂੰਣੇ ਵਾਲੇ ਸੰਤ ਬਾਬੇ ਵਾਂਗ ਸੀ ਤੇ ਜਿਸਦੇ ਧੂੰਣੇ ਦੀ ਭਸਮ ਲੋਕ ਆਦਰ ਨਾਲ ਮਸਤਕ ਤੇ ਲਾਉਂਦੇ ਹਨ ਤੇ ਆਪਣੇ ਧੰਨ ਭਾਗ ਜਾਣਦੇ ਸਨ।[16]

**ਪੰਥਕ ਕਾਰਜਾਂ ਵਿਚ ਪ੍ਰਿੰ. ਤੇਜਾ ਸਿੰਘ ਜੀ ਦੀ ਭੂਮਿਕਾ**

ਸਿੰਘ ਸਭਾ ਲਹਿਰ ਦੇ ਉਥਾਨ ਨੇ ਸਿੱਖਾਂ ਵਿਚ ਆਪਣੇ ਧਰਮ ਪ੍ਰਤੀ ਜਾਗਰੂਕਤਾ ਲਿਆਂਦੀ। ਸਿੱਖ ਆਪਣੇ ਧਰਮ, ਪੰਜਾਬੀ ਬੋਲੀ, ਗੁਰਮੁਖੀ ਲਿਪੀ ਪ੍ਰਤੀ ਚੇਤੰਨ ਹੋ ਗਏ ਅਤੇ ਧਰਮ ਪ੍ਰਤੀ ਆਪਣੀ ਜਿੰਮੇਵਾਰੀ ਸਮਝਣ ਲਗੇ। ਖਾਸ ਕਰਕੇ ਪੜ੍ਹਿਆ ਲਿਖਿਆ ਵਰਗ ਜਿਨ੍ਹਾਂ ਵਿਚ ਭਾਈ ਵੀਰ ਸਿੰਘ, ਭਾਈ ਕਾਹਨ ਸਿੰਘ ਨਾਭਾ, ਗਿਆਨੀ ਸ਼ੇਰ ਸਿੰਘ, ਪ੍ਰੋ. ਨਰਾਇਣ ਸਿੰਘ, ਬਾਵਾ ਹਰਿਕਿਸ਼ਨ ਸਿੰਘ, ਗਿਆਨੀ ਦਿਤ ਸਿੰਘ, ਪ੍ਰੋ. ਗੁਰਮੁਖ ਸਿੰਘ ਆਦਿ ਅਨੇਕਾਂ ਨਾਂ ਲਏ ਜਾ ਸਕਦੇ ਹਨ ਜਿਨ੍ਹਾਂ ਨੇ ਆਪਣੀ ਜਿੰਮੇਵਾਰੀ ਸਮਝਦਿਆਂ ਵਿਦਿਅਕ ਕਾਰਜਾਂ ਦੇ ਨਾਲ-ਨਾਲ ਪੰਥਕ ਕਾਰਜਾਂ ਵਿਚ ਵੀ ਸਮਗਰਮ ਭੂਮਿਕਾ ਨਿਭਾਈ, ਇਨ੍ਹਾਂ ਵਿਚੋਂ ਹੀ ਪ੍ਰਿੰ. ਤੇਜਾ ਸਿੰਘ ਦਾ ਨਾਂ ਲਿਆ ਜਾ ਸਕਦਾ ਹੈ। ਪ੍ਰਿੰ. ਤੇਜਾ ਸਿੰਘ ਜੀ ਨੇ ਜਿਥੇ ਖ਼ਾਲਸਾ ਕਾਲਜ ਵਿਚ ਪੜਾਉਂਦਿਆਂ ਵਿਦਿਅਕ ਪੱਖ ਤੋਂ ਦੇਸ਼, ਪੰਜਾਬ ਅਤੇ ਕੌਮ ਦੀ ਅਦੁਤੀ ਸੇਵਾ ਕੀਤੀ ਉਥੇ ਉਨ੍ਹਾਂ ਨੇ ਗੁਰਮਤਿ ਸਾਹਿਤ ਦੀ ਵੀ ਰਚਨਾ ਕਰਕੇ ਅਨਮੋਲ ਖ਼ਜਾਨਾ ਸਿੱਖ ਧਰਮ ਦੀ ਝੋਲੀ ਪਾਇਆ। ਇਨਾਂ ਰੁਝਿਵੇਆਂ ਭਰਿਆ ਜੀਵਨ ਹੋਣ ਦੇ ਬਾਵਜੂਦ ਆਪ ਜੀ ਨੇ ਸਿੱਖ ਧਰਮ ਦੇ ਪੰਥਕ ਕਾਰਜਾਂ ਵਿਚ ਵੀ ਮੋਹਰੀ ਭੂਮਿਕਾ ਨਿਭਾਉਂਦਿਆਂ ਅਮੁੱਕ ਯੋਗਦਾਨ ਪਾਇਆ। ਜਿਸ ਦਾ ਸਿੱਟਾ ਹੀ ਸੀ ਕਿ ਸਿੱਖਾਂ ਨੇ ਆਪਣੇ ਪਵਿੱਤਰ ਅਸਥਾਨਾਂ ਨੂੰ ਪੁਜਾਰੀਆਂ ਦੇ ਕਬਜੇ ਤੋਂ ਛੁਡਾਉਣਾ ਆਰੰਭ ਕਰ ਦਿਤਾ ਜਿਸ ਦਾ ਆਰੰਭ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਉੱਪਰ ਸਿੱਖਾਂ ਦੇ ਕਬਜੇ ਤੋਂ ਸ਼ੁਰੂ ਹੰਦਾ ਹੈ, ਦੀ ਘਟਨਾ ਅਤੇ ਪੁਜਾਰੀਆਂ ਦੇ ਭੱਜਣ ਦੀ ਵਾਰਤਾ ਜਿਸ ਵਿਚ ਉਹ ਮੋਹਰੀ ਸਨ ਆਪ ਦਸਦੇ ਹਨ । 12 ਅਕਤੂਬਰ 1920 ਨੂੰ ਸ੍ਰੀ ਅੰਮ੍ਰਿਤਸਰ ਦੀ ਖ਼ਾਲਸਾ ਬ੍ਰਾਦਰੀ ਨੇ ਆਪਣਾ ਵਾਰਸ਼ਿਕ ਦੀਵਾਨ ਜਲ੍ਹਿਆਂ ਵਾਲੇ ਬਾਗ ਵਿਚ

[15] ਅਭਿਨੰਦਨ ਗ੍ਰੰਥ, ਪੰਨਾ 38

[16] ਪਿਆਰਾ ਸਿੰਘ ਪਦਮ, ਕਲਮ ਦੇ ਧਨੀ, ਪੰਨਾ 296

ਰਖਿਆ ਅਤੇ ਐਲਾਨ ਕੀਤਾ ਕਿ ਉਥੇ ਨੀਵੀਆਂ ਅਖਵਾਉਣ ਵਾਲੀਆਂ ਜਾਤੀਆਂ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਅੰਮ੍ਰਿਤ ਛਕਾ ਕੇ ਅਭੇਦ ਵਰਤਾਇਆ ਜਾਵੇਗਾ ਅਤੇ ਉਪਰੰਤ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਾਏ ਜਾਣਗੇ। ਇਸ ਦੇ ਉਲਟ ਦਰਬਾਰ ਸਾਹਿਬ ਦੇ ਪੁਜਾਰੀਆਂ ਵੱਲੋਂ ਢੰਡੋਰਾ ਫਿਰਾਇਆ ਗਿਆ ਕਿ ਉਸ ਦੀਵਾਨ ਵਿਚ ਕੋਈ ਸਿੱਖ ਨਾ ਜਾਵੇ। ਜਿਹੜੇ ਜਾਣਗੇ ਉਹ ਅਧਰਮਤਾ ਦੇ ਭਾਗੀ ਹੋਣਗੇ। ਇਹ ਸੁਣਕੇ ਲੋਕੀ ਤ੍ਰਹਿ ਗਏ ਅਤੇ ਜਿਨ੍ਹਾਂ ਰਾਗੀਆਂ ਅਤੇ ਪ੍ਰਚਾਰਕਾਂ ਨੇ ਦੀਵਾਨ ਵਿਚ ਆਉਣਾ ਮੰਨਿਆ ਸੀ, ਉਹ ਵੀ ਕਤਰਾ ਗਏ। ਜਦ ਮੈਨੂੰ ਤੇ ਬਾਵਾ ਜੀ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਅਸੀਂ ਕਾਲਜ ਵਿਚ ਛੁੱਟੀ ਕਰਵਾ ਕੇ ਆਪਣੇ ਸਾਥੀ ਪ੍ਰੋਫੈਸਰਾਂ ਅਤੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਉਸ ਦੀਵਾਨ ਵਿਚ ਹਾਜਰ ਹੋ ਗਏ। ਉਥੇ ਵਖਿਆਨ ਹੋਏ ਅਤੇ ਅੰਮ੍ਰਿਤ ਪ੍ਰਚਾਰ ਹੋਇਆ। ਨਾਲ ਹੀ ਐਲਾਨ ਹੋਇਆ ਕਿ ਜਿਨ੍ਹਾਂ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ ਹੈ, ਉਨ੍ਹਾਂ ਨੂੰ ਕੱਲ ਅੱਠ ਵਜੇ ਸਵੇਰੇ ਅਭੇਦ ਵਰਤਾਇਆ ਜਾਵੇਗਾ।[17] ਦੂਜੇ ਦਿਨ ਵੀ ਪੁਜਾਰੀ ਆਨਾ-ਕਾਨੀ ਹੀ ਕਰਦੇ ਰਹੇ। ਸਾਰੀ ਸੰਗਤ ਕੜਾਹ ਪ੍ਰਸ਼ਾਦ ਲੈ ਕੇ ਦਰਬਾਰ ਸਾਹਿਬ ਵਿਚ ਹਾਜਰ ਹੋ ਗਈ ਪਰ ਕਿਸੇ ਵੀ ਪੁਜਾਰੀ ਨੇ ਅਰਦਾਸ ਨਾ ਕੀਤੀ। ਝਗੜਾ ਵਧਦਾ ਵੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲਿਆ ਗਿਆ। ਹੈਡ ਗ੍ਰੰਥੀ ਗੁਰਬਚਨ ਸਿੰਘ ਨੇ ਮੁਖਵਾਕ ਲਿਆ ਜੋ ਇਉਂ ਸੀ-

> ਸੋਰਠਿ ਮਹਲਾ ੩ ਦੁਤੁਕੀ ॥
>
> ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥
>
> ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥[18]

ਇਸ ਮਹਾਂ-ਵਾਕ ਦੇ ਉਚਾਰਣ ਹੋਣ ਸਾਰ ਸੰਗਤਾਂ ਉੱਤੇ ਸਨਾਟਾ ਛਾ ਗਿਆ ਅਤੇ ਹਰ ਇਕ ਦੀਆਂ ਅੱਖਾਂ ਵਿਚੋਂ ਜਲ ਫੁਟ ਆਇਆ। ਗੁਰੂ ਜੀ ਨੇ ਆਪ ਵਿਚ ਪੈ ਕੇ ਸਭ ਗੁੰਝਲਾਂ ਖੋਲ੍ਹ ਦਿੱਤੀਆਂ, ਸਭ ਔਕੜਾਂ ਦੂਰ ਹੋ ਗਈਆਂ। ਹੈਡ-ਗ੍ਰੰਥੀ ਸਾਹਿਬ ਨੇ ਆਪ ਅਰਦਾਸ ਕੀਤੀ ਅਤੇ ਸਭ ਤੋਂ ਪਹਿਲਾਂ ਕੜਾਹ ਪਸ਼ਾਦ ਲੈ ਕੇ ਛਕਿਆ। ਇਸ ਤਰ੍ਹਾਂ ਗੁਰਮਤਿ ਦੀ ਫਤ੍ਹੇ ਹੋਈ ਅਤੇ ਸੰਗਤਾਂ ਖੁਸ਼ੀ-ਖੁਸ਼ੀ ਹਰਿਮੰਦਰੋਂ ਬਾਹਰ ਆਈਆ।[19]

---

[17] ਪ੍ਰਿੰ. ਤੇਜਾ ਸਿੰਘ, ਉਪਰੋਕਤ ਵਰਣਿਤ, ਪੰਨਾ 34

[18] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 638

[19] ਉਪਰੋਕਤ ਵਰਣਿਤ, ਪੰਨਾ 35

ਇਸ ਘਟਨਾ ਤੋਂ ਬਾਅਦ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਦਾ ਪ੍ਰਬੰਧ ਸਿੱਖਾਂ ਦੇ ਹਵਾਲੇ ਆ ਗਿਆ। ਸਭ ਤੋਂ ਪਹਿਲਾਂ ਨੌਂ ਮੈਬਰਾਂ ਦੀ ਪਹਿਲੀ ਕਮੇਟੀ ਬਣਾਈ ਗਈ ਨੌ ਤੋਂ ਛੱਤੀਂ ਅਤੇ ਛੱਤੀਆਂ ਤੋਂ ਇਕ ਸੌ ਪੰਝਤਰ ਮੈਂਬਰਾਂ ਦੀ ਕਮੇਟੀ ਬਣੀ। ਇਨ੍ਹਾਂ ਸਾਰੀਆਂ ਕਮੇਟੀਆਂ ਵਿਚ ਪ੍ਰਿੰ. ਸਾਹਿਬ ਕਮੇਟੀ ਦੇ ਮੈਂਬਰ ਸਨ। ਸ. ਸੁੰਦਰ ਸਿੰਘ ਮਜੀਠੀਆ ਪ੍ਰਧਾਨ, ਸ. ਹਰਬੰਸ ਸਿੰਘ ਅਟਾਰੀ ਵਾਲੇ ਮੀਤ ਪ੍ਰਧਾਨ ਅਤੇ ਸ. ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਚੁਣੇ ਗਏ।

ਗੁਰੂ ਦੇ ਬਾਗ ਤੋਂ ਪਿੱਛੋਂ ਜੈਤੋ ਦਾ ਮੋਰਚਾ ਲੱਗਿਆ। ਉਸ ਵੇਲੇ ਸਾਰੀ ਕਮੇਟੀ ਬੇਕਾਨੂੰਨੀ ਕਰਾਰ ਕਰ ਦਿੱਤੀ। ਪ੍ਰਿੰ. ਤੇਜਾ ਸਿੰਘ ਅਤੇ ਹੋਰ ਅੰਤਰਿੰਗ ਮੈਂਬਰ ਫੜ੍ਹੇ ਗਏ ਇਨ੍ਹਾਂ ਦੇ ਨਾਲ-ਨਾਲ ਬਾਵਾ ਹਰਿਕ੍ਰਿਸ਼ਨ ਸਿੰਘ ਜੀ, ਪ੍ਰੋ. ਨਿਰੰਜਨ ਸਿੰਘ ਜੀ, ਸ. ਸੇਵਾ ਸਿੰਘ ਠੀਕਰੀਵਾਲ, ਸ. ਗੋਪਾਲ ਸਿੰਘ ਕੌਮੀ, ਸ. ਤੇਜਾ ਸਿੰਘ ਸਮੁੰਦਰੀ, ਮਾਸਟਰ ਮਹਤਾਬ ਸਿੰਘ, ਪ੍ਰੋ. ਸਾਹਿਬ ਸਿੰਘ ਜੀ, ਸ.ਬ. ਮਹਿਤਾਬ ਸਿੰਘ ਜੀ ਅਤੇ ਹੋਰ ਕਈ ਲੀਡਰ ਫੜੇ ਗਏ। 23 ਅਕਤੂਬਰ 1923 ਤੋਂ 1925 ਈ. ਦੇ ਆਰੰਭ ਤੱਕ ਪ੍ਰਿੰ. ਸਾਹਿਬ ਜੇਲ੍ਹ ਵਿਚ ਰਹੇ। ਜੇਲ੍ਹ ਵਿਚ ਹੀ ਪ੍ਰਿੰ. ਤੇਜਾ ਸਿੰਘ ਅਤੇ ਬਾਵਾ ਹਰਿਕ੍ਰਿਸ਼ਨ ਸਿੰਘ ਸ਼੍ਰੋਮਣੀ ਕਮੇਟੀ ਦੀ ਪਬਲੀਸਿਟੀ ਤੇ ਐਲਾਨ ਲਿਖਦੇ। ਅਖ਼ਬਾਰਾਂ ਅਤੇ ਕਿਤਾਬਾਂ ਲਈ ਲੇਖ ਵੀ ਉਥੇ ਹੀ ਲਿਖੇ ਜਾਂਦੇ। ਉਨ੍ਹਾਂ ਅਨੁਸਾਰ, "ਮੇਰਾ ਕੰਮ ਇਸ ਕਮੇਟੀ ਵਿਚ ਦੋ ਤਰਾਂ ਦਾ ਸੀ ਇਕ ਤਾ ਅੰਤਰੀਵ ਤੋ ਅੰਤਰੀਵ ਕਮੇਟੀਆਂ ਦੀਆਂ ਵਿਚਾਰਾਂ ਵਿਚ ਸ਼ਾਮਲ ਹੋਣਾ, ਦੂਜਾ ਕਮੇਟੀ ਦੇ ਐਲਾਨ ਲਿਖਣੇ ਅਤੇ ਪਬਲਿਸਿਟੀ ਕਰਨੀ।[20] ਪਰ ਸਰਕਾਰ ਨੂੰ ਇਸ ਗੱਲ ਦਾ ਪਤਾ ਚੱਲ ਗਿਆ ਕਿ ਜੇਲ੍ਹ ਦੇ ਵਿਚੋਂ ਹੀ ਲਹਿਰ ਨੂੰ ਚਲਾਇਆ ਜਾ ਰਿਹਾ ਹੈ ਇਸ ਲਈ ਸਾਰੇ ਅਕਾਲੀ ਆਗੂਆਂ ਨੂੰ ਅੰਮ੍ਰਿਤਸਰ ਤੋਂ ਲਾਹੌਰ (ਪਾਕਿਸਤਾਨ) ਜੇਲ੍ਹ ਵਿਚ ਭੇਜ ਦਿਤਾ ਗਿਆ। ਜੇਲ੍ਹ ਵਿਚ ਹੀ ਪ੍ਰਿੰ. ਸਾਹਿਬ ਨੇ ਸਬਦਾਂਤਿਕ ਲਗਾਂ ਮਾਤਰਾਂ ਦੀ ਖੋਜ ਕਰਨ ਦਾ ਕਾਰਜ ਕੀਤਾ। ਇਸ ਲਈ ਉਨ੍ਹਾਂ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 10 ਸਹਿਜ ਪਾਠ ਕੀਤੇ।

ਅਛੂਤ ਜਾਤੀਆਂ ਦੇ ਲੀਡਰ ਡਾ. ਅੰਬੇਦਕਰ ਦੱਖਣ ਦੇ ਲੱਖਾਂ ਪਿਛੜੀਆਂ ਜਾਤੀਆਂ ਵਿਚੋਂ ਪੰਜ ਕੁ ਸੋ (500) ਪ੍ਰਾਣੀਆਂ ਨੂੰ ਅੰਮ੍ਰਿਤਸਰ ਲੈ ਕੇ ਆਏ ਜਿਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਉਤੇ ਆ ਕੇ ਅੰਮ੍ਰਿਤ ਪਾਨ

[20] ਉਪਰੋਕਤ ਵਰਣਿਤ, ਪੰਨਾ 36

ਵੀ ਕੀਤਾ। ਪ੍ਰਿੰ. ਤੇਜਾ ਸਿੰਘ ਦੁਆਰਾ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਅੰਗ੍ਰੇਜ਼ੀ ਵਿਚ ਅੰਮ੍ਰਿਤ ਸੰਚਾਰ ਕੀਤਾ ਗਿਆ। ਉਹ ਆਪ ਲਿਖਦੇ ਹਨ ਕਿ 'ਅੰਮ੍ਰਿਤ ਦੀਆਂ ਪੰਜ ਬਾਣੀਆਂ ਪੜ੍ਹਣ ਮਗਰੋਂ ਮੈਂ ਅੰਗ੍ਰਜੀ ਵਿਚ ਅੰਮ੍ਰਿਤ ਪ੍ਰਚਾਰ ਕੀਤਾ ਅਤੇ ਅੰਗ੍ਰੇਜੀ ਵਿਚ ਹੀ ਅਰਦਾਸ ਕੀਤੀ। ਇਹ ਇਤਿਹਾਸ ਵਿਚ ਪਹਿਲਾ ਮੌਕਾ ਸੀ ਜਦੋਂ ਸ੍ਰੀ ਅਕਾਲ ਤਖ਼ਤ ਉਤੇ ਅੰਗ੍ਰੇਜੀ ਬੋਲੀ ਵਿਚ ਸਿੱਖ ਸੰਸਕਾਰ ਕੀਤਾ ਗਿਆ।[21]

**ਮੁੜ ਅਧਿਐਨ ਦਾ ਕਾਰਜ**

ਪੰਥਕ ਜਿੰਮੇਵਾਰੀਆਂ ਕਾਰਣ ਕੁਝ ਸਮਾਂ ਜੇਲ੍ਹ ਵਿਚ ਬਿਤਾਉਣ ਤੋਂ ਬਾਅਦ ਪ੍ਰਿੰ. ਸਾਹਿਬ ਮੁੜ ਅਧਿਐਨ ਅਧਿਆਪਨ ਵੱਲ ਆ ਗਏ। ਅੰਮ੍ਰਿਤਸਰ ਖ਼ਾਲਸਾ ਕਾਲਜ ਤੋਂ ਅਸਤੀਫ਼ਾ ਦੇ ਕੇ ਆਪ 13 ਦਸੰਬਰ 1945 ਈ. ਨੂੰ ਖ਼ਾਲਸਾ ਕਾਲਜ ਬੰਬਈ ਦੇ ਪ੍ਰਿੰਸੀਪਲ ਥਾਪੇ ਗਏ। ਇਹ ਕਾਲਜ ਆਪ ਜੀ ਅਤੇ ਬਾਵਾ ਹਰਿਕ੍ਰਿਸ਼ਨ ਦੀ ਪ੍ਰੇਰਣਾ ਸਦਕਾ ਹੀ ਬਣਿਆ ਸੀ ਜਿਸਦਾ ਮਨੋਰਥ ਦੱਖਣ ਦੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕਰਨਾ ਸੀ। ਪ੍ਰਿੰ. ਸਾਹਿਬ ਦੀ ਨਿਯੁਕਤੀ ਤੋਂ ਬਾਅਦ ਖ਼ਾਲਸਾ ਕਾਲਜ ਥੋੜੇ ਸਮੇ ਵਿਚ ਹੀ ਵਿਦਿਅਕ ਅਤੇ ਮਾਲੀ ਰੂਪ ਵਿਚ ਮਾਲਾਮਾਲ ਹੋ ਗਿਆ। ਉਹ ਆਸ਼ਰਮ ਘਾਟੇ ਤੋਂ ਬਚ ਕੇ ਮਾਲੀ ਤੌਰ ਤੇ ਬਹੁਤ ਕੁਝ ਬਚਾ ਕੇ ਦੇਣ ਵਾਲਾ ਬਣ ਗਿਆ। ਵਿਦਿਆਰਥੀਆਂ ਦੀ ਗਿਣਤੀ ਇਕ ਹਜਾਰ ਤੋਂ ਵੱਧ ਕੇ ਢਾਈ ਹਜਾਰ ਤੱਕ ਪੁੱਜ ਗਈ, ਜਿਸ ਦਾ ਭਾਵ ਇਹ ਸੀ ਕਿ ਸਿੱਖੀ ਦੇ ਅਸਰ ਹੇਠ ਆਉਣ ਵਾਲਿਆਂ ਦੀ ਗਿਣਤੀ ਬਹੁਤ ਵਧ ਗਈ। ਇਹ ਸਿੱਖੀ ਅਸਰ ਕੀ ਸੀ? ਕਾਲਜਾਂ ਵਿਚ ਆਮ ਲੈਕਚਰਾਂ ਦੇ ਰਾਹੀਂ ਸਿੱਖ ਆਦਰਸ਼ਾਂ ਨੂੰ ਉੱਚਾ ਕਰਕੇ ਦੱਸਣਾ।[22] 1948 ਈ. ਨੂੰ ਕਾਲਜ ਤੋਂ ਅਸਤੀਫਾ ਦੇਣ ਤੋਂ ਬਾਅਦ ਕੁਝ ਸਮੇ ਲਈ ਪੰਜਾਬ ਯੂਨੀਵਰਸਿਟੀ, ਚੰਡੀਗੜ ਦੇ ਪਬਲੀਕੇਸ਼ਨ ਬਿਊਰੋ ਵਿਚ ਸਕੱਤਰ ਦੀ ਸੇਵਾ ਵੀ ਨਿਭਾਈ। 02-01-1949 ਈ. ਨੂੰ ਮਹਿੰਦਰਾ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਵਜੋਂ ਸੇਵਾ ਆਰੰਭ ਕੀਤੀ ਜੋ 1951 ਈ. ਤੱਕ ਨਿਭਾਈ। ਇਸ ਸਮੇ ਦੌਰਾਨ ਮਹਿੰਦਰਾ ਕਾਲਜ ਦਾ ਨਾਂ ਵਿਦਿਅਕ, ਸਾਂਸਕ੍ਰਿਤਕ ਅਤੇ ਖੇਡਾਂ ਵਿਚ ਅੱਵਲ ਦਰਜੇ 'ਤੇ ਰਿਹਾ। 'ਕਾਲਜ ਵਿਚ ਅੰਗ੍ਰੇਜੀ, ਹਿੰਦੀ ਅਤੇ ਪੰਜਾਬੀ ਦੇ ਨਾਟਕ ਕਰਵਾਏ ਅਤੇ ਸੰਗੀਤਕ ਜਲਸੇ

---

[21] ਉਪਰੋਕਤ ਵਰਣਿਤ, ਪੰਨਾ 70

[22] ਉਪਰੋਕਤ ਵਰਣਿਤ, ਪੰਨਾ 76

ਕੀਤੇ, ਜਿਨ੍ਹਾਂ ਦੀ ਪਬਲਿਕ ਵੱਲੋਂ ਚੋਖੀ ਪ੍ਰਸੰਸਾ ਹੋਈ। ਰੋਟਰੀ ਕਲੱਬ (ਜਿਸਦਾ ਮੈਂਬਰ ਚੁਣਿਆ ਗਿਆ ਸਾਂ) ਹੋਰ ਸਰਕਾਰੀ ਤੇ ਗ਼ੈਰ ਸਰਕਾਰੀ ਸੰਸਥਾਵਾਂ ਆਪਣਿਆਂ ਜਲਸਿਆਂ ਦੀ ਰੌਣਕ ਵਧਾਉਣ ਲਈ ਸਾਡੇ ਤਿਆਰ ਕੀਤੇ ਹੋਏ ਕਲਾਕਾਰਾਂ ਦੀ ਮੰਗ ਕਰਨ ਲੱਗੀਆਂ। ਮੈਂ ਕਾਲਜ ਦੀ ਪੜ੍ਹਾਈ ਅਤੇ ਖੇਡਾਂ ਦੇ ਵਾਧੇ ਲਈ ਕਈ ਸਾਧਨ ਵਰਤੇ। ਹਿੰਦੀ ਅਤੇ ਪੰਜਾਬੀ ਦੇ ਦੋ ਐਮ.ਏ. ਖੋਲੇ ਗਏ ਅਤੇ ਓਹਨਾਂ ਦੀ ਪੜ੍ਹਾਈ ਦੇ ਚੰਗੇ ਇੰਤਜ਼ਾਮ ਲਈ ਲਾਇਕ ਪ੍ਰੋਫੈਸਰ ਲਾਏ ਗਏ। ਸਾਇੰਸ ਵਾਲੇ ਪਾਸੇ ਬੀ.ਐਸ.ਸੀ. ਦੀਆਂ ਕਲਾਸਾਂ ਚਲਾਈਆਂ ਅਤੇ ਉਹਨਾਂ ਲਈ ਵੱਡੇ ਪੈਮਾਨੇ ਤੇ ਲਬਾਟਰੀਆਂ ਉਸਾਰੀਆਂ ਗਈਆਂ। ਇਮਤਿਹਾਨਾਂ ਦੇ ਨਤੀਜੇ ਵੀ ਸੁਧਰਨ ਲੱਗੇ। ਐਮ.ਏ. ਕਲਾਸਾਂ ਦੇ ਨਤੀਜੇ ਆਮ ਤੌਰ ਤੇ ਸੌ ਪਰਤੀ ਸੌ ਹੁੰਦੇ ਅਤੇ ਬੀ.ਏ. ਵਿਚ ਜਿਥੇ ਥੋੜ੍ਹੇ ਬਹੁਤ ਪਾਸ ਹੁੰਦੇ ਸਨ 90 ਫੀਸਦੀ ਤੋਂ ਵਧੀਕ ਪਾਸ ਹੋਣ ਲੱਗੇ। ਖੇਡਾਂ ਵਿਚ ਮਹਿੰਦਰਾ ਕਾਲਜ ਦਾ ਕਿਧਰੇ ਨਾਂ ਨਹੀਂ ਸੀ ਆਉਂਦਾ ...ਜਿਥੇ 13 ਸਾਲ ਤੋਂ ਹਾਕੀ ਦੀ ਟਰੌਫੀ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪਾਸ ਰਹੀ ਸੀ, ਉਥੇ ਪਹਿਲੀ ਵਾਰ ਮਹਿੰਦਰਾ ਕਾਲਜ ਜਿੱਤ ਲਿਆਇਆ ਅਤੇ ਇਕੋ ਸਾਲ ਵਿਚ ਚਾਰ ਹੋਰ ਟਰੌਫੀਆਂ ਜਿੱਤੀਆਂ।[23] ਪ੍ਰਿੰ. ਸਾਹਿਬ ਦੀ ਇਸੇ ਕਾਰਗੁਜਾਰੀ ਕਰਕੇ ਹੀ ਮਹਾਰਾਜਾ ਯਾਦਵਿੰਦਰ ਨੇ 05-02-1952 ਈ. ਵਿਚ ਇਕ ਖ਼ਤ ਪ੍ਰਿੰ. ਸਾਹਿਬ ਨੂੰ ਲਿਖਿਆ 'ਤੁਹਾਡੀ ਪ੍ਰਿੰਸੀਪਲੀ ਦੇ ਸਮੇਂ ਮਹਿੰਦਰਾ ਕਾਲਜ ਨੇ ਪੜ੍ਹਾਈ ਅਤੇ ਖੇਡਾਂ ਵਾਲੇ ਦੋਹਾਂ ਪਾਸਿਆਂ ਤੋਂ ਤਰੱਕੀ ਕੀਤੀ ਹੈ। ਜਿਸ ਲਈ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਤੁਹਾਡੀ ਕਾਰਗੁਜਾਰੀ ਨਿਰੀ ਬੱਚਿਆਂ ਦੀ ਪੜ੍ਹਾਈ ਤੱਕ ਮਹਿਦੂਦ ਨਹੀਂ ਸੀ, ਸਗੋਂ ਤੁਸੀਂ ਸਾਹਿਤਕ ਕੰਮ ਵੀ ਮਹਾਨ ਕੀਤਾ ਹੈ। ਮੈਨੂੰ ਪਤਾ ਹੈ ਕਿ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜੀ ਵਿਚ ਉਲਥਾ ਕਰ ਰਹੇ ਹੋ। ਕਿਰਪਾ ਕਰਕੇ ਇਹ ਕੰਮ ਜਾਰੀ ਰਖੋ। ਇਹ ਪੰਥ ਅਤੇ ਹੋਰਨਾਂ ਦੀ ਮਹਾਨ ਸੇਵਾ ਹੋਵੇਗੀ।[24] 1954 ਈ. ਵਿਚ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਬਣੇ ਅਤੇ 1955 ਈ. ਵਿਚ ਸਾਹਿਤ ਅਕਾਡਮੀ ਦਿੱਲੀ ਦੇ ਪੰਜਾਬ ਬੋਰਡ ਦੇ ਸਲਾਹਕਾਰ ਬਣਾਏ ਗਏ। ਇਸੇ ਤਰ੍ਹਾਂ ਸੇਵਾ ਕਰਦਿਆਂ ਸਿੱਖ ਪੰਥ ਦਾ ਇਹ ਮਹਾਨ ਵਿਦਵਾਨ 10 ਜਨਵਰੀ 1958 ਈ. ਨੂੰ ਅਕਾਲ ਚਲਾਣਾ ਕਰ ਗਏ ਉਨ੍ਹਾਂ ਦੇ ਅਕਾਲ ਚਲਾਣੇ ‘ਤੇ

---

[23] ਉਪਰੋਕਤ ਵਰਣਿਤ,ਪੰਨਾ 81

[24] ਉਪਰੋਕਤ ਵਰਣਿਤ, ਪੰਨਾ 82

ਸ੍ਰੋਮਣੀ ਕਮੇਟੀ ਵੱਲੋਂ ਸ਼ੋਕ ਮਤਾ ਪੜ੍ਹਿਆ ਗਿਆ ਜੋ ਇਸ ਪ੍ਰਕਾਰ ਸੀ: 'ਸ਼੍ਰੋਮਣੀ ਕਮੇਟੀ ਦਾ ਇਹ ਜਰਨਲ ਸਮਾਗਮ ਪੰਥ ਦੇ ਪ੍ਰਸਿਧ ਵਿਦਵਾਨ ਖੋਜੀ, ਲਿਖਾਰੀ ਤੇ ਸੇਵਕ ਪ੍ਰਿੰਸੀਪਲ ਤੇਜਾ ਸਿੰਘ ਜੀ ਦੇ ਅਕਾਲ ਚਲਾਣੇ ਉਤੇ ਸ਼ੋਕ ਪ੍ਰਗਟ ਕਰਦਾ ਹੈ ਅਤੇ ਉਹਨਾਂ ਦੇ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਾ ਹੈ। ਆਪ ਦਾ ਵਿਛੋੜਾ ਪੰਥ ਵਾਸਤੇ ਇਕ ਬੜਾ ਘਾਟਾ ਹੈ। ਇਸ ਲਈ ਇਹ ਇਜਲਾਸ ਅਕਾਲ ਪੁਰਖ ਪਾਸ ਅਰਦਾਸ ਕਰਦਾ ਹੈ ਕਿ ਉਹ ਆਪਣੇ ਇਸ ਉਤਮ ਸੇਵਕ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪੰਥ ਨੂੰ ਇਹੋ ਜਿਹੇ ਸੇਵਕਾਂ ਦੀ ਬਖ਼ਸ਼ਿਸ਼ ਕਰਦੇ ਰਹਿਣ। ਇਸ ਦੇ ਨਾਲ ਹੀ ਪਾਸ ਹੋਇਆ ਕਿ ਪ੍ਰਿੰਸੀਪਲ ਤੇਜਾ ਸਿੰਘ ਜੀ ਦੀ ਇਕ ਤਸਵੀਰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਲਗਾਈ ਜਾਵੇ।[25]

**ਸਾਹਿਤ ਰਚਨਾ**

ਪ੍ਰਿੰ. ਤੇਜਾ ਸਿੰਘ ਇਕ ਸੁਹਿਰਦ ਸਾਹਿਤਕ ਬਿਰਤੀ ਦੇ ਵਿਅਕਤੀ ਸਨ। ਇਸ ਬਿਰਤੀ ਦੇ ਪ੍ਰਪੱਕ ਹੋਣ ਦਾ ਮੂਲ ਕਾਰਨ ਉਨ੍ਹਾਂ ਨੂੰ ਪੜ੍ਹਣ ਦੀ ਤੀਰਬ ਇੱਛਾ ਦਾ ਹੋਣਾ ਹੈ। ਵਡੇਰੀ ਉਮਰ ਦੇ ਵਿਦਵਾਨ ਗੁਰਸਿੱਖਾਂ, ਗਿਆਨੀਆਂ, ਵਿਚਾਰਕਾਂ ਅਤੇ ਪ੍ਰਚਾਰਕਾਂ ਦੀ ਸੰਗਤ ਨਾਲ ਸਿੱਧਾ ਸੰਬੰਧ/ਸੰਪਰਕ ਪੈਦਾ ਹੋ ਜਾਣ ਨਾਲ ਉਨ੍ਹਾਂ ਅੰਦਰ ਸਾਹਿਤ ਸੰਭਾਲ ਅਤੇ ਸਾਹਿਤ ਗਿਆਨ ਦੀ ਲਾਲਸਾ ਹੋਰ ਵੀ ਉਭਰੀ। ਪ੍ਰਿੰ. ਸਾਹਿਬ ਨੇ ਪੰਜਾਬੀ ਸਾਹਿਤ, ਇਤਿਹਾਸ, ਗੁਰਬਾਣੀ ਟੀਕਾਕਾਰੀ ਅਤੇ ਸਿੱਖ ਸਾਹਿਤ ਵਿਚ ਆਪਣਾ ਨਿਵੇਕਲਾ ਯੋਗਦਾਨ ਪਾਇਆ। ਸਾਹਿਤਕ ਹਲਕਿਆਂ ਵਿਚ ਉਨ੍ਹਾਂ ਦੇ ਪਾਏ ਇਸ ਯੋਗਦਾਨ ਕਰਕੇ ਹੀ ਉਹ ਅੱਜ ਵੀ ਅਮਰ ਹਨ। ਉਨ੍ਹਾਂ ਨੇ ਉਸ ਸਮੇਂ ਸਿੱਖ ਧਰਮ ਲਈ ਆਪਣਾ ਯੋਗਦਾਨ ਦਿੱਤਾ, ਜਦੋਂ ਸਿੱਖ ਧਰਮ ਇਕ ਵੱਖਰੇ ਬਦਲਾਅ ਵਿਚੋਂ ਗੁਜਰ ਰਿਹਾ ਸੀ, ਇਹ ਬਦਲਾਅ ਸੀ ਪਰੰਪਰਾਵਾਦੀ ਸੋਚ ਦੀ ਥਾਂ ਨਵੀਨੀਕਰਣ ਦਾ, ਦੂਸਰਾ ਸਿੱਖ ਧਰਮ ਅਤੇ ਸਿੱਖ ਇਤਿਹਾਸ ਵਿਚ ਰਲਗੱਡ ਦਾ, ਜਿਸ ਨੂੰ ਉਸ ਸਮੇ ਦੇ ਮਹਾਨ ਚਿੰਤਕਾਂ, ਜਿਨ੍ਹਾਂ ਵਿਚ ਪ੍ਰਿੰ. ਤੇਜਾ ਸਿੰਘ ਦਾ ਨਾਂ ਵੀ ਪ੍ਰਮੁੱਖ ਸੀ, ਨੇ ਬੜੇ ਸੁਚਜੇ ਢੰਗ ਨਾਲ ਕੌਮ ਨੂੰ ਯੋਗ ਅਗਵਾਈ ਦਿੱਤੀ ਜਿਸ ਦੀ ਉਸ ਸਮੇ ਪੰਥ ਨੂੰ ਬਹੁਤ ਜਰੂਰਤ ਸੀ। ਸੋ ਉਨ੍ਹਾਂ ਨੇ ਉਸ ਸਮੇਂ ਸਿੱਖ ਧਰਮ ਦੇ ਪ੍ਰਚਾਰ ਲਈ ਗੁਰਬਾਣੀ ਟੀਕਾਕਾਰੀ, ਇਤਿਹਾਸਕਾਰੀ, ਕੋਸ਼ਕਾਰੀ, ਸਿੱਖ ਸਿਧਾਂਤਾਂ ਅਤੇ ਸਿੱਖ ਧਰਮ

[25] ਸ਼ਮਸ਼ੇਰ ਸਿੰਘ ਅਸ਼ੋਕ, ਸ੍ਰੋਮਣੀ ਕਮੇਟੀ ਦਾ 50 ਸਾਲਾ ਇਤਿਹਾਸ, ਪੰਨਾ 292

ਨਾਲ ਸੰਬੰਧਿਤ ਲੇਖਾਂ ਰਾਹੀਂ ਸਿੱਖ ਸਾਹਿਤ ਅਤੇ ਗੁਰਮਤਿ ਸਾਹਿਤ ਦੀ ਸੇਵਾ ਕੀਤੀ। 'ਪ੍ਰਿੰਸੀਪਲ ਤੇਜਾ ਸਿੰਘ ਉਨ੍ਹਾਂ ਮਹਾਨ ਪੰਜਾਬੀ ਚਿੰਤਕਾਂ ਵਿਚੋਂ ਸਨ, ਜਿਨ੍ਹਾਂ ਨੇ ਇਸ ਭਾਸ਼ਾ ਦੇ ਸਮੁੱਚੇ ਗਿਆਨਬੋਧ ਨੂੰ ਆਧੁਨਿਕ ਰੂਪ ਦੇਣ ਲਈ ਪ੍ਰਸ਼ੰਸਾਜਨਕ ਕੰਮ ਕੀਤਾ ਹੈ।[26]

*'ਜਪੁਜੀ'* ਤੇ *'ਆਸਾ ਦੀ ਵਾਰ'* ਦੇ ਟੀਕਿਆ ਨਾਲ ਪ੍ਰਿੰ. ਤੇਜਾ ਸਿੰਘ ਨੇ ਟੀਕਾਕਾਰੀ ਦਾ ਕੰਮ ਆਰੰਭ ਕੀਤਾ। ਇਨ੍ਹਾਂ ਬਾਣੀਆਂ ਦੇ ਵਿਆਖਿਆ ਸਹਿਤ ਅੰਗ੍ਰੇਜੀ ਅਨੁਵਾਦ ਵੀ ਕੀਤੇ। ਆਪ ਹੋਰ ਲੰਮੀਆਂ ਬਾਣੀਆਂ ਦੇ ਟੀਕੇ ਨਹੀਂ ਕਰ ਸਕੇ ਪਰ ਆਪ ਨੇ ਆਪਣੀ ਯੋਗਤਾ ਪ੍ਰਤਿਭਾ ਦੀ ਭਰਪੂਰ ਵਰਤੋਂ ਕਰ ਕੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ *'ਸ਼ਬਦਾਰਥ'* (ਚਾਰ ਜਿਲਦਾਂ) ਵਿਚ ਤਿਆਰ ਕੀਤਾ ਉਹ ਹੁਣ ਤੱਕ ਸਿਖਰੀ ਰਚਨਾ ਅਤੇ ਆਪਣੇ ਖੇਤਰ ਵਿਚ ਅਲੌਕਿਕ ਤੇ ਅਪਹੁੰਚ ਹੈ। ਕੋਈ ਹੋਰ ਗ੍ਰੰਥ ਕੋਸ਼, ਪ੍ਰਯਾਯ ਜਾਂ ਟੀਕਾ ਉਸ ਪੱਧਰ ਦਾ ਨਹੀਂ ਹੈ ਜੋ 'ਸ਼ਬਦਾਰਥ' ਹੈ।[27] ਹੁਣ ਅਸੀਂ ਉਨ੍ਹਾਂ ਦੀਆਂ ਪ੍ਰਮੁੱਖ ਰਚਨਾ ਬਾਰੇ ਅਗੇ ਵਿਚਾਰ ਕਰਦੇ ਹਾਂ।

**ਪੰਜਾਬੀ ਰਚਨਾਵਾਂ**

**ਸ਼ਬਦਾਂਤਿਕ ਲਗਾ ਮਾਤਰਾਂ ਦੇ ਗੁਝੇ ਭੇਦ**

**ਸ਼ਬਦਾਰਥ (ਚਾਰ ਭਾਗ)**

**ਜਪੁਜੀ ਟੀਕਾ**

**ਆਸਾ ਦੀ ਵਾਰ' ਟੀਕਾ**

**ਆਰਸੀ**

**ਸਿੱਖ ਸੱਭਿਆਚਾਰ ਅਤੇ ਹੋਰ ਧਾਰਮਿਕ ਲੇਖ**

**ਸਹਿਜ ਸੁਭਾ**

**ਨਵੀਆਂ ਸੋਚਾਂ**

---

[26] ਪ੍ਰੇਮ ਸਿੰਘ ਪ੍ਰੇਮ, ਸਾਗਰ ਨੀਰ ਅਥਾਹ, ਭੂਮਿਕਾ (ਦੋ ਸ਼ਬਦ)

[27] ਪ੍ਰਿੰ. ਤੇਜਾ ਸਿੰਘ, ਸਿੱਖ ਸਭਿਆਚਾਰ ਅਤੇ ਹੋਰ ਲੇਖ, ਪੰਨਾ 180

ਸਾਹਿਤ ਦਰਸ਼ਨ

ਪੰਜਾਬੀ ਸ਼ਬਦ ਜੋੜ

ਪੰਜਾਬੀ ਕਿਵੇਂ ਲਿਖੀਏ

ਸਿੱਖ ਇਤਿਹਾਸ

ਸਿਲਵਰ ਜੁਬਲੀ ਬੁਕ

ਸਿੱਖ ਇਤਿਹਾਸ ਦੀਆਂ ਝਾਕੀਆਂ (ਭਾਗ ਪਹਿਲਾ)

ਸਿਖ ਇਤਿਹਾਸ ਦੀਆਂ ਕੁਝ ਝਾਕੀਆਂ (ਦੂਜਾ ਭਾਗ)

ਸਿੱਖ ਇਤਿਹਾਸ ਦੀਆਂ ਝਾਕੀਆਂ (ਭਾਗ ਤੀਜਾ)

ਸਿਖ ਰਹਿਤ ਮਰਯਾਦਾ ਦਾ ਖਰੜਾ

DICTIONARY'S

ANGLO-PUNJABI DICTIONARY

ENGLISH-PUNJABI DICTIONARY

ENGLISH BOOKS

THE HOLLY GRANTH

SIKH RELIGION

THE RELIGION OF THE SIKH GURUS

SIKHISM ITS IDEAL & INSTITUTIONS

THE SIKH PRAYER

**THE PSALM PEACE**

**THE GURDWARA REFORM MOVEMENT AND THE SIKH AWAKENING**

**THE GROWTH OF RESPONSIBILITY IN SIKHISM**

## ਸ਼ਬਦਾਂਤਿਕ ਲਗਾ ਮਾਤਰਾਂ ਦੇ ਗੁਝੇ ਭੇਦ

ਗੁਰਬਾਣੀ ਵਿਆਖਿਆਕਾਰੀ ਨੂੰ ਵਿਗਿਆਨਿਕ ਨਿਯਮਾਂ ਦੇ ਰੂਪ ਵਿਚ ਸਮਝਣ ਲਈ ਵਿਆਕਰਨ ਅਹਿਮ ਰੋਲ ਅਦਾ ਕਰਦੀ ਹੈ। ਵਿਆਕਰਨ ਅਤੇ ਖਾਸ ਕਰਕੇ ਗੁਰਬਾਣੀ ਦੇ ਅਰਥਾਂ ਨੂੰ ਸਮਝਣ ਵਾਸਤੇ ਸਭ ਤੋਂ ਪਹਿਲਾ ਕਾਰਜ ਟਰੰਪ ਦਾ ਹੈ ਜਿਸ ਨੇ 1877 ਈ. **The Adi Granth** ਵਿਚ ਵਿਆਕਰਨਕ ਨਿਯਮਾ/ਸੰਕੇਤਾਂ ਨੂੰ ਖੋਜਣ ਦਾ ਕਾਰਜ ਕੀਤਾ ਪਰ ਪ੍ਰਿੰ. ਸਾਹਿਬ ਪਹਿਲਾ ਸਿੱਖ ਵਿਆਖਿਆਕਾਰ ਹੈ ਜਿਸਨੇ ਸਭ ਤੋਂ ਪਹਿਲਾਂ ਇਸ ਕਾਰਜ ਨੂੰ ਹੱਥ ਪਾਇਆ। ਪ੍ਰਿੰ. ਤੇਜਾ ਸਿੰਘ ਦੀ ਇਹ ਰਚਨਾ 1924-25 ਈ. ਵਿਚ ਛਪੀ। ਇਸ ਪੁਸਤਕ ਦੇ ਛਪਣ ਦਾ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤਰ ਬਾਣੀ ਵਿਚ ਵਰਤੀਆਂ ਸਿਹਰੀਆਂ, ਬਿਹਾਰੀਆਂ ਅਤੇ ਔਕੜ ਆਦਿ ਬਾਰੇ ਸਮਝ ਪ੍ਰਾਪਤ ਕਰਨਾ ਸੀ। ਕਿਉਂਕਿ ਇਨ੍ਹਾਂ ਨੂੰ ਸਮਝੇ ਬਗੈਰ ਅਰਥਾਂ ਦੇ ਅਨਰਥ ਹੋ ਰਹੇ ਸਨ। ਹਰ-ਇਕ ਮਨੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਆਪਣੀ ਮਰਜੀ ਮੁਤਾਬਿਕ ਕਰਨ ਲਗ ਗਿਆ ਸੀ ਜੋ ਕਿ ਗਲਤ ਸੀ ਇਸ ਲਈ ਪ੍ਰਿੰ. ਸਾਹਿਬ ਨੇ ਸਭ ਤੋਂ ਪਹਿਲਾਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਇਹ ਲਗਾਂ ਮਾਤਰਾਂ ਕਿਉਂ ਲਗੀਆਂ ਹਨ? 'ਆਮ ਲੋਕਾਂ ਦਾ ਖਿਆਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦਾਂ ਦੇ ਅੰਤ ਵਿਚ ਲਗੀਆਂ ਹੋਈਆਂ ਸਿਹਾਰੀਆਂ ਬਿਹਾਰੀਆਂ ਦਾ ਕੋਈ ਖਾਸ ਅਰਥ ਨਹੀਂ ਹੁੰਦਾ, ਐਵੇਂ ਹੀ ਲਗੀਆਂ ਹੁੰਦੀਆਂ ਹਨ ਪਰ ਜੇ ਖੋਜ ਕਰੀਏ ਤਾ ਪਤਾ ਲਗਦਾ ਹੈ ਕਿ ਇਹ ਮਾਤਰਾਂ ਕਿਸੇ ਨੇਮ ਅਨੁਸਾਰ ਲਗੀਆਂ ਹੋਈਆਂ ਹਨ ਅਤੇ ਆਪਣੇ ਥਾਂ 'ਤੇ ਵਿਸ਼ੇਸ਼ ਅਰਥ ਰੱਖਦੀਆਂ ਹਨ। ਇਸ ਭੇਦ ਦੇ ਨਾਂ ਜਾਣਨ ਤੋਂ ਕਈ ਘਾਟੇ ਪੈਦਾ ਹੋ ਰਹੇ ਹਨ।[28] ਗੁਰਬਾਣੀ ਵਿਚ ਵਰਤੇ ਸ਼ਬਦ ਸਤ, ਸਤੁ, ਸਤਿ ਜਾਂ ਇਕੋ ਰੂਪ ਵਾਲਾ ਸ਼ਬਦ ਕਿਤੇ ਹੋਰ ਜਗ੍ਹਾ ਵੱਖਰੇ ਪ੍ਰਸੰਗ ਵਿਚ ਵੱਖਰਾ ਅਰਥ ਦੇ ਰਿਹਾ

---

[28] ਪ੍ਰਿੰ. ਤੇਜਾ ਸਿੰਘ, ਸ਼ਬਦਾਂਤਿਕ ਲਗਾਂ ਮਾਤਰਾ ਦੇ ਗੁਝੇ ਭੇਦ, ਪੰਨਾ 5

ਹੁੰਦਾ ਹੈ, ਨੂੰ ਧਿਆਨ ਵਿਚ ਰਖਦਿਆਂ ਅਤੇ ਅਲੱਗ-ਅਲੱਗ ਸਰੂਪਾਂ ਦੇ ਅਲੱਗ-ਅਲੱਗ ਅਰਥ ਸਮਝਣ ਲਈ ਵਿਆਕਰਨ ਦੀ ਲੋੜ ਮਹਿਸੂਸ ਹੋਈ। ਇਸ ਲੋੜ ਨੂੰ ਸਭ ਤੋਂ ਪਹਿਲਾਂ 1919 ਈ. ਵਿਚ ਪ੍ਰਿੰ. ਤੇਜਾ ਸਿੰਘ ਨੇ ਜਪੁਜੀ ਦਾ ਟੀਕਾ ਕਰਕੇ ਪੂਰਾ ਕੀਤਾ। ਇਸ ਵਿਚ ਗੁਰਬਾਣੀ ਦੀਆਂ ਲਗਾਂ ਮਾਤਰਾਂ ਦੇ 29 ਨਿਯਮ ਦਰਸਾਏ ਗਏ ਹਨ। ਇਕ ਵਾਰ ਸ.ਸ. ਅਮੋਲ ਦੁਆਰਾ ਪ੍ਰਿੰ. ਤੇਜਾ ਸਿੰਘ ਨੂੰ ਪੁਛਿਆ ਕਿ ਤੁਹਾਡੀ ਸਭ ਤੋਂ ਸਰਵੋਤਮ ਪੁਸਤਕ ਕਿਹੜੀ ਹੈ ਤਾਂ ਉਨ੍ਹਾਂ ਦਾ ਉੱਤਰ ਸੀ, "ਇਕ ਨਿਕੀ ਜਿਹੀ ਕਿਤਾਬ ਜਿਸ ਦੇ ਸਾਰੇ 80 ਸਫ਼ੇ ਹਨ ਤੇ ਜਿਸ ਉਤੇ ਮੈਂ ਸਭ ਤੋਂ ਵੱਧ ਮੇਹਨਤ ਕੀਤੀ।" ਪਰ ਉਹ ਹੈ ਕਿਹੜੀ? ਦੇ ਉੱਤਰ ਵਿਚ ਉਨ੍ਹਾਂ ਕਿਹਾ: 'ਸ਼ਬਦਾਂਤਿਕ ਲਗਾਂ ਮਾਤ੍ਰਾਂ' ਜਿਸ ਦੇ 29 ਨਿਯਮ ਉਲੀਕਣ ਲਈ ਮੈਂ 29 ਵਰ੍ਹੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਬੜੇ ਹੀ ਧਿਆਨ ਤੇ ਠੰਡੇ ਦਿਲ ਨਾਲ ਕੀਤਾ।..... ਉਹ ਉਤਮ ਇਸ ਲਈ ਹੈ ਕਿ ਇਸ ਨਾਲ ਗੁਰੂ ਗ੍ਰੰਥ ਸਾਹਿਬ ਵਿਚ ਆਈ ਬਾਣੀ ਦੇ ਅਰਥ ਕਰਨ ਦੇ ਢੰਗ ਵਿਚ ਇਕ ਇਨਕਲਾਬ (ਪ੍ਰੀਵਰਤਨ) ਆ ਜਾਵੇਗਾ। ਇਹ ਭੁਲੇਖਾ ਦੂਰ ਹੋ ਜਾਵੇਗਾ ਕਿ ਇਹ ਸਿਹਾਰੀਆਂ, ਔਕੜ ਜਾਂ ਹੋਰ ਕਈ ਲਗਾਂ ਦੇ ਅੰਤ ਉੱਤੇ ਵਾਧੂ ਲਗੀਆਂ ਹਨ। ਇਹ ਇਕ ਤਰ੍ਹਾਂ ਦੀ ਨਵੀਂ ਕਾਢ (ਇਨਵੈਨਸ਼ਨ) ਜਾਂ ਲੱਭਤ (ਡਿਕਸ਼ਨਰੀ) ਹੈ।[29] ਅਕਾਰ ਦੇ ਪਖੋਂ ਇਹ ਪੁਸਤਕ ਬਹੁਤ ਛੋਟੀ ਹੈ ਪਰ ਇਸ ਦਾ ਮਹੱਤਵ ਬਹੁਤ ਜਿਆਦਾ ਹੈ ਕਿਉਂਕਿ ਇਸ ਪੁਸਤਕ ਨੂੰ ਲਿਖਣ ਤੋਂ ਪਹਿਲਾਂ ਪ੍ਰਿੰ. ਸਾਹਿਬ ਨੂੰ ਬਹੁਤ ਮਿਹਨਤ ਕਰਨੀ ਪਈ ਇਥੋਂ ਤੱਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 10 ਸਹਿਜ ਪਾਠ ਵੀ ਕੀਤੇ। ਉਹਨਾਂ ਦੀ ਖੋਜ ਦਾ ਅਨੁਮਾਨ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਅਤੇ ਭਗਤ ਸਾਹਿਬਾਨ/ਭੱਟ ਸਾਹਿਬਾਨ ਦੀਆਂ ਬਾਣੀਆਂ ਵਿਚੋਂ ਵੀ ਨਿਯਮਾਂ ਦੀ ਇਕਸਾਰਤਾ ਨੂੰ ਵੇਖਿਆ। 'ਬਹੁਤ ਸਾਰੀਆਂ ਮਿਸਾਲਾਂ ਇਕਠੀਆਂ ਕਰਨ ਤੋਂ ਪਤਾ ਲੱਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਗਾਂ ਮਾਤ੍ਰਾਂ ਦੇ ਬੱਝਵੇਂ ਨੇਮ ਹਨ, ਜੋ ਇਕਸਾਰ ਵਰਤਦੇ ਹਨ ਅਤੇ ਇਨ੍ਹਾਂ ਦੀ ਪੜਤਾਲ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਕਰਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਿਦਵਤਾ ਦਾ ਇਕ ਨਵਾਂ ਸਬੂਤ ਮਿਲਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾ ਕੇਵਲ ਆਪਣੀ ਅਤੇ ਪਿਛਲੇ ਗੁਰੂ ਸਾਹਿਬਾਨ ਦੀ ਰਚੀ ਬਾਣੀ ਵਿਚ ਹੀ ਇਹ

[29] ਐਸ ਐਸ ਅਮੋਲ, ਪ੍ਰੋ. ਤੇਜਾ ਸਿੰਘ, ਪੰਨਾ 72

ਨਿਯਮ ਵਰਤੇ ਹਨ, ਸਗੋਂ ਹੋਰ ਭਗਤਾਂ ਅਤੇ ਭੱਟਾਂ ਦੀ ਜੋ ਬਾਣੀ ਚੜ੍ਹਾਈ ਹੈ, ਉਸ ਦੀ ਲਿਖਤ ਭੀ ਉਸ ਰੀਤੀ ਨਾਲ ਕੀਤੀ ਹੈ।[30]

ਗੁਰਬਾਣੀ ਦੀਆਂ ਲਗਾਂ ਮਾਤਰਾਂ ਨੂੰ ਸਮਝਣ ਦਾ ਸਭ ਤੋਂ ਪਹਿਲਾ ਕਾਰਜ ਪ੍ਰਿੰ. ਤੇਜਾ ਸਿੰਘ ਜੀ ਨੇ 1919 ਈ. ਵਿਚ ਜਪੁਜੀ ਦਾ ਟੀਕਾ ਕਰਕੇ ਨਾਲ 'ਲਗਾਂ ਮਾਤਰਾਂ ਦੇ ਨਿਯਮ' ਵੀ ਪ੍ਰਕਾਸ਼ਤ ਕੀਤੇ। ਇਸ ਤੋਂ ਪਹਿਲਾਂ ਇਨ੍ਹਾਂ ਲਗਾਂ ਮਾਤਰਾਂ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਸੀ। ਪ੍ਰੋ. ਸਾਹਿਬ ਸਿੰਘ ਦੇ ਕਥਨ ਅਨੁਸਾਰ 'ਮੈਂ ਸਰਦਾਰ ਜੋਧ ਸਿੰਘ ਪਾਸ ਬੇਨਤੀ ਕੀਤੀ, ਕਿ ਮੈਨੂੰ ਲਗਾਂ ਮਾਤਰਾਂ ਦੀ ਵਿਧੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਾਇਆ ਜਾਵੇ। ਉਨ੍ਹਾਂ ਉਤਰ ਦਿੱਤਾ ਕਿ ਇਹ ਜਤਨ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋ. ਤੇਜਾ ਸਿੰਘ ਕਰ ਰਹੇ ਹਨ।[31] ਇਹ ਗੱਲ 1920 ਈ. ਦੀ ਹੈ। ਸਪਸ਼ਟ ਹੈ ਹੋਰ ਕਿਸੇ ਨੂੰ ਲਗਾਂ ਮਾਤਰਾਂ ਦੇ ਭੇਦਾਂ ਬਾਰੇ ਉਦੋਂ ਹਾਲੇ ਪਤਾ ਨਹੀਂ ਸੀ।

**'ਸ਼ਬਦਾਰਥ' (ਚਾਰ ਭਾਗ)**

ਪ੍ਰਿੰ. ਸਾਹਿਬ ਦੀ ਅਗਲੀ ਰਚਨਾ 'ਸ਼ਬਦਾਰਥ' ਹੈ। 'ਸ਼ਬਦਾਰਥ' ਕੇਵਲ ਸ਼ਬਦੀ ਅਰਥ ਜਾਂ ਪਦਾਰਥ ਹੀ ਪੇਸ਼ ਨਹੀਂ ਕਰਦਾ, ਸਗੋਂ ਹਜ਼ਾਰਾਂ ਕਠਨ ਪਦਿਆਂ, ਅਸ਼ਟਪਦੀਆ ਆਦਿ ਦੇ ਕੇਂਦਰੀ ਖਿਆਲ, ਭਾਵ ਤੇ ਭਾਵ ਅਰਥ ਵੀ ਦਿੰਦਾ ਹੈ ਅਤੇ ਲੰਮੀਆਂ ਬਾਣੀਆਂ, ਪੌਰਾਣਿਕ ਸੰਕੇਤਾਂ, ਸਿਧਾਂਤ ਤੇ ਸ਼ਬਦਾ ਬਾਰੇ ਬਹੁਤ ਉਚ ਪੱਧਰ ਦੀਆਂ ਟੂਕਾਂ ਵੀ ਦਿੰਦਾ ਹੈ।[32] ਮਲਾਇਆ ਦੀ ਯਾਤਰਾ ਤੋਂ ਬਾਅਦ ਪ੍ਰਿੰ. ਸਾਹਿਬ ਨੇ ਵੱਡਾ ਕੰਮ 'ਸ਼ਬਦਾਰਥ' ਦਾ ਆਰੰਭ ਕੀਤਾ 'ਸ਼ਬਦਾਰਥ' ਦੀ ਨਿਪੁੰਨਤਾ ਨਾਲ ਕੀਤੇ ਟੀਕੇ ਅਤੇ ਉਸ ਵਿਚ ਲਿਖੇ ਅਰਥਾਂ ਅਤੇ ਫੁਟਨੋਟਾਂ ਬਾਰੇ ਗੁਰਬਾਣੀ ਦੇ ਖੋਜੀਆ ਵੱਲੋਂ ਕੀਤੀ ਪ੍ਰਸ਼ੰਸਾ ਪ੍ਰਮਾਣ ਹੈ, ਉਸ ਦੀ ਮਹੱਤਤਾ ਦਾ।[33]

---

[30] ਪ੍ਰਿੰ. ਤੇਜਾ ਸਿੰਘ, ਉਪਰੋਕਤ ਵਰਣਿਤ, ਪੰਨੇ 6-7

[31] ਅਭਿਨੰਦਨ ਗ੍ਰੰਥ, ਪੰਨਾ 27

[32] ਪ੍ਰਿੰ. ਤੇਜਾ ਸਿੰਘ, ਸ਼ਬਦਾਰਥ, ਭੂਮਿਕਾ

[33] ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾਂ 324

'ਸ਼ਬਦਾਰਥ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਿਆਰੀ ਵਿਚ ਭਾਵੇਂ ਕਿ ਤਿੰਨ ਪ੍ਰਮੁੱਖ ਵਿਦਵਾਨ ਸਜਣਾਂ- ਪ੍ਰਿੰ. ਤੇਜਾ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ ਅਤੇ ਪ੍ਰੋ. ਨਰਾਇਣ ਸਿੰਘ ਦਾ ਯੋਗਦਾਨ ਹੈ ਪਰ ਅਸਲ ਅਤੇ ਵਡੇਰਾ ਕਾਰਜ ਪ੍ਰਿੰ. ਤੇਜਾ ਸਿੰਘ ਜੀ ਦਾ ਹੀ ਹੈ। 'ਸ਼ਬਦਾਰਥ' ਨੂੰ ਪ੍ਰਿੰ. ਤੇਜਾ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ 'ਗੁਰ ਸੇਵਕ ਸਭਾ' ਦੇ ਰੂਪ ਵਿਚ ਸੰਗਠਤ ਹੋ ਕੇ ਸਿਰੇ ਚਾੜ੍ਹਿਆ। 29 ਦਸੰਬਰ, 1933 ਈ. ਨੂੰ ਪ੍ਰਿੰ. ਤੇਜਾ ਸਿੰਘ, ਪ੍ਰੋ. ਨਰਾਇਣ ਸਿੰਘ, ਪ੍ਰਿੰ. ਨਿਰੰਜਨ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ ਆਦਿ ਨੇ ਮਿਲ ਕੇ 'ਗੁਰ ਸੇਵਕ ਸਭਾ' ਦੀ ਸਥਾਪਨਾ ਕੀਤੀ। ਇਸ ਸਭਾ ਦਾ ਮੁਖ ਮੰਤਵ ਆਪਣਾ ਸੁਧਾਰ ਕਰਨਾ ਅਤੇ ਥਾਂ-ਥਾਂ ਫਿਰ ਕੇ ਸਿਖਾਂ ਅੰਦਰ ਆਪਣਾ ਸ਼ਖਸੀ ਜੀਵਨ ਸੁਧਾਰ ਕੇ ਪੰਥਕ ਜੀਵਨ ਵਿਚ ਪਵਿਤਰਤਾ ਅਤੇ ਨਿਸ਼ਕਾਮ ਸੇਵਾ ਦਾ ਭਾਵ ਪੈਦਾ ਕਰਨਾ ਸੀ।[34]

ਪਹਿਲੀ ਵਾਰ 'ਸ਼ਬਦਾਰਥ' ਦੀਆਂ ਚਾਰੇ ਪੋਥੀਆਂ ਦਾ ਪ੍ਰਕਾਸ਼ਨ ਲਾਹੌਰ ਵਿਖੇ ਗੁਰਦੁਆਰਾ ਪੰਜਾ ਸਾਹਿਬ ਦੀ ਆਰਥਿਕ ਮਦਦ ਨਾਲ 1936-41 ਈ. ਦਰਮਿਆਨ ਹੋਇਆ।

ਪਹਿਲੇ ਐਡੀਸ਼ਨ ਦੀਆਂ ਚਾਰੇ ਪੋਥੀਆਂ ਕ੍ਰਮਵਾਰ ਭਾਗ I- ਨਵੰਬਰ 1936, II- ਦਸੰਬਰ 1937, III-ਜੁਲਾਈ 1939 ਅਤੇ IV- ਸਤੰਬਰ 1941 ਈ. ਨੂੰ 'ਗੁਰ ਸੇਵਕ ਸਭਾ' ਵੱਲੋਂ ਪ੍ਰਕਾਸ਼ਿਤ ਹੋਈਆਂ।

ਦੂਜੀ ਵਾਰ 'ਸ਼ਬਦਾਰਥ' ਦਾ ਪਹਿਲਾ ਅਤੇ ਦੂਜਾ ਭਾਗ 'ਸ਼ਬਦਾਰਥ' ਗੁਰਬਾਣੀ ਟ੍ਰਸਟ' ਲਾਹੌਰ ਦੁਆਰਾ ਕ੍ਰਮਵਾਰ ਅਗਸਤ 1944 ਫਰਵਰੀ 1945 ਈ. ਵਿਚ ਛਾਪੇ ਗਏ। ਭਾਗ ਤੀਜਾ ਅਤੇ ਚੌਥਾ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਨੇ ਦਸੰਬਰ 1956 ਅਪ੍ਰੈਲ 1957 ਈ. ਵਿਚ ਛਾਪੇ। ਉਦੋਂ ਤੋਂ ਵਰਤਮਾਨ ਸਮੇਂ ਤੱਕ ਇਸ ਨੂੰ ਲਗਾਤਾਰ ਉਕਤ ਕਮੇਟੀ ਛਾਪਦੀ ਆ ਰਹੀ ਹੈ ਤੇ ਹੁਣ (2018) ਤੱਕ ਲਗਪਗ 40 ਵਾਰ, ਲਖਾਂ ਦੀ ਗਿਣਤੀ ਵਿਚ ਛਪ ਚੁਕਿਆ ਹੈ।

---

[34] ਪ੍ਰਿੰ. ਤੇਜਾ ਸਿੰਘ, ਆਰਸੀ, ਪੰਨਾ 30

'ਸ਼ਬਦਾਰਥ' ਦੀ ਵਿਉਂਤ, ਗੁਰੂ ਗ੍ਰੰਥ ਸਾਹਿਬ ਜੀ ਦੀ 1430 ਪੰਨਿਆਂ ਦੀ ਪ੍ਰਮਾਣਿਕ ਬੀੜ ਨੂੰ ਚਾਰ ਭਾਗਾਂ ਵਿਚ ਵੰਡ ਕੇ ਸਿਰੇ ਚਾੜ੍ਹੀ ਗਈ ਹੈ ਤੇ ਚਾਰੇ ਭਾਗਾਂ ਦੀ ਤਕਰੀਬਨ ਸਮਤਲ ਵੰਡ ਇਸ ਤਰ੍ਹਾਂ ਹੈ :

(1) ਪੋਥੀ ਪਹਿਲੀ ਪੰਨੇ ੧-੩੪੬,

(2) ਪੋਥੀ ਦੂਜੀ ਪੰਨਾ ੩੪੭ ਤੋਂ ੭੨੭,

(3) ਪੋਥੀ ਤੀਜੀ ਪੰਨੇ ੭੨੮-੧੧੦੬,

(4) ਪੋਥੀ ਚੌਥੀ ਪੰਨਾ ੧੧੦੭ ਤੋਂ ੧੪੩੦ ਤੱਕ।

ਚਾਰੇ ਪੋਥੀਆਂ ਵਿਚ 'ਪਾਠ' ਸ਼ਬਦਾਂ (ਪਦਾਂ) ਨੂੰ ਨਖੇੜ ਕੇ ਛਾਪਿਆ ਗਿਆ ਹੈ ਭਾਵ 'ਲੜੀਵਾਰ' ਦੀ ਥਾਂ ਪਾਠ 'ਪਦ-ਛੇਦ' ਹੈ। ਮੂਲ-ਪਾਠ ਪੋਥੀ ਦੇ ਇਕ ਪਾਸੇ (ਖੱਬੇ ਪਾਸੇ) ਤੇ ਦੂਜੇ ਪਾਸੇ ਸਾਹਮਣੇ (ਸੱਜੇ ਪਾਸੇ) ਉਸਦੇ ਸ਼ਬਦ-ਅਰਥ ਹਨ ਅਤੇ ਹਰੇਕ ਪੰਨੇ ਦੀ ਤਰਤੀਬ ਮੂਲ ਸ੍ਰੀ ਗੁਰੂ ਗ੍ਰੰਥ ਸਾਹਿਬ ਭਾਵ 1430 ਪੰਨਿਆਂ ਅਨੁਸਾਰ ਹੈ ਜੋ ਅੰਕ (ਪੰਨਾ) 'ਪਾਠ' ਦਾ ਹੈ, ਉਹੀ ਸ਼ਬਦ-ਅਰਥਾਂ ਦਾ ਰਖਿਆ ਗਿਆ ਹੈ। ਇਸ ਤਰ੍ਹਾਂ ਇਕ ਪੰਨੇ ਦੇ ਸਾਰੇ ਔਖੇ ਸ਼ਬਦਾਂ ਦੇ ਅਰਥ ਉਸੇ ਪੰਨੇ ਉਤੇ ਸਾਹਮਣੇ (ਸੱਜੇ ਪਾਸੇ) ਆ ਗਏ ਹਨ। ਸ਼ਬਦ-ਅਰਥ ਦੇਣ ਸਮੇਂ ਟਿਪਣੀਆਂ ਦੇ ਦੋ ਭਾਗ ਕੀਤੇ ਗਏ ਹਨ ਜਿਨ੍ਹਾਂ ਨੂੰ ਪ੍ਰਿੰ. ਸਾਹਿਬ ਨੇ 'ਨੋਟਾਂ' (ਟਿਪਣੀਆਂ) ਤੇ 'ਫੁਟ ਨੋਟਾਂ' (ਪਦ-ਟਿਪਣੀਆਂ) ਦਾ ਨਾਂ ਦਿਤਾ ਹੈ। ਡਾ. ਤਾਰਨ ਸਿੰਘ ਦੇ ਸ਼ਬਦਾਂ ਅਨੁਸਾਰ ''ਸ਼ਬਦਾਰਥ'' ਦੀ ਵਿਉਂਤ ਇਉਂ ਹੈ ਕਿ ਆਰੰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਸ਼ਬਦਾਂ (ਲਫਜ਼ਾਂ) ਦੇ ਅੰਤ ਉਤੇ ਵਰਤੀਆਂ ਗਈਆਂ ਮਾਤ੍ਰਾਂ (ਵਿਸ਼ੇਸ਼ ਕਰਕੇ ਸਿਹਾਰੀ ਤੇ ਔਕੜ) ਦੇ ਨਿਯਮ ਦਿੱਤੇ ਹਨ, ਜਿਵੇਂ ਮਤ ਦੇ ਮਤਿ ਜਾਂ ਮਤੁ ਦੇ ਅਰਥਾਂ ਵਿਚ ਅੰਤਰ। ਇਸ ਪਿੱਛੋਂ 1430 ਪੰਨਿਆਂ ਵਾਲੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਬੀੜ ਅਨੁਸਾਰ ਇਕ ਪਾਸੇ ਬਾਣੀ ਤੇ ਸਾਹਮਣੇ ਸਫ਼ੇ ਉਤੇ ਉਸ ਸਫ਼ੇ ਵਿਚ ਆਈ ਬਾਣੀ ਵਿਚੋਂ ਔਖੇ ਜਾਂ ਸਮਝਾਉਣ ਯੋਗ ਸ਼ਬਦਾਂ ਦੇ ਅਰਥ ਲਿਖੇ ਹਨ ਅਤੇ ਬਾਣੀ ਵਿਚ ਉਨ੍ਹਾਂ ਸ਼ਬਦਾਂ (ਲਫ਼ਜਾਂ) ਨਾਲ

ਅੰਕ ਲਾ ਕੇ ਸਾਹਮਣੇ ਸਫ਼ੇ ਉਤੇ ਅੰਕ ਦੇ ਕੇ ਅਰਥ ਸਮਝਾਏ ਹਨ ਜਾ ਕਈ ਹੋਰ ਵਿਸ਼ੇਸ਼ ਨੋਟ ਆਦਿ ਦਿਤੇ ਹਨ।[35]

**ਜਪੁਜੀ ਦਾ ਟੀਕਾ**

ਇਹ ਪ੍ਰਿੰ. ਸਾਹਿਬ ਦੀ ਗੁਰਬਾਣੀ ਵਿਆਖਿਆਕਾਰੀ ਦੇ ਸੰਬੰਧ ਵਿਚ ਪਹਿਲੀ ਪੁਸਤਕ ਹੈ, ਇਹ ਟੀਕਾ 1925 ਈ. ਵਿਚ ਛਪਿਆ। ਇਸਦੇ ਆਰੰਭ ਵਿਚ ਦੋ ਭੂਮਿਕਾ ਦਿੱਤੀਆਂ ਗਈਆਂ ਹਨ। ਪਹਿਲੀ ਵਿਚ ਜਪੁਜੀ ਬਾਣੀ ਬਾਰੇ ਸਿਧਾਂਤੱਕ ਵਿਚਾਰ ਕੀਤੀ ਗਈ ਹੈ। ਬਾਣੀ ਦੇ ਵਿਸ਼ੇ ਪੱਖ ਤੋਂ ਅਧਿਐਨ ਕਰਦਿਆਂ ਬੋਲੀ, ਲਿੱਪੀ ਅਤੇ ਸ਼ੈਲੀ ਬਾਰੇ ਵਿਚਾਰ ਕੀਤੇ ਹਨ। ਦੂਜੇ ਭਾਗ ਵਿਚ ਜਪੁਜੀ ਬਾਣੀ ਦਾ ਪਉੜੀ ਵਾਰ ਭਾਵ ਅਰਥ ਦਿਤਾ ਗਿਆ ਹੈ। ਉਪਰੰਤ ਜਪੁਜੀ ਦੀ ਵਿਆਖਿਆ ਆਰੰਭ ਕਰਦੇ ਹਨ। ਇਹ ਟੀਕਾ ਪੰਜਾਬੀ ਭਾਸ਼ਾ ਵਿਚ ਅੰਗ੍ਰੇਜੀ ਭਾਸ਼ਾ ਤੋਂ ਅਨੁਵਾਦ ਵੀ ਉਨ੍ਹਾਂ ਆਪ ਹੀ ਕੀਤਾ। ਜਪੁਜੀ ਬਾਣੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੁਢਲੀ ਬਾਣੀ ਦੇ ਨਾਲ-ਨਾਲ ਸਮੁੱਚੀ ਬਾਣੀ ਦਾ ਸਾਰ ਵੀ ਹੈ, ਸਮੇਂ-ਸਮੇਂ ਅਨੇਕਾਂ ਵਿਦਵਾਨਾਂ ਨੇ ਵੱਖ-ਵੱਖ ਟੀਕਿਆਂ ਰਾਹੀਂ ਇਸ ਬਾਣੀ ਦੇ ਗੁਹਜ ਭਾਵਾਂ ਨੂੰ ਸਮਝਣ ਦਾ ਜਤਨ ਕੀਤਾ। ਇਸੇ ਕੜੀ ਤਹਿਤ ਪ੍ਰਿੰ. ਤੇਜਾ ਸਿੰਘ ਨੇ ਵੀ ਜਪੁਜੀ ਬਾਣੀ ਦੀ ਵਿਆਖਿਆ ਕੀਤੀ। ਜਪੁਜੀ ਬਾਰੇ ਉਹ ਆਪ ਭੂਮਿਕਾ ਵਿਚ ਲਿਖਦੇ ਹਨ- 'ਜਪੁਜੀ ਵਿਚ ਮਨੁੱਖੀ ਜੀਵਨ ਦਾ ਸਭ ਤੋਂ ਉਚਾ ਗਿਆਨ ਹੈ। ਇਸ ਵਿਚ ਸਾਡੇ ਜੀਵਨ ਦਾ ਮਨੋਰਥ ਅਤੇ ਉਸ ਦੇ ਪ੍ਰਾਪਤ ਕਰਨ ਦੇ ਸਾਧਨ ਦੱਸੇ ਹਨ। ਸਭ ਤੋਂ ਵਧ ਕੇ ਇਸ ਵਿਚ ਮਨ ਨੂੰ ਅਜਿਹੇ ਸੱਚੇ ਵਿਚ ਢਾਲਣ ਅਤੇ ਉਹਦੇ ਉੱਤੇ ਅਜੇਹੀ ਹਾਲਤ ਲਿਆਉਣ ਦਾ ਢੰਗ ਦਸਿਆ ਹੈ ਕਿ ਸਾਨੂੰ ਜੋ ਭੀ ਧਾਰਮਕ ਗੁੰਝਲਾਂ ਆ ਪੈਣ ਉਨ੍ਹਾਂ ਨੂੰ ਸੋਖੇ ਹੀ ਹਲ ਕਰ ਸਕੀਏ।[36] ਜਪੁਜੀ ਬਾਣੀ ਨੂੰ ਸਿਖ ਧਰਮ ਦੀ ਰਹਿਤ ਮਰਯਾਦਾ ਵਿਚ ਅੰਮ੍ਰਿਤ (ਸਵੇਰ) ਵੇਲੇ ਦੀਆਂ ਬਾਣੀਆਂ ਵਿਚ ਸ਼ਾਮਲ ਕੀਤਾ ਗਿਆ ਹੈ। ਜਪੁਜੀ ਜਿਹੀ ਔਖੀ ਬਾਣੀ ਨੂੰ ਸਵੇਰ ਲਈ ਇਸ ਕਰਕੇ ਰਖਿਆ ਹੈ ਕਿ ਰਾਤ ਦੇ ਆਰਾਮ ਨਾਲ ਮਨ ਠੰਢਾ ਹੋ ਕੇ ਸਾਫ ਹੋਇਆ ਹੁੰਦਾ ਹੈ ਅਤੇ ਅੰਮ੍ਰਿਤ ਵੇਲੇ ਤਾਜਗੀ ਦੀ ਸਹਾਇਤਾ ਨਾਲ ਜਪੁਜੀ ਵਿਚ ਡੂੰਘੀਆਂ ਵਿਚਾਰਾਂ

[35] ਡਾ. ਤਾਰਨ ਸਿੰਘ, ਉਪਰੋਕਤ ਵਰਣਿਤ, ਪੰਨਾ 324

[36] ਐਸ ਐਸ ਅਮੋਲ, ਉਪਰੋਕਤ ਵਰਣਿਤ, ਪੰਨਾ 75

ਵੱਲ ਧਿਆਨ ਦੇ ਸਕਦਾ ਹੈ। ਇਹ ਸੋਚਣ ਤੇ ਸਮਝਣ ਵਾਲੀ ਬਾਣੀ ਹੈ, ਗਾਉਣ ਵਾਲੀ ਨਹੀਂ, ਇਸੇ ਲਈ ਇਹਦੇ ਨਾਲ ਕੋਈ ਰਾਗ ਨਹੀਂ ਦਿਤਾ ਹੋਇਆ। ਇਹ ਭੀ ਸਾਡੀ ਸਮਝ ਤੇ ਸੋਖ ਲਈ ਹੈ, ਕਿਉਂਕਿ ਰਾਗ ਲਈ ਜਰੂਰੀ ਕਿ ਸਰਲ ਹੋਵੇ ਅਤੇ ਭਾਵ ਪ੍ਰੇਮ ਜਾਂ ਵੈਰਾਗ ਵਾਲਾ ਹੋਵੇ, ਫਿਲਸਫ਼ੇ ਵਾਲਾ ਘਟ ਹੋਵੇ।[37]

ਜਪੁਜੀ ਦੇ ਟੀਕੇ ਨੇ ਜਦੋਂ ਗੁਰਮੁਖੀ ਛਾਪੇ ਦਾ ਜਾਮਾ ਧਾਰਨ ਕੀਤਾ। ਭਾਈ ਕਾਨ੍ਹ ਸਿੰਘ ਨਾਭਾ ਜਿਹੇ ਸ਼੍ਰੋਮਣੀ ਵਿਦਵਾਨ ਨੇ ਇਸ ਨੂੰ ਸਭਨਾ ਟੀਕਿਆ ਤੋਂ ਸ੍ਰੇਸ਼ਟ ਵਿਆਖਿਆ ਕਿਹਾ। ਗੁਰਬਾਣੀ ਵਿਆਕਰਨ ਦੇ ਇਸ ਮਹਾਨ ਕਾਰਜ ਬਾਰੇ ਪ੍ਰੋ. ਸਾਹਿਬ ਸਿੰਘ ਅਭਿਨੰਦਨ ਗ੍ਰੰਥ ਵਿਚ ਲਿਖਦੇ ਹਨ- 'ਸਰਦਾਰ ਤੇਜਾ ਸਿੰਘ ਦੀ ਇਸ ਮਿਹਨਤ ਨੇ ਬਹੁ ਅਰਥਾਂ ਵਾਲੀ ਚੁੰਚ ਗਿਆਨਤਾ ਦੀ ਪਰਪਾਟੀ ਨੂੰ ਰੋਕਣ ਵਿਚ ਕਾਫੀ ਸਹਾਇਤਾ ਕੀਤੀ। ਮੈਨੂੰ ਉਨ੍ਹਾਂ ਦੀ ਇਹ ਸੇਵਾ ਕੋਈ ਨਿਕੀ ਜਿਹੀ ਸੇਵਾ ਨਹੀਂ ਜਾਪਦੀ।[38] ਪੁਸਤਕ ਦੇ ਅਖੀਰ ਵਿਚ ਜਪੁਜੀ ਵਿਚ ਆਏ ਵਿਆਕਰਨਕ ਨਿਯਮਾਂ ਨੂੰ ਪੇਸ਼ ਕੀਤਾ ਹੈ ਤਾਂ ਕਿ ਪਾਠਕ ਨੂੰ ਵਿਆਕਰਨਕ ਰੂਪਾਂ ਬਾਰੇ ਪਤਾ ਚੱਲ ਸਕੇ।

**'ਆਸਾ ਦੀ ਵਾਰ' ਦਾ ਟੀਕਾ**

'ਆਸਾ ਦੀ ਵਾਰ' ਬਾਣੀ ਜੋ ਕਿ ਗੁਰੂ ਨਾਨਕ ਸਾਹਿਬ ਦੀ ਰਚਿਤ ਹੈ। ਇਸ ਬਾਣੀ ਦਾ ਅੰਮ੍ਰਿਤ ਵੇਲੇ ਲਗਭਗ ਹਰ ਗੁਰਦੁਆਰੇ ਵਿਚ ਪਾਠ/ਗਾਇਣ ਕੀਤਾ ਜਾਂਦਾ ਹੈ। ਇਸ ਬਾਣੀ ਦੇ ਸੰਦੇਸ਼ ਰਾਹੀਂ ਇਕ ਸਫਲ ਤੇ ਸੁਚੱਜੀ ਜੀਵਨ ਜਾਂਚ ਦੀ ਪ੍ਰੇਰਣਾ ਦਿੱਤੀ ਗਈ ਹੈ। ਪ੍ਰਿੰ. ਸਾਹਿਬ ਦਾ ਇਹ ਟੀਕਾ 1938 ਈ. ਵਿਚ ਛਪਿਆ ਸੋ ਸਪਸ਼ਟ ਹੈ ਕਿ ਇਹ ਟੀਕਾ 'ਸ਼ਬਦਾਰਥ' ਪੋਥੀਆਂ ਤੋਂ ਬਾਅਦ ਵਿਚ ਪ੍ਰਕਾਸ਼ਿਤ ਹੋਇਆ। ਜਪੁਜੀ ਬਾਣੀ ਵਾਂਗ 'ਆਸਾ ਦੀ ਵਾਰ' ਵਿਚ ਵੀ ਭੂਮਿਕਾ ਉਪਰੰਤ ਸਮੁੱਚੀ ਬਾਣੀ ਦਾ ਭਾਵ ਅਰਥ ਸਪਸ਼ਟ ਕੀਤਾ ਗਿਆ ਹੈ। ਭੂਮਿਕਾ ਵਿਚ ਪ੍ਰਿੰ. ਸਾਹਿਬ ਵਾਰ ਦੀ ਤੁਲਨਾ ਯੂਨਾਨੀ ਗੀਤ ਓਡ(ODE) ਨਾਲ ਕਰਦੇ ਹਨ ਜਿਸ ਵਿਚ ਇਕ ਜੋਧੇ/ਸੂਰਮੇ ਦਾ ਜੱਸ ਗਾਇਣ ਕੀਤਾ ਜਾਂਦਾ ਹੈ।[39] ਗੁਰੂ ਸਾਹਿਬਾਨ ਨੇ ਜਿਵੇਂ ਆਪਣੇ ਦੇਸ਼ ਦੇ ਹੋਰ ਪ੍ਰਚਲਿਤ ਗੀਤ-ਸੱਦ, ਘੋੜੀਆਂ, ਬਾਰਾਮਾਹ ਆਦਿ ਲੈ ਕੇ ਆਪਣੇ ਉਚ ਭਾਵਾਂ ਨੂੰ ਹਰ-ਮਨ

---

[37] ਪ੍ਰਿੰ. ਤੇਜਾ ਸਿੰਘ, ਜਪੁਜੀ ਟੀਕਾ, ਪੰਨਾ 1

[38] ਅਭਿਨੰਦਨ ਗ੍ਰੰਥ, ਪੰਨਾ 29

[39] ਪ੍ਰਿੰ. ਤੇਜਾ ਸਿੰਘ, ਆਸਾ ਦੀ ਵਾਰ ਟੀਕਾ, ਮਿਤੀਹੀਣ, ਭੂਮਿਕਾ

ਪਿਆਰਾ ਬਣਾਣ ਲਈ ਵਰਤਿਆ ਹੈ, ਤਿਵੇਂ ਵਾਰ ਨੂੰ ਵੀ ਲਿਆ ਹੈ।[40] 'ਆਸਾ ਦੀ ਵਾਰ' ਦਾ ਪ੍ਰਮੁੱਖ ਉਦੇਸ਼ ਆਦਰਸ਼ ਮਨੁੱਖ ਦਾ ਨਿਰਮਾਣ ਕਰਨਾ ਹੈ। ਪ੍ਰਿੰ. ਸਾਹਿਬ ਨੇ ਵੀ ਆਪਣੀ ਕਲਮ ਰਾਹੀਂ ਇਸ ਬਾਣੀ ਦੇ ਅਰਥਾਂ ਨੂੰ ਖੋਲਦਿਆਂ ਸਮੁੱਚੀ ਲੋਕਾਈ ਸਾਹਮਣੇ ਇਸ ਦੇ ਭਾਵ ਸਪਸ਼ਟ ਕੀਤੇ ਹਨ। 'ਆਸਾ ਦੀ ਵਾਰ' ਵਿਚ ਉਸ ਅਮਲੀ ਵਿਧੀ ਦਾ ਵਿਸਥਾਰ ਦਿੱਤਾ ਗਿਆ ਹੈ, ਜਿਸ ਦੁਆਰਾ ਇਕ ਸਾਧਾਰਨ ਮਨੁੱਖ ਆਪਣੇ ਆਚਰਣ ਦੀ ਉਸਾਰੀ ਕਰਦਾ ਹੋਇਆ ਮਨੁੱਖੀ ਜੀਵਨ ਦੇ ਸਿਖਰ ਉੱਤੇ ਪੁਜਦਾ ਹੈ। ਵਾਰ ਦੇ ਸ਼ੁਰੂ ਵਿਚ ਤਾਂ ਕਹਿੰਦੇ ਹਨ ਕਿ ਉਹ ਦੇਵਤਾ ਬਣ ਜਾਂਦਾ ਹੈ, ਪਰ ਅੰਤ ਵਿਚ ਇਸ ਦੇਵਤੇ ਦਾ ਜੋ ਸਰੂਪ ਦੇਖਦੇ ਹਾਂ, ਉਹ ਖੰਭਾਂ ਵਾਲੇ ਫਰਿਸ਼ਤੇ ਜਾਂ ਮੋਰ ਮੁਕਟ ਵਾਲੇ ਇੰਦਰ ਗਣ ਦਾ ਨਹੀਂ ਸਗੋਂ ਇਕ ਸਿਧੇ ਸਾਧੇ ਪਰ ਕਾਮਿਲ ਹੁਕਮੀ ਜੀਉੜੇ ਦਾ ਹੈ, ਜਿਸਨੂੰ ਸਿੱਖ ਇਸਤਲਾਹ ਵਿਚ 'ਸੇਵਕ' ਕਹਿੰਦੇ ਹਨ।[41] ਜਪੁਜੀ ਦੇ ਟੀਕੇ ਵਾਂਗ ਇਸ ਟੀਕੇ ਵਿਚ ਵੀ ਪ੍ਰਿੰ. ਸਾਹਿਬ ਨੇ ਲਗਾਂ ਮਾਤਰਾਂ ਦੇ ਨਿਯਮਾਂ ਨੂੰ ਵਰਤਿਆ ਹੈ।

**ਆਰਸੀ**

ਆਰਸੀ ਪ੍ਰਿੰ. ਸਾਹਿਬ ਦੀ ਸ੍ਵੈ-ਜੀਵਨੀ ਹੈ। ਇਸ ਪੁਸਤਕ ਨੂੰ 1952 ਈ. ਵਿਚ ਲੋਕ ਸਾਹਿਤ ਪ੍ਰਕਾਸ਼ਨ ਨੇ ਛਾਪਿਆ। ਹੁਣ ਇਸ ਦੀਆਂ ਅਨੇਕਾਂ ਐਡੀਸ਼ਨਾਂ ਛਪ ਚੁਕੀਆਂ ਹਨ। ਸ੍ਵੈ-ਜੀਵਨੀ ਜੋ ਕਿ ਕਿਸੇ ਵੀ ਲੇਖਕ ਦੀ ਸਮੁੱਚੀ ਜਿੰਦਗੀ ਦਾ ਜਿਥੇ ਲੇਖਾ ਜੋਖਾ ਪੇਸ਼ ਕਰਦੀ ਹੈ, ਉਥੇ ਸਮਕਾਲੀ ਸਮਾਜ ਲਈ ਇਕ ਸੇਧ ਪ੍ਰਦਾਨ ਕਰਦੀ ਅਤੇ ਆਪਣਾ ਸੁਨੇਹਾ ਵੀ ਛੱਡਦੀ ਹੈ। ਪ੍ਰਿੰ. ਸਾਹਿਬ ਆਰਸੀ ਦਾ ਆਰੰਭ ਭਾਈ ਗੁਰਦਾਸ ਦੇ ਬਚਨਾ "ਆਪਣੜੇ ਹਥ ਆਰਸੀ ਆਪੇ ਹੀ ਵੇਖੇ"[42] ਨਾਲ ਕਰਦੇ ਹਨ। ਇਸ ਤੋਂ ਉਪਰੰਤ ਉਹ ਪਰਮਾਤਮਾ ਅਗੇ ਅਰਦਾਸ ਕਰਦੇ ਹਨ ਕਿ 'ਮੇਰੇ ਰੱਬ ਜੀ! ਮੇਰੀ ਯਾਦ ਦੀ ਆਰਸੀ ਸਾਫ ਕਰਕੇ ਰਖਣੀ। ਮੈਥੋਂ ਆਪਣੇ ਬਾਰੇ ਬਹੁਤ ਗੱਲਾਂ ਨਾ ਅਖਵਾਉਣੀਆਂ, ਸਗੋਂ ਬਹੁਤ ਕੁਝ ਉਹਨਾਂ ਘਟਨਾਵਾਂ ਅਤੇ ਵਿਅਕਤੀਆਂ ਸੰਬੰਧੀ ਲਿਖਵਾਉਣਾ ਜਿਨ੍ਹਾਂ ਤੋਂ ਮੈਂ ਪ੍ਰਭਾਵਿਤ ਹੋਇਆ ਹਾਂ। ਸਮਰੱਥਾ ਬਖਸ਼ੋ ਕਿ ਜੋ ਕੁਝ ਮੈਂ ਲਿਖਾਂ ਸੱਚ ਸੱਚ ਹੋਵੇ, ਪਰ ਇਸ ਲਿਖਤ ਵਿਚ ਕੋਈ ਕੁੜੱਤਣ, ਲਾਗਤਬਾਜੀ ਜਾਂ ਦਿਲ ਦੁਖਾਵੀਂ ਗੱਲ ਨਾ

---

[40] ਉਪਰੋਕਤ ਵਰਣਿਤ, ਭੂਮਿਕਾ

[41] ਪ੍ਰਿੰ. ਤੇਜਾ ਸਿੰਘ, ਆਸਾ ਦੀ ਵਾਰ ਟੀਕਾ, ਭੂਮਿਕਾ,

[42] ਵਾਰਾਂ, ਭਾਈ ਗੁਰਦਾਸ, 2/1

ਆ ਪਵੇ।[43] ਪ੍ਰਿੰ. ਸਾਹਿਬ ਨੇ ਇਸ ਰਚਨਾ ਰਾਹੀਂ ਆਪਣੇ ਜੀਵਨ ਦੇ ਮੁੱਢਲੇ ਦੌਰ ਤੋਂ ਸ਼ੁਰੂ ਕਰਕੇ ਜ਼ਿੰਦਗੀ ਵਿਚਲੀਆਂ ਘੋਲ਼ਾਂ, ਸੰਘਰਸ਼ਾਂ, ਪ੍ਰਾਪਤੀਆਂ, ਹਾਰਾਂ, ਜਿੱਤਾਂ, ਦੋਸਤਾਂ, ਸਾਹਿਤਕ ਅਤੇ ਸੱਭਿਆਚਾਰਕ ਸਰਗਰਮੀਆਂ ਆਦਿ ਦਾ ਜਿਕਰ ਕਰਦਿਆਂ ਆਪਣੀ ਜ਼ਿੰਦਗੀ ਦਾ ਮਕਸਦ ਸਾਡੇ ਸਾਹਮਣੇ ਸਪਸ਼ਟ ਕੀਤਾ ਕਿਉਂਕਿ ਲੇਖਕ ਆਪਣੀਆਂ ਭਾਵਨਾਵਾਂ ਨੂੰ ਸਮੁੱਚੀ ਲੋਕਾਈ ਨਾਲ ਜੋੜਦਿਆਂ ਹੋਇਆ ਜ਼ਿੰਦਗੀ ਦੇ ਅਨੇਕਾਂ ਪਹਿਲੂਆਂ ਨੂੰ ਰੂਪਮਾਨ ਕਰਦਾ ਹੈ ਉਥੇ ਜ਼ਿੰਦਗੀ ਦੇ ਅਸਲੀ ਮਕਸਦ ਨੂੰ ਵੀ ਸਪਸ਼ਟ ਕਰਦਾ ਹੈ। ਪ੍ਰਿੰ. ਸਾਹਿਬ ਦੀ ਇਹ ਕ੍ਰਿਤ ਉਨ੍ਹਾਂ ਦੀ ਸਫ਼ਲ ਕ੍ਰਿਤ ਹੈ।

**ਸਿੱਖ ਸੱਭਿਆਚਾਰ ਅਤੇ ਹੋਰ ਧਾਰਮਿਕ ਲੇਖ**

ਸਾਹਿਤ, ਕਲਾ ਅਤੇ ਧਰਮ ਨੇ ਮਨੁੱਖੀ ਜੀਵਨ ਆਦਰਸ਼ ਨੂੰ ਉਚੇਰਾ ਤੇ ਸੁਚੱਜਾ ਬਣਾਉਣ ਲਈ ਕਈ ਪ੍ਰਕਾਰ ਦੇ ਸਧਾਨ ਤੇ ਮਾਰਗ ਦਰਸਾਏ ਹਨ। ਵੱਖ-ਵੱਖ ਅਧਿਆਤਮਕ ਸਾਹਿਤ ਵਿਚ ਇਨ੍ਹਾਂ ਸਾਧਨ ਮਾਰਗਾਂ ਦੀ ਵੱਖੋ-ਵੱਖਰੇ ਢੰਗ ਨਾਲ ਵਿਆਖਿਆ ਕੀਤੀ ਮਿਲਦੀ ਹੈ। ਸਿੱਖ ਧਰਮ ਦੇ ਬਾਣੀਕਾਰਾਂ ਨੇ ਆਪਣੇ ਇਲਹਾਮ ਰਾਹੀਂ ਇਕ ਨਰੋਏ ਤੇ ਸੱਭਿਆਚਾਰਕ ਸਮਾਜ ਸਿਰਜਣ ਦੇ ਅਧਾਰ ਪ੍ਰਗਟਾਏ ਹਨ। ਸੱਭਿਆਚਾਰ ਦਾ ਵਰਤਾਰਾ ਮਨੁੱਖੀ ਜੀਵਨ ਜਿਨਾਂ ਹੀ ਵਿਸ਼ਾਲ ਹੈ। ਸੱਭਿਆਚਾਰ ਹੀ ਮਨੁੱਖ ਨੂੰ ਦੂਸਰੇ ਜੀਵ ਜੰਤੂਆਂ ਤੋਂ ਅਲੱਗ ਕਰਦਾ ਹੈ। ਹਰ ਕੌਮ ਦਾ ਆਪਣਾ ਵਿਲੱਖਣ ਸੱਭਿਆਚਾਰ ਹੁੰਦਾ ਹੈ। ਸਿੱਖ ਧਰਮ, ਧਰਮਾਂ ਦੇ ਇਤਿਹਾਸ ਵਿਚ ਪ੍ਰਮੁੱਖ ਅਤੇ ਨਵੀਨ ਧਰਮ ਹੈ। ਇਸ ਦੇ ਵਿਸ਼ੇਸ਼ ਸਿਧਾਂਤ, ਸਿਖਿਆਵਾਂ ਅਤੇ ਵੱਖਰਾ ਸੱਭਿਆਚਾਰ ਵੀ ਹੈ। ਇਹਨਾਂ ਆਧਾਰਾਂ/ਸਿਧਾਂਤਾਂ ਨੂੰ ਸਮੇਂ-ਸਮੇਂ ਧਰਮ ਦੇ ਵਿਆਖਿਆਕਾਰਾਂ ਨੇ ਆਪਣੀਆਂ ਲਿਖਤਾਂ ਰਾਹੀਂ ਜਨ ਸਧਾਰਣ ਸਾਹਮਣੇ ਸੌਖੀ ਤੇ ਸਰਲ ਭਾਸ਼ਾ ਵਿਚ ਰੂਪਮਾਨ ਕੀਤਾ। ਪ੍ਰਿੰ. ਤੇਜਾ ਸਿੰਘ ਦੀ ਇਹ ਕਿਤਾਬ ਪਹਿਲੀ ਵਾਰ 1952 ਈ. ਵਿਚ ਛਪੀ ਸੀ ਬਾਅਦ ਵਿਚ 1969 ਈ. ਵਿਚ ਇਸ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ ਨੇ ਛਾਪਿਆ। ਹੁਣ ਇਸ ਪੁਸਤਕ ਨੂੰ ਸਿੱਖਾਂ ਦੀ ਮਹਾਨ ਸੰਸਥਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧ ਕਮੇਟੀ ਛਾਪ ਰਹੀ ਹੈ। ਇਸ ਵਿਚ ਕੁਲ 17 ਲੇਖਾਂ ਦਾ ਸੰਗ੍ਰਹਿ ਹੈ ਜਿਨ੍ਹਾਂ ਵਿਚੋਂ 3 ਲੇਖ ਤੇਜਾ ਸਿੰਘ ਦੀ ਸ਼ਖਸੀਅਤ ਉਪਰ ਵੱਖ-ਵੱਖ ਵਿਦਵਾਨਾਂ ਦੁਆਰਾ ਲਿਖੇ ਗਏ ਹਨ ਬਾਕੀ ਦੇ ਲੇਖਾਂ ਵਿਚ

[43] ਪ੍ਰਿੰ. ਤੇਜਾ ਸਿੰਘ, ਆਰਸੀ, ਪ੍ਰਾਰਥਨਾ

ਪ੍ਰਿੰ. ਤੇਜਾ ਸਿੰਘ ਨੇ ਸਿੱਖ ਧਰਮ ਨੂੰ ਪ੍ਰਭਾਸ਼ਿਤ ਕਰਦਿਆਂ ਇਸ ਦੇ ਸੱਭਿਆਚਾਰ, ਗੁਰੂ ਸਾਹਿਬਾਨਾਂ ਦੇ ਸਖਸ਼ੀ ਜੀਵਨ, ਸਿੱਖ ਰਹਿਤ ਮਰਿਯਾਦਾ, ਸਿੱਖੀ ਦੀ ਪ੍ਰਫੁੱਲਤਾ ਅਤੇ ਦੇਸ਼ ਪਿਆਰ ਆਦਿ ਵਿਸ਼ਿਆਂ ਨੂੰ ਛੂਹਿਆ ਹੈ।

**ਸਹਿਜ ਸੁਭਾ**

ਪ੍ਰਿੰ. ਤੇਜਾ ਸਿੰਘ ਦੀ ਇਹ ਪੁਸਤਕ 1942 ਈ. ਵਿਚ ਛਪੀ ਸੀ। ਇਹ ਪੁਸਤਕ ਮੂਲ ਰੂਪ ਵਿਚ ਲੇਖਾਂ ਦਾ ਸੰਗ੍ਰਹਿ ਸੀ ਇਸ ਵਿਚ ਕੁਲ 12 ਲੇਖ ਹਨ। ਪੰਜਾਬੀ ਵਿਚ ਸਭ ਤੋਂ ਪਹਿਲਾਂ ਭਾਈ ਵੀਰ ਸਿੰਘ ਅਤੇ ਕੁਝ ਹੋਰ ਲੇਖਕਾਂ ਨੇ ਨਿਬੰਧ ਲਿਖਣੇ ਸ਼ੁਰੂ ਕੀਤੇ ਪਰੰਤੂ ਇਹ ਨਿਬੰਧ ਨਿਰੋਲ ਧਾਰਮਿਕ ਪ੍ਰਚਾਰ ਤੱਕ ਹੀ ਸੀਮਤ ਰਹੇ ਜਿਨ੍ਹਾਂ ਵਿਚ ਗੁਰਬਾਣੀ ਦੇ ਮਹਾਨ ਸਿਧਾਂਤਾਂ ਦੀ ਵਿਆਖਿਆ ਹੁੰਦੀ। ਇੰਝ ਇਨ੍ਹਾਂ ਨਿਬੰਧਾਂ ਦਾ ਘੇਰਾ ਇਕ ਵਿਸ਼ੇਸ਼ ਪਾਠਕ ਵਰਗ ਤੱਕ ਹੀ ਸੀਮਤ ਸੀ। ਪਰੰਤੂ ਨਿਬੰਧ ਨੂੰ ਇਕ ਵੱਖਰੀ ਵਿਧਾ ਵਜੋਂ ਸਥਾਪਤ ਕਰਨ ਅਤੇ ਇਸ ਦੇ ਰੂਪ ਨੂੰ ਵਿਕਸਿਤ ਕਰਨ ਦਾ ਸਿਹਰਾ ਪ੍ਰੋ. ਪੂਰਨ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਦੇ ਸਿਰ ਹੀ ਬੱਝਦਾ ਹੈ।[44] ਇਸ ਪੁਸਤਕ ਵਿਚ ਲੇਖਾਂ ਦਾ ਵੇਰਵਾ ਇਸ ਪ੍ਰਕਾਰ ਹੈ-:

ਆਮ ਵਾਕਫੀਅਤ ਅਤੇ ਸੱਭਿਆਚਾਰ ਦਾ ਘਾਟਾ, ਸਰਬ ਸੰਮਤੀ ਅਤੇ ਬਹੁ ਸੰਮਤੀ, ਸਿੱਖ ਅਤੇ ਸ਼ਾਂਤਮਈ, ਨਿੱਕੀ ਜਿਹੀ ਕਹਾਣੀ, ਲੋਕ ਭਰਮ, ਚਿੱਟਾ ਲਹੂ, ਕਵੀ ਦਾ ਸੁਆਗਤ, ਰਾਜਾ ਰਸਾਲੂ, ਰੋਡਾ ਜਲਾਲੀ, ਪੰਜਾਬੀ ਦਾ ਇਤਿਹਾਸ, ਚੰਗਾ ਮੰਦਾ, ਸਿੱਖ ਯੂਨੀਵਰਸਿਟੀ। ਇਨ੍ਹਾਂ ਲੇਖਾਂ ਤੋਂ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਲੇਖ ਕੋਈ ਇਕ ਵਿਸ਼ੇ ਉਪਰ ਅਧਾਰਿਤ ਨਹੀਂ ਸਗੋਂ ਇਨ੍ਹਾਂ ਲੇਖਾਂ ਰਾਹੀਂ ਅਨੇਕਾਂ (ਸੱਭਿਆਚਾਰਕ, ਸਮਾਜਿਕ, ਧਾਰਮਿਕ, ਸਾਹਿਤਕ, ਇਤਿਹਾਸਿਕ ਅਤੇ ਭਾਸ਼ਾ ਸਬੰਧੀ) ਵਿਸ਼ਿਆਂ ਨੂੰ ਟੁੰਬਿਆ ਗਿਆ ਹੈ। 'ਨਿਬੰਧ ਕਲਾ ਲਈ ਢੁਕਵੀਂ ਸ਼ਬਦ ਚੋਣ, ਉਨ੍ਹਾਂ ਸ਼ਬਦਾਂ ਦਾ ਸਹੀ ਪ੍ਰਭਾਵ ਅਤੇ ਵਰਤੋਂ ਵਿਚ ਸੰਜਮ ਦਾ ਗੁਣ ਇਕ ਨਿਬੰਧਕਾਰ ਵਿਚ ਹੋਣਾ ਜ਼ਰੂਰੀ ਹੈ। ਉਹ ਆਪਣੇ ਜੀਵਨ ਅਨੁਭਵ ਤੋਂ ਪ੍ਰਾਪਤ ਵਿਚਾਰਾਂ ਨੂੰ ਪਾਠਕਾਂ ਨਾਲ ਸਾਂਝੇ ਕਰਦਾ ਹੈ। ਇੰਝ ਉਸ ਦੇ ਨਿਬੰਧਾਂ ਵਿਚੋਂ ਉਸ ਦੇ ਸਵੈ ਦਾ

---

[44] ਅਜੀਤ ਸਿੰਘ ਕੱਕੜ (ਸੰਪਾ.), ਪ੍ਰਮੁੱਖ ਪੂਰਬੀ ਸਾਹਿਤ ਚਿੰਤਕ, ਪੰਨਾ 311

ਪ੍ਰਗਟਾਵਾ ਹੁੰਦਾ ਹੈ ਜਿਸ ਕਾਰਨ ਉਹ ਪਾਠਕਾਂ ਨਾਲ ਸਿੱਧੇ ਰੂਪ ਵਿਚ ਸੰਪਰਕ ਸਥਾਪਿਤ ਕਰਦਾ ਹੈ।[45] ਪਹਿਲੇ ਲੇਖ ਵਿਚ ਸੰਸਾਰ ਵਿਚ ਰਹਿਣ-ਸਹਿਣ ਅਤੇ ਸੱਭਿਆਚਾਰਕ ਵਿਹਾਰ ਨੂੰ ਦਰਸ਼ਾਇਆ ਗਿਆ ਹੈ। ਧਾਰਮਿਕ ਵਿਸ਼ੇ ਨਾਲ ਸੰਬੰਧਿਕ ਲੇਖ ਵਿਚ ਸਿੱਖ ਅਤੇ ਸ਼ਾਂਤਮਈ ਸੰਘਰਸ਼ ਦੀ ਗੱਲ ਕਰਦਿਆਂ ਇਹ ਮੰਨਿਆ ਹੈ ਕਿ ਸਿੱਖ ਧਰਮ ਸ਼ਾਂਤਮਈ ਹੈ ਪਰ ਲੋੜ ਪੈਣ ਤੇ ਹਥਿਆਰ ਚੁਕਣਾ ਵਾਜਿਬ ਵੀ ਹੈ ਪਰ ਕਮਜੋਰ ਲੋਕ ਸ਼ਾਂਤਮਈ ਦਾ ਹੋਕਾ ਲਾ ਰਹੇ ਹਨ ਉਹ ਅਸਲ ਵਿਚ ਆਪਣੀ ਕਮਜੋਰੀ ਉਤੇ ਹੀ ਪੜਦਾ ਪਾ ਰਹੇ ਹਨ। ਸਮਾਜਿਕ ਵਿਸ਼ਿਆਂ ਉਪਰ ਗੱਲ ਕਰਦਿਆਂ ਵਹਿਮ-ਭਰਮਾਂ ਬਾਰੇ ਵਿਚਾਰ ਕੀਤੀ ਹੈ। ਸਾਹਿਤਕ ਪੱਖ ਤੋਂ ਪੂਰਨ ਸਿੰਘ ਦੀ ਖੁੱਲੀ ਕਵਿਤਾ ਅਤੇ ਭਾਈ ਵੀਰ ਸਿੰਘ ਦੇ ਸਿਰਖਿੰਡੀ ਛੰਦ ਅਤੇ ਪੰਜਾਬੀ ਭਾਸ਼ਾ ਦਾ ਸਰਵੇਖਣ ਪੁਰਾਣਾ ਸਮਾਂ, ਮੁਸਲਮਾਨੀ ਸਮਾਂ, ਸਿੱਖਾਂ ਦਾ ਸਮਾਂ, ਅੰਗ੍ਰੇਜੀ ਸਮੇਂ ਬਾਰੇ ਵਿਚਾਰ ਹਨ । ਜੋ ਲੇਖ ਸਿੱਖ ਯੂਨੀਵਰਸਿਟੀ ਦੇ ਸੰਬੰਧ ਵਿਚ ਹੈ ਜਿਸ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਯੂਨੀਵਰਸਿਟੀ ਬਨਾਉਣ ਦੀ ਤਜਵੀਜ ਉਪਰ ਵਿਚਾਰ ਕੀਤੇ ਗਏ ਹਨ ਅਤੇ ਸੁਝਾਅ ਵੀ ਦੱਸੇ ਹਨ। ਸਿੱਖ ਯੂਨੀਵਰਸਿਟੀ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ? ਇਸ ਵਿਚ ਇਹ ਵੀ ਦਸਿਆ ਗਿਆ ਹੈ ਕਿ ਸਿੱਖ ਯੂਨੀਵਰਸਿਟੀ ਫ਼ਿਰਕੇਦਾਰੀ ਤੋਂ ਰਹਿਤ ਹੋਣੀ ਚਾਹੀਦੀ ਹੈ।

**ਨਵੀਆਂ ਸੋਚਾਂ**

ਪ੍ਰਿੰ. ਤੇਜਾ ਸਿੰਘ ਦੀ ਲੇਖਾਂ ਦੀ ਇਹ ਪਹਿਲੀ ਪੁਸਤਕ ਹੈ ਜੋ 1942 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਵਿਚ ਕੁਲ 16 ਲੇਖ ਨਿਮਨ ਪ੍ਰਕਾਰ ਹਨ-

ਨਵਾਂ ਜਮਾਨਾ, ਹੱਸਣਾ ਤੇ ਕੂਕਣਾ, ਹਾਸ-ਰਸ, ਹਾਸ-ਰਸ ਤੇ ਧਰਮ, ਘਰ ਦਾ ਪਿਆਰ, ਪੰਜਾਬੀ ਵਿਚ ਕਾਫ਼ੀ, ਗੰਗਾਦੀਨ, ਗੁਰੂ ਨਾਨਕ ਦਾ ਦੇਸ਼ ਪਿਆਰ, ਸ਼ਹਿਰ ਦਾ ਨਲਕਾ, ਪ੍ਰੀਤਮ ਸਿੰਘ ਦਾ ਸੁਭਾ, ਸਭਿਆਚਾਰਾਂ ਦਾ ਮੇਲ, ਕੀ ਗੁਰੂ ਨਾਨਕ ਦੇਵ ਜੀ ਪੜ੍ਹੇ ਹੋਏ ਸਨ, ਖ਼ਾਲਸਾ ਕਾਲਜ ਅੰਮ੍ਰਿਤਸਰ, ਸਾਊਪੁਣਾ, ਵਿਹਲੀਆਂ ਗੱਲਾ, ਤੇ ਕਰਾਮਾਤ। ਸੰਖੇਪ ਵਿਚ ਇਨ੍ਹਾਂ ਲੇਖਾਂ ਦਾ ਸਾਰ ਅਗੇ ਦਰਜ ਹੈ-

ਪੁਸਤਕ ਦੇ ਨਾਂ ਵਾਂਗ ਹੀ ਇਸ ਵਿਚ ਲੇਖ ਦਰਜ ਹਨ ਜਿਸ ਵਿਚ ਨਵੇਂ ਜਮਾਨੇ ਦੀਆਂ

---

[45] ਅਜੀਤ ਸਿੰਘ ਕੱਕੜ, ਉਪਰੋਕਤ ਵਰਣਿਤ, ਪੰਨਾ 311

ਤਬਦੀਲੀਆਂ ਕਾਰਨ ਸਮਾਜ ਵਿਚ ਪੈ ਰਹੇ ਪਾੜੇ ਅਤੇ ਵਾਧੇ ਦਾ ਜਿਕਰ ਕੀਤਾ ਗਿਆ ਹੈ। ਜਿਥੇ ਅਨੇਕਾਂ ਤਰ੍ਹਾਂ ਦੇ ਸੁਧਾਰ ਹੋਏ ਹਨ, ਵਿਦਿਆ ਦਾ ਪਸਾਰ ਹੋਇਆ ਹੈ ਪਰ ਉਥੇ ਹੀ ਇਖਲਾਕੀ ਵਿਕਾਸ ਵਿਚ ਗਿਰਾਵਟ ਆ ਰਹੀ ਹੈ। ਖੁਲ੍ਹ ਕੇ ਹਸਣਾਂ ਹੁਣ ਆਮ ਗੱਲ ਨਹੀਂ ਰਹੀ, ਉੱਚਾ ਅਤੇ ਖੁੱਲ੍ਹਾ ਹੱਸਣ ਵਾਲੇ ਨੂੰ ਅਨਪੜ ਜਾਂ ਗਵਾਰ ਸਮਝਿਆ ਜਾਂਦਾ ਹੈ। ਹਾਸ-ਰਸ ਵਿਚ ਕਮੀ ਆ ਰਹੀ ਹੈ। ਘਰ ਦੇ ਪਿਆਰ ਵਿਚ ਘਾਟਾਂ ਆ ਰਹੀਆਂ ਹਨ ਅਤੇ ਉਥੇ ਬਾਜਾਰੀਪੁਣੇ ਵਿਚ ਵਾਧਾ ਹੋ ਰਿਹਾ ਹੈ। ਜਿਸ ਕਾਰਨ ਰੁੱਖਾਪਣ ਵੀ ਵਧ ਰਿਹਾ ਹੈ। ਅਗਲੇ ਲੇਖ ਵਿਚ ਪੰਜਾਬੀ ਵਿਚ ਕਾਫ਼ੀਆਂ ਦੀ ਵਰਤੋਂ ਦੀ ਗੱਲ ਕੀਤੀ ਹੈ ਜੋ ਅੱਜ-ਕੱਲ ਘਟ ਰਹੀ ਹੈ। ਉਸ ਤੋਂ ਬਾਅਦ ਗੰਗਾਦੀਨ ਦੀ ਕਹਾਣੀ ਜੋ ਜੁਤੀਆਂ ਬਣਾਉਂਦਾ ਸੀ ਪਰ ਪੈਸੇ ਲਈ ਕੰਮ ਨਹੀ ਸੀ ਕਰਦਾ, ਬੜਾ ਮਿਹਨਤੀ ਆਦਮੀ ਸੀ।

ਗੁਰੂ ਨਾਨਕ ਦਾ ਦੇਸ਼ ਪਿਆਰ ਲੇਖ ਵਿਚ ਗੁਰੂ ਨਾਨਕ ਦੇਵ ਜੀ ਦਾ 'ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥[46] ਦੇ ਸਿਧਾਂਤ ਅਨੁਸਾਰ ਗੁਰੂ ਜੀ ਹਿੰਦੂ ਅਤੇ ਮੁਸਲਮਾਨ ਸਭ ਨੂੰ ਪਿਆਰ ਕਰਦੇ ਸਨ। ਉਪਰੰਤ ਸ਼ਹਿਰ ਦੇ ਨਲਕੇ ਉਪਰ ਲੇਖ ਲਿਖਿਆ ਜੋ ਸਹਿਣਸ਼ੀਲਤਾ ਅਤੇ ਵਫ਼ਾਦਾਰੀ ਦੀ ਕਹਾਣੀ ਬਿਆਨ ਕਰਦਾ ਹੈ। ਆਪਣੇ ਸਾਥੀ ਪ੍ਰੀਤਮ ਸਿੰਘ ਦੇ ਸੁਭਾ ਬਾਰੇ ਦਸਦੇ ਹਨ ਕਿ ਉਹ ਬੜੇ ਚੰਗੇ ਸੁਭਾ ਵਾਲੇ ਸਨ, ਚੰਗੇ ਦਾਨੀ ਸਨ ਅਤੇ ਹਮੇਸ਼ਾਂ ਆਪਣੇ ਆਪ ਨੂੰ ਛੁਪਾ ਕੇ ਰਖਣਾ ਚਾਹੁੰਦੇ ਸਨ। ਅਗਲੇ ਲੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਲਾਹੀ ਸੰਦੇਸ਼ ਦੀ ਗੱਲ ਕਰਦਿਆਂ ਸੱਭਿਆਚਾਰਾਂ ਦੇ ਮੇਲ ਵਿਚ ਸਾਰੇ ਜਾਤੀ ਦੇ ਮਨੁੱਖ ਇਕੱਠੇ ਹੋਣ ਤਾਂ ਹੀ ਕਿਸੇ ਕੌਮ, ਦੇਸ਼ ਦਾ ਸਰਵ ਵਿਕਾਸ ਹੋ ਸਕਦਾ ਹੈ। ਇਸ ਤੋਂ ਅਗਲੇ ਲੇਖ ਵਿਚ ਗੁਰੂ ਨਾਂਨਕ ਦੇਵ ਜੀ ਦੇ ਪੜ੍ਹੇ ਹੋਣ ਬਾਰੇ ਵਿਚਾਰ ਕਰਦੇ ਹਨ ਕਿ ਗੁਰੂ ਸਾਹਿਬ ਜੀ ਚੰਗੇ ਪੜੇ ਹੋਏ ਸਨ ਤਾਂ ਹੀ ਉਨ੍ਹਾਂ ਨੇ ਅਨੇਕਾਂ ਮਤਾਂ-ਮਤਾਂਤਰਾਂ ਦੇ ਭੇਖਾਂ ਅਤੇ ਪਾਖੰਡਾਂ ਦੀ ਆਲੋਚਨਾ ਕਰਦਿਆਂ ਗਿਆਨ ਦਾ ਖ਼ਜਾਨਾ ਸਮਾਜ ਵਿਚ ਵੰਡਿਆ। ਤੇਰਵੇਂ ਲੇਖ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ, ਨੀਂਹ 5 ਮਾਰਚ 1892 ਈ. ਨੂੰ ਰਖੀ ਗਈ, 22 ਅਕਤੂਬਰ 1893 ਈ. ਨੂੰ ਉਦਘਾਟਨ ਕੀਤਾ ਗਿਆ, 1916 ਈ. ਵਿਚ ਐਮ. ਏ. ਦੀ ਪੜ੍ਹਾਈ ਸ਼ੁਰੂ ਹੋਈ ਆਦਿ ਦਾ ਜਿਕਰ ਕਰਦਿਆਂ ਖ਼ਾਲਸਾ ਕਾਲਜ

[46] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 97

ਵੱਲੋਂ ਕੌਮ ਅਤੇ ਦੇਸ਼ ਦੀ ਧਾਰਮਿਕ ਅਤੇ ਸਮਾਜਿਕ ਉਨਤੀ ਵਿਚ ਯੋਗਦਾਨ ਨੂੰ ਵੀ ਸਰਾਹਿਆ ਹੈ। ਸਾਊਪਣਾ ਲੇਖ ਵਿਚ ਸਾਊਪੁਣੇ ਬਾਰੇ ਗੱਲ ਕੀਤੀ ਹੈ ਜੋ ਹੁਣ ਸਮਾਜ ਵਿਚੋਂ ਖਤਮ ਹੋ ਰਿਹਾ ਹੈ। ਸਾਊ ਬੰਦਾ ਉਹ ਹੁੰਦਾ ਹੈ ਜੋ ਕਿਸੇ ਦਾ ਦਿਲ ਨਾ ਦੁਖਾਵੇ, ਲੜਾਈ ਝਗੜਾ ਨਾ ਕਰੇ ਬਲਕਿ ਪਿਆਰ ਅਤੇ ਹਲੀਮੀ ਵਿਚ ਰਹੇ ਪਰ ਹੁਣ ਆਧੁਨਿਕ ਸਮੇਂ (ਕਿਤਾਬ ਲਿਖਣ) ਦੇ ਸਮਾਨਤਾ ਦੇ ਵਿਚਾਰ ਨੇ ਸਾਊਪੁਣਾ ਖ਼ਤਮ ਕਰ ਦਿਤਾ ਹੈ। ਅਗਲੇ ਲੇਖ ਵਿਚ ਵਿਹਲੀਆਂ ਗੱਲਾਂ ਵਿਚੋਂ ਵੀ ਕੁਝ-ਨ-ਕੁਝ ਮਿਲ ਜਾਂਦਾ ਹੈ, ਇਹ ਵੀ ਇਕ ਹੁਨਰ ਹੈ, ਕਲਾ ਹੈ। ਅਖੀਰ ਵਿਚ ਲੇਖ ਹੈ ਕਰਾਮਾਤ! ਜਿਸ ਵਿਚ ਕਰਾਮਾਤ ਦੀ ਗੱਲ ਕਰਦਿਆਂ ਇਹ ਦਸਿਆ ਹੈ ਕਿ ਕਰਾਮਾਤ ਤਾਂ ਆਪਣੀ ਜਿੰਦਗੀ ਵਿਚ ਹਰ ਪਲ ਹੁੰਦੀ ਰਹਿੰਦੀ ਹੈ ਪਰ ਸਾਈਂਸ ਮੰਨਦੀ ਨਹੀ, ਖ਼ੂਬਸੂਰਤੀ ਤੇ ਨੇਕੀ ਵੀ ਕਰਾਮਾਤ ਹੈ ਪਰ ਸਭ ਤੋਂ ਵਡੀ ਕਰਾਮਾਤ ਤਾਂ ਅਰਦਾਸ ਵਿਚ ਹੈ।

**ਸਾਹਿਤ ਦਰਸ਼ਨ**

ਇਸ ਪੁਸਤਕ ਵਿਚ ਸਾਹਿਤਕ ਲੇਖਾਂ ਦਾ ਸੰਗ੍ਰਹਿ ਇਕੱਤਰ ਕੀਤਾ ਗਿਆ ਹੈ। ਇਸ ਨੂੰ 'ਪਰਕਾਸ਼ ਪੁਸਤਕਾਲਾ' ਦੁਆਰਾ 1951 ਈ. ਵਿਚ ਪ੍ਰਕਾਸ਼ਤ ਕੀਤਾ ਗਿਆ। ਇਸ ਪੁਸਤਕ ਦੇ ਕੁਲ ਛੇ ਸਾਹਿਤਕ ਭਾਗ ਕੀਤੇ ਗਏ ਹਨ।

ਪੰਜਾਬੀ ਬੋਲੀ, ਪੰਜਾਬੀ ਸਾਹਿਤ, ਪੁਰਾਤਨ ਪੰਜਾਬੀ ਕਾਵਿ, ਨਾਵਲ, ਨਵੀਨ ਪੰਜਾਬੀ ਕਾਵਿ, ਮਹਾਂ ਕਾਵਿ।

ਪੰਜਾਬੀ ਬੋਲੀ- ਪੰਜਾਬੀ ਬੋਲੀ ਲੇਖ ਵਿਚ ਪੰਜਾਬੀ ਬੋਲੀ ਦੇ ਵਿਕਾਸ ਅਤੇ ਵਾਧੇ ਸੰਬੰਧੀ ਅਨੇਕਾਂ ਸੁਝਾਅ ਅਤੇ ਪੰਜਾਬੀ ਬੋਲੀ ਦੀ ਬਣਤਰ ਅਤੇ ਇਤਿਹਾਸਕ ਅਖਾਣਾ ਦਾ ਵੇਰਵਾ ਦੇਂਦਿਆਂ ਪੰਜਾਬੀ ਲੋਕ ਗੀਤਾਂ ਦੇ ਮਹੱਤਵ 'ਤੇ ਚਾਨਣਾ ਪਾਇਆ ਗਿਆ ਹੈ।

ਪੰਜਬੀ ਸਾਹਿਤ- ਪੰਜਾਬੀ ਸਾਹਿਤ ਦਾ ਅਧਿਐਨ ਵਿਗਿਆਨਕ ਢੰਗ ਨਾਲ ਕਰਦਿਆਂ ਇਸ ਲੇਖ ਨੂੰ ਤਿੰਨ ਹਿਸਿਆਂ ਵਿਚ ਕੀਤਾ ਗਿਆ ਹੈ- ਮੁਸਲਮਾਨੀ ਸਮਾਂ, ਸਿੱਖਾਂ ਦਾ ਸਮਾਂ,ਅੰਗ੍ਰੇਜ਼ੀ ਸਮਾਂ।

ਪੁਰਾਤਨ ਪੰਜਾਬੀ ਕਾਵਿ- ਇਸ ਭਾਗ ਵਿਚ ਪ੍ਰਿੰ. ਸਾਹਿਬ ਨੇ ਪੁਰਾਤਨ ਕਵਿਤਾ ਸਬੰਧੀ ਵਿਚਾਰ

ਪ੍ਰਗਟ ਕੀਤੇ ਹਨ। ਇਸ ਵਿਚ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ, ਸ਼ੇਖ ਫਰੀਦ, ਭਾਈ ਗੁਰਦਾਸ, ਗੁਰੂ ਗੋਬਿੰਦ ਸਿੰਘ, ਪੰਜਾਬੀ ਕਾਫ਼ੀ, ਹੀਰ ਆਦਿ ਉਪਰ ਵਿਚਾਰ ਕੀਤੀ ਗਈ ਹੈ।

ਨਾਵਲ- ਇਸ ਭਾਗ ਵਿਚ ਨਾਨਕ ਸਿੰਘ, ਈਸ਼ਵਰ ਚੰਦਰ ਨੰਦਾ, ਮਹਿੰਦਰ ਸਿੰਘ ਕੰਵਰ, ਮੇਜਰ ਨਰਿੰਦਰ ਪਾਲ ਸਿੰਘ, ਸੰਤ ਸਿੰਘ ਸੇਖੋਂ ਬਾਰੇ ਟੀਕਾ ਟਿੱਪਣੀ ਕੀਤੀ ਗਈ ਹੈ।

ਨਵੀਨ ਪੰਜਾਬੀ ਕਾਵਿ- ਇਸ ਭਾਗ ਵਿਚ ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਚਰਨ ਸਿੰਘ ਸ਼ਹੀਦ, ਪ੍ਰੋ. ਪੂਰਨ ਸਿੰਘ, ਲਾਲਾ ਕਿਰਪਾ ਸਾਗਰ, ਪ੍ਰੋ. ਮੋਹਨ ਸਿੰਘ, ਡਾ. ਹਰਦਿਆਲ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ ਅਤੇ ਗਿਆਨੀ ਗੁਰਦਿਤ ਸਿੰਘ ਦੀਆਂ ਲਿਖਤਾਂ ਨੂੰ ਵਿਚਾਰਿਆ ਗਿਆ ਹੈ।

ਮਹਾਂ-ਕਾਵਿ- ਪੰਜਾਬੀ ਵਿਚ ਲਿਖੇ ਜਾ ਚੁੱਕੇ ਮਹਾਂ-ਕਾਵਿ ਜਿਵੇਂ ਭਾਈ ਵੀਰ ਸਿੰਘ ਦਾ ਰਾਣਾ ਸੂਰਤ ਸਿੰਘ, ਕਿਰਪਾ ਸਾਗਰ ਦਾ ਲਕਸ਼ਮੀ ਦੇਵੀ, ਅਵਤਾਰ ਸਿੰਘ ਦਾ ਮਰਦ ਅਗੰਮੜਾ ਆਦਿ ਨੂੰ ਦ੍ਰਿਸਟੀ ਗੋਚਰ ਕੀਤਾ ਗਿਆ ਹੈ।

**ਪੰਜਾਬੀ ਸ਼ਬਦ ਜੋੜ**

ਇਹ ਪੁਸਤਕ ਟ੍ਰੈਕਟ ਰੂਪ ਵਿਚ ਛਪੀ ਸੀ, ਇਸ ਦੇ ਕੁਲ 16 ਹੀ ਪੰਨੇ ਸਨ ਜੋ 1949 ਈ. ਪੰਜਾਬੀ ਮਹਿਕਮੇ ਦੀ ਡਾਇਰੈਕਟਰੀ ਵੇਲੇ ਤਿਆਰ ਕੀਤੀ। ਇਸ ਪੁਸਤਕ ਵਿਚ ਪੰਜਾਬੀ ਸ਼ਬਦ ਜੋੜਾਂ ਦੇ ਨਿਯਮ ਦੱਸੇ ਹਨ। ਬਾਅਦ ਵਿਚ ਪੰਜਾਬੀ ਕਿਵੇਂ ਲਿਖੀਏ ਵਿਚ ਸ਼ਾਮਿਲ ਕਰ ਲਿਆ ਸੀ। ਇਸ ਪੁਸਤਕ ਵਿਚ ਹੇਠ ਲਿਖੇ ਨਿਯਮ ਦਰਸ਼ਾਏ ਗਏ ਹਨ-

1 ਜਿਵੇਂ ਬੋਲੋ ਤਿਵੇਂ ਲਿਖੋ, 2 ਦੁੱਤ ਅੱਖਰਾਂ ਦੇ ਨੇਮ, 3 ਲਗਾਂ ਮਾਤਰਾਂ ਦੇ ਨੇਮ, 4 ਬਿੰਦੀ ਟਿੱਪੀ ਦੇ ਨੇਮ, 5 ਅਧੱਕ, 6 ਪੱਚਰ ਜਾਂ ਸਮਾਸ ਚਿੰਨ ਦੀ ਵਰਤੋਂ, 7 ਭੁਲੇਖੇ ਵਾਲੇ ਅੱਖਰਾਂ ਦੀ ਵਰਤੋਂ ਦੇ ਨੇਮ, 8 ਹ ਅੱਖਰ ਦੀ ਵਰਤੋਂ, 9 ਹੋਰ ਨੇਮ।

**ਪੰਜਾਬੀ ਕਿਵੇਂ ਲਿਖੀਏ**

ਇਹ ਪੁਸਤਕ 1953 ਈ. ਵਿਚ ਪਹਿਲੀ ਵਾਰ 'ਹਿੰਦ ਪਬਲੀਸ਼ਰਜ' ਨੇ ਛਾਪੀ ਸੀ, ਇਸ ਪੁਸਤਕ ਦੀ ਰਚਨਾ ਪਿੱਛੇ ਪ੍ਰਿੰ. ਤੇਜਾ ਸਿੰਘ ਦਾ ਮੰਨਣਾ ਹੈ ਕਿ ਇਹ ਪੁਸਤਕ ਨਵੇਂ ਲਿਖਾਰੀਆਂ ਅਤੇ ਵਿਦਿਆਰਥੀਆਂ ਦਾ ਸਾਥੀ ਹੋਵੇਗੀ ਕਿਉਂਕਿ ਅਨੇਕਾਂ ਮੰਨੇ ਪਰਮੰਨੇ ਲਿਖਾਰੀਆਂ ਦੀਆਂ ਵਿਆਕਰਨਕ ਉਕਾਈਆਂ ਇਸ ਪੁਸਤਕ ਵਿਚ ਦੱਸੀਆਂ ਹਨ ਅਤੇ ਸੁਚੇਤ ਵੀ ਕੀਤਾ ਹੈ।

ਇਸ ਪੁਸਤਕ ਵਿਚ ਨਿਮਨ ਵਿਸ਼ੇ ਲਏ ਗਏ ਹਨ-

1 ਪੰਜਾਬੀਅਤ ਅਤੇ ਪੰਜਾਬੀ ਰਚਨਾਂ, 2 ਪੰਜਾਬੀ ਨਿਰੋਲ ਹੋਵੇ, 3 ਪੰਜਾਬੀ ਠੇਠ ਹੋਵੇ, 4 ਵਿਆਕਰਣਕ ਸੁਧਾਈ, 5 ਕਵਿਤਾ ਤੇ ਵਾਰਤਕ, 6 ਸ਼ਬਦ ਜੋੜ, 7 ਸਾਹਿਤਕ ਸ਼ਬਦਾਵਲੀ

**ਸਿੱਖ ਇਤਿਹਾਸ**

ਇਹ ਪੁਸਤਕ ਪ੍ਰਿੰ. ਤੇਜਾ ਸਿੰਘ ਨੇ ਡਾ. ਗੰਡਾ ਸਿੰਘ ਨਾਲ ਮਿਲਕੇ 1950 ਈ. ਵਿਚ ਤਿਆਰ ਕੀਤੀ। ਪ੍ਰਿੰ. ਤੇਜਾ ਸਿੰਘ ਵੱਲੋਂ ਇਹ ਪੁਸਤਕ ਭਾਂਵੇ ਡਾ. ਗੰਡਾ ਸਿੰਘ ਨਾਲ ਮਿਲ ਕੇ ਲਿਖੀ ਹੈ ਪਰ ਅਸਲ ਵਿਚ ਇਸ ਪੁਸਤਕ ਦਾ ਮੂਲ ਕੰਮ ਪ੍ਰਿੰ. ਤੇਜਾ ਸਿੰਘ ਦਾ ਹੀ ਹੈ।[47] ਇਹ ਮੂਲ ਰੂਪ ਵਿਚ ਅੰਗ੍ਰੇਜੀ ਵਿਚ ਲਿਖੀ ਗਈ ਸੀ ਜਿਸਨੂੰ ਡਾ. ਭਗਤ ਸਿੰਘ ਵੱਲੋਂ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ। ਇਸ ਪੁਸਤਕ ਨੂੰ ਇਤਿਹਾਸਕ ਕਾਲ-ਕ੍ਰਮ ਅਨੁਸਾਰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਗੁਰੂ ਨਾਨਕ ਦੇਵ ਜੀ ਦੇ ਆਗਮਨ 1469 ਈ. ਤੋਂ ਲੈ ਕੇ ਦਸ ਗੁਰੂ ਸਾਹਿਬਾਨ ਦਾ ਜੀਵਨ ਕਾਲ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ 1708 ਈ. ਤੱਕ ਦਾ ਇਤਿਹਾਸ ਵਰਣਿਤ ਹੈ। ਦੂਸਰੇ ਭਾਗ ਵਿਚ ਬੰਦਾ ਸਿੰਘ ਬਹਾਦਰ ਦੀ ਅਗੁਵਾਈ ਦਾ ਸਮਾਂ 1708 ਤੋਂ 1716 ਈ. ਤੱਕ ਲਿਆ ਗਿਆ ਹੈ। ਤੀਸਰੇ ਭਾਗ ਵਿਚ ਸਿੱਖਾਂ ਉਪਰ ਹੋਏ ਅਤਿਆਚਾਰਾਂ ਦਾ ਸਮਾਂ 1716 ਈ. ਤੋਂ 1765 ਈ. ਤੱਕ ਦੇ ਘਟਨਾਕ੍ਰਮ ਨੂੰ ਕਲਮਬਧ ਕੀਤਾ ਹੈ। ਪ੍ਰਿੰ. ਤੇਜਾ ਸਿੰਘ ਤੋਂ ਪਹਿਲਾਂ ਸਿੱਖ ਇਤਿਹਾਸ ਨੂੰ ਲਿਖਣ ਦਾ ਜੋ ਵੀ ਕਾਰਜ ਹੋਇਆ ਉਹ ਕਿਸੇ ਨ ਕਿਸੇ ਰੂਪ ਵਿਚ ਸੰਪ੍ਰਦਾਇਕ ਰੂਪ ਵਿਚ ਹੀ ਹੋਇਆ ਸੀ ਪਰ ਇਹ ਅਕਾਦਮਿਕ ਪਧਰ ਦਾ ਪਹਿਲਾ ਕਾਰਜ ਸੀ

[47] ਗੁਰਮਤਿ ਪ੍ਰਕਾਸ਼, ਅੰਕ ਫਰਵਰੀ 1995, ਪੰਨਾ 10

ਜਿਸ ਵਿਚ ਇਤਿਹਾਸ ਦਾ ਸਹੀ ਕਾਲਕ੍ਰਮ ਤੱਥਾਂ ਤੇ ਅਧਾਰਿਤ ਤਿਆਰ ਕੀਤਾ ਗਿਆ। 'ਸਿੱਖਾਂ ਦੇ ਗੁਰੂਆਂ ਨੇ ਜੋ ਉਨ੍ਹਾਂ ਦੇ ਸੰਸਾਰਕ ਅਤੇ ਅਧਿਆਤਮਕ ਪੱਥ ਪ੍ਰਦਰਸ਼ਕ ਸਨ, ਉਨ੍ਹਾਂ ਦੇ ਚਰਿਤਰ ਦੀਆਂ ਨੀਹਾਂ ਕਿਵੇਂ ਰਖੀਆਂ, ਉਨ੍ਹਾਂ ਦੇ ਧਾਰਮਿਕ ਮੁੱਢ ਅਤੇ ਕੌਮੀ ਲੋੜਾਂ ਵਿਚੋਂ ਉਨ੍ਹਾਂ ਦੀਆਂ ਰਾਜਸੀ ਸੰਸਥਾਵਾਂ ਨੇ ਕਿਵੇਂ ਵਿਕਾਸ ਕੀਤਾ, ਉਨ੍ਹਾਂ ਤੇ ਆਏ ਕਸਟਾਂ ਨੇ ਉਨ੍ਹਾਂ ਦੇ ਚਰਿਤਰ ਨੂੰ ਕਿਵੇਂ ਸੰਵਾਰਿਆ ਅਤੇ ਉਨ੍ਹਾਂ ਦੇ ਕੌਮੀ ਮਨੋਰਥ ਨੂੰ ਕਿਵੇਂ ਢਾਲਿਆ। ਜਿਸ ਅਨੁਸਾਰ ਉਨ੍ਹਾਂ ਨੇ ਵਿਦੇਸ਼ੀਆਂ ਦੇ ਪੰਜੇ ਤੋਂ ਮੁਲਕ ਨੂੰ ਮੁਕਤ ਕਰਾਉਣਾ ਸੀ। ਇਥੇ ਇਹ ਵੀ ਦਸਣ ਦਾ ਜਤਨ ਕੀਤਾ ਗਿਆ ਹੈ ਕਿ ਸਿੱਖਾਂ ਦੇ ਹਿਤਾਂ ਨੂੰ, ਜੋ ਮੁਲਕ ਦੇ ਹਿਤ ਸਨ, ਇਕ ਸਖ਼ਤ ਅਤੇ ਧੀਰਜਮਈ ਸੰਘਰਸ਼ ਤੋਂ ਸਫ਼ਲਤਾ ਮਿਲੀ। ਇਹ ਸੰਘਰਸ਼ ਇਕ ਸਦੀ ਤੱਕ ਚਲਦਾ ਗਿਆ ਅਤੇ ਆਖਰਕਾਰ ਸਿੱਖਾਂ ਨੂੰ ਪੰਜਾਬ ਦੀ ਬਾਦਸ਼ਾਹੀ ਪ੍ਰਾਪਤ ਹੋਈ।[48] ਬੇਸ਼ਕ ਪ੍ਰਿੰ. ਸਾਹਿਬ ਨੇ ਇਹ ਪੁਸਤਕ ਅਕਾਦਮਿਕਤਾ ਦੇ ਰੂਪ ਵਿਚ ਹੀ ਲਿਖੀ ਹੈ ਪਰ ਇਸ ਦੀ ਸਾਰਥਕਤਾ ਗੈਰ ਅਕਾਦਮਿਕ ਹਲਕਿਆਂ ਵਿਚ ਵੀ ਘੱਟ ਨਹੀਂ ਹੈ।

**ਸਿਲਵਰ ਜੁਬਲੀ ਬੁਕ**

ਸਿਲਵਰ ਜੁਬਲੀ ਬੁਕ ਪੁਸਤਕ ਪ੍ਰਿੰ. ਸਾਹਿਬ ਨੇ ਨਾਨਕ ਸਿੰਘ ਨਾਲ ਮਿਲ ਕੇ ਅਪ੍ਰੈਲ 1935 ਈ. ਵਿਚ ਲਿਖੀ ਗਈ। ਇਸ ਦੇ ਆਰੰਭ ਵਿਚ ਵਿਦਿਆ ਕਿੰਨੇ ਪ੍ਰਕਾਰ ਦੀ ਹੈ, ਨੂੰ 6 ਹਿੱਸਿਆਂ (ਵਿਗਿਆਨ, ਸਾਇੰਸ, ਇਤਿਹਾਸ, ਭੂਗੋਲ, ਹੁਨਰ, ਕਾਰੀਗਰੀ ਅਤੇ ਸਾਹਿਤ ਵਿਦਿਆ) ਵਿਚ ਰਖਕੇ ਅੱਗੋਂ ਇਨ੍ਹਾਂ ਦੇ ਹੋਰ ਪੱਖਾਂ ਬਾਰੇ ਵੀ ਗੱਲ ਕੀਤੀ ਗਈ ਹੈ। ਇਸ ਪੁਸਤਕ ਵਿਚ ਸਿੱਖ ਐਜੂਕੇਸ਼ਨਲ ਕਮੇਟੀ ਜੋ ਨੌਜਵਾਨ ਸਿੱਖਾਂ ਨੂੰ ਉਚੇਰੀ ਵਿੱਦਿਆ ਦਿਵਾਉਣ ਲਈ ਜਤਨਸ਼ੀਲ ਸੀ, ਦੇ ਕੰਮਕਾਜ, ਬਨਾਵਟ, ਰੂਪ-ਰੇਖਾ ਅਤੇ ਇਸ ਕਮੇਟੀ ਦੇ ਮੈਂਬਰਾਂ ਬਾਰੇ ਫੋਟੋਆਂ ਸਮੇਤ ਜਾਣਕਾਰੀ ਦਿੱਤੀ ਗਈ ਹੈ। ਇਸ ਪੁਸਤਕ ਨੂੰ ਸਿੱਖ ਐਜੂਕੇਸ਼ਨਲ ਕਮੇਟੀ ਦੇ ਸਿਲਵਰ ਜੁਬਲੀ ਮੌਕੇ 'ਵਜ਼ੀਰ ਹਿੰਦ ਪ੍ਰੈੱਸ' ਵੱਲੋਂ ਛਾਪਿਆ ਗਿਆ। ਇਸ ਦੇ ਕੁਲ 162 ਪੰਨੇ ਹਨ। ਅਖੀਰ ਵਿਚ ਇਸਤਰੀ ਵਿੱਦਿਆ ਬਾਰੇ ਗੱਲ ਕਰਦਿਆਂ ਭਾਈ ਤਖ਼ਤ ਸਿੰਘ ਅਤੇ ਬੀਬੀ ਆਗਿਆ

[48] ਪ੍ਰਿੰ. ਤੇਜਾ ਸਿੰਘ, ਡਾ. ਗੰਡਾ ਸਿੰਘ, ਸਿੱਖ ਇਤਿਹਾਸ, ਭੂਮਿਕਾ

ਕੌਰ ਫ਼ਿਰੋਜ਼ਪੁਰ ਦੀ ਤਸਵੀਰ ਅਤੇ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਕਿਤਾਬ ਛਪਣ ਤੱਕ ਸਿੱਖ ਐਜੂਕੇਸ਼ਨ ਕਾਨਫਰੰਸ ਦੇ ਇਕਹੱਤਰ (71) ਮੈਂਬਰਾਂ ਦਾ ਵੇਰਵਾ ਤਸਵੀਰਾਂ ਸਮੇਤ ਦਿਤਾ ਗਿਆ ਹੈ।

**ਸਿੱਖ ਇਤਿਹਾਸ ਦੀਆਂ ਝਾਕੀਆਂ (ਭਾਗ ਪਹਿਲਾ)**

ਪ੍ਰਿੰ. ਸਾਹਿਬ ਦੁਆਰਾ ਅੰਗ੍ਰੇਜ਼ੀ ਵਿਚ High Road of Sikh History in 3 Vol. ਲਿਖੀ ਗਈ। ਇਹ ਤਿੰਨੇ ਪੁਸਤਕਾਂ ਮੂਲ ਰੂਪ ਵਿਚ ਕਾਲਜ ਦੇ ਵਿਦਿਆਰਥੀਆਂ ਲਈ ਹੀ ਤਿਆਰ ਕੀਤੀਆਂ ਗਈਆਂ ਸਨ ਤਾਂ ਜੋ ਉਨ੍ਹਾਂ ਨੂੰ ਸਿੱਖੀ ਬਾਰੇ ਜਾਣੂੰ ਕਰਾਇਆ ਜਾ ਸਕੇ। ਉਨ੍ਹਾ ਦਾ ਮੰਨਣਾ ਹੈ ਕਿ ਨੌਜਵਾਨਾਂ ਨੂੰ ਇਸ ਤਰਾਂ ਦੀ ਧਾਰਮਿਕ ਸਾਮਗਰੀ ਦੇਣ ਨਾਲ ਹੀ ਉਨ੍ਹਾਂ ਵਿਚ ਧਾਰਮਿਕ ਭਾਵ ਭਰਿਆ ਜਾ ਸਕਦਾ ਹੈ। ਇਸ ਪੁਸਤਕ ਦੀ ਸਾਰਥਕਤਾ ਨੂੰ ਵੇਖਦਿਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਇਸ ਨੂੰ ਪੰਜਾਬੀ ਅਤੇ ਹਿੰਦੀ ਭਾਸ਼ਾ ਵਿਚ ਵੀ ਅਨੁਵਾਦ ਕੀਤਾ ਗਿਆ। ਜਿਸ ਨੂੰ ਪੰਜਾਬੀ ‘ਚ ਨਾਂ ‘ਸਿੱਖ ਇਤਿਹਾਸ ਦੀਆਂ (ਕੁਝ) ਝਾਕੀਆਂ’ ਦਿਤਾ ਗਿਆ। ਪਹਿਲੇ ਭਾਗ ਵਿਚ ਪ੍ਰਿੰ. ਤੇਜਾ ਸਿੰਘ ਨੇ ਪ੍ਰੋ. ਦੀਵਾਨ ਚੰਦ ਸ਼ਰਮਾ ਨਾਲ ਰਲਕੇ ਸਿੱਖ ਇਤਿਹਾਸ ਦੀਆਂ ਕੁਝ ਵਿਸ਼ੇਸ਼ ਘਟਨਾਵਾਂ ਨੂੰ 15 ਅਧਿਆਇਆਂ ਵਿਚ ਵੰਡ ਕੇ ਪੇਸ਼ ਕੀਤਾ ਹੈ। ਜਿਵੇਂ ਸੱਚਾ ਸੌਦਾ, ਬਾਬਰ ਅਤੇ ਗੁਰੂ ਨਾਨਕ, ਸ਼ੇਖ ਸੱਜਣ, ਗੁਰੂ ਨਾਨਕ ਦੇਵ ਜੀ ਹਰਿਦੁਆਰ ਵਿਚ, ਗੁਰੂ ਹਰਿਗੋਬਿੰਦ ਜੀ ਗਵਾਲੀਅਰ ਕਿਲ੍ਹੇ ਵਿਚ, ਗੁਰੂ ਤੇਗ ਬਹਾਦਰ ਅਤੇ ਧੀਰ ਮੱਲ, ਭਾਈ ਘਨਈਆ, ਗੁਰੂ ਹਰਿ ਰਾਇ ਤੇ ਉਤਰਾਧਿਕਾਰੀ, ਚਾਲੀ ਮੁਕਤੇ, ਪੰਜ ਪਿਆਰੇ, ਅੰਮ੍ਰਿਤਸਰ, ਸਿੱਖ ਸਿਪਾਹੀ, ਪ੍ਰਿੰਸ ਨੌਂ ਨਿਹਾਲ ਦੀ ਸ਼ਾਦੀ ਤੇ ਸਾਰਾਗੜ੍ਹੀ ਆਦਿ।

**ਸਿਖ ਇਤਿਹਾਸ ਦੀਆਂ ਕੁਝ ਝਾਕੀਆਂ (ਦੂਜਾ ਭਾਗ)**

ਇਹ ਪੁਸਤਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ 1972 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਵਿਚ ਗੁਰ ਇਤਿਹਾਸ ਅਤੇ ਸਿਖ ਇਤਿਹਾਸ ਨਾਲ ਸਬੰਧਤ ਪ੍ਰਮੁੱਖ ਇਤਿਹਾਸਕ ਪਾਤਰਾਂ ਦੀਆਂ ਜੀਵਨੀਆਂ ਨੂੰ ਸੰਖੇਪ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਪੁਸਤਕ ਵਿਚ ਭਾਈ ਮਰਦਾਨਾ, ਬਾਬਾ ਸਿਰੀ ਚੰਦ, ਬਾਬਾ ਬੁੱਢਾ ਜੀ, ਭਾਈ ਗੁਰਦਾਸ, ਭਾਈ ਬਿਧੀ ਚੰਦ, ਸੁਥਰਾ ਸ਼ਾਹ, ਭਾਈ ਨੰਦ ਲਾਲ, ਬਾਬਾ ਦੀਪ ਸਿੰਘ, ਮਹਾਰਾਜਾ ਆਲਾ ਸਿੰਘ, ਬਾਬਾ ਫੂਲਾ ਸਿੰਘ, ਸ. ਹਰੀ ਸਿੰਘ ਨਲੂਆ ਤੇ ਸਹਿਜ਼ਾਦਾ ਨੌ

ਨਿਹਾਲ ਸਿੰਘ ਦੇ ਨਾਲ-ਨਾਲ ਇਤਿਹਾਸਕ ਬੀਬੀਆਂ ਬੀਬੀ ਭਾਨੀ ਜੀ, ਬੀਬੀ ਨਾਨਕੀ ਜੀ ਤੇ ਰਾਣੀ ਸਦਾ ਕੌਰ ਆਦਿ ਦੇ ਜੀਵਨ ਇਤਿਹਾਸ ਨੂੰ ਭਾਵ ਪੂਰਤ ਤਰੀਕੇ ਨਾਲ ਉਕਰਿਆ ਗਿਆ ਹੈ।

**ਸਿੱਖ ਇਤਿਹਾਸ ਦੀਆਂ ਝਾਕੀਆਂ (ਭਾਗ ਤੀਜਾ)**

ਇਹ ਪੁਸਤਕ ਵੀ ਮੂਲ ਰੂਪ ਵਿਚ ਅੰਗ੍ਰੇਜ਼ੀ ਵਿਚ ਹੀ ਲਿਖੀ ਗਈ ਸੀ ਜਿਸਨੂੰ ਭਾਈ ਜੋਧ ਸਿੰਘ ਦੁਆਰਾ ਅਨੁਵਾਦ ਕੀਤਾ ਗਿਆ ਜੋ ਕਿ ਪਹਿਲੀ ਵਾਰ 1976 ਈ. ਨੂੰ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਸਿੱਖ ਕੌਮ ਦਾ ਇਤਿਹਾਸ ਆਦਿ ਤੋਂ ਅਜੋਕੇ ਸਮੇ (ਕਿਤਾਬ ਲਿਖੇ ਜਾਣ ਤੱਕ) ਦੇ ਬਿਰਤਾਂਤ ਨੂੰ ਸਤਾਰਾਂ ਅਧਿਆਇਆਂ ਵਿਚ ਵੰਡ ਕੇ 52 ਪੰਨਿਆਂ ਵਿਚ ਪੇਸ਼ ਕੀਤਾ ਗਿਆ ਹੈ। ਇਸ ਵਿਚ ਬੱਚਿਆਂ ਨੂੰ ਪ੍ਰੇਰਿਤ ਕਰਨ ਹਿਤ ਦਸ ਗੁਰੂਆਂ ਸਾਹਿਬਾਨ ਦੀਆਂ ਤਸਵੀਰਾਂ ਤੋਂ ਇਲਾਵਾ ਸਿੱਖ ਪੰਥ ਦੇ ਮਹਾਨ ਨਾਇਕ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਤਸਵੀਰ ਨੂੰ ਵੀ ਅੰਕਿਤ ਕੀਤਾ ਹੈ।

**ਸਿਖ ਰਹਿਤ ਮਰਯਾਦਾ ਦਾ ਖਰੜਾ**

ਸਮੁੱਚੇ ਸਿੱਖ ਪੰਥ ਦੀ ਇਕ ਰਹਿਤ ਮਰਯਾਦਾ ਨਿਸ਼ਚਿਤ ਕਰਨ ਹਿੱਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ 29 ਮੈਂਬਰਾਂ ਦੀ ਸਬ ਕਮੇਟੀ ਤਿਆਰ ਕੀਤੀ ਗਈ ਜਿਸਦਾ ਕਨਵੀਨਰ ਪ੍ਰਿੰ. ਤੇਜਾ ਸਿੰਘ ਨੂੰ ਲਾਇਆ ਗਿਆ। 'ਵਿਸ਼ੇਸ਼ ਵਿਦਵਾਨਾਂ ਦੀ ਸਬ ਕਮੇਟੀ ਦੇ ਆਪ ਮੁਢ ਤੋਂ ਹੀ 'ਕਨਵੀਨਰ' ਸਨ ਤੇ ਨਾਲ ਹੀ ਖਰੜੇ ਦੇ ਲੇਖਕ ਵੀ।[49] ਇਸ ਸਬ ਕਮੇਟੀ ਨੇ ਪੰਥ ਦੀਆਂ ਸਮੂਹ ਜਥੇਬੰਦੀਆਂ ਤੋਂ ਸੁਝਾਅ ਮੰਗੇ ਤੇ ਇਨ੍ਹਾਂ ਸੁਝਾਵਾਂ ਨੂੰ ਪੜ੍ਹ ਕੇ, ਵਿਚਾਰ ਕੇ, ਰਿਪੋਰਟ ਤਿਆਰ ਕੀਤੀ ਜਿਸ ਦਾ ਖਰੜਾ ਅਪ੍ਰੈਲ 1931 ਈ. ਵਿਚ ਗੁਰਦੁਆਰਾ ਗਜ਼ਟ ਦੇ ਅੰਕ ਵਿਚ ਛਪਿਆ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੌਜੂਦਾ ਰਹਿਤ ਮਰਯਾਦਾ ਪੁਸਤਕ ਦਾ ਪਹਿਲਾ ਰੂਪ ਹੈ। ਉਸ ਅਨੁਸਾਰ ਸਭ ਤੋਂ ਪਹਿਲਾਂ ਸਿੱਖ ਕੌਣ ਹੈ? ਅਤੇ ਸਿੱਖ ਦੀ ਤਾਰੀਫ਼ ਕੀਤੀ ਗਈ ਹੈ। ਫਿਰ ਦੋ ਤਰ੍ਹਾਂ ਦੀ ਰਹਿਤ (ਪੰਥਕ ਤੇ ਸ਼ਖ਼ਸੀ) ਬਾਰੇ ਦੱਸਿਆ ਗਿਆ ਹੈ। ਸਿੱਖ ਧਰਮ ਦੇ ਸੰਸਕਾਰ ਅਤੇ ਬੱਜ਼ਰ ਕੁਰਹਿਤਾਂ ਬਾਰੇ ਸੰਖੇਪ ਪਰ ਅਣਮੁੱਲੇ ਸ਼ਬਦਾਂ ਦੀ ਵਰਤੋ ਕੀਤੀ

[49] ਸਿੰਘ ਸਭਾ ਪਤ੍ਰਿਕਾ, ਜਨਵਰੀ-ਫਰਵਰੀ 1989, ਪੰਨਾ 16

ਗਈ ਹੈ। ਇਸ ਖਰੜੇ ਨੂੰ ਪ੍ਰਵਾਣਿਤ ਕਰਵਾਉਣ ਲਈ ਪ੍ਰਿੰ. ਤੇਜਾ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਫੀ ਮੁਸ਼ੱਕਤ ਕਰਨੀ ਪਈ।

**DICTIONARY'S**

**ANGLO-PUNJABI DICTIONARY**

Anglo-punjabi dictionary ਨੂੰ lahore book shop Ludhiana, ਨੇ ਛਾਪਿਆ। ਇਸ ਵਿਚ ਅੰਗ੍ਰੇਜੀ ਦੇ ਸ਼ਬਦਾਂ ਨੂੰ ਅੱਖਰ ਕ੍ਰਮ ਅਨੁਸਾਰ ਦੇ ਕੇ ਉਨ੍ਹਾਂ ਦੀ ਵਿਆਕਰਨ ਦਿੰਦਿਆਂ ਪੰਜਾਬੀ ਵਿਚ ਅਰਥ ਕੀਤੇ ਹਨ। ਇਸ ਡਿਕਸ਼ਨਰੀ ਦੇ ਕੁਲ 562 ਪੰਨੇ ਹਨ।

**ENGLISH-PUNJABI DICTIONARY**

English-punjabi dictionary, ਨੂੰ lahore book shop Ludhiana, 1955 ਈ. ਵਿਚ ਛਾਪਿਆ। ਇਸ ਦੀ ਦੂਸਰੀ ਐਡੀਸ਼ਨ 1964 ਵਿਚ ਆਈ। ਇਸ ਵਿਚ ਵੀ ਅੰਗ੍ਰੇਜੀ ਦੇ ਸ਼ਬਦ ਅਲਫ਼ਾਬੈਟਿਕ ਰੂਪ ਵਿਚ ਲੈ ਕੇ ਉਨ੍ਹਾਂ ਦਾ ਵਿਆਕਰਨ ਰੂਪ ਦਿੰਦਿਆਂ ਪੰਜਾਬੀ ਵਿਚ ਅਰਥ ਕੀਤੇ ਹਨ। ਇਸ ਦੇ 752 ਪੰਨੇ ਹਨ।

**ENGLISH BOOKS**

**THE HOLLY GRANTH**

ਪ੍ਰਿੰ. ਤੇਜਾ ਸਿੰਘ ਦੁਆਰਾ ਕੀਤਾ ਇਹ ਕਾਰਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 2001 ਈ. ਵਿਚ ਪ੍ਰਕਾਸ਼ਿਤ ਕੀਤਾ। ਇਸ ਮਹੱਤਵਪੂਰਨ ਕਾਰਜ ਨੂੰ ਸੰਪਾਦਨ ਕਰਨ ਦੀ ਜ਼ਿੰਮੇਵਾਰੀ ਪੰਜਾਬੀ ਸਾਹਿਤ ਦੇ ਮਹਾਨ ਵਿਦਵਾਨ ਡਾ. ਰਤਨ ਸਿੰਘ ਜੱਗੀ ਦੁਆਰਾ ਨਿਭਾਈ ਗਈ। ਪ੍ਰਿੰ. ਤੇਜਾ ਸਿੰਘ ਦੁਆਰਾ ਲਿਖੀ ਗਈ ਇਹ ਪੁਸਤਕ (ਸਟੀਕ)'The Holly Granth' ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਦੋ ਰਾਗ, ਸ੍ਰੀ ਰਾਗ ਅਤੇ ਮਾਝ ਰਾਗ ਦਾ ਅੰਗ੍ਰੇਜੀ ਅਨੁਵਾਦ ਹੈ। ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਸਿੱਖਾਂ ਤੱਕ ਜਾਂ ਜੋ ਇਸ ਦੀ ਪ੍ਰਮਾਣਕਤਾ ਦੀ ਭਾਸ਼ਾ ਅਤੇ ਲੇਖਣੀ ਨੂੰ ਸਮਝਦੇ ਸਨ ਉਨ੍ਹਾਂ ਤੱਕ ਹੀ ਸੀਮਤ ਸੀ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚਾਰ ਭਾਵ ਅੰਗ੍ਰੇਜੀ ਭਾਸ਼ਾ ਦੇ ਜਾਣਕਾਰਾਂ ਤੱਕ ਪਹੁੰਚਾਉਣ ਦਾ ਸਾਰਾ ਕ੍ਰੈਡਿਟ ਪੱਛਮੀ ਖੋਜਾਰਥੀਆਂ ਨੂੰ ਹੀ ਜਾਂਦਾ ਸੀ। ਇਨ੍ਹਾਂ ਵਿਚੋਂ ਡਾ. ਟ੍ਰੰਪ ਪਹਿਲਾ ਖੋਜਾਰਥੀ ਸੀ

ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਕੁਝ ਹਿੱਸਿਆਂ ਦਾ ਅੰਗ੍ਰੇਜ਼ੀ ਅਨੁਵਾਦ ਕੀਤਾ ਪਰ ਇਹ ਪੱਖਪਾਤੀ ਈਸਾਈ ਹੋਣ ਦੇ ਨਾਤੇ ਇਸ ਦਾ ਅਨੁਵਾਦ ਪਵਿੱਤਰਤਾ ਅਤੇ ਭਾਵਨਾ ਦੇ ਹਿਸਾਬ ਨਾਲ ਸਹੀ ਨਹੀਂ ਸੀ ਇਸ ਲਈ ਇਸ ਨੂੰ ਗੁਰਮਤਿ ਆਸ਼ੇ ਦੇ ਅਨਕੂਲ ਨਾ ਹੋਣ ਕਾਰਨ ਸਹੀ ਨਹੀਂ ਕਿਹਾ ਜਾ ਸਕਦਾ। ਇਸ ਤੋਂ ਬਾਅਦ ਮਿਸਟਰ ਮੈਕਾਲਿਫ ਦੂਜੇ ਪੱਛਮੀ ਖੋਜਾਰਥੀ ਹੋਏ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ੍ਰੇਜ਼ੀ ਅਨੁਵਾਦ ਕੀਤਾ ਇਨ੍ਹਾਂ ਦਾ ਕੰਮ ਡਾ. ਟਰੰਪ ਦੇ ਮੁਕਾਬਲੇ ਕਾਫੀ ਜ਼ਿਆਦਾ ਠੀਕ ਸੀ ਪਰ ਇਹ ਵੀ ਅਸਲੀ ਭਾਵਨਾ ਨੂੰ ਅੱਗੇ ਨਹੀਂ ਲਿਆ ਸਕੇ। ਮਿਸਟਰ ਮੈਕਾਲਿਫ ਤੋਂ ਬਾਅਦ ਪ੍ਰਿੰ. ਤੇਜਾ ਸਿੰਘ ਨੇ ਅੰਗ੍ਰੇਜ਼ੀ ਅਨੁਵਾਦ ਕੀਤਾ ਜੋ ਕਿ ਦੋ ਰਾਗਾਂ ਤੱਕ ਹੀ ਹੈ। ਇਥੇ ਇਹ ਵੀ ਧਿਆਨ ਰੱਖਣ ਯੋਗ ਹੈ ਕਿ ਕਿਸੇ ਵੀ ਪਾਠ ਖਾਸ ਕਰਕੇ ਧਾਰਮਿਕ ਪਾਠ ਦਾ ਅੰਗ੍ਰੇਜ਼ੀ ਅਨੁਵਾਦ ਇਕ ਬਹੁਤ ਮੁਸ਼ਕਲ ਕੰਮ ਹੈ ਹਰ ਭਾਸ਼ਾ ਦੀ ਆਪਣੀ ਸੱਭਿਆਚਾਰ, ਸਮਾਜਿਕ ਅਤੇ ਧਾਰਮਿਕ ਪੱਖ ਤੋਂ ਇਕ ਖ਼ੂਬਸੂਰਤੀ ਹੁੰਦੀ ਹੈ ਇਸ ਲਈ ਜੇਕਰ ਇਕ ਭਾਸ਼ਾ ਤੋਂ ਦੂਸਰੀ ਭਾਸ਼ਾ ਦਾ ਅਨੁਵਾਦ ਕਰਨਾ ਹੈ ਤਾਂ ਦੋਹਾਂ ਭਾਸ਼ਾ ਦੀ ਸੰਪੂਰਨ ਜਾਣਕਾਰੀ ਹੋਣਾ ਬਹੁਤ ਹੀ ਮਹੱਤਵਪੂਰਨ ਕਾਰਜ ਹੋ ਜਾਂਦਾ ਹੈ ਤਾਂ ਜੋ ਉਸ ਵਿਚਾਰ ਨੂੰ ਉਸੇ ਹੀ ਪ੍ਰਮਾਣਿਕਤਾ ਅਤੇ ਭਾਵਨਾ ਨਾਲ ਦੂਸਰੀ ਭਾਸ਼ਾ ਦੇ ਜਾਣਕਾਰਾਂ ਤੱਕ ਪਹੁੰਚਾਇਆ ਜਾ ਸਕੇ। ਇਹ ਕੰਮ ਉਸ ਵੇਲੇ ਹੋਰ ਵੀ ਔਖਾ ਹੋ ਜਾਂਦਾ ਹੈ ਜਦੋਂ ਕਿਸੇ ਕਾਵਿ ਸ਼ੈਲੀ ਦਾ ਅਨੁਵਾਦ ਕਰਨਾ ਹੋਵੇ। ਇਸ ਲਈ ਦੋਹਾਂ ਭਾਸ਼ਾਵਾਂ ਦੇ ਕਾਵਿ ਰੂਪ ਤੇ ਪੂਰੀ ਪਕੜ ਹੋਣੀ ਜ਼ਰੂਰੀ ਹੋ ਜਾਂਦੀ ਹੈ। ਪ੍ਰਿੰ. ਤੇਜਾ ਸਿੰਘ ਦੀ ਮਾਤ ਭਾਸ਼ਾ ਪੰਜਾਬੀ ਸੀ ਉਥੇ ਉਹ ਪੰਜਾਬੀ ਲਿਟਰੇਚਰ ਦੇ ਇਕ ਖੋਜਾਰਥੀ ਅਤੇ ਆਪਣੇ ਸਮੇਂ ਦੇ ਲਿਖਾਰੀ ਹੋਏ ਹਨ ਇਸ ਲਈ ਉਨ੍ਹਾਂ ਕੋਲ ਪੰਜਾਬੀ ਭਾਸ਼ਾ ਦੀ ਪੂਰਨ ਜਾਣਕਾਰੀ ਸੀ ਤੇ ਦੂਜੇ ਪਾਸੇ ਉਹ ਆਪਣੇ ਅਕਾਦਮਿਕ ਕਿੱਤੇ ਵਜੋਂ ਅੰਗ੍ਰਜ਼ੀ ਲਿਟਰੇਚਰ ਦੇ ਅਧਿਆਪਕ ਵੀ ਸੀ ਇਸ ਲਈ ਉਨ੍ਹਾਂ ਨੂੰ ਮਿਸਾਲ ਦੇ ਤੌਰ ਤੇ ਜਾਣਿਆ ਜਾਂਦਾ ਸੀ। ਦੋਹਾਂ ਭਾਸ਼ਾਂਵਾਂ ਦੀ ਅਤੇ ਕਾਵਿ ਰੂਪ ਦੀ ਪੂਰਨ ਜਾਣਕਾਰੀ ਹੋਣ ਦੇ ਕਾਰਨ ਉਹ ਇਸ ਸੰਵਾਦ ਨੂੰ ਸਹੀ ਤਰ੍ਹਾਂ ਨਾਲ ਕਰ ਸਕਦੇ ਸੀ। ਉਨ੍ਹਾਂ ਦਾ ਇਹ ਅਨੁਵਾਦ ਪ੍ਰਮਾਣਿਕਤਾ ਅਤੇ ਭਾਵਨਾ ਦੇ ਪੱਖ ਤੋਂ ਅਸਲੀਅਤ ਦੇ ਕਾਫੀ ਨੇੜੇ ਹੈ।

**SIKH RELIGION**

ਪ੍ਰਿੰ. ਤੇਜਾ ਸਿੰਘ ਦੁਆਰਾ ਲਿਖੀ ਗਈ ਇਹ ਪੁਸਤਕ ਟਰੈਕਟ ਰੂਪ ਵਿਚ ਛਪੀ ਹੈ। ਇਸ ਪੁਸਤਕ ਵਿਚ- the nature of God or the name, uplift of man based on character, the guru in

Sikhism, the guru in the sikh, the guru in the panth, forms and ceremonies ਲੇਖ ਲਏ ਗਏ ਹਨ ਜਿਨ੍ਹਾਂ ਰਾਹੀਂ ਸਿੱਖ ਧਰਮ ਦੀ ਸਰਵੋਤਮਤਾ ਬਿਆਨ ਕਰਦਿਆਂ ਪ੍ਰਮਾਤਮਾ ਦੇ ਨਾਮ ਅਭਿਆਸ, ਮਨੁੱਖੀ ਆਚਾਰ-ਵਿਹਾਰ ਅਤੇ ਗੁਰੂ ਦੀ ਮਹੱਤਤਾ ਬਾਰੇ ਦੱਸਿਆ ਗਿਆ ਹੈ।

**THE RELIGION OF THE SIKH GURUS**

ਇਹ ਪੁਸਤਕ ਵੀ ਟਰੈਕਟ ਰੂਪ ਵਿਚ ਛਪੀ ਹੈ। ਇਸ ਪੁਸਤਕ ਦੇ ਪਹਿਲੇ ਲੇਖ the religion of the sikh gurus ਵਿਚ ਦਸ ਗੁਰੂ ਸਾਹਿਬਾਨ ਬਾਰੇ ਸੰਖੇਪ ਵਿਚਾਰ ਕੀਤੀ ਗਈ ਹੈ। ਦੂਸਰੇ ਲੇਖ- god and his name ਵਿਚ ਪ੍ਰਮਾਤਮਾ ਦੇ ਨਾਮ ਬਾਰੇ ਜ਼ਿਕਰ ਕੀਤਾ ਗਿਆ ਹੈ। ਬਾਕੀ ਲੇਖ sikh religion ਪੁਸਤਕ ਵਾਲੇ ਹੀ ਅੰਕਿਤ ਕੀਤੇ ਗਏ ਹਨ। ਇਸ ਤਰ੍ਹਾਂ ਇਸ ਵਿਚ ਕੁੱਲ 6 ਲੇਖ ਲਏ ਗਏ ਹਨ।

**SIKHISM ITS IDEAL & INSTITUTIONS**

ਇਹ ਪੁਸਤਕ ਪ੍ਰਿੰ. ਤੇਜਾ ਸਿੰਘ ਦੇ ਲੇਖਾਂ ਦਾ ਸੰਗ੍ਰਹਿ ਹੈ। ਇਸ ਪੁਸਤਕ ਦਾ ਪਹਿਲਾ ਐਡੀਸ਼ਨ 1938 ਈ. ਵਿਚ ਛਪਿਆ। ਇਸ ਵਿਚ ਸਿੱਖ ਧਰਮ ਦੀਆਂ ਪ੍ਰਮੁੱਖ ਸੰਸਥਾਵਾਂ, ਸੰਕਲਪਾਂ, ਵਿਸ਼ੇਸ਼ਤਾਵਾਂ ਨੂੰ ਦਸ ਲੇਖਾਂ ਰਾਹੀਂ ਬਿਆਨ ਕੀਤਾ ਗਿਆ ਹੈ। ਉਹ ਦਸ ਲੇਖ ਨਿਮਨ ਹਨ- love of the name, uplift of man based on character, the guru in Sikhism, forms and symbols, sikhs and organization, are there sects in Sikhism?, balanced growth of Sikhism, sikhs as liberators, sikh rites and ceremonies & the sikh prayer।

**THE SIKH PRAYER**

ਪ੍ਰਿੰ. ਸਾਹਿਬ ਦੀ ਇਹ ਛੋਟੀ ਜਿਹੀ ਪੁਸਤਕ ਵੀ ਟਰੈਕਟ ਰੂਪ ਵਿਚ ਛਪੀ ਹੈ। ਇਸ ਵਿਚ ਸਿੱਖ ਧਰਮ ਵਿਚ ਅਰਦਾਸ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ ਕਿ ਕਿਸ ਤਰ੍ਹਾਂ ਹਰ ਇਕ ਸਿੱਖ ਦਾ ਵਿਸ਼ਵਾਸ ਅਰਦਾਸ ਵਿਚ ਹੁੰਦਾ ਹੈ। ਪ੍ਰਿੰ. ਸਾਹਿਬ ਦਸਦੇ ਹਨ ਕਿ ਅਰਦਾਸ ਦੇ ਕੋਈ ਬੋਲ ਨਿਸ਼ਚਿਤ ਨਹੀਂ ਇਹ ਤਾਂ ਪ੍ਰਮਾਤਮਾ ਅੱਗੇ ਬੇਨਤੀ ਹੈ। ਅਰਦਾਸ ਦੇ ਬੋਲ ਤਾਂ ਪ੍ਰਮਾਤਮਾ ਨੂੰ ਹੀ ਸੰਬੋਧਨ ਹੋਣਾ ਹੁੰਦਾ ਹੈ। ਪ੍ਰਿੰ. ਸਾਹਿਬ ਦੁਆਰਾ ਟਰੈਕਟ ਰੂਪ ਵਿਚ ਲਿਖਿਆ ਇਹ ਲੇਖ Sikhism its ideal & institute ਵਿਚ ਵੀ ਛਪਿਆ ਹੋਇਆ ਹੈ।

**THE PSALM PEACE**

ਪ੍ਰਿੰ. ਸਾਹਿਬ ਦੁਆਰਾ ਗੁਰੂ ਅਰਜਨ ਦੇਵ ਰਚਿਤ ਬਾਣੀ ਸੁਖਮਨੀ ਸਾਹਿਬ ਦਾ ਅੰਗ੍ਰੇਜ਼ੀ ਅਨੁਵਾਦ ਪੇਸ਼ ਕੀਤਾ ਗਿਆ ਹੈ। ਆਰੰਭ ਵਿਚ 24 ਅਸ਼ਟਪਦੀਆਂ ਬਾਰੇ ਸੰਖੇਪ ਭਾਵ-ਅਰਥ ਦਿਤੇ ਹਨ ਉਪਰੰਤ ਸਾਰੀ ਬਾਣੀ ਦੇ ਤੁਕ ਵਾਰ/ਪਦ ਵਾਰ ਅਰਥ ਕੀਤੇ ਹਨ।

**THE GROWTH OF RESPONSIBILITY IN SIKHISM**

ਇਹ ਪੁਸਤਕ ਵੀ ਟਰੈਕਟ ਰੂਪ ਵਿਚ ਛਪੀ ਹੈ। ਇਸ ਪੁਸਤਕ ਰਾਹੀਂ ਪ੍ਰਿੰ. ਸਾਹਿਬ ਨੇ ਗੋਕਲ ਚੰਦ ਨਾਰੰਗ ਦੀ ਕਿਤਾਬ ਟ੍ਰਾਂਸਫ਼ਾਰਮਿਸ਼ਨ ਆਫ਼ ਸਿਖਜ਼ਮ ਦੇ ਜੁਆਬ ਵਜੋਂ ਹੀ ਲਿਖੀ ਸੀ। ਇਸ ਵਿਚ ਸਿੱਖ ਧਰਮ ਦੇ ਦਸ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਨੂੰ ਉਨ੍ਹਾਂ ਦੀਆਂ ਵਿਸ਼ੇਤਾਵਾਂ ਦੇ ਰੂਪ ਵਿਚ ਅੰਕਿਤ ਕੀਤਾ ਗਿਆ ਹੈ।

**THE GURDWARA REFORM MOVEMENT AND THE SIKH AWAKENING**

ਪ੍ਰਿੰ. ਤੇਜਾ ਸਿੰਘ ਮਹਾਨ ਚਿੰਤਕ ਹੋਣ ਦੇ ਨਾਲ-ਨਾਲ ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀਆਂ ਵਿਚੋਂ ਵੀ ਸਨ। ਮਹੰਤਾਂ ਪਾਸੋਂ ਗੁਰਦੁਆਰੇ ਆਜ਼ਾਦ ਕਰਾਉਣ ਵਿਚ ਪ੍ਰਿੰ. ਸਾਹਿਬ ਨੇ ਵੀ ਮੋਹਰੀ ਭੂਮਿਕਾ ਨਿਭਾਈ। ਇਸ ਪੁਸਤਕ ਵਿਚ ਸਿੱਖ ਧਰਮ ਦੀ ਪਵਿੱਤਰ ਸੰਸਥਾ 'ਗੁਰਦੁਆਰਾ' ਬਾਰੇ ਆਰੰਭ ਵਿਚ ਦੱਸ ਕੇ ਇਨ੍ਹਾਂ ਦੀ ਪਵਿੱਤਰਤਾ ਨੂੰ ਬਰਕਰਾਰ ਕਿਸ ਤਰ੍ਹਾਂ ਰੱਖਿਆ ਜਾ ਸਕਦਾ ਹੈ? ਗੁਰਦੁਆਰਾ ਸੁਧਾਰ ਅੰਦੋਲਨ ਦੀ ਲੋੜ ਕਿਉਂ ਪਈ? ਅਤੇ ਗੁਰਦੁਆਰਾ ਸੁਧਾਰ ਅੰਦੋਲਨ ਵੇਲੇ ਕਿਹੜੇ-ਕਿਹੜੇ ਗੁਰਦੁਆਰੇ ਮਹੰਤਾਂ ਪਾਸੋਂ ਛੁਡਵਾਏ ਗਏ? ਜਿਹੜੇ-ਜਿਹੜੇ ਮੋਰਚੇ ਲੱਗੇ ਉਨ੍ਹਾਂ ਬਾਰੇ ਇਸ ਪੁਸਤਕ ਵਿਚ ਲੇਖਾਂ ਦੇ ਰੂਪ ਵਿਚ ਬਿਆਨ ਕੀਤਾ ਗਿਆ ਹੈ। ਇਸ ਪੁਸਤਕ ਦੀ ਪਹਿਲੀ ਐਡੀਸ਼ਨ 1922 ਈ. ਵਿਚ ਛਪੀ ਸੀ।

ਸੋ ਇਸ ਤਰ੍ਹਾਂ ਇਸ ਅਧਿਆਇ ਵਿਚ ਪ੍ਰਿੰ. ਸਾਹਿਬ ਦੇ ਜੀਵਨ, ਬਚਪਨ, ਅਧਿਐਨ ਅਤੇ ਅਧਿਆਪਨ ਦੇ ਨਾਲ-ਨਾਲ ਪੰਥਕ ਕਾਰਜਾਂ ਵਿਚ ਪਾਏ ਯੋਗਦਾਨ ਅਤੇ ਉਨ੍ਹਾਂ ਦੁਆਰਾ ਰਚੇ ਸਾਹਿਤ ਬਾਰੇ ਸੰਖੇਪ ਰੂਪ ਵਿਚ ਵਿਚਾਰ ਕੀਤੇ ਹਨ। ਪ੍ਰਿੰ. ਸਾਹਿਬ ਸਿੱਖ ਜਗਤ ਦੇ ਹੀ ਨਹੀਂ ਬਲਕਿ ਪੂਰਬੀ ਸਾਹਿਤ ਚਿੰਤਕਾਂ ਦੀ ਸੂਚੀ ਵਿਚੋਂ ਸਿਖਰਲੀਆਂ ਕਤਾਰਾਂ ਵਿਚੋਂ ਸਨ। ਇਸ ਲਈ ਉਨ੍ਹਾਂ ਬਾਰੇ ਲਿਖਦਿਆਂ ਕੁਝ ਜਰੂਰੀ ਤੱਥ (ਜੋ ਸਾਡੀ ਪਹੁੰਚ ਤੋਂ ਦੂਰ ਰਹਿ ਗਏ ਹੋਣਗੇ) ਅਣਗੋਲੇ ਹੀ ਰਹੇ ਗਏ ਹੋਣਗੇ। ਸਮੁੰਦਰ ਵਡਾ ਹੁੰਦਾ ਹੈ।

ਪ੍ਰਿੰ. ਸਾਹਿਬ ਸਮੁੰਦਰ ਸਮਾਨ ਹਨ ਤੇ ਸਾਡੀ ਬੁੱਧੀ ਦੀ ਕੋਸ਼ਿਸ਼ ਉਸ ਸਾਹਿਤ ਸਮੁੰਦਰ ਵਿਚ ਟੁੱਭੀ ਲਾ ਕੇ ਕੁਝ ਅਨਮੋਲ ਹੀਰੇ ਮੋਤੀ ਕਢਣ ਦੀ ਸੀ ਅਸੀਂ ਇਸ ਵਿਚ ਕਿੰਨੇ ਕੁ ਸਫਲ ਹੋਏ ਇਸ ਬਾਰੇ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ।

# ਅਧਿਆਇ ਦੂਜਾ

## ਵਿਆਖਿਆ: ਅਰਥ, ਸਰੂਪ ਤੇ ਮਹੱਤਵ

ਕਿਸੇ ਵੀ ਧਰਮ ਦੀ ਪਹਿਚਾਣ ਉਸ ਧਰਮ ਦੇ ਧਰਮ ਗ੍ਰੰਥ ਹੁੰਦੇ ਹਨ। ਧਰਮ ਗ੍ਰੰਥ ਰੱਬੀ ਪੈਗ਼ਾਮ ਹੁੰਦੇ ਹਨ ਜੋ ਕਿ ਰਿਸ਼ੀਆਂ, ਮੁਨੀਆਂ, ਸੰਤਾਂ, ਭਗਤਾਂ, ਪੈਗੰਬਰਾਂ ਅਤੇ ਗੁਰੂਆਂ ਦੁਆਰਾ ਜਨਮਾਨਸ ਤੱਕ ਪਹੁੰਚਦੇ ਹਨ। ਲੋਕਾਈ ਦਾ ਇਨ੍ਹਾਂ ਦੇ ਬੋਲਾਂ ਵਿਚ ਵਿਸ਼ਵਾਸ (faith) ਬਝਿਆ ਹੁੰਦਾ ਹੈ ਤੇ ਉਹ ਕਿਸੇ ਵੀ ਕੀਮਤ 'ਤੇ ਇਨ੍ਹਾਂ ਤੋਂ ਅਲੱਗ ਨਹੀਂ ਹੋਣਾ ਚਾਹੁੰਦੇ। ਇਸ ਲਈ ਧਾਰਮਿਕ ਗ੍ਰੰਥਾਂ ਨੂੰ ਪੜ੍ਹਨ ਅਤੇ ਪੜ੍ਹਾਉਣ ਦੇ ਨਾਲ-ਨਾਲ ਇਨ੍ਹਾਂ ਦੇ ਪੈਗਾਮ ਨੂੰ ਸਮਝ ਗੋਚਰੇ ਕਰਨ ਦਾ ਕਾਰਜ ਜੋ ਕਿ ਮੁਢ ਤੋਂ ਹੀ ਆਰੰਭ ਹੋ ਗਿਆ ਸੀ, ਨੂੰ ਹੋਰ ਅੱਗੇ ਤੋਰਨ ਹਿਤ ਇਨ੍ਹਾਂ ਦੇ ਭਾਸ਼ਾ ਵਿਚਲੇ ਬਰੈਕਟ- ਚਿੰਨ੍ਹਾਂ ਅਤੇ ਪ੍ਰਤੀਕਾਂ ਨੂੰ ਸਮਝਣਾ ਅਤੇ ਸਮਝਾਉਣਾ ਵੀ ਜ਼ਰੂਰੀ ਹੋ ਗਿਆ ਸੀ। ਸਮਝਣ ਸਮਝਾਉਣ ਦੇ ਇਸ ਮੁਢਲੇ ਕਾਰਜ ਨੂੰ ਹੀ ਵਿਆਖਿਆਕਾਰੀ ਦਾ ਨਾਮ ਦਿਤਾ ਗਿਆ। ਇਥੇ ਇਕ ਗਲ ਯਾਦ ਰੱਖਣ ਯੋਗ ਹੈ ਕਿ ਧਰਮ ਗ੍ਰੰਥ ਹਮੇਸ਼ਾਂ ਪਹਿਲੇ ਦਰਜੇ 'ਤੇ ਰਹਿੰਦੇ ਹਨ ਤੇ ਵਿਆਖਿਆ ਦਾ ਸਥਾਨ ਹਮੇਸ਼ਾਂ ਦੂਜਾ ਹੀ ਰਹਿੰਦਾ ਹੈ ਕਿਉਂਕਿ ਧਰਮ ਗ੍ਰੰਥ ਰੱਬੀ ਪੈਗ਼ਾਮ, ਰੱਬੀ ਹੁਕਮ ਹੈ ਤੇ ਵਿਆਖਿਆ ਮਨੁੱਖੀ ਕ੍ਰਿਤ ਹੋਣ ਕਾਰਨ ਧਰਮ ਗ੍ਰੰਥ ਦੀ ਥਾਂ ਨਹੀਂ ਲੈ ਸਕਦੀ। ਇਸ ਲਈ ਇਸ ਦਾ ਸਥਾਨ ਦੁਜੈਲਾ ਹੀ ਰਹੇਗਾ।

ਵਿਆਖਿਆ ਦਾ ਆਰੰਭ ਉਪਰੋਕਤ ਵਰਨਣ ਅਨੁਸਾਰ ਧਰਮ ਗ੍ਰੰਥਾਂ ਵਿਚਲੇ ਮਨੋਭਾਵਾਂ ਨੂੰ ਸਮਝਣਾ ਅਤੇ ਇਨ੍ਹਾਂ ਵਿਚਲੇ ਗੂੜ੍ਹ ਰਹੱਸ ਨੂੰ ਸਮਝਦਿਆਂ ਸਰਲ ਤੇ ਸੁਖੈਨ ਭਾਸ਼ਾ ਵਿਚ ਪੇਸ਼ ਕਰਨਾ ਹੈ ਤਾਂ ਕਿ ਹਰ ਇਕ ਮਨੁੱਖ ਧਰਮ ਗ੍ਰੰਥਾਂ ਦੇ ਇਨ੍ਹਾਂ ਰੱਬੀ ਬੋਲਾਂ ਨੂੰ ਆਸਾਨੀ ਨਾਲ ਸਮਝ ਸਕੇ। ਧਰਮ ਗ੍ਰੰਥਾਂ ਦੀ ਵਿਆਖਿਆ ਦੇ ਆਰੰਭ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਜਿਸ ਸਮੇਂ ਇਹ ਧਰਮ ਗ੍ਰੰਥ ਰਚੇ ਗਏ ਸਨ ਉਸ ਸਮੇਂ ਅਤੇ ਵਿਆਖਿਆ ਦੇ ਸਮੇਂ ਜਾਂ ਅਜੋਕੇ ਸਮੇਂ ਦੇ ਸੰਦਰਭ ਵਿਚ ਇਸ ਨੂੰ ਵੇਖਦਿਆਂ ਇਸ ਗੱਲ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਮਨੁੱਖੀ ਵਰਤਾਰੇ ਵਾਲੇ ਸਮਾਜ ਵਿਚ ਸਮੇਂ-ਸਮੇਂ ਭਾਸ਼ਾ, ਬੋਲੀ ਅਤੇ ਸ਼ੈਲੀ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਇਹ ਤਬਦੀਲੀ ਕਈ ਵਾਰ ਆਪਣਾ ਪੂਰੇ ਦਾ ਪੂਰਾ

ਰੂਪ ਹੀ ਵਟਾ ਲੈਂਦੀ ਹੈ। ਬਾਈਬਲ ਨੂੰ ਇਸੇ ਸੰਦਰਭ ਵਿਚ ਰੱਖ ਕੇ ਵੇਖਿਆ ਜਾ ਸਕਦਾ ਹੈ। ਕਿਉਂਕਿ ਜਿਸ ਭਾਸ਼ਾ (ਹਿਬਰੂ) ਵਿਚ ਸਭ ਤੋਂ ਪਹਿਲਾਂ ਬਾਈਬਲ ਲਿਖੀ ਗਈ ਸੀ, ਅਜ ਉਹ ਭਾਸ਼ਾ ਕੇਵਲ ਯੂਨੀਵਰਸਿਟੀਆਂ ਦੇ ਅਕਾਦਮਿਕ ਕਾਰਜ ਹਿਤ ਹੀ ਵਰਤੀ ਜਾ ਰਹੀ ਹੈ ਲੋਕ ਬੋਲੀ ਨਹੀਂ ਰਹੀ। ਦੁਨੀਆ 'ਤੇ ਐਸੀਆਂ ਕਈ ਬੋਲੀਆਂ ਸਨ ਜਿਨ੍ਹਾਂ ਦਾ ਅਜ ਕੋਈ ਵਜੂਦ ਵੀ ਨਹੀਂ ਰਿਹਾ। ਇਸ ਲਈ ਸਿਆਣਿਆਂ ਨੇ ਭਾਸ਼ਾ ਨੂੰ 'ਸੰਚਾਰ ਦਾ ਮਾਧਿਅਮ' ਕਿਹਾ ਹੈ। ਸੰਚਾਰ ਦੇ ਹੋਰ ਵੀ ਮਾਧਿਅਮ ਹਨ ਜਿਨ੍ਹਾਂ ਰਾਹੀਂ ਮਨੁੱਖ ਆਪਣੇ ਭਾਵਾਂ ਨੂੰ ਦੂਜੇ ਤੱਕ ਪਹੁੰਚਾਉਂਦਾ ਹੈ; ਪਰ ਇਹ ਸਭ ਤੋਂ ਪ੍ਰਬਲ ਅਤੇ ਬੁਨਿਆਦੀ ਮਾਧਿਅਮ ਹੈ। ਇਹ ਮਾਧਿਅਮ ਸੁਭਾ ਵਿਚ ਸਥਿਰ ਨਹੀਂ, ਪਰਿਵਰਤਨਸ਼ੀਲ ਹੈ। ਸਮੇਂ ਦੇ ਲੰਘਣ ਨਾਲ ਇਸ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਕਈ ਸ਼ਬਦ ਆਪਣਾ ਭਾਵਅਰਥ (connotation) ਬਦਲ ਜਾਂਦੇ ਹਨ; ਕਈਆਂ ਦਾ ਅਰਥ-ਵਿਸਥਾਰ ਜਾਂ ਅਰਥ-ਸੰਕੋਚ ਹੋ ਜਾਂਦਾ ਹੈ।[1]

ਇਨ੍ਹਾਂ ਸੰਦਰਭਾਂ ਨੂੰ ਵੇਖਦਿਆਂ ਜਿਥੇ ਧਰਮ ਗ੍ਰੰਥਾਂ ਦੀ ਵਿਆਖਿਆ ਦੀ ਲੋੜ ਨੂੰ ਮਹਿਸੂਸ ਕੀਤਾ ਜਾਂਦਾ ਸੀ ਅਤੇ ਕੀਤਾ ਜਾ ਰਿਹਾ ਹੈ ਉਥੇ ਇਸ ਕਾਰਜ ਦੀ ਜਟਿਲਤਾ ਦਾ ਅਨੁਮਾਨ ਵੀ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਧਰਮ ਗ੍ਰੰਥ ਕੇਵਲ ਰੱਬੀ ਬੋਲਾਂ ਦਾ ਹੀ ਸੰਗ੍ਰਹਿ ਨਹੀਂ ਹੁੰਦੇ ਬਲਕਿ ਇਨ੍ਹਾਂ ਵਿਚ ਇਤਿਹਾਸਕ ਗਹਿਰਾਈ, ਸਾਹਿਤਕ ਕਲਾ, ਸਮਾਜਿਕ ਪਿੱਠਭੂਮੀ ਅਤੇ ਰਾਜਨੀਤਿਕ ਜ਼ੋਰ ਅਜ਼ਮਾਇਸ਼ ਦੇ ਨਾਲ-ਨਾਲ ਸਮੁੱਚੇ ਸਭਿਆਚਾਰ ਦੇ ਹਾਲਾਤ ਬਾਰੇ ਵੀ ਪਤਾ ਚਲਦਾ ਹੈ। ਇਸ ਲਈ ਇਨ੍ਹਾਂ ਧਰਮ ਗ੍ਰੰਥਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਧਰਮ ਗ੍ਰੰਥ ਦੇ ਰਚਨਾ ਕਾਲ ਵਿਚ ਪਹੁੰਚਣਾ ਵੀ ਅਤਿ ਜ਼ਰੂਰੀ ਹੋ ਜਾਂਦਾ ਹੈ ਜੋ ਆਸਾਨ ਕਾਰਜ ਨਹੀਂ ਪਰ ਇਸ ਬਿਨਾਂ ਗ੍ਰੰਥ ਵਿਚਲੇ ਰਹੱਸ ਨੂੰ ਬਿਆਨੀਆ ਰੂਪ ਦੇਣਾ ਅਸੰਭਵ ਹੀ ਪ੍ਰਤੀਤ ਹੁੰਦਾ ਹੈ।

ਧਰਮ ਗ੍ਰੰਥਾਂ ਦੀ ਵਿਆਖਿਆ ਦੇ ਸੰਬੰਧ ਵਿਚ ਕਿ ਇਹ ਕੇਵਲ ਬੁੱਧੀ ਜਾਂ ਗਿਆਨ ਦੀ ਉਪਜ ਮਾਤਰ ਨਹੀਂ ਹੁੰਦੇ ਬਲਕਿ ਰੱਬੀ ਬਖ਼ਸ਼ਿਸ਼/ਰਹਿਮਤ ਦੁਆਰਾ ਬਿਬੇਕ ਬੁੱਧ (Wisdom) ਰਾਹੀਂ ਅੱਖਰਾਂ

[1] ਡਾ. ਅਮਰਜੀਤ ਸਿੰਘ (ਸੰਪਾ.), ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ ਕੁਝ ਦ੍ਰਿਸਟੀਕੋਣ, ਪੰਨਾ 97

ਦਾ ਰੂਪ ਲੈਂਦੇ ਹਨ। ਬੇਸ਼ੱਕ ਇਨ੍ਹਾਂ ਦਾ ਸਥਾਨ ਧਰਮ ਗ੍ਰੰਥਾਂ ਬਾਅਦ ਦੂਜੈਲਾ ਹੀ ਹੈ ਪਰ ਇਨ੍ਹਾਂ ਵਿਆਖਿਆਤਮਕ ਕਾਰਜਾਂ ਦੀ ਅਹਿਮੀਅਤ ਵੀ ਕੋਈ ਘੱਟ ਨਹੀਂ। ਇਹ ਰੱਬੀ ਬੋਲਾਂ ਦਾ ਪੈਗ਼ਾਮ ਤਾਂ ਨਹੀਂ ਪਰ ਉਨ੍ਹਾਂ ਦਾ ਸੰਦੇਸ਼ ਤਾਂ ਜ਼ਰੂਰ ਹੋ ਸਕਦੇ ਹਨ। ਅਗਲੇਰੀ ਵਿਚਾਰ ਤੋਂ ਪਹਿਲਾਂ ਇਕ ਗੱਲ ਹੋਰ ਵੀ, ਜੋ ਜ਼ਰੂਰੀ ਬਣਦੀ ਹੈ ਕਿ ਬਹੁਗਿਣਤੀ ਵਿਚ ਅਸੀਂ ਵਿਆਖਿਆ ਦੇ ਸਰੂਪਾਂ ਬਾਰੇ ਦੁਚਿੱਤੀ ਵਿਚ ਹੁੰਦੇ ਹਾਂ ਜਾਂ ਉਨ੍ਹਾਂ ਨੂੰ ਇਕੋ ਅਰਥਾਂ ਵਿਚ ਹੀ ਪ੍ਰਵਾਨ ਕਰ ਲੈਂਦੇ ਹਾਂ ਜਿਵੇਂ-ਟੀਕਾਕਾਰੀ ਤੇ ਵਿਆਖਿਆਕਾਰੀ, Hermenutics ਤੇ Interprtation ਨੂੰ ਇਕੋ ਅਰਥਾਂ ਵਿਚ ਹੀ ਵੇਖਿਆ ਜਾਂਦਾ ਹੈ, ਜੋ ਠੀਕ ਨਹੀਂ ਹੈ। ਵਿਆਖਿਆ ਦੇ ਸਮੁੱਚੇ ਰੂਪ ਨੂੰ ਜਾਣਨ ਤੋਂ ਪਹਿਲਾਂ ਇਹ ਵੀ ਜਾਨਣਾ ਚਾਹੀਦਾ ਹੈ ਕਿ ਵਿਆਖਿਆ, ਵਿਆਖਿਆਕਾਰੀ, ਵਿਆਖਿਆਕਾਰ ਅਤੇ ਵਿਆਖਿਆ ਸ਼ਾਸਤਰ ਕੀ ਹੈ? ਆਮ ਕਰਕੇ ਇਨ੍ਹਾਂ ਨੂੰ ਸਮਰੂਪਤਾ ਵਿਚ ਵੇਖਣ ਦਾ ਜਤਨ ਕੀਤਾ ਜਾਂਦਾ ਹੈ, ਖ਼ਾਸਕਰ ਵਿਆਖਿਆ ਅਤੇ ਵਿਆਖਿਆਕਾਰੀ ਨੂੰ। ਉਦਾਹਰਨ ਲਈ ਵਿਆਖਿਆ ਨੂੰ ਹੀ ਵਿਆਖਿਆਕਾਰੀ ਦੇ ਅਰਥਾਂ ਵਿਚ ਵੇਖਣ ਦਾ ਪ੍ਰਚਲਨ ਹੈ, ਜਦਕਿ ਵਿਆਖਿਆ ਮਹਿਜ਼ ਇਕ ਸੰਕਲਪ ਹੈ ਜਿਹੜਾ ਪਵਿੱਤਰ ਪ੍ਰਵਚਨਾਂ ਦੇ ਮੂਲ ਭਾਵ ਰੂਪ ਨੂੰ ਸੁਖੈਨ ਢੰਗ ਨਾਲ ਜਨ ਸਾਧਾਰਨ ਦੀ ਮਾਨਸਿਕਤਾ ਤੱਕ ਲੈ ਜਾਣ ਵਾਲੇ ਕੁਲ ਯਤਨਾਂ ਵੱਲ ਸੰਕੇਤਕ ਹੈ।...ਵਿਆਖਿਆ, ਵਿਆਖਿਆਕਾਰੀ ਨਾਲ ਜੁੜਿਆ ਤੀਸਰਾ ਪੱਖ ਵਿਆਖਿਆ ਸ਼ਾਸਤਰ ਦਾ ਹੁੰਦਾ ਹੈ। ਵਿਆਖਿਆ ਸ਼ਾਸਤਰ ਇਕ ਅਜਿਹੀ ਵਿਧਾ ਹੈ, ਇਕ ਅਜਿਹੀ ਅੰਤਰਦ੍ਰਿਸਟੀ ਹੈ, ਇਕ ਅਜਿਹਾ ਗਿਆਨ ਦਾ ਅਨੁਸ਼ਾਸਨ ਪ੍ਰਬੰਧ ਹੈ ਜੋ ਵਿਆਖਿਆਕਾਰ ਲਈ ਦ੍ਰਿਸਟੀ ਪ੍ਰਦਾਨ ਕਰਦਾ ਹੈ। ਇਸੇ ਲੜੀ ਵਿਚ ਚੌਥਾ ਹਿੱਸਾ ਵਿਆਖਿਆਕਾਰ ਦਾ ਹੰਦਾ ਹੈ। ਇਹ ਅਤੁੱਟ ਵਿਸ਼ਵਾਸ (Faith) ਅਤੇ ਬਿਬੇਕੀ ਜਗਿਆਸਾ (Curiosity) ਨਾਲ ਇਕਸੁਰ ਹੋਇਆ ਉਹ ਵਿਅਕਤੀ ਵਿਸ਼ੇਸ਼ ਹੁੰਦਾ ਹੈ ਜੋ ਵਿਆਖਿਆ ਦੇ ਸੰਕਲਪ ਨੂੰ ਅਮਲ ਵਿਚ ਰੂਪਮਾਨ ਕਰਦਾ ਹੈ।[2]

ਉਪਰੋਕਤ ਅਨੁਸਾਰ ਧਰਮ ਗ੍ਰੰਥ ਵਿਚਲੇ ਪਾਠ ਨੂੰ ਵਿਆਖਿਆ ਕਰਨ ਵਾਲਾ ਵਿਆਖਿਆਕਾਰ ਰੀਝ ਨਾਲ ਪੜ੍ਹਦਾ ਹੈ ਅਤੇ ਉਸ ਵਿਚਲੇ ਭਾਸ਼ਾਈ ਤੇ ਸਭਿਆਚਾਰਕ ਪੱਖਾਂ ਨੂੰ ਘੋਖਦਾ ਹੋਇਆ ਭਾਸ਼ਾ ਤੇ

---

[2] ਡਾ. ਸਰਬਜਿੰਦਰ ਸਿੰਘ (ਸੰਪਾ.), ਵਿਆਖਿਆ-ਸ਼ਾਸਤਰ ਅਤੇ ਸਿੱਖ ਵਿਆਖਿਆਕਾਰੀ, ਭੂਮਿਕਾ

ਲਿਪੀ ਦੀਆਂ ਗਹਿਰ ਗੁੰਝਲਾਂ ਨੂੰ ਪਰਖ ਪੜਚੋਲ ਕੇ ਵਿਆਖਿਆ ਸ਼ਾਸਤਰ ਦੇ ਨਿਯਮਾਂ ਅਨੁਸਾਰ ਜੋ ਵਿਚਾਰ ਪੇਸ਼ ਕਰਦਾ ਹੈ, ਉਹ ਉਸ ਦਾ ਨਤੀਜਾ ਹੈ ਜਿਸ ਨੂੰ ਵਿਆਖਿਆ ਕਿਹਾ ਜਾਂਦਾ ਹੈ। ਧਰਮ ਗ੍ਰੰਥਾਂ ਦੀ ਵਿਆਖਿਆ ਦਾ ਕਾਰਜ ਸਭ ਤੋਂ ਪਹਿਲਾਂ ਬਾਈਬਲ ਦੀ ਵਿਆਖਿਆ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸ ਦੀ ਵਿਆਖਿਆ ਕਰਦਿਆਂ ਦੋ ਸ਼ਬਦ ਸਾਹਮਣੇ ਆਉਂਦੇ ਹਨ ਉਹ ਹੈ:- hermenutics ਤੇ Exegesis ਇਨ੍ਹਾਂ ਤੋਂ ਇਲਾਵਾ ਵੀ ਹੈ ਜੋ ਬਾਈਬਲ ਦੀ ਵਿਆਖਿਆ ਦੇ ਨਾਲ ਸੰਬੰਧ ਰਖਦਾ ਹੈ ਉਹ ਸ਼ਬਦ interpretation ਹੈ; ਇਸਲਾਮ ਵਿਚ ਵਿਆਖਿਆ ਨਾਲ ਸੰਬੰਧਿਤ ਦੋ ਸ਼ਬਦ ਤਫ਼ਸੀਰ ਅਤੇ ਤਾਵੀਲ ਦੀ ਵਰਤੋਂ ਹੁੰਦੀ ਹੈ। ਇਸੇ ਤਰ੍ਹਾਂ ਪੁਰਾਣਾਂ ਦੀ ਵਿਆਖਿਆ ਲਈ ਸ਼ਬਦ 'ਭਾਸ਼ਯ' ਦੀ ਵਰਤੋਂ ਹੁੰਦੀ ਹੈ।

ਵਿਆਖਿਆਕਾਰੀ ਲਈ ਨਿਯਮ ਤਿਆਰ ਕਰਨ ਦਾ ਕੰਮ ਵਿਆਖਿਆ ਸ਼ਾਸਤਰ ਕਰਦਾ ਹੈ। ਇਹ ਇਕ ਅਨੁਸ਼ਾਸਨੀ ਵਿਧੀ ਹੈ ਕਿ ਵਿਆਖਿਆਕਾਰੀ ਕਿਸ ਪ੍ਰਕਾਰ ਕਰਨੀ ਹੈ।? ਵਿਆਖਿਆ, ਵਿਆਖਿਆਕਾਰੀ ਤੇ ਵਿਆਖਿਆ ਸ਼ਾਸਤਰ ਬਾਰੇ ਪਿੱਛੇ ਗੱਲ ਕਰ ਆਏ ਹਾਂ ਕਿ ਇਨ੍ਹਾਂ ਵਿਚ ਕੀ ਅੰਤਰ ਹੈ। ਹੁਣ ਇਨ੍ਹਾਂ ਦੇ ਕੋਸ਼ਗਤ ਅਰਥਾਂ ਬਾਰੇ ਜਾਣਦੇ ਹਾਂ-

ਵਿਆਖਿਆ ਸ਼ਾਸਤਰ (Hermeneutics) ਯੂਨਾਨੀ ਭਾਸ਼ਾ ਦੇ ਸ਼ਬਦ 'Hermeneuein' ਤੋਂ ਬਣਿਆ ਹੈ। ਜਿਸ ਦਾ ਅਰਥ ਹੈ ਵਿਆਖਿਆ ਕਰਨਾ (to interpret)। ਇਸੇ ਮੂਲ ਧਾਤੂ ਤੋਂ Hermeneuia ਸ਼ਬਦ ਬਣਿਆ ਜਿਸ ਦਾ ਅਰਥ ਹੈ ਵਿਆਖਿਆ (interpretation)। ਵੈਬਸਟਰਜ਼ ਡਿਕਸ਼ਨਰੀ ਅਨੁਸਾਰ Hermeneutics ਵਿਚ ਵਿਆਖਿਆ ਅਤੇ ਵਿਸ਼ਲੇਸ਼ਣ ਵਿਧੀਆਤਮਕ (Methodology Principle) ਸਿਧਾਂਤ ਸ਼ਾਮਿਲ ਹੁੰਦੇ ਹਨ।[3] ਇਸ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਬਾਈਬਲ ਦੀ ਵਿਅਖਿਆ ਨਾਲ ਜੋੜ ਕੇ ਕੀਤੀ ਗਈ ਸੀ। ਇਸ ਲਈ ਇਸ ਨੂੰ ਖਾਸ ਤੌਰ 'ਤੇ ਬਾਈਬਲ ਸੰਬੰਧੀ ਵਿਅਖਿਆ ਦੇ ਸਿਧਾਂਤ ਵਜੋਂ ਹੀ ਲਿਆ ਜਾਂਦਾ ਹੈ।[4] ਅਸਲ ਵਿਚ ਵਿਆਖਿਆ-ਸ਼ਾਸਤਰ ਇਕ ਸਵੈ-ਅਨੁਸ਼ਾਸਨ ਵਿਧੀ ਹੈ ਜੋ ਕਿ ਧਾਰਮਿਕ ਪਾਠ ਨੂੰ ਸਮਝਣ-ਸਮਝਾਉਣ ਲਈ ਨਿਯਮ ਨਿਰਧਾਰਤ ਕਰਦੀ ਹੈ। ਵਿਆਖਿਆ-ਸ਼ਾਸਤਰ

---

[3] Webster's Dictionary of English Language, p.665

[4] ਡਾ. ਸਰਬਜਿੰਦਰ ਸਿੰਘ (ਸੰਪਾ.), ਉਪਰੋਕਤ ਵਰਣਿਤ, ਪੰਨਾ 99

ਵਿਆਖਿਆਕਾਰੀ ਨਹੀ, ਸਗੋਂ ਵਿਆਖਿਆ ਕਰਨੀ ਕਿਵੇਂ ਹੈ ਅਤੇ ਕਿਹੜੇ ਵਿਗਿਆਨਕ ਮਾਪ-ਦੰਡ ਅਪਣਾਉਂਣੇ ਹਨ? ਉਹਨਾ ਬਾਰੇ ਸੇਧ ਦਿੰਦਾ ਹੈ।[5] ਇਸ ਤਰ੍ਹਾਂ Hermeneutics ਦਾ ਮਨੋਰਥ ਧਰਮ ਗ੍ਰੰਥਾਂ ਦੇ ਸੱਚ ਦੀ ਸਮਝ ਪ੍ਰਾਪਤ ਕਰਕੇ ਉਸਦੀ ਸੁਖੈਨ ਵਿਆਖਿਆ ਨੂੰ ਸ਼ਰਧਾਲੂਆਂ ਜਾ ਜਗਿਆਸੂਆਂ ਤੱਕ ਪਹੁੰਚਾਉਣਾ ਹੈ। ਸੋਖੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਵਿਆਖਿਆ ਅਸਲ ਵਿਚ ਅਰਥ ਵਿਸਥਾਰ ਹੈ ਅਤੇ ਇਸ ਵਿਸਥਾਰਿਤ ਵਿਆਖਿਆ ਰਾਹੀਂ ਬਾਣੀ ਵਿਚ ਵਰਤੇ ਸਹਜਮਈ, ਵਿਸਮਾਦੀ ਅਰਥਾਂ ਨੂੰ ਸਪਸ਼ਟ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਇਸ ਤਰ੍ਹਾਂ ਅਸੀ ਕਹਿ ਸਕਦੇ ਹਾਂ ਕਿ ਕਿਸੇ ਧਾਰਮਿਕ ਗ੍ਰੰਥ ਜੋ ਮੂਲ ਰੂਪ ਵਿਚ ਰੱਬੀ ਆਵੇਸ਼ ਹੁੰਦਾ ਹੈ ਦੇ ਹੂ-ਬ-ਹੂ (literel) ਅਤੇ ਸੁਹਜ ਭਾਵਾਂ ਨੂੰ ਪਾਠਕ ਤੱਕ ਸਰਲ ਸੌਖੀ ਅਤੇ ਸਪਸ਼ਟ ਭਾਸ਼ਾ ਵਿਚ ਸਮਝਾਉਣ ਅਤੇ ਪੇਸ਼ ਕਰਨ ਦਾ ਸਾਰਥਿਕ ਜਤਨ ਹੀ ਵਿਆਖਿਆ ਹੁੰਦਾ ਹੈ। ਵਿਆਖਿਆ ਦੀ ਸਹਾਇਤਾ ਨਾਲ ਹੀ ਅਜਿਹੇ ਪਾਠ ਦਾ ਬਹੁਪੱਖੀ ਸੰਦੇਸ਼ (ਜਿਵੇ ਕਿ ਭਾਸ਼ਾਈ, ਸਮਾਜਿਕ, ਰਾਜਨਿਤਿਕ, ਅਧਿਆਤਮਿਕ, ਸਭਿਆਚਾਰਕ ਅਤੇ ਦਾਰਸ਼ਨਿਕ) ਸਾਧਾਰਨ ਪਾਠਕ ਦੇ ਨਾਲ-ਨਾਲ ਵਿਸ਼ੇਸ਼ ਰੂਪ ਵਿਚ ਗੰਭੀਰ ਪਾਠਕ ਨੂੰ ਵੀ ਪੂਰੀ ਤਰ੍ਹਾਂ ਸੰਚਾਰਿਤ ਹੋ ਜਾਂਦਾ ਹੈ।[6]

ਵਿਆਖਿਆ ਦਾ ਅਰਥ ਟੀਕਾ ਜਾਂ ਸ਼ਾਬਦਿਕ ਅਰਥਾਂ ਵਿਚ ਪ੍ਰਗਟਾਵਾ ਨਹੀਂ ਸਗੋਂ ਇਹ ਮੂਲ ਅਨੁਭਵ ਦੇ ਮੂਲ ਸੰਦੇਸ਼ ਨੂੰ ਵਿਸਥਾਰਤ ਵਿਚ ਸਪਸ਼ਟਤਾ ਸਹਿਤ ਬਿਆਨ ਕਰਨ ਦਾ ਜਤਨ ਹੁੰਦਾ ਹੈ ਜਾਂ ਕਿਸੇ ਕਠਿਨ ਅਸਟਪਦੀ ਜਾਂ ਰਹੱਸਮਈ ਪਦ, ਵਾਕ, ਸੂਤ੍ਰ ਜਾਂ ਸੂਤ੍ਰ ਗ੍ਰੰਥ ਨੂੰ ਸਪਸ਼ਟ, ਸਰਲ ਤੇ ਸੁਖੈਨ ਰੂਪ ਵਿਚ ਵਿਸਥਾਰਮਈ ਢੰਗ ਨਾਲ ਬਿਆਨ ਕਰਨ ਵਾਲੀ ਕ੍ਰਿਤ ਨੂੰ ਵਿਆਖਿਆ ਆਖਿਆ ਜਾਂਦਾ ਹੈ। ਵਿਆਖਿਆ ਦੇ ਕੋਸ਼ਗਤ ਅਰਥ-

'Exegesis-Critical explanation or interpretation of a text, especially of scripture, the task of biblical exegesis.[7]

---

[5] ਡਾ. ਗੁਲਜਾਰ ਸਿੰਘ ਕੰਗ, ਗੁਰਬਾਣੀ ਵਿਆਖਿਆ-ਵਿਖਿਆਨ, ਪੰਨਾ 56

[6] ਡਾ. ਸਰਬਜਿੰਦਰ ਸਿੰਘ (ਸੰਪਾ.), ਉਪਰੋਕਤ ਵਰਣਿਤ, ਪੰਨਾ 100

[7] Oxford Dictionary, page 606

‘Hermeneutics-The branch of knowledge that deal with interpretation, especially of the bible of the literary text.[8]

‘Interpretation-The action of explaining the meaning of something the interpretation of data.[9]

‘The new international webster comprehensive Dictionary of the English Language’ ਵਿਚ “Exegesis-Explanation of the language and thought of a literary work, especially, biblical exposition or interpretation.[10]

‘ਤਫ਼ਸੀਰ ਪਦ ਦੀ ਵਰਤੋਂ ਆਮ ਤੌਰ ‘ਤੇ ਸ਼ਬਦਾਂ ਅਤੇ ਵਾਕੰਸ਼ਾਂ ਦੀ ਵਿਆਖਿਆ ਵੱਲ ਸੰਕੇਤ ਕਰਦੀ ਹੈ ਜਦੋਂ ਕਿ ‘ਤਾਵੀਰ’ ਵਾਕਾਂ ਦੇ ਸਮੂਹ ਦੇ ਭਾਵਾਰਥ ਦਸਦੀ ਹੈ।........ਸੰਖੇਪ ਵਿਚ ‘ਤਫ਼ਸੀਰ’ (ਤਾਵੀਲ) ਦਾ ਕੰਮ ਕਲਾਮ ਵਿਚ ਪਾਏ ਜਾਂਦੇ ਧੁੰਦਲੇਪਣ ਦੇ ਰਹੱਸ ਨੂੰ ਦੂਰ ਕਰਨਾ ਹੈ।[11]

ਮਾਨਕ ਹਿੰਦੀ ਕੋਸ਼ ਅਨੁਸਾਰ ਵਿਆਖਿਆ ਦੇ ਅਰਥ ‘ਕਿਸੇ ਔਖੀ ਪੰਕਤੀ, ਵਾਕ ਜਾਂ ਵਿਸ਼ੇ ਨੂੰ ਸਰਲ ਜਾਂ ਸੌਖੇ ਰੂਪ ਵਿਚ ਸਮਝਣ ਲਈ ਕਹੀ ਜਾਣ ਵਾਲੀ ਗੱਲ ਜਾਂ ਕੀਤਾ ਜਾਣ ਵਾਲਾ ਵਿਵੇਚਨ। ਕਿਸੇ ਜਟਿਲ ਵਾਕ ਦਾ ਅਰਥ ਜਾਂ ਸਪਸ਼ਟੀਕਰਨ। ਕਿਸੇ ਵਾਕ, ਕਥਨ ਆਦਿ ਦਾ ਆਪਣੀ ਬੁੱਧੀ ਜਾਂ ਆਪਣੇ ਦ੍ਰਿਸ਼ਟੀਕੋਣ ਨਾਲ ਲਾਇਆ ਜਾਣ ਵਾਲਾ ਅਰਥ। ਕਿਸੇ ਵਿਸ਼ੇ ਦਾ ਕੁਝ ਵਿਸਥਾਰ ਨਾਲ ਕੀਤਾ ਜਾਣ ਵਾਲਾ ਵਰਨਣ।[12]

---

[8] Ibid, page 812

[9] Ibid, page 906

[10] Webster Dictionary, page 444

[11] ਡਾ. ਜਗਬੀਰ ਸਿੰਘ, ਗੁਰਬਾਣੀ: ਵਿਸ਼ਵ-ਦ੍ਰਿਸਟੀ ਤੇ ਵਿਚਾਰਧਾਰਾ, ਪੰਨਾ 85

[12] ਮਾਨਕ ਹਿੰਦੀ ਕੋਸ਼, ਪੰਨਾ 129

ਜਿਸ ਸੂਤ੍ਰ ਵਿਚ ਉਦਾਹਰਣ, ਪ੍ਰਤੀ ਉਦਾਹਰਣ, ਵਾਕ ਵਿਚੋਂ ਉਪਜਦੇ ਅਰਥ ਦਾ ਕਥਨ ਇਹ ਤਿੰਨ ਗੱਲਾਂ ਹੋਣ ਉਹ ਵਿਆਖਿਆ ਹੈ।[13]

ਵਿਆਖਿਆਕਾਰੀ ਨਾਲ ਸੰਬੰਧਿਤ ਸ਼ਬਦ Exegesis ਤੇ harmenutics ਭਾਵੇਂ ਤਕਨੀਕ ਕਰਕੇ ਕੁਝ ਵਖਰੇਵਾਂ ਰੱਖਦੇ ਹਨ ਪਰ ਵਿਆਖਿਆਕਾਰੀ ਦੇ ਕਾਰਜ ਵਿਚ ਦੋਨਾਂ ਸ਼ਬਦਾਂ ਦੀ ਆਪਣੀ ਸਾਰਥਕਤਾ ਹੈ ਕਿਉਂਕਿ 'Exegesis' ਦਾ ਸੰਬੰਧ ਪਾਠ (text) ਦੀ ਵਿਆਖਿਆਕਾਰੀ ਦੇ ਅਰਥਾਂ ਨਾਲ ਹੈ 'Hermeneutics' ਦਾ ਸੰਬੰਧ ਵਿਆਖਿਆਕਾਰੀ ਦੇ ਪਿਛੋਕੜ ਵਿਚ ਜਤਨਸ਼ੀਲ ਸਿਧਾਂਤਾਂ ਨਾਲ ਹੈ। ਆਸਾਨ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ 'Exegesis' ਵਿਆਖਿਆਕਾਰੀ ਦੀ ਕਲਾ ਜਾਂ ਅਧਿਐਨ ਵੱਲ ਸੰਕੇਤ ਕਰਦਾ ਹੈ ਉਥੇ 'Hermeneutics' ਵਿਆਖਿਆਕਾਰੀ ਦੇ ਸਿਧਾਂਤਾਂ ਨਾਲ ਵੱਲ ਇਸ਼ਾਰਾ ਕਰਦਾ ਹੈ। ਇਸ ਤਰ੍ਹਾਂ ਇਹ ਦੋਵੇਂ ਸ਼ਬਦ ਹੀ ਵਿਆਖਿਆਕਾਰੀ ਦੇ ਸਿਧਾਂਤਕ ਅਤੇ ਵਿਸ਼ਾਲ ਪੱਖ ਨਾਲ ਸੰਬੰਧਿਤ ਹਨ। 'ਐੱਕਸਿਜੀਸਿਸ' ਮਦ ਯੂਨਾਨੀ ਸ਼ਬਦ exegeisthai ਤੋਂ ਬਣੀ ਮੰਨੀ ਗਈ ਹੈ। ਯੂਨਾਨੀ ਵਿਚ ਇਸ ਦੇ ਦੋ ਰੂਪਾਂ ex-cout ਅਤੇ hegisthai (guid) ਬਣਿਆ ਹੈ ਅਤੇ ਇਸ ਤਰ੍ਹਾਂ ਇਸ ਦਾ ਅਰਥ ਬਣਦਾ ਹੈ 'to lead out'। ਜਦੋਂ 'ਐੱਕਸਿਜੀਸਿਸ' ਦੇ ਰੂਪ ਵਿਚ ਇਸ ਦੀ ਵਰਤੋਂ ਕੀਤੀ ਗਈ ਤਾਂ ਇਸ ਤੋਂ ਭਾਵ ਲਿਆ ਗਿਆ ਕਿ 'ਪਾਠ (text) ਕਿਸ ਪਾਸੇ ਨੂੰ ਲਿਜਾਂਦਾ ਹੈ" ਜਾਂ ਫਿਰ "ਪਾਠ ਕੀ ਕਹਿੰਦਾ ਹੈ"? ਸਭ ਤੋਂ ਪਹਿਲਾਂ ਇਸ ਮਦ ਦੀ ਵਰਤੋਂ 1610 ਈਸਵੀ ਵਿਚ ਬਾਈਬਲ ਦੇ ਹਵਾਲੇ ਨਾਲ ਕੀਤੀ ਗਈ ਮੰਨੀ ਜਾਂਦੀ ਹੈ।[14]

ਉਪਰ ਦਿੱਤੀਆਂ ਪਰਿਭਾਸ਼ਾਵਾਂ ਤੋਂ ਇਹ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਵਿਆਖਿਆਕਾਰੀ ਦਾ ਕਾਰਜ ਅਸਾਨ ਨਹੀਂ ਹੈ, ਇਹ ਤਾਂ ਬਿਖਮ ਪੈਂਡਾ ਹੈ ਤੇ ਨਾਲ-ਨਾਲ ਇਹ ਇਕ ਕਲਾ ਵੀ ਹੈ ਜੋ ਵਿਆਖਿਆਕਾਰ ਦੀ ਸਾਹਿਤਕ ਪਹੁੰਚ ਦਾ ਪ੍ਰਗਟਾਵਾ ਵੀ ਕਰਦੀ ਹੈ। ਵਿਆਖਿਆਕਾਰੀ ਉਹ

[13] ਡਾ. ਅਮਰਜੀਤ ਸਿੰਘ (ਸੰਪਾ.), ਉਪਰੋਕਤ ਵਰਣਿਤ, ਪੰਨੇ 148 -49

[14] ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਗੁਰਬਾਣੀ: ਵਿਆਖਿਆ ਅਤੇ ਵਿਆਖਿਆ ਸ਼ਾਸਤਰ, ਪੰਨਾ 40

ਸਿਰਜਨਾਤਮਕ ਕਲਾ ਹੈ ਜੋ ਕਿਸੇ ਅਨੁਭਵੀ ਸਾਹਿਤਕ ਕਿਰਤ ਦੇ ਵਿਚਾਰਾਂ, ਭਾਵਾਂ, ਭਾਵਨਾਵਾਂ ਨੂੰ ਸਪਸ਼ਟ ਕਰਨ ਦਾ ਜਤਨ ਕਰਦੀ ਹੈ।[15]

ਵਿਆਖਿਆ ਨਾਲ ਸੰਬੰਧਿਤ ਕਾਰਜ ਨੂੰ ਸਮਝਣਾ ਆਸਾਨ ਹੀ ਨਹੀਂ ਬਲਕਿ ਅਤਿ ਬਿਖਮ ਵੀ ਹੈ। ਇਸ ਦਾ ਕਾਰਨ ਇਹ ਵੀ ਹੈ ਕਿ ਜਿਸ ਪਾਠ (text) ਦੀ ਵਿਆਖਿਆ ਕਰਨੀ ਹੈ ਉਸ ਪਾਠ ਵਿਚਲੇ ਗੁਪਤ ਚਿੰਨ੍ਹ, ਸੰਕੇਤ, ਰਹੱਸ, ਵਿਚਾਰਧਾਰਾ ਨੂੰ ਸਮਝਣਾ ਬਹੁਤ ਮੁਸ਼ਕਿਲ ਹੈ। ਇਸ ਲਈ ਇਥੇ ਧਿਆਨ ਰੱਖਣ ਵਾਲੀ ਗਲ ਹੈ ਕਿ ਪਾਠ ਦਾ ਸੰਬੰਧ ਕਿਸ ਕਾਲ/ਸਮੇਂ ਨਾਲ ਹੈ ਤੇ ਪਾਠ ਕਿਤਨਾ ਪੁਰਾਣਾ ਹੈ? ਕਿਸ ਜਾਤੀ, ਧਰਮ, ਕਬੀਲੇ ਨਾਲ ਸੰਬੰਧਿਤ ਹੈ? ਕਿਉਂਕਿ ਪਾਠ ਵਿਚੋਂ ਹੀ ਸੰਬੰਧਿਤ ਕਬੀਲੇ, ਧਰਮ ਦੀਆਂ ਸਮਾਜਿਕ ਗਤੀਵਿਧੀਆਂ, ਰਹਿਣ-ਸਹਿਣ, ਵਰਤੋਂ-ਵਰਤਾ ਆਦਿ ਦਾ ਪਤਾ ਲਗਦਾ ਹੈ। ਇਸ ਲਈ ਵਿਆਖਿਆ ਨੂੰ ਸਮਝਣ ਤੋਂ ਪਹਿਲਾਂ ਜਿਸ ਦੀ ਵਿਆਖਿਆ ਕਰਨੀ ਹੈ, ਉਸ ਬਾਰੇ ਜਾਣਕਾਰੀ ਹੋਣਾ ਵੀ ਜ਼ਰੂਰੀ ਹੋ ਜਾਂਦਾ ਹੈ। ਦੂਸਰਾ ਵਿਆਖਿਆ ਕਿਉਂ ਕਰਨੀ ਹੈ, ਨੂੰ ਵੀ ਜਾਣਨਾ ਜ਼ਰੂਰੀ ਹੋਵੇਗਾ। ਕਿਉਂਕਿ ਵਿਆਖਿਆ ਦਾ ਸੰਬੰਧ ਪਾਠ ਨਾਲ ਹੈ। ਪਾਠ ਮਾਨਵ ਸਿਰਜਿਤ ਕਲਾ ਹੈ ਜੋ ਸ਼ਬਦਾਂ ਦੇ ਮਾਧਿਅਮ ਰਾਹੀਂ ਸਿਰਜੀ ਜਾਂਦੀ ਹੈ। ਪ੍ਰੋ. ਜਗਬੀਰ ਸਿੰਘ 'american heritage dictionary' ਦੇ ਹਵਾਲੇ ਨਾਲ ਦਸਦੇ ਹਨ:

'The original words of something written or printed, as opposed to a preface, translation, revision, or condensation. The words of speech appearing in print…. Something, such as a literary work or other cultural product, regards as an object of critical analysis. A passage from the Scriptures or another authoritative

[15] ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 1

sources chosen for the subject of discourse or cited for support in argument. A passage from a written work used as the starting point of a discussion.[16]

ਇਸ ਤਰ੍ਹਾਂ ਪਾਠ (text) ਭਾਸ਼ਾ ਦੇ ਚਿੰਨਾਂ ਅਤੇ ਪ੍ਰਤੀਕਾਂ ਦਾ ਇਕ ਸੰਗਠਤ ਰੂਪ ਹੈ ਜੋ ਸਮਾਜ ਵਿਚੋਂ ਹੀ ਪੈਦਾ ਹੁੰਦਾ ਹੈ ਅਤੇ ਇਸ ਪਿੱਛੇ ਸ਼ਬਦ ਹੀ ਕਾਰਜਸ਼ੀਲ ਹੁੰਦਾ ਹੈ। ਪਾਠ ਦੀ ਸਮੁੱਚੀ ਬਣਤਰ ਤੇ ਬੁਣਤਰ ਵਿਚ ਸ਼ਬਦ ਹੀ ਕਾਰਜਸ਼ੀਲ ਹੁੰਦੇ ਹਨ। ਇਸ ਤਰ੍ਹਾਂ ਪਾਠ ਦਾ ਸੰਕਲਪ ਧਾਰਮਿਕ ਅਤੇ ਸਾਹਿਤਕ, ਸਭਿਆਚਾਰਕ ਰਚਨਾਵਾਂ ਨੂੰ ਵਾਚਣ ਤੇ ਵਿਚਾਰਨ ਲਈ ਮਹੱਤਵਪੂਰਨ ਅੰਤਰ ਦ੍ਰਿਸ਼ਟੀ ਅਤੇ ਪਹੁੰਚ ਪ੍ਰਦਾਨ ਕਰਦਾ ਹੈ। ਵਿਆਖਿਆ ਕਰਦਿਆਂ ਪਾਠ ਦਾ ਅਰਥ ਨਿਰਧਾਰਤ ਕਿਵੇਂ ਕੀਤਾ ਜਾਵੇ? ਕਿਉਂਕਿ ਵਿਆਖਿਆ ਦਾ ਸੰਬੰਧ ਜਿਆਦਾਤਰ ਧਾਰਮਿਕ ਗ੍ਰੰਥ ਹੀ ਹਨ। ਇਸ ਲਈ ਅਜ ਤੋਂ ਸਦੀਆਂ ਪਹਿਲਾਂ ਹੋ ਚੁੱਕੇ ਇਹ ਧਰਮ ਗ੍ਰੰਥ ਜਿਥੇ ਬੋਲੀ ਤੇ ਸ਼ੈਲੀ ਕਰਕੇ ਅਜੋਕੇ ਭਾਸ਼ਾ ਅਤੇ ਸਮਾਜਿਕ ਦ੍ਰਿਸ਼ਟੀਕੋਣ ਤੋਂ ਵਖਰੇ ਸੀ ਉਥੇ ਉਨ੍ਹਾਂ ਵਿਚ ਵਰਤੇ ਚਿੰਨ੍ਹ ਅਤੇ ਪ੍ਰਤੀਕ ਵੀ ਅਜੋਕੀ ਬੋਲੀ ਲਈ ਓਪਰੇ ਪ੍ਰਤੀਤ ਹੁੰਦੇ ਹਨ। ਦੂਸਰਾ ਵਿਆਖਿਆ ਲਈ ਵਰਤੇ ਸ਼ਬਦ ‘Exegesis’ ਅਤੇ ‘Hermeneutics’ ਮਾਨਵ ਸਿਰਜਿਤ ਪਾਠ ਨੂੰ ਵਿਸ਼ੇਸ਼ ਕਰਕੇ ਬਾਈਬਲ ਨੂੰ ਆਪਣਾ ਆਧਾਰ ਤਾਂ ਬਣਾਉਂਦੇ ਹਨ ਪਰ ਧਰਮ ਗ੍ਰੰਥ ਤਾਂ ਰੱਬੀ ਬੋਲ ਹੁੰਦੇ ਹਨ ਇਨ੍ਹਾਂ ਰੱਬੀ ਬੋਲਾਂ ਨੂੰ ਸਮਝਣਾ ਅਤੇ ਅਰਥ ਨਿਰਧਾਰਤ ਕਰਨਾ ਹੋਰ ਵੀ ਮੁਸ਼ਕਿਲ ਕਾਰਜ ਹੈ। ਡਾ. ਅਮਰਜੀਤ ਸਿੰਘ ਗਰੇਵਾਲ, ਹੈਡੇਗਰ ਦੇ ਹਵਾਲੇ ਨਾਲ ਗੱਲ ਕਰਦੇ ਹੋਏ ਇਸ ਪੱਖ ਨੂੰ ਹੋਰ ਸਪਸ਼ਟ ਕਰਦੇ ਹੋਏ ਲਿਖਦੇ ਹਨ ‘ਟੈਕਸਟ ਵਿਚ ਸਭ ਕੁਝ ਸਾਹਮਣੇ ਹੀ ਨਹੀਂ ਪਿਆ ਹੁੰਦਾ। ਬਹੁਤ ਕੁਝ ਲੁਪਤ ਵੀ ਹੁੰਦਾ ਹੈ। ਜੋ ਲੇਖਕ ਦੀ ਮਾਨਸਿਕਤਾ ਅਤੇ ਟੈਕਸਟ ਦੀ ਸਮੁੱਚਤਾ ਨੂੰ ਜਾਣੇ ਬਗੈਰ ਸਮਝ ਨਹੀਂ ਆ ਸਕਦਾ। ਅਜਿਹਾ ਕਰਨ ਲਈ ਲੇਖਕ ਦੀ ਅੰਤਰ ਦ੍ਰਿਸ਼ਟੀ ਅਤੇ ਉਸ ਦੇ ਦੈਵੀਪਣ ਤੋਂ ਇਲਾਵਾ ਉਸ ਦੇ ਨੈਤਿਕ ਮੁੱਲਾਂ, ਸੌਂਦਰਯ ਦ੍ਰਿਸ਼ਟੀ ਨੂੰ ਵੀ ਸਮਝਣ ਦੀ ਲੋੜ ਹੁੰਦੀ ਹੈ।[17] ਇਸ ਤੋਂ ਅੱਗੇ ਹੋਰ ਲਿਖਦੇ ਹਨ ‘ਲੇਖਕ ਆਪਦੀ ਗੱਲ ਕਿਸ ਰੂਪ ਵਿਚ ਆਖ ਰਿਹਾ ਹੈ, ਵਿਆਖਿਆ ਕਰਦੇ ਸਮੇਂ ਇਸ ਗੱਲ ਦਾ ਵੀ

[16] ਡਾ. ਸਰਬਜਿੰਦਰ ਸਿੰਘ, ਉਪਰੋਕਤ ਵਰਣਿਤ, ਪੰਨਾ 1

[17] ਉਪਰੋਕਤ ਵਰਣਿਤ, ਪੰਨੇ 32-33

ਧਿਆਨ ਰੱਖਣਾ ਪਵੇਗਾ। ਉਹ ਵਿਆਖਿਆ ਸ਼ਾਸਤਰ ਵਿਚ ਵੱਖ-ਵੱਖ ਸਮਿਆਂ, ਸੰਸਕ੍ਰਿਤੀਆਂ ਅਤੇ ਧਿਰਾਂ ਦੇ ਵਖਰੇਵਿਆਂ ਅਤੇ ਵਿਰੋਧਤਾਈਆਂ ਦੇ ਮਹੱਤਵ ਦੀ ਵੀ ਗੱਲ ਕਰਦਾ ਹੈ। ਉਹ ਆਖਦਾ ਸੀ ਕਿ ਰੂਪਾਕਾਰ ਵੀ ਸਮੇਂ ਸਥਾਨ ਦੀ ਤਬਦੀਲੀ ਨਾਲ ਮਿਊਟੈਂਟ ਹੁੰਦੇ ਰਹਿੰਦੇ ਹਨ।[18]

ਵਿਆਖਿਆ ਦੇ ਕਾਰਜ ਵਿਚ ਸਭ ਤੋਂ ਪਹਿਲਾਂ ਪਾਠ ਨੂੰ ਨਿਰਧਾਰਿਤ ਕਰਨਾ ਹੈ ਅਤੇ ਉਸ ਪਾਠ ਵਿਚਲੇ ਰਹੱਸ ਨੂੰ ਵੀ ਸਮਝਣਾ ਹੈ ਤੇ ਦੂਜਾ ਭਾਸ਼ਾ ਨੂੰ। ਸਮੇਂ ਦੇ ਨਾਲ ਭਾਸ਼ਾ ਤੇ ਇਨ੍ਹਾਂ ਭਾਸ਼ਾਵਾਂ ਦਾ ਮੁਹਾਵਰਾ ਵੀ ਬਦਲ ਜਾਂਦਾ ਹੈ। ਭਾਸ਼ਾ ਦੇ ਪਰਿਵਰਤਨ ਦਾ ਅਸਰ ਸਮਾਜ ਵਿਚ ਵੀ ਦਿਖਾਈ ਦਿੰਦਾ ਹੈ ਜਿਸ ਬਾਰੇ ਪੰਡਿਤ ਭਾਗਵਤ ਜੀ ਲਿਖਦੇ ਹਨ- ‘when a language lives it change in society.[19] ਭਾਸ਼ਾ ਦੇ ਮਹਾਨ ਵਿਦਵਾਨ ਪਤੰਜਲੀ ਨੇ ਵੇਦ ਬਾਣੀ ਦੇ ਮੁਕਾਬਲੇ ਲੋਕ ਭਾਸ਼ਾ ਨੂੰ ਹੀ ਪਰਿਵਰਤਿਤ ਹੁੰਦੀ ਮੰਨਿਆ ਹੈ। ਨਦੀ ਆਪਣਾ ਰਾਹ ਬਦਲਦੀ ਹੈ ਪਰ ਆਪਣੀ ਸੀਮਾ ਵਿਚ ਰਹੇ ਤਾਂ ਜ਼ਿਆਦਾ ਨਹੀਂ ਜਿਵੇਂ ਪਰਬਤਾਂ ਵਿਚ। ਇਸੇ ਤਰ੍ਹਾਂ ਵੇਦ ਬਾਣੀ ਧਾਰਮਿਕ ਅਸੂਲਾਂ ਕਾਰਨ ਜ਼ਿਆਦਾ ਨਹੀਂ ਬਦਲੀ ਪਰ ਲੋਕ ਭਾਸ਼ਾ ਸੰਸਕ੍ਰਿਤ ਤੇ ਜਨ ਸਾਧਾਰਨ ‘ਤੇ ਕੋਈ ਨਿਯੰਤਰਣ ਨਾ ਹੋਣ ਕਾਰਨ ਉਹ ਬਦਲ ਗਈ।[20] ਇਥੇ ਇਕ ਗੱਲ ਤਾਂ ਸਪਸ਼ਟ ਹੈ ਕਿ ਧਰਮ ਗ੍ਰੰਥਾਂ ਵਿਚਲੀ ਭਾਸ਼ਾ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਬਲਕਿ ਲੋਕ ਬੋਲੀ ਵਿਚ ਤਬਦੀਲੀ ਆ ਜਾਂਦੀ ਹੈ ਜਿਸ ਕਾਰਨ ਧਰਮ ਗ੍ਰੰਥਾਂ ਦੀ ਬੋਲੀ ਤੇ ਲੋਕ ਬੋਲੀ ਵਿਚ ਅੰਤਰ ਆ ਜਾਂਦਾ ਹੈ। ਇਸ ਲਈ ਇਨ੍ਹਾਂ ਨੂੰ ਪੜ੍ਹਨਾ, ਸਮਝਣਾ ਅਤੇ ਸਮਝਣ ਤੋਂ ਬਾਅਦ ਜਨ ਮਾਨਸ ਤੱਕ ਪਹੁੰਚਾਉਣਾ ਅਤਿ ਕਠਿਨ ਕਾਰਜ ਹੋ ਜਾਂਦਾ ਹੈ। ਇਹ ਪਰਿਵਰਤਨ ਇਤਨਾ ਸੂਖ਼ਮ ਤੇ ਸਹਿਜ ਰੂਪ ਵਿਚ ਹੁੰਦਾ ਹੈ ਕਿ ਤਤਕਾਲ ਵਿਚ ਇਸ ਬਾਰੇ ਕੁਝ ਵੀ ਪਤਾ ਨਹੀਂ ਚੱਲਦਾ- Language change is a human being too but the change are spread over period of countries instead of year.[21] ਇਸ ਤਰਾਂ

---

[18] ਉਪਰੋਕਤ ਵਰਣਿਤ, ਪੰਨਾ 33

[19] ਪੰਡਿਤ ਭਾਗਵਤ, ਰਿਸਰਚ ਸਕਾਲਰ, ਭਾਸ਼ਾ ਕਾ ਇਤਿਹਾਸ, ਪੰਨਾ 36

[20] ਉਪਰੋਕਤ ਵਰਣਿਤ, ਪੰਨਾ 36

[21] ਉਪਰੋਕਤ ਵਰਣਿਤ, ਪੰਨਾ 37

ਭਾਸ਼ਾ ਵਿਚ ਪਰਿਵਰਤਨ ਜੋ ਸੂਖਮ ਰੂਪ ਵਿਚ ਹੁੰਦਾ ਹੈ, ਨੂੰ ਸਮਝਣਾ ਇਸ ਲਈ ਵੀ ਮੁਸ਼ਕਿਲ ਬਣ ਜਾਂਦਾ ਹੈ ਕਿਓਕਿ ਸਮੇਂ ਦੇ ਬਦਲ ਨਾਲ ਅਜ ਦੀ ਲੋਕ ਬੋਲੀ/ਭਾਸ਼ਾ ਨੇ ਹੀ ਆਉਣ ਵਾਲੇ ਸਮੇਂ ਵਿਚ ਸਾਹਿਤਕ ਭਾਸ਼ਾ, ਦਾ ਲਿਖਤੀ ਰੂਪ ਧਾਰਨ ਕਰਨਾ ਹੁੰਦਾ ਹੈ ਇਸ ਲਈ ਇਹ ਬਦਲ ਲਗਾਤਾਰ ਚਲਦਾ ਰਹਿੰਦਾ ਹੈ ਪਰ ਇਸ ਦਾ ਸਦੀਆਂ ਬਾਅਦ ਕੀਤੇ ਰੀਵੀਊ ਤੋਂ ਹੀ ਪਤਾ ਚਲਦਾ ਹੈ। ਇਸ ਸਮੱਸਿਆ ਬਾਰੇ ਖੋਜੀ ਵਿਦਵਾਨਾਂ ਨੇ ਜਾਗਰੂਕ ਵੀ ਕਰਾਇਆ ਹੈ। ਪੰਡਿਤ ਭਾਗਵਤ ਜੀ ਭਾਸ਼ਾ ਵਿਚ ਆਉਂਦੇ ਇਸ ਸੂਖਮ ਪਰਿਵਰਤਨ ਨੂੰ ਚਾਰ ਪੱਖਾਂ ਨਾਲ ਵਿਚਾਰਦੇ ਹਨ।

1 ਪਦੋਂ ਕੀ ਬਨਾਵਟ ਮੇਂ ਪਰਿਵਰਤਨ

2 ਪਦੋਂ ਕੇ ਅਰਥੋਂ ਕਾ ਭੇਦ

3 ਸ਼ਬਦ ਭੰਡਾਰ ਮੇਂ ਨਿਯੂਨਤਾ

4 ਵਾਕਯ ਰਚਨਾ ਮੇਂ ਪਰਿਵਰਤਨ[22]

ਭਾਸ਼ਾ ਵਿਚ ਪਰਿਵਰਤਨ ਅਤੇ ਗ੍ਰੰਥਾਂ ਵਿਚਲੀ ਭਾਸ਼ਾ ਨੂੰ ਸਮਝਣ ਦੀਆਂ ਜੁਗਤਾਂ ਬਾਰੇ ਡਾ. ਦਰਸ਼ਨ ਸਿੰਘ ਲਿਖਦੇ ਹਨ ‘ਧਰਮ ਗ੍ਰੰਥਾਂ ਵਿਚ ਅਤੇ ਸਮੁੱਚੇ ਧਾਰਮਿਕ ਖੇਤਰ ਵਿਚ ਭਾਸ਼ਾ ਦਾ ਸਰੂਪ ਵਿਵਹਾਰਿਕ ਗਿਆਨ ਦੀ ਭਾਸ਼ਾ ਨਾਲੋਂ ਵੱਖਰਾ ਹੁੰਦਾ ਹੈ। ਇਸ ਖੇਤਰ ਵਿਚ ਸ਼ਬਦਾਂ ਦੇ ਸ਼ਾਬਦਿਕ ਅਰਥਾਂ ਨਾਲ਼ੋਂ ਚਿੰਨ੍ਹਾਂਤਮਿਕ ਅਰਥਾਂ ਦੀ ਪਹਿਲ ਹੁੰਦੀ ਹੈ। ਅਰਥ ਵਿਗਿਆਨ (semant-ics) ਦੀ ਭਾਸ਼ਾ ਵਿਚ ਇਥੇ ਸ਼ਬਦਾਂ ਦੇ ਆਭਿਧਾ ਅਰਥਾਂ ਦੀ ਥਾਂ ਲੱਖਣਾ ਤੇ ਵਿਅੰਜਨਾਂ ਅਰਥਾਂ ਦੀ ਪ੍ਰਮੁੱਖਤਾ ਹੁੰਦੀ ਹੈ।[23]

Anand Spencer ਆਪਣੀ ਕਿਤਾਬ Understanding Religion ਵਿਚ Hermeneutics ਬਾਰੇ ਲਿਖਦੇ ਹਨ ਕਿ ‘ਇਹ ਅਜਿਹਾ ਵਿਗਿਆਨ ਹੈ ਜੋ ਧਾਰਮਿਕ ਰਚਨਾ ਲਈ ਨਿਯਮ, ਸਿਧਾਂਤ ਅਤੇ

---

[22] ਉਪਰੋਕਤ ਵਰਣਿਤ, ਪੰਨਾ 37

[23] ਡਾ. ਦਰਸ਼ਨ ਸਿੰਘ, ਭਾਈ ਗੁਰਦਾਸ: ਸਿਖੀ ਦੇ ਪਹਿਲੇ ਵਿਆਖਿਆਕਾਰ, ਪੰਨਾ 89

ਵਿਧੀਆਂ ਸਥਾਪਤ ਕਰਕੇ ਇਸ ਦਾ ਸੰਬੰਧ ਸਮਾਜ ਨਾਲ ਜੋੜਦਾ ਹੈ।[24] ਅਗੇ ਚਲਕੇ ਉਹ Hermeneutics ਦਾ ਸੰਬੰਧ 6 ਕਾਰਜਾਂ ਜਾਂ ਧਾਰਨਾਵਾਂ ਨਾਲ ਜੋੜ ਕੇ ਵੇਖਦੇ ਹਨ:-

1 ਸਚਾਈ ਦੀ ਧਾਰਨਾ ਜਾਂ ਸਮਝ

2 ਅਰਥ ਦੀ ਸਮਝ

3 ਅਸਲ ਅਰਥ ਦੀ ਪੁਨਰ ਸਥਾਪਤੀ

4 ਸਮਝ ਵਿਚ ਸੋਧ, ਸੁਧਾਰ ਅਤੇ ਵਿਕਾਸ

5 ਅਰਥ ਦੀ ਪ੍ਰਸੰਗਕਤਾ: ਪਾਠ ਜਾਂ ਸੋਧ ਨੂੰ ਪ੍ਰਸੰਗਿਕ ਬਣਾਉਣਾ

6 Hermeneutics ਅਰਥ ਨੂੰ ਨਿਰੰਤਰਤਾ ਪ੍ਰਦਾਨ ਕਰਦਾ ਹੈ।[25]

'ਪਾਠ ਤੋਂ ਬਾਅਦ ਵਿਆਖਿਆ ਦੇ ਸੰਕਲਪ ਬਾਰੇ ਗੱਲ ਕੀਤੀ ਜਾ ਸਕਦੀ ਹੈ। ਵਿਆਖਿਆ ਦਾ ਕੋਸ਼-ਅਰਥ ਹੈ ਕਿਸੇ ਵਸਤੂ ਜਾਂ ਵਰਤਾਰੇ ਦਾ ਅਰਥ ਸਪਸ਼ਟ ਕਰਨਾ। ਮੁਢਲੇ ਤੌਰ ਤੇ ਇਹ ਪਾਠ ਨਾਲ ਸੰਬੰਧਿਤ ਸੰਕਲਪ ਹੈ। ਕਿਸੇ ਲਿਖਤੀ ਤੇ ਮੌਖਿਕ ਪਾਠ ਦੇ ਅਰਥਾਂ ਨੂੰ ਸਥਾਪਿਤ ਕਰਨ ਜਾਂ ਸਪਸ਼ਟ ਕਰਨ ਦਾ ਕਾਰਜ ਵਿਆਖਿਆ ਦੇ ਅੰਤਰਗਤ ਆਉਂਦਾ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਵਿਆਖਿਆ ਤੋਂ ਪਹਿਲਾਂ ਪਾਠ ਦੀ ਹੋਂਦ ਜ਼ਰੂਰੀ ਹੈ। ਜੇ ਪਾਠ ਹੋਵੇਗਾ ਤਾਂ ਵਿਆਖਿਆ ਹੋਵੇਗੀ ਅਰਥਾਤ ਪਾਠ ਨੂੰ ਪਹਿਲਾ ਅਤੇ ਵਿਆਖਿਆ ਨੂੰ ਦੁਜੈਲਾ ਸਥਾਨ ਮਿਲਣਾ ਚਾਹੀਦਾ ਹੈ।[26]

ਇਥੇ ਪਾਠ ਤੋਂ ਭਾਵ ਮੂਲ ਟੈਕਸਟ ਹੈ। ਰੱਬੀ ਬੋਲ, ਰੱਬੀ ਪੈਗ਼ਾਮ, ਇਲਹਾਮ ਹੈ। ਉਪਰ ਦੱਸੇ ਅਨੁਸਾਰ ਧਰਮ ਗ੍ਰੰਥਾਂ ਵਿਚਲੇ ਸੱਚੇ ਸੁੱਚੇ ਪਵਿੱਤਰ ਬੋਲ ਵਿਆਖਿਆਤਮਕ ਗ੍ਰੰਥਾਂ ਦੇ ਮੁਕਾਬਲੇ ਪਹਿਲੇ

---

[24] Anand Spancer, the understanding religion, page 158

[25] Ibid, page 159-163

[26] ਡਾ. ਬਲਵੰਤ ਸਿੰਘ ਢਿੱਲੋਂ, ਉਪਰੋਕਤ ਵਰਣਿਤ, ਪੰਨਾ 28

ਨੰਬਰ ‘ਤੇ ਰੱਖੇ ਜਾਂਦੇ ਹਨ ਅਤੇ ਵਿਆਖਿਆਤਮਕ ਗ੍ਰੰਥਾਂ ਨੂੰ ਦੂਜਾ ਸਥਾਨ ਪ੍ਰਾਪਤ ਹੈ ਜਾਂ ਇਸ ਨੂੰ ਇਸ ਢੰਗ ਨਾਲ ਵੀ ਬਿਆਨ ਕੀਤਾ ਜਾ ਸਕਦਾ ਹੈ ਕਿ ਪਾਠ (text) ਤੋਂ ਉਪਰੰਤ ਹੋਣ ਵਾਲਾ ਕੋਈ ਵੀ ਕਾਰਜ ਦੁਜੈਲੇ ਨੰਬਰ ‘ਤੇ ਹੀ ਰਹੇਗਾ ਤੇ ਉਹ ਹੀ ਵਿਆਖਿਆ ਹੈ ਜਾਂ ਧਰਮ ਗ੍ਰੰਥ ਦੇ ਮੂਲ ਪਾਠ (text) ਤੋਂ ਬਾਅਦ ਦੂਜੇ ਦਰਜੇ ਦਾ ਉਹ ਕੋਈ ਵੀ ‘ਜਤਨ’ ਜਿਹੜਾ ‘ਮੂਲ ਦੇ’ ਭਾਵ ਨੂੰ ਸਰਲਤਾ ਸਹਿਤ ਲੋਕ-ਸਮਝ ਦੇ ਪੱਧਰ ਉਤੇ ਹਰੇਕ ਸਮਕਾਲ ਤੱਕ ਲੈ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਇਹ ਇਕ ਸੰਕਲਪ ਹੈ ਤੇ ‘ਮੂਲ’ ਦੇ ਭਾਵ ਨੂੰ ਲੋਕਾਂ ਤੱਕ ਲੈ ਕੇ ਜਾ ਰਹੇ ‘ਜਤਨ’ ਨੂੰ ਸੰਕੇਤਕ ਹੈ। ਇਸ ਵਿਚ ਕੋਈ ਦ੍ਰਿਸ਼ਟੀ ਜਾਂ ਵਿਹਾਰ ਦੀ ਸਿਧੀ ਸ਼ਮੂਲੀਅਤ ਨਹੀਂ, ਇਹ ਅਮੂਰਤ ਤੇ ਧਰਮ ਗ੍ਰੰਥਾਂ ਆਧਾਰਿਤ ਉਸਰੇ ਹਰੇਕ ਕਿਸਮ ਦੇ ਵਿਸ਼ਾਲ ਸਾਹਿਤ ਦੇ ਸਮੁੱਚ/ਕੁਲ ਰੂਪਾਂ ਨੂੰ ਸੰਬੋਧਿਤ ਹੈ।[27]

ਹੁਣ ਤੱਕ ਕੀਤੀ ਵਿਚਾਰ ਅਨੁਸਾਰ ਮੂਲ ਪਾਠ (text) ਤੇ ਉਸ ਵਿਚ ਵਰਤੀ ਚਿੰਨ੍ਹਾਵਲੀ ਅਤੇ ਬਿੰਬਾਵਲੀ ਵਿਚਲੇ ਗੂੜ-ਰਹੱਸ ਨੂੰ ਸਮਝਣ, ਪਰਖਣ ਉਪਰੰਤ ਸੰਬੰਧਿਤ ਪਾਠ ਦੀ ਵਿਆਖਿਆ, ਜੋ ਕਿ ਧਰਮ ਗ੍ਰੰਥ ਰਚਨਹਾਰਿਆਂ ਤੋਂ ਲੈ ਵਿਆਖਿਆਕਾਰ ਤੱਕ ਬਣਾਏ ਉਸ ਮਾਡਲ ਦਾ ਰੂਪ ਸਾਹਵੇਂ ਆਉਂਦਾ ਹੈ, ਜਿਸ ਨੂੰ ਵਿਆਖਿਆ-ਸ਼ਾਸਤਰ ਦਾ ਨਾਂ ਦਿਤਾ ਜਾ ਸਕਦਾ ਹੈ। ਦੂਸਰੇ ਸ਼ਬਦਾਂ ਵਿਚ ਪਾਠ ਦੇ ਧੁਰ ਅੰਦਰ ਗਹਿਰਾਈਆਂ ਦੀ ਬਾਰੀਕੀ ਤੋਂ ਬਾਰੀਕੀ ਵਿਚ ਕੀਤੀ ਪੜਚੋਲ ਦਾ ਰੂਪ ਹੀ ਵਿਆਖਿਆ-ਸ਼ਾਸਤਰ ਹੈ। ਵਿਆਖਿਆ-ਸ਼ਾਸਤਰ ਰਾਹੀਂ ਰੱਬੀ ਬੋਲਾਂ ਦੇ ਪੈਗ਼ਾਮ ਨੂੰ ਜਨ ਮਾਨਸ ਤੱਕ ਪਹੁੰਚਾਉਣ ਦਾ ਜਤਨ ਹੁੰਦਾ ਆਇਆ ਹੈ ਅਤੇ ਹੁੰਦਾ ਰਹੇਗਾ। ਸਮੇਂ ਦੇ ਨਾਲ ਨਵੀਆਂ ਅੰਤਰ ਦ੍ਰਿਸ਼ਟੀਆਂ ਵੀ ਨਾਲ-ਨਾਲ ਕੰਮ ਕਰਦੀਆਂ ਰਹਿਣਗੀਆਂ। ਵਿਆਖਿਆ ਸ਼ਾਸਤਰ ਜਿਸ ਨੂੰ ਹਿੰਦੀ ਵਾਲਿਆਂ ਨੇ ‘ਅਰਥ-ਮੀਮਾਂਸਾ’ ਅਤੇ ਅੰਗਰੇਜ਼ੀ ਵਿਚ ਹਰਮੈਨਿਊਟਿਕ (Hermeneutics) ਕਿਹਾ ਗਿਆ ਹੈ, ਇਕ ਸਵੈ-ਅਨੁਸ਼ਾਸਤ ਅਧਿਐਨ ਵਿਧੀ ਹੈ ਜੋ ਕਿਸੇ ਧਾਰਮਿਕ-ਪਾਠ ਨੂੰ ਸਮਝਣ-ਸਮਝਾਉਣ ਲਈ ਨਿਯਮ ਨਿਰਧਾਰਤ ਕਰਦੀ ਹੈ।[28]

---

[27] ਡਾ. ਗੁਰਮੇਲ ਸਿੰਘ, ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ (ਇਤਿਹਾਸ ਅਤੇ ਮੁਲਾਂਕਣ), ਪੰਨਾ 23

[28] ਡਾ. ਗੁਲਜਾਰ ਸਿੰਘ ਕੰਗ, ਉਪਰੋਕਤ ਵਰਣਿਤ, ਪੰਨਾ 56

ਵਿਆਖਿਆਕਾਰੀ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਹੱਲ ਕਰਨ ਦੇ ਯਤਨਾਂ ਵਜੋਂ ਡਾ. ਗੁਰਮੇਲ ਸਿੰਘ ਦੁਆਰਾ ਸੁਝਾਏ ਕੁਝ ਇਹ ਪੱਖ ਵੀ ਵੇਖਣੇ ਬਣਦੇ ਹਨ:

1 ਧਾਰਮਿਕ ਪਾਠ ਨੂੰ ਉਸ ਸਮੇਂ ਵਿਚ ਰੱਖ ਕੇ ਵੇਖਣਾ।

2 ਪਾਠ ਦੇ ਸਮਕਾਲੀ, ਸਮਾਜਿਕ/ਸਭਿਆਚਾਰਕ ਰੂਪਾਂ ਵਿਚੋਂ ਅਰਥ ਗ੍ਰਹਿਣ ਕਰਨੇ।

3 ਕਰਤਾ/ਲੇਖਕ ਦੀ ਉਸ ਸਮੇਂ, ਪਲ ਦੀ ਮਾਨਸਿਕ ਸਥਿਤੀ ਤੱਕ ਪਹੁੰਚਣ ਦੀ ਕੋਸ਼ਿਸ਼ ਕਰਨਾ, ਜਿਸ ਸਮੇਂ ਸੰਬੰਧਿਤ ਰਚਨਾ ਰਚੀ/ਲਿਖੀ ਗਈ।

4 ਸਮਕਾਲ ਦੇ ਹੋਰਾਂ ਪਾਠਾਂ ਦੀ ਸਹਾਇਤਾ ਲੈਣਾ।

5 ਪਰੰਪਰਾਵਾਂ ਨੂੰ ਵਿਸਤ੍ਰਿਤ ਧਰਾਤਲ ਉਪਰ ਰੱਖ ਕੇ ਵਡੇਰੇ ਪ੍ਰਸੰਗਾਂ ਵਿਚ ਸਮਝਣਾ।

6 ਧਾਰਮਿਕ ਪਾਠ ਦੇ ਸਮਕਾਲੀ ਇਤਿਹਾਸਕ ਹਾਲਾਤਾਂ ਨੂੰ ਵਿਚਾਰਧੀਨ ਕਰਨਾ।

7 ਪਾਠ ਵਿਚ ਉਸ ਮੁਹਾਵਰੇ ਦੀ ਟੋਹ ਲਾਉਣੀ, ਜਿਸ ਕਿਸਮ, ਸਥਿਤੀ ਜਾਂ ਸੰਬੋਧਨਾਂ ਵਿਚ ਧਾਰਮਿਕ ਕਥਨ (theological statmants) ਉਚਾਰੇ ਗਏ।

8 ਕਰਤਿਆਂ ਦੀ ਭਾਵਨਾ, ਉਦੇਸ਼ ਤੇ ਪਿਛੋਕੜ ਨੂੰ ਗ੍ਰਹਿਣ ਕਰਨਾ ਤੇ ਸ਼ਾਬਦਿਕ ਅਰਥਾਂ ਦੀ ਥਾਂ 'ਭਾਵ' ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਨਾ ਆਦਿ।[29]

ਵਿਆਖਿਆ ਸ਼ਾਸਤਰ (ਵਿਆਖਿਆ+ਸ਼ਾਸਤਰ) ਵਿਆਖਿਆਕਾਰੀ ਦੇ ਸਿਧਾਂਤਕ ਪਰਿਪੇਖ ਨਾਲ ਸੰਬੰਧਿਤ ਅਨੁਸ਼ਾਸਨ ਹੈ। ਇਸ ਦਾ ਮੁੱਖ ਉਦੇਸ਼ ਕਿਸੇ ਮਾਨਵ ਸਿਰਜਿਤ ਪਾਠ ਦੀ ਤਰਕ-ਸੰਗਤ ਵਿਆਖਿਆ ਕਰਨਾ ਜਾਂ ਉਸ ਦੇ ਅਰਥਾਂ ਨੂੰ ਸਪਸ਼ਟ ਕਰਨਾ ਹੈ।[30] ਵਿਆਖਿਆ ਸ਼ਾਸਤਰ ਵਿਆਖਿਆਕਾਰੀ

---

[29] ਡਾ. ਸਰਬਜਿੰਦਰ ਸਿੰਘ (ਸੰਪਾ.), ਉਪਰੋਕਤ ਵਰਣਿਤ, ਪੰਨੇ 46-47

[30] ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਉਪਰੋਕਤ ਵਰਣਿਤ, ਪੰਨਾ 27

ਨਹੀਂ ਹੈ। ਇਹ ਇਕ ਸਵੈ-ਅਨੁਸ਼ਾਸਿਤ ਵਿਗਿਆਨ ਹੈ, ਜਿਹੜਾ 'ਪਾਠ' ਖਾਸਕਰ 'ਧਾਰਮਿਕ' ਪਾਠ ਨੂੰ ਸਮਝਣ ਦੇ ਕੁਝ ਨਿਯਮ ਵੱਲ ਸੰਕੇਤ ਕਰਦਾ ਹੈ। ਵਿਆਖਿਆ ਸ਼ਾਸਤਰ ਕਿਸੇ ਘਟਨਾ ਦੇ ਵਾਪਰਨ ਸਮੇਂ ਤੇ ਬਿਆਨ ਕਰਨ ਦੇ ਸਮੇਂ ਦੇ ਖਲਾਅ ਨੂੰ ਭਰਨ ਦਾ ਜਤਨ ਹੈ ਅਤੇ ਧਾਰਮਿਕ ਪਾਠ ਦੀ ਸਮਝ ਚਾਹੁੰਦਾ ਹੈ। ਵਿਆਖਿਆ ਸ਼ਾਸਤਰ ਧਰਮ ਦੀ ਬੋਲੀ ਨੂੰ ਜਗਿਆਸੂ ਦੀ ਬੋਲੀ 'ਚ ਅਨੁਵਾਦ ਕਰਕੇ ਦਸਦਾ ਹੈ। ਇਸ ਕਰਕੇ (Hermeneutics) ਦਾ ਇਕ ਅਰਥ (translation) ਵੀ ਕੀਤਾ ਗਿਆ ਹੈ।[31]

ਉਪਰੋਕਤ ਵਰਨਣ ਅਨੁਸਾਰ ਵਿਆਖਿਆਕਾਰੀ ਨੂੰ ਹਰ ਇਕ ਧਰਮ ਵਿਚ ਵਖਰੇ-ਵਖਰੇ ਸੰਦਰਭ ਵਿਚ ਰੱਖ ਕੇ ਵੇਖਿਆ ਜਾਂਦਾ ਹੈ। ਪਾਵਨ ਪਾਠ (text) ਨੂੰ ਅਕਾਦਮਿਕਤਾ ਦੇ ਰੂਪ ਵਿਚ ਸਭ ਤੋਂ ਪਹਿਲਾਂ ਸਮਝਣ ਦਾ ਜਤਨ ਪੱਛਮ ਦੇ ਦੇਸ਼ਾਂ ਵਿਚ 18ਵੀਂ (ਅਠਾਰਵੀਂ) ਸਦੀ ਵਿਚ ਹੋਇਆ ਮੰਨਿਆ ਜਾਂਦਾ ਹੈ। ਪੱਛਮ ਵਿਚ ਸ਼ੁਰੂ ਹੋਈ ਇਸ ਅਕਾਦਮਿਕ ਵਿਚਾਰਧਾਰਾ ਨੇ ਸਭ ਤੋਂ ਪਹਿਲਾਂ ਬਾਈਬਲ ਦੀ ਵਿਆਖਿਆ ਨੂੰ ਆਪਣੇ ਕਾਰਜ ਖੇਤਰ ਦਾ ਹਿੱਸਾ ਬਣਾਇਆ। ਬਾਈਬਲ ਦੀ ਵਿਆਖਿਆ ਲਈ ਉਨ੍ਹਾਂ ਨੇ ਜੋ ਸ਼ਬਦ ਵਰਤੇ ਉਹ ਇਹ ਸਨ:

1 Hermeneutics

2 Interpretation

3 Exegesis

ਇਨ੍ਹਾਂ ਤਿੰਨਾਂ ਸ਼ਬਦਾਂ ਦੁਆਰਾ ਹੀ ਮੁਢਲੇ ਦੌਰ ਦੀ ਵਿਆਖਿਆ ਦਾ ਕਾਰਜ ਆਰੰਭਿਆ ਗਿਆ। ਇਨ੍ਹਾਂ ਵਿਚੋਂ ਸਲਾਇਰਮਾਖਰ, ਵਿਲੀਅਮ ਡਿਲਥੇ, ਹੈਡੇਗਰ ਅਤੇ ਗੈਡਾਮਰ ਦਾ ਨਾਮ ਪ੍ਰਮੁੱਖ ਹੈ। ਪੱਛਮ ਤੋਂ ਬਾਅਦ ਇਸ ਵਿਚਾਰਧਾਰਾ ਨੇ ਪੂਰਬ ਵੱਲ ਵੀ ਦਸਤਕ ਦਿੱਤੀ। ਹਾਲਾਂਕਿ ਪੂਰਬ ਵਿਚ ਇਸ ਤਰ੍ਹਾਂ ਦੀਆਂ ਵਿਧਾਵਾਂ ਪਹਿਲਾਂ ਤੋਂ ਹੀ ਮੌਜੂਦ ਸੀ ਪਰ ਉਸ ਨੂੰ ਅਕਾਦਮਿਕ ਰੂਪ ਹਾਲੇ ਪ੍ਰਾਪਤ ਨਹੀਂ ਸੀ ਹੋਇਆ। ਜੇਕਰ

[31] ਪਲਵਿੰਦਰ ਕੌਰ (ਖੋਜਾਰਥਨ), ਸ਼ੇਰ ਸਿੰਘ ਦਾ ਗੁਰਮਤਿ ਵਿਆਖਿਆ ਵਿਚ ਯੋਗਦਾਨ, (ਥੀਸਸ), ਪੰਨਾ 55

ਸਨਾਤਨੀ ਧਰਮ ਦੀ ਗੱਲ ਕਰੀਏ ਤਾਂ ਵੇਦਾਂ ਤੋਂ 'ਵੇਦਾਂਗ' ਭਾਵ ਵੇਦਾਂ ਦੇ 6(ਛੇ) ਅੰਗ ਅਤੇ ਬੁੱਧ ਧਰਮ ਨਾਲ ਸੰਬੰਧਿਤ 'ਅਪੋਹ' ਸਿਧਾਂਤ ਵੀ ਸੰਬੰਧਿਤ ਦਾ ਲਖਾਇਕ ਹੈ। ਉਪਰੋਕਤ ਅਨੁਸਾਰ ਵਿਆਖਿਆ ਦਾ ਘੇਰਾ ਬਹੁਤ ਹੀ ਵਿਸ਼ਾਲ ਹੈ। ਜਿੰਨ੍ਹਾਂ ਘੇਰਾ ਵਿਸ਼ਾਲ ਹੈ ਉਨ੍ਹਾਂ ਹੀ ਇਸ ਦੇ ਸਰੂਪ ਬਾਰੇ ਵੀ ਵਿਚਾਰ ਕਰਨਾ ਆਸਾਨ ਕਾਰਜ ਨਹੀਂ। ਇਸ ਲਈ ਸਮੇਂ ਦੇ ਬਦਲਾਅ ਨਾਲ ਇਨ੍ਹਾਂ ਦੀ ਵਿਆਖਿਆ ਦਾ ਘੇਰਾ ਵੀ ਵਧਦਾ ਜਾਂਦਾ ਹੈ।

ਹੁਣ ਤੱਕ ਇਸ ਅਧਿਆਇ ਵਿਚ ਵਿਆਖਿਆ ਦਾ ਪਿਛੋਕੜ ਅਤੇ ਪਿਛੋਕੜ ਵਿਚ ਕੰਮ ਰਹੇ ਕਰ ਰਹੇ ਨੇਮਾਂ ਅਤੇ ਵਿਆਖਿਆ ਦੇ ਸੰਬੰਧ ਵਿਚ, ਖਾਸ ਕਰਕੇ 'ਧਾਰਮਿਕ ਪਾਠ' ਦੇ ਸੰਦਰਭ ਵਿਚ ਆਈਆਂ/ਆ ਰਹੀਆਂ ਸਮੱਸਿਆਵਾਂ ਅਤੇ ਉਨ੍ਹਾਂ ਸਮੱਸਿਆਵਾਂ ਦੇ ਸਮਾਧਾਨ ਹਿਤ ਵਿਚਾਰਧੀਨ ਸੁਝਾਵਾਂ ਨੂੰ ਵਿਆਖਿਆ ਦੇ ਨਿਯਮਾਂ ਦੇ ਘੇਰੇ ਵਿਚ ਲਿਆ ਇਕ ਖ਼ਾਸ ਪ੍ਰਬੰਧ ਹੇਠ ਜੋੜਦਿਆਂ ਵਿਆਖਿਆ ਨੂੰ ਅਕਾਦਮਿਕਤਾ ਦਾ ਰੂਪ ਪ੍ਰਦਾਨ ਕਰਦਾ ਸਰੂਪ ਮਾਡਲ, ਵਿਆਖਿਆ ਸ਼ਾਸਤਰ ਅਤੇ ਵਿਆਖਿਆ ਦਾ ਅਰਥ ਅਤੇ ਘੇਰਾ ਮਾਪਿਆ ਹੈ। ਹੁਣ ਅਗਲੇ ਪੜਾਅ ਵੱਲ ਵਧਦੇ ਵਿਆਖਿਆ ਦੇ ਸਰੂਪ ਬਾਰੇ ਗਲ ਕਰਦੇ ਹਾਂ।

**ਵਿਆਖਿਆ ਦਾ ਸਰੂਪ**

ਵਿਆਖਿਆ ਅਤੇ ਵਿਆਖਿਆਕਾਰੀ ਦੇ ਅਰਥ ਨੂੰ ਸਪਸ਼ਟ ਕਰਨ ਹਿਤ ਉਪਰੋਕਤ ਚਰਚਾ ਤੋਂ ਬਾਅਦ ਅਸੀਂ ਵਿਆਖਿਆ ਦੇ ਸਰੂਪ ਬਾਰੇ ਜਾਨਣ ਦਾ ਜਤਨ ਕਰਾਂਗੇ। ਜਿਸ ਪ੍ਰਕਾਰ ਵਿਆਖਿਆ ਦਾ ਘੇਰਾ ਬਹੁਤ ਵਿਸ਼ਾਲ ਹੈ ਠੀਕ ਉਸੇ ਪ੍ਰਕਾਰ ਇਸ ਦਾ ਸਰੂਪ ਵੀ ਕੋਈ ਨਿਸ਼ਚਿਤ ਨਹੀਂ, ਦੂਸਰਾ ਕਿਸੇ ਵੀ ਸਮੇਂ/ਕਾਲ ਵਿਚ ਹੋਈ ਵਿਆਖਿਆ ਆਪਣੇ ਆਪ ਵਿਚ ਸੰਪੂਰਣ ਨਹੀਂ ਹੋ ਸਕਦੀ। ਹਾਂ ਇਹ ਜ਼ਰੂਰ ਹੋ ਸਕਦਾ ਹੈ ਕਿ ਕੀਤੀ ਹੋਈ ਵਿਆਖਿਆ ਦੀ ਕੋਈ ਪ੍ਰਮਾਣਿਕਤਾ (ਕੋਈ ਵਿਸ਼ੇਸ਼ ਗੁਣ) ਜ਼ਰੂਰ ਹੋ ਸਕਦਾ ਹੈ। ਇਸ ਵਿਧਾ ਨੂੰ ਸਮਝਣ ਤੋਂ ਬਾਅਦ ਵਿਆਖਿਆਕਾਰੀ ਦੇ ਸਰੂਪ ਨੂੰ ਵੀ ਜਾਣਨਾ ਆਸਾਨ ਹੋ ਜਾਵੇਗਾ ਨਹੀਂ ਤਾਂ ਉਸ ਵਿਚਲੇ ਭੇਦ ਨੂੰ, ਜੋ ਸੂਖਮ ਰੂਪ ਵਿਚ ਹੀ ਕਾਰਜਸ਼ੀਲ ਹੁੰਦੇ ਹਨ, ਬਾਰੇ ਸਮਝ ਪ੍ਰਾਪਤ ਕਰਨੀ

ਆਸਾਨ ਕਾਰਜ ਨਹੀਂ ਹੈ। ਭਾਵੇਂ ਵਿਆਖਿਆ ਦਾ ਕੋਈ ਇਕ ਰੂਪ ਨਿਸ਼ਚਤ ਕਰਨਾ ਕਠਿਨ ਹੈ ਪ੍ਰੰਤੂ ਫਿਰ ਵੀ ਵਿਆਖਿਆ ਦੇ ਸਰੂਪ ਬਾਰੇ ਵਿਆਖਿਆਕਾਰਾਂ, ਟੀਕਾਕਾਰਾਂ ਅਤੇ ਅਕਾਦਮਿਕ ਵਿਦਵਾਨਾਂ ਨੇ ਕੁਝ ਪ੍ਰਚਲਿਤ ਰੂਪ ਨਿਮਨ ਪ੍ਰਕਾਰ ਰੱਖੇ ਹਨ-

**1 ਟੀਕਾ**

**2 ਕੋਸ਼**

**3 ਨਿਰੁਕਤ**

**4 ਭਾਸ਼**

**5 ਵ੍ਰਿਤੀ**

**6 ਪਰਮਾਰਥ**

**7 ਟਿੱਪਣੀ**

**8 ਵਾਰਤਕ**

**9 ਵਿਆਖਿਆ**

**10 ਕਥਾ**

**11 ਅਨੁਵਾਦ**

ਵਿਆਖਿਆ ਦੇ ਉਕਤ ਸਰੂਪਾਂ ਦੀ ਵਧੇਰੇ ਸਪਸ਼ਟਤਾ ਲਈ ਇਨ੍ਹਾਂ ਬਾਰੇ ਸੰਖੇਪ ਵਿਚ ਜਾਣ-ਪਛਾਣ ਹੇਠ ਲਿਖੇ ਅਨੁਸਾਰ ਹੈ:

**1 ਟੀਕਾ**

'ਟੀਕਾ' ਸ਼ਬਦ ਸੰਸਕ੍ਰਿਤ ਦੇ 'ਟੀਕ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਬਿਆਨ ਕਰਨਾ।[32] ਟੀਕਾ ਸ਼ਬਦ ਤੋਂ ਭਾਵ ਕਿਸੇ ਪਦ, ਵਾਕ, ਜਾਂ ਗ੍ਰੰਥ ਦੇ ਅਰਥ ਸਪਸ਼ਟ ਕਰਨ ਵਾਲਾ ਵਾਕ, ਕਥਨ, ਲੇਖ ਜਾਂ ਗ੍ਰੰਥ ਹੈ।[33] ਟੀਕੇ ਵਿਚ ਕੇਵਲ ਕਠਿਨ ਪਦਾਂ ਦੀ ਵਿਆਖਿਆ ਕੀਤੀ ਜਾਂਦੀ ਹੈ।[34] ਵਿਦਵਾਨ ਹੇਮ ਚੰਦਰ ਅਨੁਸਾਰ ਟੀਕਾ ਕਠਿਨ ਪਦਾਂ ਦੀ ਹੀ ਵਿਆਖਿਆ ਨਹੀਂ ਸਗੋਂ ਮੂਲ ਅਤੇ ਸੁਖੈਨ, ਕਠਿਨ ਸਾਰੇ ਪਦਾਂ ਦੀ ਨਿਰੰਤਰ ਵਿਆਖਿਆ ਹੈ।[35] ਸੂਤ੍ਰਿਕ ਜਾਂ ਕਲਿਸ਼ਟ ਰਚਨਾਵਾਂ ਨੂੰ ਸਰਲ ਅਤੇ ਸੰਖੇਪ ਰੂਪ ਵਿਚ ਅਰਥ ਕਰਨ ਵਾਲੀ ਵਿਧਾ ਨੂੰ 'ਟੀਕਾ' ਕਿਹਾ ਜਾਂਦਾ ਹੈ।[36] ਟੀਕਾਕਾਰੀ ਕਿਸੇ ਰਚਨਾ ਦੇ ਲਿਖਤ ਰੂਪ ਤੇ ਸਰਲ ਵਾਰਤਕ ਵਿਚ ਅਰਥ ਦਰਸਾਉਂਦੀ ਹੈ...ਇਸਦਾ ਮਤਲਬ ਹੋਇਆ ਕਿਸੇ ਮੂਲ ਰਚਨਾ ਦੇ ਮੂਲ ਭਾਵ ਵੱਲ ਤੁਰਨਾ ਜਾਂ ਜਾਣਾ।[37] ਜੇਕਰ ਗੁਰਬਾਣੀ ਦੇ ਪੰਜਾਬੀ ਭਾਸ਼ਾ ਵਿਚ ਪ੍ਰਾਪਤ ਟੀਕਿਆਂ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਫਰੀਦਕੋਟੀ ਟੀਕਾ ਜਿਸਨੂੰ ਫਰੀਦਕੋਟੀ ਰਿਆਸਤ ਦੇ ਕਹਿਣ 'ਤੇ ਗਿਆਨੀ ਬਦਨ ਸਿੰਘ ਸੇਖਵਾਂ ਨੇ ਸਾਧ ਭਾਸ਼ਾ ਵਿਚ ਤਿਆਰ ਕੀਤਾ ਸੀ। ਇਸ ਤੋਂ ਮਗਰੋਂ ਗੁਰਬਾਣੀ ਦੇ ਅਨੇਕਾਂ ਟੀਕੇ ਹੋਂਦ ਵਿਚ ਆਏ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

1) ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ, (ਅੱਠ ਭਾਗ), ਗਿਆਨੀ ਬਿਸ਼ਨ ਸਿੰਘ, 1929-38.
2) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, (ਦਸ ਭਾਗ), ਪੰਡਤ ਨਰੈਣ ਸਿੰਘ, 1932-37.
3) ਸ਼ਬਦਾਰਥ, (ਚਾਰ ਭਾਗ), ਪ੍ਰਿੰ. ਤੇਜਾ ਸਿੰਘ, 1936-41.

---

[32] ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 551

[33] ਰਾਮ ਚੰਦਰ ਵਰਮਾ (ਸੰਪਾ.), ਮਾਨਕ ਹਿੰਦੀ ਕੋਸ਼, ਪੰਨਾ 436

[34] ਉਧਰਿਤ, ਡਾ. ਧਿਰੇਂਦ੍ਰ ਵਰਮਾ (ਸੰਪਾ.), ਹਿੰਦੀ ਸਾਹਿਤਯ ਕੋਸ਼, ਪੰਨਾ 311

[35] ਉਪਰੋਕਤ ਵਰਣਿਤ, ਪੰਨਾ 311

[36] ਡਾ. ਰਤਨ ਸਿੰਘ ਜੱਗੀ, ਸਿਖ ਪੰਥ ਵਿਸ਼ਵਕੋਸ਼, ਪੰਨਾ 1002

[37] ਡਾ. ਅਮਰਜੀਤ ਸਿੰਘ (ਸੰਪਾ.), ਉਪਰੋਕਤ ਵਰਣਿਤ, ਪੰਨਾ 175

4) ਸ੍ਰੀ ਗੁਰਮਤਿ ਭਾਉ ਪ੍ਰਕਾਸ਼ਨੀ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, (ਛੇ ਭਾਗ), ਅਕਾਲੀ ਨਿਹਾਲ ਸਿੰਘ ਸੂਰੀ, 1936.

5) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, (ਦਸ ਭਾਗ), ਪ੍ਰੋ. ਸਾਹਿਬ ਸਿੰਘ, 1957-64.

6) ਸੰਥਯਾ, ਸ੍ਰੀ ਗੁਰੂ ਗ੍ਰੰਥ ਸਾਹਿਬ, (ਸੱਤ ਭਾਗ), ਭਾਈ ਵੀਰ ਸਿੰਘ, ਅਧੂਰਾ, 1958-62.

7) ਸੰਪ੍ਰਦਾਈ ਟੀਕਾ, ਸ੍ਰੀ ਅਮੀਰ ਭੰਡਾਰ, (ਦਸ ਭਾਗ) ਸੰਤ ਕ੍ਰਿਪਾਲ ਸਿੰਘ, 1961.

8) ਸਿਧਾਂਤਕ ਸਟੀਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, (ਅੱਠ ਭਾਗ), ਗਿਆਨੀ ਮਨੀ ਸਿੰਘ, 1980.

9) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਦਰਸ਼ਨ ਨਿਰਣੈ ਸਟੀਕ, (ਚੌਦਾਂ ਭਾਗ) ਗਿਆਨੀ ਹਰਬੰਸ ਸਿੰਘ, 1990-92.

10) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ –ਵਿਸਥਾਰ, (ਤਿੰਨ ਭਾਗ) ਪ੍ਰਿੰ. ਸਤਿਬੀਰ ਸਿੰਘ, 1985.

11) ਅਰਥ ਬੋਧ, ਸ੍ਰੀ ਗੁਰੂ ਗ੍ਰੰਥ ਸਾਹਿਬ, (ਪੰਜ ਭਾਗ), ਡਾ. ਰਤਨ ਸਿੰਘ ਜੱਗੀ, 2007.

12) ਭਾਵ ਪ੍ਰਬੋਧਨੀ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ, (ਅੱਠ ਭਾਗ), ਡਾ. ਰਤਨ ਸਿੰਘ ਜੱਗੀ, 2013.

13) ਗੁਰਬਾਣੀ ਅਰਥ ਭੰਡਾਰ, (12 ਭਾਗ), ਸੰਤ ਹਰੀ ਸਿੰਘ ਰੰਧਾਵਾ, 2016.

**ਅੰਗ੍ਰੇਜੀ ਭਾਸ਼ਾ ਵਿਚ ਪ੍ਰਾਪਤ ਟੀਕੇ**

1) ਸ੍ਰੀ ਗੁਰੂ ਗ੍ਰੰਥ ਸਾਹਿਬ, (ਅੱਠ ਭਾਗ), ਡਾ. ਮਨਮੋਹਨ ਸਿੰਘ, 1962.

2) ਸ੍ਰੀ ਗੁਰੂ ਗ੍ਰੰਥ ਸਾਹਿਬ, (ਚਾਰ ਭਾਗ), ਡਾ. ਗੋਪਾਲ ਸਿੰਘ, ਚਾਰ ਭਾਗ, 1960-62.

3) ਸ੍ਰੀ ਗੁਰੂ ਗ੍ਰੰਥ ਸਾਹਿਬ, (ਚਾਰ ਭਾਗ), ਪ੍ਰੋ. ਗੁਰਬਚਨ ਸਿੰਘ ਤਾਲਿਬ, 1984.

4) ਸ੍ਰੀ ਗੁਰੂ ਗ੍ਰੰਥ ਸਾਹਿਬ, (ਚਾਰ ਭਾਗ), ਪ੍ਰੀਤਮ ਸਿੰਘ ਚਾਹਲ, 1992.

5) ਸ੍ਰੀ ਗੁਰੂ ਗ੍ਰੰਥ ਸਾਹਿਬ, (ਇਕ ਭਾਗ), ਸਵਾਮੀ ਰਾਮਾ, 1998.

6) ਦੀ ਹੋਲੀ ਗ੍ਰੰਥ, (ਸਿਰੀ ਰਾਗ ਤੋਂ ਮਾਝ ਰਾਗ), ਪ੍ਰਿੰ. ਤੇਜਾ ਸਿੰਘ, 2001.

7) ਸ੍ਰੀ ਗੁਰੂ ਗ੍ਰੰਥ ਸਾਹਿਬ, (ਚਾਰ ਭਾਗ), ਕਰਤਾਰ ਸਿੰਘ ਦੁੱਗਲ, 2005.

8) ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਸੀਡੀ, (ਚਾਰ ਭਾਗ), ਸੰਤ ਸਿੰਘ ਖਾਲਸਾ

9) ਸ੍ਰੀ ਗੁਰੂ ਗ੍ਰੰਥ ਸਾਹਿਬ, (ਪੰਜ ਭਾਗ), ਡਾ. ਦਰਸ਼ਨ ਸਿੰਘ,

10)ਦੀ ਅਸੇਂਸ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ, (ਪੰਜ ਭਾਗ), ਸ੍ਰ. ਗੁਰਚਰਨ ਸਿੰਘ ਮਾਕਿਨ 1998.

## ਹਿੰਦੀ ਵਿਚ ਪ੍ਰਾਪਤ ਟੀਕੇ

1) ਗੁਰੂ ਗ੍ਰੰਥ ਸਾਹਿਬ ਕਾ ਟੀਕਾ: ਦੇਵਨਾਗਰੀ ਲਿਪੀ ਮੇਂ, (ਚਾਰ ਭਾਗ), ਗੋਪਾਲ ਸਿੰਘ ਕੌਮੀ, 1965.

2) ਸ੍ਰੀ ਗੁਰੂ ਗ੍ਰੰਥ ਸਾਹਿਬ ਕਾ ਟੀਕਾ (ਹਿੰਦੀ ਵਿਆਖਿਆ ਸ਼ਬਦਾਰਥ ਸਹਿਤ), (ਤਿੰਨ ਭਾਗ) ਮੁਨੀ ਅਰਜਨ ਸਿੰਘ, 1967.

3) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, (ਹਿੰਦੀ ਅਨੁਵਾਦ ਸਹਿਤ ਨਾਗਰੀ ਲਿਪੀਅੰਤਰਣ), (ਚਾਰ ਭਾਗ), ਮਨਮੋਹਲ ਸਹਿਗਲ, 1978-82.

4) ਸ੍ਰੀ ਗੁਰੂ ਗ੍ਰੰਥ ਸਾਹਿਬ (ਹਿੰਦੀ ਟੀਕਾ ਸਹਿਤ), (ਪੰਜ ਭਾਗ), ਲਕਸ਼ਮਣ ਚੇਲਾਰਾਮ, 1987.

5) ਮਾਣਿਕ ਮੋਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਥ ਪ੍ਰਬੋਧ, (ਇਕ ਭਾਗ), ਜਗਜੀਤ ਕੌਰ ਸਲਵਾਨ, 1990.

6) ਸ੍ਰੀ ਗੁਰੂ ਗ੍ਰੰਥ ਸਾਹਿਬ (ਮੂਲ ਅਤੇ ਹਿੰਦੀ ਅਨੁਵਾਦ), (ਚਾਰ ਭਾਗ) ਡਾ. ਜੋਧ ਸਿੰਘ, 2003-04.

## 2 ਕੋਸ਼

ਕਠਿਨ ਪਦਾਂ ਦੇ ਅਰਥ ਅੱਖਰ ਕ੍ਰਮ ਅਨੁਸਾਰ ਦਰਸਾਉਣ ਦੀ ਪਰੰਪਰਾ ਹੀ ਕੋਸ਼ਕਾਰੀ ਹੈ। ਕੋਸ਼ਕਾਰੀ ਦੇ ਅਧੀਨ ਅੱਖਰਾਂ ਦੇ ਕ੍ਰਮ ਦੇ ਆਧਾਰ ਤੇ ਸੌਖੇ ਅਰਥਾਂ ਨੂੰ ਛੱਡ ਕੇ ਕੇਵਲ ਔਖੇ ਪਦਾਂ ਨੂੰ ਦਰਸਾਇਆ ਜਾਂਦਾ ਹੈ।[38] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੰਬੰਧਿਤ ਕੋਸ਼ ਜੋ ਪ੍ਰਾਪਤ ਹੋਏ ਹਨ। ਉਹਨਾ ਦਾ ਵੇਰਵਾਂ ਇਸ ਪ੍ਰਕਾਰ ਹੈ।

1) ਸ੍ਰੀ ਗੁਰੂ ਗ੍ਰੰਥ ਕੋਸ਼, ਭਾਈ ਵੀਰ ਸਿੰਘ,1927.
2) ਗੁਰ ਸ਼ਬਦ ਰਤਨਾਕਰ, ਮਹਾਨ ਕੋਸ਼, ਕਾਨ ਸਿੰਘ ਨਾਭਾ, 1930.
3) ਗੁਰੂ ਗ੍ਰੰਥ ਵਿਚਾਰ ਕੋਸ਼, ਪਿਆਰਾ ਸਿੰਘ ਪਦਮ, 1969.
4) ਗੁਰੂ ਗ੍ਰੰਥ ਸੰਕੇਤ ਕੋਸ਼, ਪਿਆਰਾ ਸਿੰਘ ਪਦਮ, 1977.
5) ਗੁਰੂ ਗ੍ਰੰਥ ਮਹਿਮਾ ਕੋਸ਼, ਪਿਆਰਾ ਸਿੰਘ ਪਦਮ, 1983.
6) ਗੁਰਮਤਿ ਮਾਰਤੰਡ, (ਦੋ ਭਾਗ), ਕਾਨ ਸਿੰਘ ਨਾਭਾ, 1992.
7) ਗੁਰਬਾਣੀ ਤੱਤ ਸਾਗਰ, ਸੰਤਾ ਸਿੰਘ ਤਤਲੇ, 1995.
8) ਸ੍ਰੀ ਗੁਰੂ ਗ੍ਰੰਥ ਕੋਸ਼, (ਦੋ ਭਾਗ), ਸ. ਗੁਰਚਰਨ ਸਿੰਘ, 2002.
9) ਗੁਰੂ ਗ੍ਰੰਥ ਵਿਸ਼ਵਕੋਸ਼, (ਦੋ ਭਾਗ), ਡਾ. ਰਤਨ ਸਿੰਘ ਜੱਗੀ, 2002.
10) ਗੁਰੂ ਗਿਰਾਰਥ ਕੋਸ਼, ਹਰਭਜਨ ਸਿੰਘ (ਪੁਨਰ ਸੰਪਾ.), 2010.
11) ਸ੍ਰੀ ਗੁਰੂ ਗ੍ਰੰਥ ਸਾਹਿਬ ਮੂਲ ਸੰਕਲਪ-ਕੋਸ਼, ਜਸਬੀਰ ਸਿੰਘ ਸਰਨਾ, 2010.
12) ਗੁਰਮਤ ਨਿਰਣਯ ਕੋਸ਼, ਗੁਰਸ਼ਰਨ ਜੀਤ ਸਿੰਘ, 2004.

## 3 ਨਿਰੁਕਤ

---

[38] ਡਾ. ਬਲਕਾਰ ਸਿੰਘ, ਨਾਨਕ ਪ੍ਰਕਾਸ਼ ਪਤ੍ਰਿਕਾ, ਪ੍ਰੋ. ਸਾਹਿਬ ਸਿੰਘ ਵਿਸ਼ੇਸ਼ ਅੰਕ, ਪੰਨਾ 53

ਟੀਕਾਕਾਰੀ ਦਾ ਸਭ ਤੋਂ ਪਹਿਲਾ ਅਤੇ ਅਤਿ ਪ੍ਰਾਚੀਨ ਨਮੂਨਾ ਨਿਰੁਕਤ ਹੈ। ਇਸ ਸ਼੍ਰੇਣੀ ਵਿਚ ਯਾਸਕਮੁਨੀ ਦਾ ਗ੍ਰੰਥ 'ਨਿਰੁਕਤਮ' ਪ੍ਰਮਾਣਿਕ ਮੰਨਿਆ ਗਿਆ ਹੈ। ਨਿਰੁਕਤਮ ਦਾ ਰਚਨਾ ਕਾਲ 6-7 ਵੀਂ ਪੂਰਵ ਈਸਵੀ ਹੈ। ਇਸ ਵਿਚ ਵੇਦ ਸੰਹਿਤਾਵਾਂ ਦੇ ਪ੍ਰਚਲਿਤ (Obsolove) ਗੂੜ ਤੇ ਦੁਰਗਮ ਮੰਤ੍ਰਾ ਤੇ ਸ਼ਬਦਾਂ ਦੀ ਨਿਰੁਕਤੀ, ਵਿਉਤਪੱਤੀ, ਵਿਆਖਿਆ ਅਤੇ ਸ਼ਬਦ ਸਿੱਧੀ ਆਦਿ ਅਨੇਕ ਪਹਿਲੂਆਂ ਉਤੇ ਚਾਨਣਾਂ ਪਾਇਆ ਗਿਆ ਹੈ। ਨਿਰੁਕਤਮ ਦਾ ਪੰਜਾਬੀ ਰੂਪ ਨਿਰੁਕਤ ਹੈ। ਨਿਰੁਕਤ ਦਾ ਅਰਥ ਕਿਸੇ ਸ਼ਬਦ ਦੀ ਛਾਣਬੀਣ ਕਰਕੇ ਉਸ ਦਾ ਠਹਿਰਾਇਆ ਹੋਇਆ ਅਰਥ ਸਰੂਪ। ਨਿਰੁਕਤ ਸੰਸਕ੍ਰਿਤ ਸ਼ਬਦ ਹੈ, ਜਿਸ ਦੇ ਅਰਥ 'ਚੰਗੀ ਤਰ੍ਹਾਂ ਉਕਤ' ਜਾਂ ਆਖਿਆ ਹੋਇਆ ਹੈ। ਇਸ ਅਨੁਸਾਰ ਸ਼ਬਦਾਂ ਦਾ ਅਰਥ ਉਤਮ ਰੀਤ ਨਾਲ ਕੀਤਾ ਜਾਂਦਾ ਹੈ। ਯਾਸਕ ਮੁਨੀ ਨੇ ਵੇਦਾਂ ਦੇ ਸ਼ਬਦਾਂ ਦੇ 'ਅਰਥ ਸਰੂਪ' ਦੇ ਗ੍ਰੰਥ ਦਾ ਨਾਮ 'ਨਿਰੁਕਤ' ਰੱਖਿਆ। ਇਨ੍ਹਾਂ ਅਰਥਾਂ ਵਿਚ ਹੀ ਭਾਈ ਵੀਰ ਸਿੰਘ ਨੇ ਇਹ ਸ਼ਬਦ 'ਨਿਰੁਕਤ' ਸ੍ਰੀ ਗੁਰੂ ਗ੍ਰੰਥ ਸੰਥਯਾ ਵਰਤਿਆ ਹੈ।[39] ਸਾਧਾਰਨ ਤੌਰ 'ਤੇ ਕਿਸੇ ਸ਼ਬਦ ਦਾ ਅਰਥ ਨਿਸ਼ਚਿਤ ਕਰਨ ਲਈ ਉਸ ਕੇ ਸੰਦਰਭ ਦਾ ਸਾਹਾਰਾ ਲਿਆ ਜਾਂਦਾ ਹੈ। ਜਿਸ ਨਾਲ ਭੁਲੇਖੇ ਪੈਣ ਦਾ ਡਰ ਪੈਦਾ ਹੋ ਜਾਂਦਾ ਹੈ ਪਰ ਨਿਰੁਕਤ ਪਹੁੰਚ ਵਿਧੀ ਨਾਲ ਭੁਲੇਖਾ ਦੂਰ ਹੁੰਦਾ ਹੈ। ਗੁਰਬਾਣੀ ਵਿਚ ਨਿਰੁਕਤ ਦੀ ਵਰਤੋਂ ਸਭ ਤੋਂ ਪਹਿਲਾਂ ਭਾਈ ਵੀਰ ਸਿੰਘ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਸੰਥਯਾ' ਵਿਚ ਕੀਤੀ। ਭਾਈ ਸਾਹਿਬ ਤੋਂ ਬਾਅਦ ਕੋਸ਼ ਰੂਪ ਵਿਚ ਡਾ. ਬਲਬੀਰ ਸਿੰਘ ਨੇ ਇਸ ਕੰਮ ਨੂੰ ਅੱਗੇ ਤੋਰਦਿਆਂ ੳ ਅੱਖਰ ਤੋਂ ਐੜੇ ਅੱਖਰ ਤੱਕ ਦੋ ਪੋਥੀਆ ਵਿਚ ਇਹ ਕਾਰਜ ਆਰੰਭ ਕੀਤਾ। ਉਨ੍ਹਾਂ ਤੋਂ ਉਪਰੰਤ ਡਾ. ਰਤਨ ਸਿੰਘ ਜੱਗੀ ਨੇ ਸ਼ਬਦ 'ਆਂਹੋ ਤੋਂ ਹੀਲਾ' ਤਿੰਨ ਪੋਥੀਆਂ ਤੱਕ ਕੰਮ ਕੀਤਾ। ਹੁਣ ਇਹ ਕਾਰਜ ਡਾ. ਹਰਭਜਨ ਸਿੰਘ ਨੇ ੳ ਤੋਂ ੜ ਅੱਖਰ ਤੱਕ 4200 ਨਵੇਂ ਇੰਦਰਾਜਾਂ ਨਾਲ ਸੰਪੂਰਣ ਤਿਆਰ ਕਰਕੇ ਵੱਡਮੁੱਲਾ ਯੋਗਦਾਨ ਪਾਇਆ ਹੈ।

**4 ਭਾਸ਼**

[39] ਡਾ. ਬਲਵੀਰ ਸਿੰਘ, ਨਿਰੁਕਤ, ਸ੍ਰੀ ਗੁਰੂ ਗ੍ਰੰਥ ਸਾਹਿਬ, ਭੂਮਿਕਾ

ਜਿਹੜੇ ਟੀਕਾਕਾਰ ਗ੍ਰੰਥਾਂ ਵਿਚ ਕਿਸੇ ਸੂਤਰ ਜਾਂ ਵਾਕਾਂ ਦੇ ਅਰਥਾਂ ਨੂੰ ਖੋਲ੍ਹ ਕੇ ਲਿਖਿਆ ਜਾਵੇ ਜਾਂ ਉਸਦੀ ਵਿਆਖਿਆ ਵਿਸਥਾਰ ਰੂਪ ਵਿਚ ਕੀਤੀ ਜਾਵੇ, ਨੂੰ 'ਭਾਸ਼' ਕਿਹਾ ਜਾਂਦਾ ਹੈ।[40] ਸੂਤਰਾਂ ਨੂੰ ਵਿਆਖਿਆ ਰਾਹੀਂ ਸਪਸ਼ਟ ਕਰਨ ਦੀ ਲੋੜ ਨੇ ਹੀ ਭਾਸ਼ ਸਾਹਿਤ ਨੂੰ ਜਨਮ ਦਿਤਾ। ਭਾਸ਼ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਨੂੰ ਮੁੱਖ ਰੱਖ ਕੇ ਲਿਖਿਆ ਜਾਂਦਾ ਹੈ ਅਤੇ ਇਕੋ ਮੂਲ ਰਚਨਾ ਦੇ ਵੱਖ-ਵੱਖ ਭਾਸ਼ ਵੱਖ-ਵੱਖ ਦ੍ਰਿਸ਼ਟੀਕੋਣ ਨੂੰ ਪ੍ਰਗਟਾਉਂਦੇ ਹਨ। ਸੋ, ਭਾਸ਼ ਇਕ ਵਿਸ਼ੇਸ਼ ਸ਼ੈਲੀ ਵਿਚ ਸੂਤਰਾਂ ਦੀ ਅਜਿਹੀ ਵਿਸਥਾਰ ਪੂਰਵਕ ਵਿਆਖਿਆ ਹੈ ਜਿਸ ਵਿਚ ਭਾਸ਼ਕਾਰ ਨੇ ਆਪਣੇ ਦ੍ਰਿਸ਼ਟੀਕੋਣ ਨੂੰ ਸਹੀ ਸਿੱਧ ਕਰਨ ਲਈ ਆਪਣੇ ਵਿਚਾਰ ਵੀ ਦਿੱਤੇ ਹੁੰਦੇ ਹਨ। ਭਾਸ਼ ਵਿਚ ਕੀਤੀ ਵਿਆਖਿਆ ਟੀਕੇ ਨਾਲੋਂ ਕਠਿਨ, ਗੰਭੀਰ ਅਤੇ ਵਧੇਰੇ ਵਿਸਥਾਰ ਪੂਰਵਕ ਹੁੰਦੀ ਹੈ।[41]

1) ਗੁਰੂ ਗ੍ਰੰਥ ਸਾਹਿਬ ਭਾਸ਼ ਪ੍ਰਕਾਸ਼, ਸੰਤ ਸੁਤੇ ਪ੍ਰਕਾਸ਼,

**5 ਵ੍ਰਿਤੀ**

ਅਸਲ ਵਿਚ ਗੰਭੀਰ ਪ੍ਰਕਿਰਤੀ ਵਾਲੀ ਵਿਆਖਿਆ ਨੂੰ ਹੀ 'ਵ੍ਰਿਤੀ' ਮੰਨਿਆ ਜਾਂਦਾ ਸੀ ਪ੍ਰੰਤੂ ਬਾਅਦ ਵਿਚ ਇਸ ਸ਼ਬਦ ਦਾ ਉਪਯੋਗ ਵਿਆਖਿਆ ਮਾਤਰ ਹੀ ਰਹਿ ਗਿਆ ਅਤੇ ਟੀਕਾਕਾਰ ਆਪਣੇ ਖ਼ਿਆਲਾਂ ਅਨੁਸਾਰ ਹੀ ਆਪਣੇ ਰਚਿਤ ਵਿਆਖਿਆਨ ਗ੍ਰੰਥਾਂ ਨੂੰ ਵ੍ਰਿਤੀ, ਟੀਕਾ, ਟਿੱਪਣੀ ਆਦਿ ਨਾਮ ਦੇਣ ਲੱਗੇ।[42] ਵਿਆਕਰਨ ਅਨੁਸਾਰ 'ਵ੍ਰਿਤੀ' ਉਹ ਗੂੜ੍ਹ ਸ਼ਬਦ ਰਚਨਾ ਹੈ ਜਿਹੜੀ ਇਕ ਅਰਥ ਦੇ ਅੰਦਰ ਦੂਜਿਆਂ ਅਰਥਾਂ ਨੂੰ ਪ੍ਰਗਟਾਉਂਦੀ ਹੈ। ਵੈਸੇ ਵ੍ਰਿਤੀ ਟੀਕੇ ਨਾਲੋਂ ਅਤਿ ਸੂਖਮ ਹੁੰਦੀ ਹੈ।[43]

**6 ਪਰਮਾਰਥ**

---

[40] ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 911

[41] ਡਾ. ਗੁਰਚਰਨ ਸਿੰਘ (ਸੰਪਾ.), ਆਲੋਚਨਾ, ਅਕਤੂਬਰ-ਦਸੰਬਰ 1984, ਪੰਨਾ 107

[42] ਉਪਰੋਕਤ ਵਰਣਿਤ, ਪੰਨਾ 108

[43] ਡਾ. ਅਮਰਜੀਤ ਸਿੰਘ (ਸੰਪਾ.), ਉਪਰੋਕਤ ਵਰਣਿਤ, ਪੰਨਾ 187

ਵਿਆਖਿਆ ਕਰਨ ਦੀ ਇਹ ਜੁਗਤ ਗੁਰੂ ਕਾਲ ਵਿਚ ਹੀ ਸ਼ੁਰੂ ਹੋ ਗਈ ਸੀ। ਪਰਮਾਰਥ ਲਿਖਣ ਦੀ ਪਰੰਪਰਾ ਗੁਰੂ ਅਰਜਨ ਦੇਵ ਜੀ ਦੇ ਭਤੀਜੇ, ਪ੍ਰਿਥੀ ਚੰਦ ਦੇ ਸਪੁੱਤਰ ਸੋਢੀ ਮਿਹਰਬਾਨ ਤੋਂ ਸ਼ੁਰੂ ਮੰਨੀ ਜਾਂਦੀ ਹੈ। ਪਰਮਾਰਥ ਸ਼ਬਦ ਨੂੰ ਟੀਕੇ ਦੇ ਰੂਪ ਵਿਚ ਸਿਰਫ਼ ਪੰਜਾਬੀ ਸਾਹਿਤ ਵਿਚ ਹੀ ਪ੍ਰਯੋਗ ਕੀਤਾ ਗਿਆ ਹੈ। ਪ੍ਰੰਤੂ ਇਨ੍ਹਾਂ ਦੀ ਅਸਲ ਜਾਣਕਾਰੀ ਪੁਰਾਣਾਂ ਦੇ ਸਾਹਿਤ ਵਿਚ ਵੀ ਮਿਲਦੀ ਮੰਨੀ ਗਈ ਹੈ।[44] ਜਦੋਂ ਇਸ ਸ਼ਬਦ ਨੂੰ ਟੀਕੇ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਤਾਂ ਇਸ ਤੋਂ ਭਾਵ ਅਰਥ ਸਿਧਾਂਤ ਜਾਂ ਨਿਚੋੜ ਲਿਆ ਜਾਂਦਾ ਹੈ। ਟੀਕੇ ਵਿਚ ਸ਼ਬਦ ਅਤੇ ਪੰਕਤੀਆ ਨੂੰ ਮੁੱਖ ਰੱਖਿਆ ਜਾਂਦਾ ਹੈ ਪਰ ਪਰਮਾਰਥ ਸ਼ਬਦਾਂ ਅਤੇ ਪੰਕਤੀਆ ਦੀ ਕੈਦ ਤੋਂ ਮੁਕਤ ਹੁੰਦਾ ਹੈ। ਪਰਮਾਰਥ ਮੂਲ ਰਚਨਾ ਵਿਚਲੇ ਪਦਾਂ ਅਤੇ ਪੰਕਤੀਆਂ ਦੀ ਕੈਦ ਤੋਂ ਮੁਕਤ, ਸਮੁੱਚੇ ਭਾਵ ਨੂੰ ਮੁੱਖ ਰੱਖ ਕੇ ਕੀਤੀ ਗਈ, ਅਜਿਹੀ ਸਰਲ ਤੇ ਸੰਖੇਪ ਵਿਆਖਿਆ ਹੈ ਜਿਸ ਵਿਚ ਮੂਲ ਰਚਨਾ ਦੇ ਭਾਵਅਰਥ ਨੂੰ ਸਪਸ਼ਟ ਕੀਤਾ ਜਾਂਦਾ ਹੈ ਅਤੇ ਉਸ ਵਿਚਲੇ ਅਧਿਆਤਮਕ ਤੱਥਾਂ ਨੂੰ ਉਘਾੜਿਆ ਜਾਂਦਾ ਹੈ।[45]

### 7 ਟਿੱਪਣੀ

ਟਿੱਪਣੀ ਸ਼ਬਦ ਲਈ ਅੰਗਰੇਜ਼ੀ ਭਾਸ਼ਾ ਵਿਚ ਸ਼ਬਦ 'commentary' ਪ੍ਰਯੋਗ ਕੀਤਾ ਜਾਂਦਾ ਹੈ। ਪੰਜਾਬੀ ਸਾਹਿਤ ਵਿਚ ਆਮ ਟੀਕਾ-ਟਿੱਪਣੀ ਸ਼ਬਦ ਦੀ ਵਰਤੋਂ ਹੁੰਦੀ ਹੈ। ਸੰਖੇਪ ਵਿਚ ਕੀਤੇ ਗਏ ਟੀਕੇ ਨੂੰ ਟਿੱਪਣੀ ਕਹਿੰਦੇ ਹਨ ਜਿਸ ਵਿਚ ਕੇਵਲ ਕਠਨ ਪਦਾਂ ਦੀ ਵਿਆਖਿਆ ਹੁੰਦੀ ਹੈ ਭਾਵੇਂ ਉਹ ਸੌਖੇ ਹੋਣ ਜਾਂ ਔਖੇ। ਆਮ ਤੌਰ 'ਤੇ 'ਟਿੱਪਣੀ' ਸ਼ਬਦ ਅੰਗਰੇਜ਼ੀ ਦੇ ਸ਼ਬਦ 'ਨੋਟ' ਦੇ ਅਰਥ ਵਿਚ ਵਰਤਿਆ ਜਾਂਦਾ ਹੈ। ਕਈ ਵਾਰ ਟੀਕਾ-ਟਿੱਪਣੀ ਸ਼ਬਦ ਦਾ ਜੁੜਵਾਂ ਪ੍ਰਯੋਗ ਵੀ ਕੀਤਾ ਜਾਂਦਾ ਹੈ ਜਿਸਦਾ ਅਰਥ ਆਲੋਚਨਾ ਹੁੰਦਾ ਹੈ।[46]

### 8 ਵਾਰਤਕ

---

[44] ਡਾ. ਗੁਰਚਰਨ ਸਿੰਘ (ਸੰਪਾ.), ਉਪਰੋਕਤ ਵਰਣਿਤ, ਪੰਨਾ 111

[45] ਉਪਰੋਕਤ ਵਰਣਿਤ, ਪੰਨਾ 112

[46] ਡਾ. ਗੁਰਚਰਨ ਸਿੰਘ (ਸੰਪਾ.), ਆਲੋਚਨਾ, ਜੁਲਾਈ- ਸਤੰਬਰ, 1986, ਪੰਨਾ 2

'ਵਾਰਤਿਕ ਟੀਕਾਕਾਰੀ ਦਾ ਇਕ ਹੋਰ ਸਿਧਾਂਤਕ ਸੰਕਲਪ ਹੈ। ਵਾਰਤਿਕ ਵਿਚ ਕਹੇ, ਅਣਕਹੇ ਜਾਂ ਫਿਰ ਔਖੇ ਕਹੇ ਹੋਏ (ਉਕਤ, ਅਨੁਕਤ, ਦੁਰੁਕਤ) ਕਥਨਾਂ ਨੂੰ ਸਰਲ ਸਪਸ਼ਟ ਕਰਨ ਦਾ ਜਤਨ ਕੀਤਾ ਜਾਂਦਾ ਹੈ। ਇਸ ਵਿਚ ਵਾਰਤਕ ਕਾਰ ਪ੍ਰਸਤੁਤ ਵਿਸ਼ੇ ਉਤੇ ਹੋਰ ਪ੍ਰਕਾਸ਼ ਪਾਉਣ ਲਈ ਨਵੀਆਂ ਗੱਲਾਂ ਕਹਿਣ ਲਈ ਸੁਤੰਤਰ ਹੁੰਦਾ ਹੈ।[47]

**9 ਵਿਆਖਿਆ**

ਕਿਸੇ ਕਠਿਨ, ਅਸਪਸ਼ਟ ਜਾਂ ਰਹੱਸਮਈ ਪਦ, ਵਾਕ, ਸੂਤਰ ਜਾਂ ਸੂਤਰ-ਗ੍ਰੰਥ ਨੂੰ ਸਪਸ਼ਟ, ਸਰਲ ਤੇ ਸੁਖੈਨ ਰੂਪ ਵਿਚ ਵਿਸਥਾਰਮਈ ਢੰਗ ਨਾਲ ਬਿਆਨ ਕਰਨ ਵਾਲੀ ਵ੍ਰਿਤੀ ਨੂੰ ਵਿਆਖਿਆ ਆਖਿਆ ਜਾਂਦਾ ਹੈ।[48]

**10 ਕਥਾ**

ਰਚਨਾ/ਟੈਕਸਟ ਦੇ ਜੁਬਾਨੀ ਅਰਥ ਵਿਆਖਿਆ ਕਰਨ ਦਾ ਨਾਂ ਹੀ ਕਥਾਕਾਰੀ ਹੈ ਇਹ ਵਿਧੀ ਸਿੱਖ ਪਰੰਪਰਾ ਵਿਚ ਬਹੁਤ ਪ੍ਰਚੱਲਿਤ ਹੈ। ਕਥਾਕਾਰੀ ਤੋਂ ਭਾਵ ਕਿਸੇ ਪਾਠ ਦੇ ਜ਼ੁਬਾਨੀ ਅਰਥਾਂ ਨੂੰ ਵਖਿਆਉਣ ਤੋਂ ਲਿਆ ਜਾਂਦਾ ਹੈ।[49] ਕਥਾਕਾਰ ਗੁਰਬਾਣੀ ਦੇ ਅਰਥਾਂ ਨੂੰ ਸਰੋਤਿਆਂ ਤੱਕ ਇਤਿਹਾਸਕ ਪ੍ਰਸੰਗਾਂ ਸਹਿਤ ਪਹੁੰਚਾਣ ਦਾ ਜਤਨ ਕਰਦਾ ਹੈ। ਜਿਸ ਨੂੰ ਸਰੋਤੇ ਸੁਖੈਨ ਹੀ ਆਪਣੀ ਚੇਤਨਾ ਵਿਚ ਵਸਾ ਲੈਂਦੇ ਹਨ। ਸਿੱਖ ਇਤਿਹਾਸ ਵਿਚ ਵੇਖਿਆ ਜਾਵੇ ਤਾਂ ਅਨੇਕਾਂ ਹੀ ਕਥਾਕਾਰ ਹੋਏ ਹਨ, ਭਾਵੇਂ ਬਾਣੀ ਰਚਨਾਂ ਦੇ ਨਾਲ-ਨਾਲ ਹੀ ਇਸ ਦੀ ਵਿਆਖਿਆ ਦਾ ਕਾਰਜ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋ ਜਾਂਦਾ ਹੈ ਜਦੋਂ ਉਹ ਵੱਖ-ਵੱਖ ਮਤਾਂ ਮਤਾਂਦਰਾਂ ਦੇ ਸਾਧੂਆਂ/ਵਿਦਵਾਨਾਂ ਨਾਲ ਗੋਸ਼ਟਿ ਕਰਦੇ ਹਨ ਤਾਂ ਗੁਰੂ ਜੀ ਗੁਰਬਾਣੀ ਦੁਆਰਾ ਗੁਰਬਾਣੀ ਦੀ ਵਿਆਖਿਆ 'ਤੇ ਜੋਰ ਦਿੰਦੇ ਹਨ ਪ੍ਰੰਤੂ ਗੁਰਬਾਣੀ ਦੇ ਪਹਿਲੇ ਵਿਆਖਿਆਕਾਰ ਅਤੇ

---

[47] ਡਾ. ਅਮਰਜੀਤ ਸਿੰਘ, ਉਪਰੋਕਤ ਵਰਣਿਤ, ਪੰਨੇ, 133-134

[48] ਡਾ. ਗੁਰਚਰਨ ਸਿੰਘ (ਸੰਪਾ.), ਆਲੋਚਨਾ, ਅਕਤੂਬਰ-ਦਸੰਬਰ 1984, ਪੰਨੇ 110-111

[49] ਡਾ. ਬਲਕਾਰ ਸਿੰਘ, ਉਪਰੋਕਤ ਵਰਣਿਤ, ਪੰਨਾ 53

ਕਥਾਕਾਰ ਹੋਣ ਦਾ ਮਾਨ ਭਾਈ ਗੁਰਦਾਸ ਜੀ ਨੂੰ ਪ੍ਰਾਪਤ ਹੈ। ਜਦ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਜਿੰਮੇਵਾਰੀ ਸੌਂਪੀ ਸੀ ਕਿ ਉਹ ਸੰਗਤਾਂ ਨੂੰ ਗੁਰਬਾਣੀ ਦੀ ਵਿਆਖਿਆ ਕਰਕੇ ਗੁਰਬਾਣੀ ਦੇ ਅਰਥ ਸਮਝਾਉਣ, ਭਾਈ ਸਾਹਿਬ ਦੁਆਰਾ ਆਰੰਭ ਕੀਤੀ ਵਿਆਖਿਆ ਦੀ ਇਹ ਪਰਪਾਟੀ 'ਭਾਈ ਪ੍ਰਣਾਲੀ' ਦੇ ਨਾਂ ਨਾਲ ਜਾਣੀ ਗਈ। ਭਾਈ ਸਾਹਿਬ ਦੀ ਆਪਣੀ ਰਚਨਾ '40 ਵਾਰਾਂ' ਜਿਥੇ ਸਿੱਖ ਇਤਿਹਾਸ ਅਤੇ ਸਾਹਿਤ ਦਾ ਵੱਡਮੁਲਾ ਸ੍ਰੋਤ ਹੈ ਉਥੇ ਇਸ ਰਚਨਾ ਨੂੰ ਗੁਰਬਾਣੀ ਦੀ ਕੂੰਜੀ ਹੋਣ ਦਾ ਵਰ ਵੀ ਗੁਰੂ ਅਰਜਨ ਦੇਵ ਜੀ ਦੁਆਰਾ ਬਖਸ਼ਿਸ ਕੀਤਾ ਗਿਆ ਹੈ ਇਨ੍ਹਾਂ ਤੋਂ ਇਲਾਵਾਂ ਸਮੇਂ-ਸਮੇਂ ਬੇਅੰਤ ਪ੍ਰਣਾਲੀਆਂ ਚੱਲੀਆਂ, ਕਥਾਕਾਰਾਂ ਵਿਚ ਸੰਤ ਸਿੰਘ ਜੀ ਮਸਕੀਨ, ਮਾਨ ਸਿੰਘ ਝੌਰ ਅਜੋਕੇ ਸਮੇਂ ਵਿਚ ਗਿਆਨੀ ਪਿੰਦਰਪਾਲ ਸਿੰਘ ਜੀ ਅਤੇ ਅਨੇਕਾਂ ਹੋਰ ਕਥਾਕਾਰ ਹਨ ਜੋ ਗੁਰਬਾਣੀ ਦੀ ਕਥਾ ਰਾਹੀਂ ਗੁਰਬਾਣੀ ਦੇ ਗੁਹਜ ਭਾਵਾਂ ਜਾਂ ਰੱਬੀ ਪੈਗਾਮ ਨੂੰ ਸੰਗਤਾਂ ਤੱਕ ਪਹੁੰਚਾਅ ਰਹੇ ਹਨ।

**11 ਅਨੁਵਾਦ**

ਅਨੁਵਾਦ ਕਿਸੇ ਆਸ਼ਯ ਨੂੰ ਭਾਸ਼ਾ ਦੇ ਇਕ ਸਰੀਰ ਤੋਂ ਨਿਕਾਲ ਕੇ ਕਿਸੇ ਹੋਰ ਭਾਸ਼ਾ ਦੇ ਸਰੀਰ 'ਚ ਸਥਾਪਤ ਕਰਨ ਦੀ ਇਕ ਯੋਗ ਕਲਾ ਹੈ। ਇਹ ਕਾਯਾਕਲਪ ਤੋਂ ਵੀ ਔਖੀ ਸਾਧਨਾ ਹੈ।[50] ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੇਕਾ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੇ ਹਨ ਪਰ ਅੰਗ੍ਰੇਜ਼ੀ ਵਿਚ ਸਭ ਤੋਂ ਜ਼ਿਆਦਾ ਕੰਮ ਹੋਇਆ ਹੈ।

**ਵਿਆਖਿਆਕਾਰੀ ਦਾ ਮਹੱਤਵ**

ਇਹ ਅਸਲੀਅਤ ਹੈ ਕਿ ਭਾਸ਼ਾ ਵਿਗਿਆਨਕ ਪੱਖ ਤੋਂ ਜਿਤਨੀ ਮੱਧਕਾਲੀ ਸ਼ਬਦਾਵਲੀ ਆਦਿ ਗ੍ਰੰਥ ਵਿਚ ਸੰਚਿਤ ਹੈ, ਉਤਨੀ ਹੋਰ ਕਿਤੇ ਵੀ ਪ੍ਰਾਪਤ ਨਹੀਂ। ਇਸਦਾ ਕਾਰਣ ਇਹ ਹੈ ਕਿ ਇਸ ਮਹਾਨ ਗ੍ਰੰਥ ਦੇ ਯੋਗਦਾਨੀ ਵੱਖੋ ਵੱਖ ਇਲਾਕਿਆਂ, ਵੱਖੋ ਵੱਖ ਸਮਿਆਂ ਤੇ ਵੱਖ ਵੱਖ ਪਰੰਪਰਾਈ ਮੰਨਤਾਵਾਂ ਨਾਲ

[50] ਡਾ. ਅਮਰਜੀਤ ਸਿੰਘ (ਸੰਪਾ), ਉਪਰੋਕਤ ਵਰਣਿਤ, ਪੰਨਾ 134

ਸੰਬੰਧਿਤ ਸਨ ਤੇ ਆਪਣੇ ਆਪਣੇ ਪਿਛੋਕੜ ਅਨੁਸਾਰ ਉਹ ਆਪਣਾ ਅਨੁਭਵ ਬਿਆਨ ਕਰਦੇ ਰਹੇ ਸਨ।[51] ਵਿਆਖਿਆਕਾਰੀ ਨਾਲ ਸੰਬੰਧਿਤ ਵਿਭਿੰਨ ਪਹਿਲੂਆਂ ਨੂੰ ਜੋ ਪਾਠ ਦੇ ਇਤਿਹਾਸਕ ਕਾਲ ਕ੍ਰਮ ਵਿਚਲੇ ਗੂੜ੍ਹ ਵਿਚਾਰਾਂ, ਭਾਵਾਂ ਨੂੰ ਸਮਝਣ ਵਿਚ ਸਹਾਈ ਹੰਦੇ ਹਨ ਨਿਮਨ ਹਨ-

1 ਵਿਆਖਿਆਕਾਰੀ ਨਾਲ ਧਾਰਮਿਕ ਪਾਠ ਆਮ ਸਰੋਤਿਆਂ ਅਤੇ ਪਾਠਕਾਂ ਨੂੰ ਸੁਖੈਨ ਰੂਪ ਵਿਚ ਸਮਝਣ 'ਚ ਮਦਦ ਪ੍ਰਾਪਤ ਹੁੰਦੀ ਹੈ।

2 ਧਰਮ ਗ੍ਰੰਥਾਂ ਦੀ ਵਿਆਖਿਆ ਲਈ ਜਦੋਂ ਵਿਆਖਿਆਕਾਰ ਕਿਸੇ ਵਿਸ਼ੇਸ਼ ਪ੍ਰਣਾਲੀ ਰਾਹੀਂ ਵਿਆਖਿਆਕਾਰੀ ਦਾ ਜਤਨ ਕਰਦਾ ਹੈ ਤਾਂ ਅਰਥਾਂ ਦੇ ਅਨਰਥ ਹੋਣ ਤੋਂ ਬਚਿਆ ਜਾ ਸਕਦਾ ਹੈ।

3 ਧਰਮ ਗ੍ਰੰਥ ਦੀ ਵਿਆਖਿਆ ਰਾਹੀਂ ਇਤਿਹਾਸਕ/ਮਿਥਿਹਾਸਕ ਹਵਾਲਿਆਂ ਦੀ ਸੂਚਨਾ ਉਪਲੱਬਧ ਹੋ ਜਾਂਦੀ ਹੈ।

4 ਵਿਆਖਿਆਕਾਰੀ ਰਾਹੀਂ ਧਰਮ ਗ੍ਰੰਥ ਨੂੰ ਮੰਨਣ ਵਾਲਿਆਂ ਦੇ ਵਿਸ਼ਵਾਸਾਂ ਅਤੇ ਧਾਰਨਾਵਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ।

5 ਬੀਤੇ ਸਮੇਂ ਹੋ ਚੁੱਕੇ ਧਰਮ ਗ੍ਰੰਥਾਂ ਦੇ ਰਚਨਹਾਰਿਆਂ ਨਾਲ ਸੰਵਾਦ ਦੀ ਸਥਿਤੀ ਵੀ ਵਿਆਖਿਆਕਾਰੀ ਰਾਹੀਂ ਪੈਦਾ ਹੁੰਦੀ ਹੈ।

6 ਵਿਆਖਿਆਕਾਰ ਵਿਆਖਿਆ ਕਰਦਾ ਬੀਤੇ ਸਮੇਂ ਦੇ ਪਾਠ ਦੇ ਮੁਹਾਵਰੇ ਤੱਕ ਪਹੁੰਚ ਕੇ ਉਸ ਨੂੰ ਸੰਬੰਧਿਤ ਸਮੇਂ ਦੇ ਹਾਣ ਦਾ ਬਣਾਉਂਦਾ ਹੈ।

7 ਧਰਮ ਗ੍ਰੰਥ ਭਾਵੇਂ ਵਿਸ਼ੇਸ਼ ਧਰਮ ਨੂੰ ਮੰਨਣ ਵਾਲਿਆਂ ਨਾਲ ਸੰਬੰਧਿਤ ਹੁੰਦੇ ਹਨ ਪਰ ਇਸ ਦਾ ਸੰਦੇਸ਼ ਸਮੁੱਚੀ ਮਾਨਵਤਾ ਲਈ ਸਾਂਝਾ ਹੁੰਦਾ ਹੈ। ਇਸ ਨਾਲ ਵੱਖ ਵੱਖ ਧਰਮਾਂ ਦੇ ਮੰਨਣ ਵਾਲਿਆਂ ਨਾਲ ਸੰਬੰਧਿਤ

[51] ਉਪਰੋਕਤ ਵਰਣਿਤ, ਪੰਨਾ 176

ਸਾਂਝੇ ਤੱਤ- ਰੱਬ ਦਾ ਗਿਆਨ, ਸ੍ਰਿਸ਼ਟੀ, ਜੀਵ, ਨੈਤਿਕਤਾ, ਪਿਆਰ ਆਦਿ ਦੀ ਪਰਿਭਾਸ਼ਾ ਵਿਆਖਿਆਕਾਰੀ ਰਾਹੀਂ ਹੀ ਕੀਤੀ ਜਾ ਸਕਦੀ ਹੈ।

8 ਕਿਸੇ ਵਿਸ਼ੇਸ਼ ਧਰਮ ਨੂੰ ਮੰਨਣ ਵਾਲੇ ਸ਼ਰਧਾਲੂਆਂ ਲਈ ਧਰਮ ਗ੍ਰੰਥ ਵਿਚਲੇ ਪ੍ਰਮੁੱਖ ਵਿਸ਼ਵਾਸਾਂ ਜਾਂ ਧਾਰਨਾਵਾਂ ਦੀ ਗਿਆਤ ਵਿਆਖਿਆਕਾਰੀ ਰਾਹੀਂ ਹੁੰਦੀ ਹੈ।

9 ਵਿਆਖਿਆਕਾਰੀ ਰਾਹੀਂ ਪਾਠ ਦੇ ਪੁਰਾਤਨ ਮੁਹਾਵਰੇ ਨੂੰ ਸਮੇਂ ਅਤੇ ਸਥਿਤੀ ਦੇ ਪ੍ਰਸੰਗ ਵਿਚ ਨਵੀਆਂ ਅੰਤਰ ਦ੍ਰਿਸ਼ਟੀਆਂ ਰਾਹੀਂ ਨਵੇਂ ਅਰਥਾਂ ਦਾ ਰੂਪ ਵੀ ਵਿਆਖਿਆਕਾਰੀ ਰਾਹੀਂ ਹੀ ਪ੍ਰਾਪਤ ਹੁੰਦਾ ਹੈ। ਇਸ ਪੱਖ ਨੂੰ ਸਿਧੇ ਰੂਪ ਵਿਚ ਸਮਝਣ ਲਈ ਗੁਰਬਾਣੀ ਦੇ ਕੁਝ ਹਵਾਲੇ ਲਏ ਜਾ ਸਕਦੇ ਹਨ-

ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥[52]

ਨਰੂ ਮਰੈ ਨਰੁ ਕਾਮਿ ਨ ਆਵੈ॥[53]

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥[54]

ਉਕਤ ਗੁਰਬਾਣੀ ਦੀਆਂ ਪੰਕਤੀਆਂ ਦੇ ਅਰਥ ਅਜ ਤੋਂ ਪਹਿਲਾਂ ਕੁਝ ਹੋਰ ਸਨ ਪਰ ਮਾਡਰਨ ਵਿਧਾ ਵਿਚ ਇਸਦੇ ਪ੍ਰਸੰਗਕ ਅਰਥ ਵੀ ਬਦਲ ਚੁੱਕੇ ਹਨ।

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਵਿਆਖਿਆ ਦਾ ਘੇਰਾ ਬਹੁਤ ਹੀ ਵਿਸ਼ਾਲ ਹੈ। ਇਸ ਲਈ ਵਿਆਖਿਆ ਨੂੰ ਸਮਝਣ ਅਤੇ ਸਮਝਾਉਣ ਲਈ ਵਿਆਖਿਆਕਾਰ ਨੂੰ ਦੁਨਿਆਵੀ ਗਿਆਨ ਦੇ ਨਾਲ 'ਬਿਬੇਕ ਬੁਧ' ਅਤੇ ਵਾਹਿਗੁਰੂ ਦੀ ਬਖ਼ਸ਼ਿਸ਼ ਅਧਿਆਤਮਿਕ ਅਵਸਥਾ ਦਾ ਪਾਂਧੀ ਹੋਣਾ ਵੀ ਜਰੂਰੀ ਹੋ ਜਾਂਦਾ ਹੈ ਤਾਂ ਹੀ ਉਸ ਅਸੀਮ ਗਿਆਨ ਦੇ ਭੰਡਾਰ ਨੂੰ ਜਨ ਮਾਨਸ ਤੱਕ ਸੌਖੇ ਸ਼ਬਦਾਂ ਵਿਚ ਪਹੁੰਚਾਇਆ ਜਾ ਸਕਦਾ ਹੈ।

---

[52] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1420

[53] ਉਪਰੋਕਤ ਵਰਣਿਤ, ਪੰਨਾ 870

[54] ਉਪਰੋਕਤ ਵਰਣਿਤ, ਪੰਨਾ 1379

# ਅਧਿਆਇ ਤੀਜਾ

## ਗੁਰਬਾਣੀ ਵਿਆਖਿਆ: ਪਿਛੋਕੜ ਤੇ ਵਰਤਮਾਨ

ਰੂਹਾਨੀ ਇਲਹਾਮ ਵਿਚੋਂ ਪ੍ਰਗਟ ਹੋਣ ਵਾਲੀ ਦੈਵੀ ਰਚਨਾ ਦੇ ਗੁਹਜ ਭਾਵਾਂ ਨੂੰ ਸਮਝਣ ਤੇ ਸਮਝਾਉਣ ਲਈ ਜਿਸ ਢੰਗ/ਤਰੀਕੇ ਦੀ ਵਰਤੋਂ ਕੀਤੀ ਜਾਂਦੀ ਹੈ ਨੂੰ ਵਿਆਖਿਆਕਾਰੀ ਦਾ ਨਾਂ ਦਿਤਾ ਗਿਆ ਹੈ। ਰੱਬੀ ਬਾਣੀ ਕਾਵਿਕ ਰੂਪ ਵਿਚ ਹੋਣ ਦੇ ਨਾਲ-ਨਾਲ ਚਿੰਨ੍ਹਾਂ, ਪ੍ਰਤੀਕਾਂ, ਬਿੰਬਾਂ ਅਤੇ ਮਿੱਥਾਂ ਦੇ ਰੂਪ ਵਿਚ ਸਾਡੇ ਤੱਕ ਪਹੁੰਚੀ। ਇਸ ਲਈ ਇਨ੍ਹਾਂ ਭਾਸ਼ਾਈ ਬਰੈਕਟਾਂ ਨੂੰ ਖੋਲਣਾ ਇਕ ਵਡੀ ਸਮਸਿਆ ਸੀ। ਇਸੇ ਦੇ ਹੱਲ ਵਜੋਂ ਹੀ ਗੁਰਬਾਣੀ ਨੂੰ ਸਮਝਣ ਲਈ ਵਿਆਖਿਆ ਦੀ ਲੋੜ ਪਈ। ਦੂਸਰਾ ਧਰਮ ਗ੍ਰੰਥਾਂ ਵਿਚ ਵਰਤੀ ਗਈ ਭਾਸ਼ਾ ਕੋਈ ਇਕ ਭਾਸ਼ਾ ਨਾ ਹੋ ਕੇ ਬਹੁ ਭਾਸ਼ਾਵਾਂ ਦਾ ਸੁਮੇਲ ਹੁੰਦਾ ਹੈ ਜਿਸ ਨੂੰ ਸਮਝਣਾ ਬਹੁਤ ਮੁਸ਼ਕਿਲ ਕਾਰਜ ਹੋ ਜਾਂਦਾ ਹੈ ਕਿਉਂਕਿ ਇਨ੍ਹਾਂ ਸ਼ਬਦਾਂ ਦੇ ਅਰਥ ਸਮੇਂ ਤੇ ਸਥਾਨ ਦੇ ਬਦਲਾਅ ਨਾਲ ਹੀ ਬਦਲ ਜਾਂਦੇ ਹਨ ਅਤੇ ਇਨ੍ਹਾਂ ਦੇ ਸਹੀ ਅਰਥਾਂ ਤੱਕ ਪਹੁੰਚਣ ਲਈ ਵਿਆਖਿਆਕਾਰ ਨੂੰ ਡੂੰਘਾ ਸਾਹਿਤਕ ਅਧਿਐਨ ਵੀ ਕਰਨਾ ਪੈਂਦਾ ਹੈ। ਵਿਆਖਿਆ ਅਤੇ ਦੈਵੀ/ਰੱਬੀ ਬੋਲ ਇਕ ਦੂਜੇ ਨਾਲ ਜੁੜੇ ਹੋਏ ਹਨ। ਵਿਆਖਿਆ ਵੀ ਧਰਮ ਗ੍ਰੰਥਾਂ ਜਿੰਨੀ ਹੀ ਪੁਰਾਣੀ ਪ੍ਰਵਾਨ ਕੀਤੀ ਜਾਂਦੀ ਹੈ ਪਰ ਆਰੰਭ ਵਿਚ ਇਸਦਾ ਰੂਪ ਮੌਖਿਕ ਹੀ ਰਿਹਾ। ਮੌਖਿਕ-ਪਰੰਪਰਾ ਕਿਸ ਵੇਲੇ ਹੋਂਦ ਵਿਚ ਆਈ, ਇਸ ਬਾਰੇ ਨਿਸ਼ਚਿਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਸ ਨਾਲ ਇਕ ਗੱਲ ਤਾਂ ਸਪਸ਼ਟ ਹੋ ਜਾਂਦੀ ਹੈ ਕਿ ਮੌਖਿਕ ਪਰੰਪਰਾ ਹੀ ਵਿਆਖਿਆ ਦਾ ਮੁੱਢਲਾ ਰੂਪ ਰਹੀ ਹੋਵੇਗੀ। ਅਕਾਦਮਿਕਤਾ ਨਾਲ ਜੁੜੇ ਹਰ ਖੇਤਰ ਵਿਚ ਆਮ ਅਤੇ ਖ਼ਾਸ ਕਰਕੇ ਧਾਰਮਿਕ ਰਚਨਾਵਾਂ ਦੇ ਖੇਤਰ ਵਿਚ ਵਿਆਖਿਆ ਦਾ ਸਥਾਨ ਬਹੁਤ ਹੀ ਮੱਹਤਵਪੂਰਨ ਰਿਹਾ ਹੈ। ਇਸੇ ਕਰਕੇ ਇਕ ਪਾਸੇ ਇਹ ਸ਼ਾਸਤਰ ਹੈ ਅਤੇ ਦੂਜੇ ਪਾਸੇ ਅਕਾਦਮਿਕ ਅੰਤਰਦ੍ਰਿਸ਼ਟੀ (Methodology) ਵੀ।[1] ਜੇਕਰ ਗੁਰਬਾਣੀ ਵਿਆਖਿਆਕਾਰੀ ਦੀ ਗੱਲ ਕਰੀਏ ਤਾਂ ਇਸ ਦਾ ਕਾਰਜ ਬਾਣੀ ਦੇ ਅਵਤਰਨ ਦੇ ਨਾਲ ਹੀ ਮੁੱਢਲੇ ਦੌਰ ਵਿਚ, ਬਾਣੀ ਦੀ ਬਾਣੀ ਰਾਹੀਂ ਵਿਆਖਿਆ (ਸਹਿਜ) ਰੂਪ ਵਿਚ

[1] ਡਾ. ਸਰਬਜਿੰਦਰ ਸਿੰਘ, ਵਿਆਖਿਆ: ਸ਼ਾਸਤਰ ਜਾਂ ਅੰਤਰਦ੍ਰਿਸ਼ਟੀ (ਅਪ੍ਰਕਾਸ਼ਿਤ ਖੋਜ ਪੇਪਰ), ਪੰਨਾ 3

ਸ਼ੁਰੂ ਹੋ ਗਿਆ ਸੀ। ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਇਸ ਦੇ ਅਨੇਕਾਂ ਉਦਹਾਰਨ ਵੇਖੇ ਜਾ ਸਕਦੇ ਹਨ। ਜਿਵੇਂ ਮੂਲਮੰਤਰ ਦੀ ਵਿਆਖਿਆ ਜਪੁਜੀ ਅਤੇ ਜਪੁਜੀ ਦੀ ਹੀ ਵਿਆਖਿਆ ਸਮੁੱਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸੇ ਤਰ੍ਹਾਂ ਕਿਸੇ ਗੁਰੂ ਸਾਹਿਬਾਨ ਜਾਂ ਭਗਤ ਸਾਹਿਬਾਨ ਦੇ ਉਚਾਰਣ ਕੀਤੇ ਸ਼ਬਦ ਦੇ ਪ੍ਰਸੰਗ ਨੂੰ ਦੂਸਰੇ ਗੁਰੂ ਸਾਹਿਬਾਨ ਜਾਂ ਭਗਤ ਸਾਹਿਬਾਨ ਦੁਆਰਾ ਵਿਸਥਾਰਤ ਰੂਪ ਦਿਤਾ ਗਿਆ, ਵੀ ਸਹਿਜ ਵਿਆਖਿਆ ਦੇ ਘੇਰੇ ਵਿਚ ਆਉਂਦਾ ਹੈ। ਦੂਸਰੇ ਜਤਨਾਂ ਵਿਚ ਸਿੱਖੀ ਦੇ ਪਹਿਲੇ ਵਿਆਖਿਆਕਾਰ, ਮਹਾਨ ਦਾਰਸ਼ਨਿਕ, ਤੱਤਵੇਤੇ, ਸੱਤਪੁਰਖ ਭਾਈ ਗੁਰਦਾਸ ਜੀ ਦਾ ਨਾਮ ਲਿਆ ਜਾ ਸਕਦਾ। ਉਨ੍ਹਾਂ ਨੇ ਗੁਰਬਾਣੀ ਦੇ ਗੁਹਜ਼ ਭਾਵਾਂ ਨੂੰ ਸਮਝਣ ਹਿੱਤ ਸਭ ਤੋਂ ਪਹਿਲਾਂ ਪੰਜਾਬੀ ਭਾਸ਼ਾ ਵਿਚ ਕਾਵਿਕ ਰੂਪ ‘ਚ ਵਿਆਖਿਆ ਪੇਸ਼ ਕੀਤੀ। ਉਨ੍ਹਾਂ ਦੁਆਰਾ ਉਚਾਰਨ ਕੀਤੀਆਂ 40ਵਾਰਾਂ ਪਿਛਲੇ ਅਧਿਆਇ ਚ’ ਦਸੇ ਅਨੁਸਾਰ, ਨੂੰ ਗੁਰੂ ਅਰਜਨ ਦੇਵ ਜੀ ਦੁਆਰਾ ‘ਗੁਰਬਾਣੀ ਦੀ ਕੁੰਜੀ’ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ। ਭਾਈ ਗੁਰਦਾਸ ਜੀ ਤੋਂ ਉਪਰੰਤ ਸੋਢੀ ਮਿਹਰਬਾਨ ਜੋ ਕਿ ਗੁਰੂ ਅਰਜਨ ਦੇਵ ਜੀ ਦੇ ਭਤੀਜੇ ਅਤੇ ਪ੍ਰਿਥੀਚੰਦ ਦੇ ਸਪੁੱਤਰ ਸਨ ਦਾ ਨਾਮ ਵਰਨਣਯੋਗ ਹੈ। ਇਸ ਸਮੇਂ ਖ਼ਾਸਕਰ ਗੁਰੂ ਨਾਨਕ ਰਚਿਤ ਬਾਣੀ ਦੇ ਪਰਮਾਰਥ ਰਚੇ ਗਏ। ਸੋਢੀ ਮਿਹਰਬਾਨ ਤੋਂ ਇਲਾਵਾ ਸੋਢੀ ਚਤਰਭੁਜ ਤੇ ਸੋਢੀ ਹਰਿਜੀ ਦਾ ਨਾਂ ਇਸ ਕਾਲ ਦੀ ਵਿਆਖਿਆਕਾਰੀ ਵਿਚ ਪ੍ਰਮੁੱਖ ਹੈ। ਅਗਲੇਰੀ ਵਿਚਾਰ ਤੋਂ ਪਹਿਲਾਂ ਇਕ ਗੱਲ ਧਿਆਨ ਦੇਣ ਵਾਲੀ ਹੈ ਕਿ ਲੋਕ ਬੋਲੀ ਹੀ ਇਕ ਦਿਨ ਸਾਹਿਤ ਦੀ ਬੋਲੀ ਬਣਦੀ ਹੈ ਅਤੇ ਭਾਸ਼ਾ ਦੇ ਲਗਾਤਾਰ ਵਿਕਾਸ/ਬਦਲਾਅ ਨਾਲ ਨਵੀਂ-ਨਵੀਂ ਲੋਕ ਬੋਲੀ ਬਣਦੀ ਜਾਂਦੀ ਹੈ ਤੇ ਪੁਰਾਣੀ ਬੋਲੀ/ਭਾਸ਼ਾ ਕੇਵਲ ਕਾਗਜਾਂ 'ਤੇ ਉੱਕਰੇ ਹੋਏ ਸ਼ਬਦਾਂ ਵਿਚ ਹੀ ਸਿਮਟ ਕੇ ਰਹਿ ਜਾਂਦੀ ਹੈ। ਸਮੇਂ ਦੇ ਬਦਲਣ ਨਾਲ ਭਾਸ਼ਾ ਅੰਤਰ ਵੀ ਲਗਾਤਾਰ ਵੱਧਦਾ ਜਾਂਦਾ ਹੈ ਜਿਸ ਕਾਰਨ ਮੌਜੂਦਾ ਅਤੇ ਪਿਛੋਕੜ ਦੀ ਬੋਲੀ/ਭਾਸ਼ਾ ਵਿਚਲੇ ਅੰਤਰ ਨੂੰ ਸਮਝਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਗੁਰੂ ਕਾਲ ਵੇਲੇ ਦੀ ਪੰਜਾਬੀ ਬੋਲੀ/ਭਾਸ਼ਾ ਅਪਭ੍ਰੰਸ਼ ਅਤੇ ਪ੍ਰਾਕਰਤ ‘ਚੋਂ ਨਿਕਲ ਕੇ ਵਿਕਾਸ ਦੇ ਮੁੱਢਲੇ ਪੜਾਅ ਵੱਲ ਵੱਧ ਰਹੀ ਸੀ ਜਿਸ ਨੂੰ ਮੱਧ ਕਾਲੀਨ ਦੀ ਪੰਜਾਬੀ ਬੋਲੀ/ਭਾਸ਼ਾ ਕਿਹਾ ਜਾਂਦਾ ਹੈ। ਮੱਧ ਕਾਲ ਵਿਚ ਪੰਜਾਬੀ ਭਾਸ਼ਾ ਕੇਵਲ ਕਾਵਿਕ ਰੂਪ ਵਿਚ ਹੀ ਸੀ। ਕਾਵਿ ਰੂਪ ਨੂੰ ਸਮਝਣਾ ਸਮੇਂ ਦੇ ਪਰਿਵਰਤਨ ਨਾਲ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ। ਇਸ ਮੱਧਕਾਲ ਦੇ ਕਾਵਿ ਰੂਪ ਨੂੰ ਸਮਝਣ ਤੋਂ ਬਾਅਦ ਅਗਲਾ ਦੌਰ ਸ਼ੁਰੂ

ਹੁੰਦਾ ਹੈ ਜਿਸ ਨੂੰ ਵਾਰਤਕ ਸ਼ੈਲੀ ਕਿਹਾ ਜਾਂਦਾ ਹੈ। ਗੁਰਬਾਣੀ ਵਿਆਖਿਆਕਾਰੀ ਨੂੰ ਸਮਝਣ ਤੇ ਸਮਝਾਉਣ ਦੇ ਇਨ੍ਹਾਂ ਜਤਨਾਂ ਵਿਚੋਂ ਹੀ ਉਦਾਸੀ ਸੰਪ੍ਰਦਾ ਦਾ ਵਿਕਾਸ ਹੁੰਦਾ ਹੈ ਹਾਲਾਂਕਿ ਇਨ੍ਹਾਂ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਤੋਂ ਮੰਨਿਆ ਜਾਂਦਾ ਹੈ, ਨੂੰ ਉਦਾਸੀ ਸੰਪ੍ਰਦਾ ਦੇ ਮੋਢੀ ਵਿਆਖਿਆਕਾਰ ਵਜੋਂ ਵੀ ਜਾਣਿਆ ਜਾਂਦਾ ਹੈ। ਗੁਰਬਾਣੀ ਵਿਆਖਿਆਕਾਰੀ ਦੇ ਖੇਤਰ ਵਿਚ 18ਵੀਂ ਅਤੇ 19ਵੀਂ ਸਦੀ ‘ਚ ਜੋ ਯੋਗਦਾਨ ਉਦਾਸੀ ਸਾਧੂਆਂ ਨੇ ਪਾਇਆ ਉਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਕਿਉਂਕਿ ਕਾਵਿਕ ਰੂਪ ਨੂੰ ਵਾਰਤਕ ਰੂਪ ਵਿਚ ਪੇਸ਼ ਕਰਨ ਦਾ ਜਤਨ ਇਥੋਂ ਹੀ ਆਰੰਭ ਹੋਇਆ (ਗੁਰਬਾਣੀ ਟੀਕਿਆਂ ਦੇ ਰੂਪ ਵਿਚ)।[2] ਉਦਾਸੀ ਸਾਧੂਆਂ ਵਿਚੋਂ ਸਾਧੂ ਆਨੰਦਘਨ ਦਾ ਨਾਮ ਪ੍ਰਮੁੱਖ ਹੈ। ਉਦਾਸੀਆਂ ਤੋਂ ਉਪਰੰਤ ਗੁਰਬਾਣੀ ਦੇ ਕਾਰਜ ਨੂੰ ਅੱਗੇ ਤੋਰਨ ਦਾ ਜਤਨ ਨਿਰਮਲੇ ਸੰਪ੍ਰਦਾ ਦੁਆਰਾ ਕੀਤਾ ਗਿਆ। ਸਿੱਖ ਪਰੰਪਰਾ ਵਿਚ ਇਸ ਸੰਪ੍ਰਦਾ ਦੀ ਸ਼ੁਰੂਆਤ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪੰਜ ਸਿੰਘਾਂ ਨੂੰ ਵੇਦਾਂਤ ਦੀ ਵਿਦਿਆ ਲਈ ਕਾਂਸ਼ੀ ਭੇਜਿਆ ਸੀ ਤੋਂ ਸ਼ੁਰੂ ਹੋਈ ਮੰਨੀ ਜਾਂਦੀ ਹੈ ਜੋ ਕਿ ਨਿਰਮਲੇ ਕਹਾਏ ਜਾਣ ਲੱਗੇ। ਇਨ੍ਹਾਂ ਉਪਰ ਵੇਦਾਂਤ ਦਾ ਪ੍ਰਭਾਵ ਸਾਫ਼ ਦਿਖਾਈ ਦਿੰਦਾ ਹੈ। ਇਨ੍ਹਾਂ ਦਾ ਉਲਾਰ ਵੇਦਾਂਤ ਦੀ ਤਰਫ ਹੋਣ ਕਾਰਨ ਵਿਆਖਿਆ ਵਿਸਥਾਰ ਵੀ ਬਹੁਤ ਹੋ ਗਿਆ। ਇਕ ਪੰਕਤੀ/ਸ਼ਬਦ ਦੇ ਇਕ ਤੋਂ ਵਧੀਕ ਅਰਥ ਹੋਣੇ ਆਰੰਭ ਹੋ ਗਏ ਸਿੱਖ ਪੰਥ ਦੀ ਇਸ ਮਹਾਨ ਸੰਪ੍ਰਦਾ ਨੇ ਅਨੇਕਾਂ ਸਿਰਕੱਢ ਵਿਦਵਾਨ ਸਿੱਖ ਪੰਥ ਦੀ ਝੋਲੀ ਪਾਏ ਜਿਨ੍ਹਾਂ ਵਿਚੋਂ ਪੰਡਤ ਤਾਰਾ ਸਿੰਘ ਨਰੋਤਮ, ਗਿਆਨੀ ਗਿਆਨ ਸਿੰਘ, ਭਾਈ ਸੰਤੋਖ ਸਿੰਘ ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਗੁਰਬਾਣੀ ਵਿਆਖਿਆਕਾਰੀ ਦੀ ਸਭ ਤੋਂ ਜ਼ਿਆਦਾ ਵਿਕਸਿਤ ਪ੍ਰਣਾਲੀ ਦਾ ਨਾਂ ਹੈ ਗਿਆਨੀ ਪ੍ਰਣਾਲੀ। ਇਸ ਪ੍ਰਣਾਲੀ ਨੇ ਗੁਰਬਾਣੀ ਵਿਆਖਿਆਕਾਰੀ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਉਂਦਿਆਂ ਗੁਰਬਾਣੀ ਦੇ ਭਾਵਾਂ ਨੂੰ ਸਮਝਣ ਹਿੱਤ ਨਵੀਆਂ ਜੁਗਤਾਂ ਜਿਵੇਂ- ਉਥਾਨਕਾ, ਸਾਖੀਆਂ, ਭਾਵ-ਅਰਥ, ਪਦ-ਅਰਥ, ਅੰਤਰੀਵ-ਅਰਥ ਆਦਿ ਦਾ ਵਿਕਾਸ ਕੀਤਾ। ਇਸ ਪ੍ਰਣਾਲੀ ਦੇ ਪ੍ਰਮੁੱਖ ਵਿਦਵਾਨਾਂ ਵਿਚੋਂ ਭਾਈ ਮਨੀ

[2] ਹਾਲਾਂਕਿ ਪੰਜਾਬੀ ਵਾਰਤਕ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਨਾਲ ਸੰਬੰਧਤ ਜਨਮ ਸਾਖੀਆਂ ਤੋਂ ਹੀ ਹੋ ਗਿਆ ਸੀ, ਪਰ ਗੁਰਬਾਣੀ ਨੂੰ ਵਾਰਤਕ ਰੂਪ (ਟੀਕਿਆਂ ਰੂਪ ਵਿਚ) ਵਿਕਸਿਤ ਕਰਨ ਦਾ ਸਿਹਰਾ ਉਦਾਸੀ ਸੰਪ੍ਰਦਾ ਨੂੰ ਹੀ ਜਾਂਦਾ ਹੈ।

ਸਿੰਘ, ਸੰਤ ਅਮੀਰ ਸਿੰਘ, ਗਿਆਨੀ ਬਿਸ਼ਨ ਸਿੰਘ, ਗਿਆਨੀ ਬਦਨ ਸਿੰਘ ਆਦਿ ਦਾ ਨਾਂ ਲਿਆ ਜਾ ਸਕਦਾ ਹੈ।

ਵਗਦੇ ਦਰਿਆ ਆਪਣਾ ਨਵਾਂ ਰਾਹ ਆਪ ਹੀ ਤਿਆਰ ਕਰ ਲੈਂਦੇ ਹਨ। ਇਸੇ ਤਰ੍ਹਾਂ ਗੁਰਬਾਣੀ ਵਿਆਖਿਆ ਨੂੰ ਸਮਝਣ ਤੇ ਸਮਝਾਉਣ ਦੇ ਅਗਲੇ ਪੜਾਅ ਵੱਲ ਵੇਖੀਏ ਤਾਂ ਇਸ ਦੀ ਉਪਜ 1873 ਈ. ਵਿਚ ਗਿਆਨੀ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ ਦੇ ਜਤਨਾਂ ਸਦਕਾ ਆਰੰਭੀ ਸਿੱਖ ਚੇਤਨਾ ਦੇ ਵਿਕਾਸ ਲਈ ਸੰਸਥਾ 'ਸਿੰਘ ਸਭਾ ਲਹਿਰ' ਵਿਚੋਂ ਸੀ। 'ਸਿੰਘ ਸਭਾ ਲਹਿਰ' ਨੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਅਤੇ ਸਿੱਖਾਂ ਵਿਚ ਵਧ ਰਹੇ ਪਤਿਤਪੁਣੇ ਨੂੰ ਦੂਰ ਕਰਨ ਅਤੇ ਗੁਰਬਾਣੀ ਦੇ ਸਹੀ ਅਰਥ ਨਿਰਧਾਰਤ ਕਰਨ ਲਈ ਨਵੀਆਂ ਅੰਤਰ ਦ੍ਰਿਸ਼ਟੀਆਂ (ਵਿਆਕਰਣਕ ਨਿਯਮ, ਇਕ ਪੰਕਤੀ/ਸ਼ਬਦ ਦਾ ਇਕੋ ਅਰਥ ਨੀਅਤ ਕਰਨ) ਤਿਆਰ ਕੀਤੀਆਂ। 'ਸਿੰਘ ਸਭਾ ਲਹਿਰ' ਵਿਚ ਅਨੇਕਾਂ ਸਿਰਕੱਢ ਵਿਦਵਾਨਾਂ ਦਾ ਨਾਂ ਲਿਆ ਜਾ ਸਕਦਾ ਹੈ ਪਰ ਇਨ੍ਹਾਂ ਵਿਚੋਂ ਲਹਿਰ ਦੀ ਸੋਚ ਨੂੰ ਬੂਰ ਪਾਉਣ ਵਾਲੇ ਵਿਦਵਾਨਾਂ ਵਿਚੋਂ ਪ੍ਰੋ. ਸਾਹਿਬ ਸਿੰਘ ਤੇ ਪ੍ਰਿੰ. ਤੇਜਾ ਸਿੰਘ ਦਾ ਨਾਂ ਪ੍ਰਮੁੱਖ ਹੈ। ਸਿੰਘ ਸਭਾ ਲਹਿਰ ਦੀ ਵਿਆਖਿਆਕਾਰੀ ਨੂੰ ਸਿੱਖ ਅਕਾਦਮਿਕਤਾ ਵੱਲੋਂ ਕਾਲ ਕ੍ਰਮ ਅਨੁਸਾਰ ਨਵੀਨ/ਆਧੁਨਿਕ ਵਿਆਖਿਆਕਾਰੀ ਯੁੱਗ ਵਿਚ ਰੱਖਿਆ ਹੈ। ਨਵੀਨ ਵਿਆਖਿਆਕਾਰੀ ਤੋਂ ਉਪਰੰਤ ਅਗਲੇਰੀ ਵਿਆਖਿਆਕਾਰੀ ਨੂੰ ਉਤਰ ਆਧੁਨਿਕ ਵਿਆਖਿਆਕਾਰੀ ਯੁੱਗ ਵਿਚ ਲਿਆ ਜਾ ਸਕਦਾ ਹੈ। ਇਸ ਵਿਚ ਗਿਆਨੀ ਹਰਬੰਸ ਸਿੰਘ ਨਿਰਣੈਕਾਰ, ਗਿਆਨੀ ਮਨੀ ਸਿੰਘ, ਅਕਾਦਮਿਕਤਾ ਵਿਚ ਡਾ. ਰਤਨ ਸਿੰਘ ਜੱਗੀ ਅਤੇ ਉਨ੍ਹਾਂ ਤੋਂ ਉਪਰੰਤ ਸੰਤ ਹਰੀ ਸਿੰਘ ਰੰਧਾਵਾ ਦਾ ਨਾਂ ਲਿਆ ਜਾ ਸਕਦਾ ਹੈ। ਬੇਸ਼ੱਕ ਪੰਜਾਬੀ ਭਾਸ਼ਾ ਵਿਚ ਹੋਏ ਇਹ ਨਵੀਨ ਸਟੀਕ ਉਤਰ ਆਧੁਨਿਕ ਵਿਆਖਿਆਕਾਰੀ ਦੇ ਘੇਰੇ ਵਿਚ ਆਉਂਦੇ ਹਨ ਪਰ ਇਨ੍ਹਾਂ ਦਾ ਪਿਛੋਕੜ ਕੁਝ ਇਕ ਪਖਾਂ ਨੂੰ ਛੱਡ ਕੇ ਗਿਆਨੀ ਪ੍ਰਣਾਲੀ ਅਤੇ ਸਿੰਘ ਸਭਾ ਪ੍ਰਣਾਲੀ ਨਾਲ ਹੀ ਜਾ ਜੁੜਦਾ ਹੈ। ਗੁਰਬਾਣੀ ਵਿਆਖਿਆਕਾਰੀ ਦੇ ਲੰਮੇ ਚੌੜੇ ਇਤਿਹਾਸ ਨੂੰ ਵੇਖਦਿਆਂ ਇਕ ਗੱਲ ਤਾਂ ਸਹਿਜ ਰੂਪ ਵਿਚ ਹੀ ਸਾਹਮਣੇ ਆ ਜਾਂਦੀ ਹੈ ਕਿ ਇਹ ਨਾ ਮੁੱਕਣ ਵਾਲਾ ਉਹ ਖ਼ਜ਼ਾਨਾ ਹੈ ਜਿਸ ਨੂੰ ਸਮਝਣ ਲਈ ਵਿਆਖਿਆਕਾਰ ਕੇਵਲ ਇਕ ਜਤਨ ਕਰ ਸਕਦਾ ਹੈ ਦਾਅਵਾ ਨਹੀਂ। ਭਾਈ ਗੁਰਦਾਸ ਜੀ ਗੁਰਬਾਣੀ ਦੇ ਇਸ ਅਥਾਹ ਖਜ਼ਾਨੇ ਬਾਰੇ ਲਿਖਦੇ ਹਨ

ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਹੀ।

ਜੈਸੇ ਪਰਬਤ ਹੀਰਾ ਮਾਨਕ ਪਾਰਸ ਸਿਧ ਖਨਵਾਰਾ ਖਨਿ ਜਗਿ ਵਿਖੇ ਪ੍ਰਗਟਾਵਹੀ।

ਜੈਸੇ ਬਨ ਬਿਖੈ ਮਲਿਆਗਰ ਸੌਧਾ ਕਪੂਰ ਸੋਧ ਕੈ ਸੁਬਾਸੀ ਸੁਬਾਸ ਬਿਹਸਾਵਹੀ।

ਤੈਸੇ ਗੁਰਬਾਨੀ ਬਿਖੈ ਸਕਲ ਪਦਾਰਥ ਹੈ ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਹੀ ॥[3]

ਇਸੇ ਤਰ੍ਹਾਂ ਗੁਰਬਾਣੀ ਦੇ ਅਥਾਹ ਖਜਾਨੇ ਬਾਰੇ ਗੁਰੂ ਅਰਜਨ ਦੇਵ ਜੀ ਦਸਦੇ ਹਨ-

ਹਮ ਧਨਵੰਤ ਭਾਗਠ ਸਚ ਨਾਇ ॥ ਹਰਿ ਗੁਣ ਗਾਵਹ ਸਹਜਿ ਸੁਭਾਇ ॥੧॥ ਰਹਾਉ ॥

ਪੀਊ ਦਾਦੇ ਕਾ ਖੋਲਿ ਡਿਠਾ ਖ਼ਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥

ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥

ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩॥

ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥ ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥[4]

ਉਪਰੋਕਤ ਉਦਾਹਰਣਾਂ ਨੂੰ ਮੱਦੇਨਜ਼ਰ ਰੱਖਦਿਆਂ ਹਥਲੇ ਖੋਜ ਕਾਰਜ ਵਿਚ ਵੀ ਗੁਰਬਾਣੀ ਵਿਆਖਿਆਕਾਰੀ ਦੇ ਇਤਿਹਾਸ ਨੂੰ ਸਮਝਣ ਦਾ ਇਕ ਜਤਨ ਕੀਤਾ ਗਿਆ ਹੈ। ਇਸ ਜਤਨ ਵਿਚ ਮੈਂ ਗੁਰਬਾਣੀ ਦੇ ਮਹੱਤਵਪੂਰਨ/ਸੰਪੂਰਨ ਪੰਜਾਬੀ ਵਿਚ ਹੋਏ ਟੀਕਿਆਂ ਨੂੰ ਆਧਾਰ ਬਣਾਇਆ ਹੈ। ਜਿਨ੍ਹਾਂ ਵਿਚੋਂ ਵਿਆਖਿਆਕਾਰੀ ਦੇ ਗੁਣ/ਲੱਛਣ/ਵਿਸ਼ੇਸ਼ਤਾਵਾਂ ਨੂੰ ਵੇਖਦਿਆਂ ਉਸ ਟੀਕੇ ਦੀ ਸਾਰਥਕਤਾ ਨੂੰ ਸਮਝਣ ਦਾ ਇਕ ਉਪਰਾਲਾ ਕੀਤਾ ਗਿਆ ਹੈ। ਇਨ੍ਹਾਂ ਟੀਕਿਆਂ ਵਿਚੋਂ ਕੁਝ ਟੀਕੇ ਅਧੂਰੇ ਵੀ ਸ਼ਾਮਿਲ ਕੀਤੇ ਗਏ ਹਨ। ਜਿਵੇਂ- ਪੰਡਤ ਤਾਰਾ ਸਿੰਘ ਨਰੋਤਮ, ਅਕਾਲੀ ਨਿਹਾਲ ਸਿੰਘ ਸੂਰੀ, ਪੰਡਤ ਨਰੈਣ ਸਿੰਘ ਅਤੇ ਭਾਈ ਵੀਰ ਸਿੰਘ ਜੀ ਦੇ ਟੀਕੇ ਹਨ ਪਰ ਇਨ੍ਹਾਂ ਦੀ ਸਾਰਥਕਤਾ ਨੂੰ ਮੁੱਖ ਰੱਖਦਿਆਂ, ਨੂੰ ਵੀ ਸਰਵੇਖਣ ਵਿਚ ਸ਼ਾਮਿਲ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜਾਬੀ ਵਿਚ ਪ੍ਰਾਪਤ ਪ੍ਰਮੁੱਖ ਹੋਏ ਸੰਪੂਰਨ ਟੀਕੇ

---

[3] ਕਬਿੱਤ ਸਵਯੇ, ਭਾਈ ਗੁਰਦਾਸ , ਕਬਿੱਤ 546

[4] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 186

ਜੋ ਵਖ-2 ਸਮੇਂ ਵਿਆਖਿਆਕਾਰਾਂ ਰਾਹੀਂ ਹੋਂਦ ਵਿਚ ਆਏ ਉਨ੍ਹਾਂ ਵਿਚਲੀਆਂ ਅੰਤਰਦ੍ਰਿਸਟੀਆਂ ਨੂੰ ਸੰਕੋਚਵੇਂ ਰੂਪ ਵਿਚ ਸਮਝਣ ਦਾ ਜਤਨ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜਾਬੀ ਹੋਏ ਮਹੱਤਵਪੂਰਣ ਟੀਕਿਆਂ ਦਾ ਤਤਕਰਾ:

- ਫਰੀਦਕੋਟੀ ਟੀਕਾ, (ਚਾਰ ਭਾਗ), ਗਿਆਨ ਬਦਨ ਸਿੰਘ ਸੇਖਵਾਂ, 1877-83.
- ਗੁਰੁ ਭਾਵ ਦੀਪਕਾ, ਪੰਡਤ ਤਾਰਾ ਸਿੰਘ ਨਰੋਤਮ, 1881-85.
- ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ,(ਅੱਠ ਭਾਗ), ਗਿਆਨੀ ਬਿਸ਼ਨ ਸਿੰਘ, 1929-38.
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, (ਦਸ ਭਾਗ), ਪੰਡਤ ਨਰੈਣ ਸਿੰਘ, 1932-37.
- ‘ਸ਼ਬਦਾਰਥ’, (ਚਾਰ ਭਾਗ), ਪ੍ਰਿੰ. ਤੇਜਾ ਸਿੰਘ, 1936-41.
- ਸ੍ਰੀ ਗੁਰਮਤਿ ਭਾਉ ਪ੍ਰਕਾਸ਼ਨੀ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, (ਛੇ ਭਾਗ), ਅਕਾਲੀ ਨਿਹਾਲ ਸਿੰਘ ਸੂਰੀ, 1936.
- ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, (ਦਸ ਭਾਗ), ਪ੍ਰੋ. ਸਾਹਿਬ ਸਿੰਘ, 1957-64.
- ਸੰਥਯਾ, ਸ੍ਰੀ ਗੁਰੂ ਗ੍ਰੰਥ ਸਾਹਿਬ, (ਸਤ ਭਾਗ), ਭਾਈ ਵੀਰ ਸਿੰਘ, ਅਧੂਰਾ, 1958-62.
- ਸੰਪ੍ਰਦਾਈ ਟੀਕਾ, ਸ੍ਰੀ ਅਮੀਰ ਭੰਡਾਰ, (ਦਸ ਭਾਗ) ਸੰਤ ਕ੍ਰਿਪਾਲ ਸਿੰਘ, 1961.
- ਸਿਧਾਂਤਕ ਸਟੀਕ, ਸ੍ਰੀ ਗੁਰੂ ਗ੍ਰੰਥ ਸਾਹਿਬ,( ਅੱਠ ਭਾਗ), ਗਿਆਨੀ ਮਨੀ ਸਿੰਘ, 1980.
- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਦਰਸ਼ਨ ਨਿਰਣੈ ਸਟੀਕ, (ਚੌਦਾਂ ਭਾਗ) ਗਿਆਨੀ ਹਰਬੰਸ ਸਿੰਘ, 1990- 92.
- ਅਰਥ ਬੋਧ, ਸ੍ਰੀ ਗੁਰੂ ਗ੍ਰੰਥ ਸਾਹਿਬ, (ਪੰਜ ਭਾਗ), ਡਾ. ਰਤਨ ਸਿੰਘ ਜੱਗੀ, 2007
- ਭਾਵ ਪ੍ਰਬੋਧਨੀ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ, (ਅਠ ਭਾਗ), ਡਾ. ਰਤਨ ਸਿੰਘ ਜੱਗੀ, 2013
- ਗੁਰਬਾਣੀ ਅਰਥ ਭੰਡਾਰ, (12 ਭਾਗ), ਸੰਤ ਹਰੀ ਸਿੰਘ ਰੰਧਾਵਾ, 2016

**1) ਫਰੀਦਕੋਟੀ ਟੀਕਾ (ਗਿਆਨੀ ਬਦਨ ਸਿੰਘ ਸੇਖਵਾਂ)**

ਗੁਰਬਾਣੀ ਵਿਆਖਿਆਕਾਰੀ ਦੇ ਮੁੱਢਲੇ ਕਾਰਜਾਂ ਵਿਚ ਗਿਆਨੀ ਬਦਨ ਸਿੰਘ ਸੇਖਵਾਂ ਦਾ ਨਾਂ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਦੁਆਰਾ ਕੀਤੇ ਵਿਆਖਿਆਕਾਰੀ ਦੇ ਕਾਰਜ ਤੋਂ ਹੀ ਅਗਲੇਰੇ ਵਿਦਵਾਨਾਂ ਨੇ

ਜਿਥੇ ਇਸ ਕਾਰਜ ਤੋਂ ਸੇਧ ਪ੍ਰਾਪਤ ਕੀਤੀ ਉਥੇ ਵਿਆਖਿਆਕਾਰੀ ਵਿਚਲੇ ਜਟਿਲ ਭਾਵਾਂ ਨੂੰ ਵੀ ਸਮਝਣ ਦਾ ਜਤਨ ਕੀਤਾ। ਗਿਆਨੀ ਬਦਨ ਸਿੰਘ ਜੀ ਦੇ ਜੀਵਨ ਬਾਰੇ ਭਾਵੇਂ ਕੋਈ ਵੀ ਭਰੋਸੇਯੋਗ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਫਿਰ ਵੀ ਉਨ੍ਹਾਂ ਦੁਆਰਾ ਕੀਤੇ ਵਿਆਖਿਆਕਾਰੀ ਦੇ ਮਹਾਨ ਕਾਰਜ ਸਦਕਾ ਅੱਜ ਵੀ ਸਿੱਖ ਪੰਥ ਅਤੇ ਸਿੱਖ ਅਕਾਦਮਿਕਤਾ ਵਿਚ ਉਨ੍ਹਾਂ ਨੂੰ ਸਤਿਕਾਰਯੋਗ ਸਥਾਨ ਪ੍ਰਾਪਤ ਹੈ। 19ਵੀਂ ਸਦੀ ਵਿਚ ਜਿਸ ਸਮੇਂ ਸਿੱਖ ਪੰਥ ਆਪਣੀ ਪਛਾਣ ਲਈ ਜੱਦੋ-ਜਹਿਦ ਵਿਚ ਰੁਝਿਆ ਹੋਇਆ ਸੀ ਉਸ ਵੇਲੇ ਗਿਆਨੀ ਜੀ ਨੇ ਸਿੱਖ ਪੰਥ ਦੇ ਨਿਆਰੇਪਨ ਨੂੰ ਪਛਾਣਦੇ ਹੋਏ ਵਿਆਖਿਆਕਾਰੀ ਦੇ ਖੇਤਰ ਵਿਚ 'ਫਰੀਦਕੋਟੀ ਟੀਕੇ' ਦੇ ਰੂਪ ਵਿਚ ਵਿਲਖਣ ਕਾਰਜ ਪੰਥ ਦੀ ਝੋਲੀ ਪਾਇਆ। ਇਹ ਟੀਕਾ ਅਜੋਕੇ ਸਮੇਂ ਵੀ ਸਿੱਖ ਵਿਦਵਾਨਾਂ ਅਤੇ ਗੁਰਬਾਣੀ ਦੇ ਜਗਿਆਸੂਆਂ ਦਾ ਮਾਰਗ ਦਰਸ਼ਨ ਕਰਦਾ ਆ ਰਿਹਾ ਹੈ। ਇਸ ਤੋਂ ਪਹਿਲਾਂ ਗੁਰਬਾਣੀ ਦਾ ਕੋਈ ਵੀ ਪ੍ਰਮਾਣਿਕ ਟੀਕਾ ਪ੍ਰਾਪਤ ਨਹੀਂ ਹੁੰਦਾ ਸੀ।

ਗੁਰਬਾਣੀ ਦੇ ਇਸ ਟੀਕੇ ਤੋਂ ਪਹਿਲਾਂ ਅਰਨੈਸਟ ਟ੍ਰੰਪ ਦੁਆਰਾ ਕੀਤਾ ਕਾਰਜ, ਜੋ ਕਿ ਅਧਿਆਤਮਕਤਾ ਅਤੇ ਰਹੱਸਵਾਦੀ ਵਿਚਾਰਾਂ ਤੋਂ ਸਖਣਾ ਸੀ, ਨੇ ਸਿੱਖਾਂ ਨੂੰ ਪ੍ਰਮਾਣਿਕ ਅਰਥਾਂ ਦੇ ਟੀਕੇ ਦਾ ਅਹਿਸਾਸ ਕਰਾਇਆ। ਸਿੱਖ ਸੰਗਤ ਦੀ ਇਸ ਭਾਵਨਾ ਨੂੰ ਫਰੀਦਕੋਟ ਰਿਆਸਤ ਨੇ ਮਹਿਸੂਸ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਮਾਣਿਕ ਟੀਕਾ ਲਿਖਣ ਦੀ ਜਿੰਮੇਵਾਰੀ ਗਿਆਨੀ ਬਦਨ ਸਿੰਘ ਸੇਖਵਾਂ ਦੀ ਲਗਾਈ। ਉਨ੍ਹਾਂ ਨੇ ਇਹ ਕਾਰਜ 1877 ਈ. ਤੋਂ 1883 ਈ. ਤੱਕ ਸਮਾਪਤ ਕੀਤਾ। ਟੀਕਾ ਸੰਪੂਰਣ ਹੋਣ ਉਪਰੰਤ ਇਸ ਦੀ ਸੁਧਾਈ ਨਿਮਨ ਲਿਖਤ ਵਿਦਵਾਨਾਂ ਦੀ ਸਭਾ ਨੇ ਕੀਤੀ,

1. ਭਾਈ ਸੰਤ ਸਿੰਘ ਜੀ ਗਯਾਨੀ ਕਪੂਰਥਲਾ ਸਟੇਟ
2. ਭਾਈ ਝੰਡਾ ਸਿੰਘ ਜੀ ਗਯਾਨੀ ਨਨਕਯਾਨਾ (ਸੰਗਰੂਰ)
3. ਭਾਈ ਰਾਇ ਸਿੰਘ ਜੀ ਗਯਾਨੀ ਜੰਗੀ ਰਾਣਾ
4. ਭਾਈ ਧਿਆਨ ਸਿੰਘ ਜੀ ਗਯਾਨੀ ਸੇਖਵਾਂ ਵਾਲਾ
5. ਪੰਡਤ ਹਮੀਰ ਸਿੰਘ ਜੀ ਸੰਸਕ੍ਰਿਤੀ
6. ਪੰਡਤ ਬਾਲਕ ਰਾਮ ਜੀ ਉਦਾਸੀ ਸੰਸਕ੍ਰਿਤੀ

7. ਬਾਬਾ ਬਖਤਾਵਰ ਸਿੰਘ ਜੀ ਗਯਾਨੀ[5]

ਗਿਆਨੀ ਜੀ ਦੁਆਰਾ ਕੀਤੇ ਗੁਰਬਾਣੀ ਵਿਆਖਿਆਕਾਰੀ ਦੇ ਕਾਰਜ ਨੂੰ ਹੇਠ ਲਿਖੇ ਪਹਿਲੂਆਂ ਦੇ ਆਧਾਰ 'ਤੇ ਸਮਝਣ ਦਾ ਜਤਨ ਕੀਤਾ ਸਕਦਾ ਹੈ:

**1.1 ਉਥਾਨਕਾ**

**1.2 ਪ੍ਰਸ਼ਨੋਤਰੀ ਵਿਧੀ**

**1.3 ਇਕ ਤੁਕ ਇਕੋ ਅਰਥ**

**1.4 ਅੱਖਰੀ ਅਰਥ**

**1.5 ਸਾਧ ਭਾਸ਼ਾ**

### 1.1 ਉਥਾਨਕਾ

ਇਸ ਟੀਕੇ ਤੋਂ ਪਹਿਲਾਂ ਵਿਆਖਿਆਕਾਰੀ ਦਾ ਕਾਰਜ ਜਿਆਦਾਤਰ ਸੰਪ੍ਰਦਾਇ ਵਿਦਵਾਨਾਂ ਦੁਆਰਾ ਹੀ ਛੋਟੇ-ਮੋਟੇ ਰੂਪ ਵਿਚ ਕੀਤਾ ਜਾਂਦਾ ਸੀ। ਸੰਪ੍ਰਦਾਇ ਵਿਦਵਾਨ ਹਰ ਇਕ ਸ਼ਬਦ ਦੀ ਵਿਆਖਿਆ ਕਰਨ ਤੋਂ ਪਹਿਲਾਂ ਉਸ ਸ਼ਬਦ ਦੀ ਉਥਾਨਕਾ ਪੇਸ਼ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਗੁਰਬਾਣੀ ਦਾ ਹਰ ਇਕ ਸ਼ਬਦ ਕਿਸੇ ਨ ਕਿਸੇ ਪ੍ਰਥਾਇ ਉਚਾਰਣ ਕੀਤਾ ਗਿਆ ਹੈ, ਇਸ ਲਈ ਸੰਪ੍ਰਦਾ ਦਾ ਪ੍ਰਭਾਵ ਗਿਆਨੀ ਜੀ ਉਪਰ ਵੀ ਵੇਖਣ ਨੂੰ ਮਿਲਦਾ ਹੈ। ਗਿਆਨੀ ਬਦਨ ਸਿੰਘ ਨੇ ਵਿਆਖਿਆ ਦਾ ਕਾਰਜ ਕਰਦਿਆਂ ਚੱਲੀ ਆਉਂਦੀ ਰੀਤ ਅਨੁਸਾਰ ਬਾਣੀ ਦੇ ਆਰੰਭ ਵਿਚ ਉਥਾਨਕਾ ਦੇਣ ਦੀ ਪਰਪਾਟੀ ਨੂੰ ਜਾਰੀ ਰਖਦੇ ਹਨ ਪਰ ਜਿਆਦਾ ਨਹੀਂ।

### 1.2 ਪ੍ਰਸ਼ਨੋਤਰੀ ਵਿਧੀ

ਗਿਆਨੀ ਬਦਨ ਸਿੰਘ ਜੀ ਗੁਰਬਾਣੀ ਦੇ ਅਰਥ ਸਪਸ਼ਟ ਕਰਨ ਲਈ ਪ੍ਰਸ਼ਨੋਤਰੀ ਵਿਧੀ ਦੀ ਵਰਤੋਂ ਵੀ ਕਰਦੇ ਹਨ ਤਾਂ ਜੋ ਜਗਿਆਸੂ ਜਨਾਂ ਦੇ ਮਨ ਅੰਦਰ ਪੈਦਾ ਹੋਏ ਸ਼ੰਕਿਆਂ ਨੂੰ ਗੁਰਮਤਿ ਦੀ ਕਸੌਟੀ

---

[5] ਗਿਆਨੀ ਬਦਨ ਸਿੰਘ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, ਪੰਨਾ ੳ

ਰਾਹੀਂ ਦੂਰ ਕੀਤਾ ਜਾ ਸਕੇ। ਜਪੁਜੀ ਦੀ ਵਿਆਖਿਆ ਵਿਚ ਇਸ ਸ਼ੈਲੀ ਦੀ ਕੀਤੀ ਵਰਤੋਂ ਆਮ ਵੇਖੀ ਜਾ ਸਕਦੀ ਹੈ।

ਉਦਹਾਰਨ:

ੳ. ਪ੍ਰਸ਼ਨ- ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

ਫੇਰ ਕਿਸ ਪ੍ਰਕਾਰ ਪਰਮੇਸ਼ਵਰ ਸਾਥ ਸਚੇ ਹੋਈਏ ਅਰ ਝੂਠ ਕਾ (ਪਾਲਿ) ਪੜਦਾ ਕੈਸੇ (ਤੁਟੈ) ਭਾਵ ਨਾਸ ਹੋਵੈ॥

ਉਤਰ- ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥

ਪੁਰਸ (ਰਜਾਈ) ਅਕਾਲ ਪੁਰਖ ਦੇ ਹੁਕਮ ਮੇ ਚਲੇ ਅਰਥਾਤ ਦੁਖ ਸੁਖ ਮੈਂ ਭਾਣਾ ਮਾਨ ਕਰ ਪ੍ਰਸਿੰਨ ਰਹੇ ਇਉਂ ਕੂੜ ਕੀ ਪਾਲ ਤੁਟ ਜਾਤੀ ਹੈ ਔਰ (ਸਚਿਆਰਾ) ਸਚੇ ਹੋਈਤਾ ਹੈ ਵਾ ਹੁਕਮਿ ਵਿਖੇ (ਰਜਾਈ) ਰਾਜੀ ਭਾਵ ਪ੍ਰਸਿੰਨ ਹੋ ਕਰ ਚਲਣਾ ਇਸ ਕਰ ਪਰਮੇਸ਼ਵਰ ਨਾਲ ਸਚੇ ਰਹੀਤਾ ਹੈ ਗੁਰੂ ਨਾਨਕ ਜੀ ਕਹਤੇ ਹੈਂ ਜੋ ਪ੍ਰਾਰਬਧ ਕਰਮੁ ਮੇਰਾ ਲਿਖਾ ਹੈ ਉਹ ਮੇਰੇ ਨਾਲ ਹੈ ਉਸਕੋ ਕੋਈ ਘਟ ਵਧ ਨਹੀਂ ਕਰ ਸਕਦਾ ਸਕਦਾ ਚਲੇ ਹੋਏ ਤੀਰ ਵਤ ਇਉਂ ਸਮਝਨੇ ਸੇ ਕੂੜ ਦੀ ਪਾਲ ਤੁਟ ਜਾਤੀ ਹੈ॥੧॥[6]

ਅ. ਹਰਿ ਕੀ ਕੀਮਤਿ ਕਿਨ ਬਿਧਿ ਹੋਇ॥ ਹਰਿ ਅਪਰੰਪਰੁ ਅਗਮ ਅਗੋਚਰੁ ਗੁਰ ਕੈ ਸਬਦਿ ਮਿਲੈ ਜਨੁ ਕੋਇ॥ ਇਸ ਪੰਕਤੀ ਵਿਚ ਪ੍ਰਸ਼ਨ ਕਰਦੇ ਹਨ-

ਪ੍ਰਸ਼ਨ- ਹਰਿ ਕੀ ਕੀਮਤ ਕਿਸ ਪ੍ਰਕਾਰ ਕਹੀਐ?

ਉਤਰ- ਹਰਿ ਅਪਰੰਪਰ ਅਗਮ ਹੈ ਅਗੋਚਰ ਹੈ ਗੁਰੋਂ ਕੇ ਸਬਦ ਕਰ ਕੋਈ ਬਿਰਲਾ ਜਨ ਹਰਿ ਸੇ ਮਿਲਤਾ ਹੈ॥[7]

---

[6] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 12

[7] ਉਪਰੋਕਤ ਵਰਣਿਤ, ਪੋਥੀ ਦੂਜੀ, ਪੰਨਾ 786

### 1.3 ਇਕ ਤੁਕ ਇਕੋ ਅਰਥ

ਗਿਆਨੀ ਜੀ ਦੀ ਵਿਆਖਿਆਕਾਰੀ ਦਾ ਖਾਸ ਗੁਣ ਇਹ ਹੈ ਕਿ ਉਹ ਜਿਆਦਾਤਰ ਇਕ ਤੁਕ ਦਾ ਇਕੋ ਹੀ ਅਰਥ ਕਰਦੇ ਹਨ ਪਰ ਕਿਤੇ-ਕਿਤੇ ਗੌਣ ਅਰਥ ਜਿਸ ਨੂੰ ਅੰਤਰੀਵੀ ਅਰਥ ਵੀ ਕਿਹਾ ਜਾਂਦਾ ਹੈ, ਕਰਦੇ ਹਨ।[8] ਉਨ੍ਹਾਂ ਦਾ ਮੱਤ ਹੈ ਕਿ ਇਕ ਤੁਕ ਦੇ ਇਕ ਤੋਂ ਵਧੇਰੇ ਅਰਥ ਕਰਨ ਨਾਲ ਵਿਆਖਿਆ ਦਾ ਘੇਰਾ ਵਿਸ਼ਾਲ ਤਾਂ ਹੋ ਹੀ ਜਾਵੇਗਾ ਅਤੇ ਗੁਰ ਆਸ਼ੇ ਤੋਂ ਵੀ ਕਿਤੇ ਦੂਰ ਚਲਾ ਜਾਵੇਗਾ ਇਸ ਲਈ ਆਪ ਜੀ ਬਹੁਤੇ ਅਰਥਾਂ ਦੀ ਥਾਂ ਕੇਵਲ ਇਕੋ ਅਰਥ ਹੀ ਪ੍ਰਵਾਨ ਕਰਦੇ ਹਨ ਪਰ ਜਿਥੇ ਜਿਆਦਾ ਹੀ ਲੋੜ ਮਹਿਸੂਸ ਹੁੰਦੀ ਹੋਵੇ ਉਥੇ ਦੂਸਰਾ ਅਰਥ ਵੀ ਕਰਦੇ ਹਨ।

### 1.4 ਅੱਖਰੀ ਅਰਥ

ਗਿਆਨੀ ਜੀ ਵਿਆਖਿਆ ਕਰਦਿਆਂ ਅੱਖਰੀ ਅਰਥਾਂ ਨੂੰ ਹੀ ਤਰਜੀਹ ਦਿੰਦੇ ਹਨ। ਇਸ ਤਰ੍ਹਾਂ ਕਰਨ ਨਾਲ ਜਿਥੇ ਪਾਠਕ ਦਾ ਸਮਾਂ ਬਚਦਾ ਹੈ ਉਥੇ ਵਿਆਖਿਆ ਦੇ ਬੇਲੋੜੇ ਵਿਸਥਾਰ ਤੋਂ ਵੀ ਬਚਿਆ ਜਾ ਸਕਦਾ ਹੈ ਪਰੰਤੂ ਇਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਅਰਥ ਕਰਦਿਆਂ ਅਰਥਾਂ ਦੀ ਸਪਸ਼ਟਤਾ ਲਈ ਗੁਰਬਾਣੀ ਵਿਚੋਂ ਪ੍ਰਮਾਣ ਜਰੂਰ ਵਰਤੇ ਗਏ ਹਨ। ਇਸ ਤੋਂ ਇਲਾਵਾ ਗੁਰਮਤਿ ਸੰਕਲਪ ਜਾਂ ਸਿਧਾਂਤ ਦੀ ਨਿਸ਼ਾਨਦੇਹੀ ਕਰਦੇ ਸ਼ਬਦ ਦੀ ਵਿਆਖਿਆ ਨੂੰ ਖੋਲ ਕੇ ਵੀ ਪੇਸ਼ ਕੀਤਾ ਹੈ।

### 1.5 ਸਾਧ ਭਾਸ਼ਾ

ਇਸ ਟੀਕੇ ਦੀ ਬੋਲੀ ਉਸ ਵੇਲੇ ਦੀ ਸਰਲ ਪੰਜਾਬੀ ਜਾਂ ਸਾਧ ਭਾਸ਼ਾ ਵੀ ਕਹਿ ਸਕਦੇ ਹਾਂ। ਸ਼ੈਲੀ ਸਰਲ, ਸਪਸ਼ਟ ਤੇ ਸਿੱਧੀ-ਸਾਦੀ ਹੈ ਪਰ ਅਜੋਕੇ ਸਮੇਂ ਵਿਚ ਪੰਜਾਬੀ ਬੋਲੀ ਦਾ ਮੁਹਾਂਦਰਾ ਬਦਲ ਜਾਣ ਕਾਰਨ ਇਹ ਸ਼ੈਲੀ ਸਾਡੇ ਵਿਚੋਂ ਅਲੋਪ ਹੁੰਦੀ ਜਾ ਰਹੀ ਹੈ। ਅੱਜ-ਕੱਲ ਇਸ ਟੀਕੇ ਦੀ ਵਰਤੋਂ ਇਸੇ ਲਈ ਘੱਟ ਹੈ ਕਿਉਂਕਿ ਇਸ ਵਿਚਲੀ ਭਾਸ਼ਾ ਨੂੰ ਸਮਝਣਾ ਅਜੋਕੇ ਸਮੇਂ ਦੇ ਜਿਗਿਆਸੂ ਅਤੇ ਖੋਜਾਰਥੀਆਂ ਨੇ ਜਰੂਰੀ ਨਹੀਂ ਸਮਝਿਆ। ਗਿਆਨੀ ਬਦਨ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੋਲੀ ਨੂੰ ਭਾਖਾ ਕਿਹਾ ਹੈ।

---

[8] ਉਪਰੋਕਤ, ਵਰਣਿਤ, ਪੋਥੀ ਪਹਿਲੀ, ਪੰਨਾ 11

'ਸਤਿਨਾਮੁ' ਪਦ ਦੀ ਵਿਆਖਿਆ ਕਰਦੇ ਹੋਏ ਦਸਦੇ ਹਨ ਕਿ "ਸਤਿਨਾਮੁ ਪਾਠ ਮੈਂ ਭਾਖਾ ਕੇ ਅਨੁਸਾਰ ਤਤੇ ਮੈਂ ਸਿਆਰੀ ਲਿਖੀ ਹੈ ਔਰ ਗਤ ਬਿਧ ਅਗਨ ਆਦਿਕ ਅਨੇਕ ਪਦ ਭਾਖਾ ਕੇ ਅਨੁਸਾਰ ਸਿਆਰੀ ਛੋਡ ਮੁਕਤੇ ਲਿਖੇ ਹੈਂ। ਅਰਥ ਕਾਲ ਮੈ ਸਿਆਰੀ ਪਨਾ ਔਰ ਮੁਕਤਾ ਪਨਾ ਛੋਡ ਕੇ ਹੀ ਜੈਸਾ ਸੰਭਵ ਹੋਵੇ ਤੈਸਾ ਅਰਥ ਕੀਆ ਜਾਤਾ ਹੈ ਸੰਸਕ੍ਰਿਤ ਵਤ ਸਿਆਰੀ ਔਰ ਮੁਕਤਾ ਯਾਦ ਕਰਕੇ ਅਰਥ ਨਹੀਂ ਕਰਤੇ। ਜੈਸੇ ਸੰਸਕ੍ਰਿਤ ਮੈ ਹਰਿ ਪਦ ਹੋਵੇ ਤੌ ਬਿਸਨੂੰ ਅਰਥ ਕਰਤੇ ਹੈਂ ਔਰ ਹਰ ਪਦ ਹੋਵੈ ਤਬ ਸਿਵ ਅਰਥ ਹੋਤਾ ਹੈ। ਇਸੀ ਪ੍ਰਕਾਰ ਯਦਿ ਅਨਿਲ ਪਦੁ ਹੋਵੇ ਤੌ ਪਵਨ ਅਰਥ ਕੀਆ ਜਾਤਾ ਹੈ ਔਰ ਅਨਲ ਪਦ ਹੋਵੇ ਤਬ ਅਗਨਿ ਅਰਥ ਕੀਆ ਜਾਤਾ ਹੈ ਤੈਸੇ ਭਾਖਾ ਮੈ ਨਹੀਂ ਸਮਝਾ ਜਾਤਾ। ਕਿੰਤੂ ਅਰਥ ਕੀ ਸੰਗਤੀ ਸੇ ਸਬਦ ਜਾਨ ਲੇਤੇ ਹੈਂ"।[9]

<u>ਵਿਆਖਿਆ ਵੰਨਗੀ</u>

**ਤਿਲੰਗ ਮਹਲਾ ੧ ॥**

ਜਿਸ ਸਮੈਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਏਮਨਾ ਵਾਦ ਮੈਂ ਗਏ ਨਗਰ ਸੇ ਬਾਹਿਰ ਹੀ ਉੱਤਰੇ ਹੈਂ ਭਾਈ ਮਰਦਾਨਾ ਨਗਰ ਮੈਂ ਭੋਜਨ ਹੇਤ ਗਿਆ ਪਠਾਣਾਂ ਨੇ ਤਿਸ ਕੀ ਅਵਗਿਯਾ ਕਰੀ ਪੁਨਾ ਭਾਈ ਲਾਲੋ ਜੀ ਕੋ ਸਾਥ ਲੇਕਰ ਆਇਆ ਤਬ ਅਪਨੇ ਦਾਸ ਕੀ ਅਵਗਿਯਾ ਦੇਖ ਕਰ ਪਠਾਣਾਂ ਪਰ ਕੋਪ ਸੇ ਲਾਲੋ ਜੀ ਕੋ ਸੁਨਾਵਤੇ ਹੂਏ ਭਾਵੀ ਕਾ ਸੂਚਕ ਸ਼ਬਦ ਉਚਾਰਨ ਕਰਤੇ ਭਏ ਪੂਰਾ ਪ੍ਰਸੰਗ ਆਸਾ ਰਾਗ ਮੈਂ ਕਹਿ ਆਏ ਹੈਂ ਦੇਖ ਲੈਣਾ॥

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥**

ਹੇ ਲਾਲੋ ਜੈਸੀ ਕਰਤਾਰ ਕਿ ਪ੍ਰੇਰੀ ਹੋਈ ਬਾਣੀ ਮੇਰੇ ਕੋ ਆਵੇ ਹੈਂ ਤੈਸਾ ਗਿਆਨ ਮੈਂ ਤੇਰੇ ਪ੍ਰਤਿ ਕਥਨ ਕਰਤਾ ਹਾਂ॥

**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥**

---

[9] ਫਰੀਦਕੋਟੀ ਟੀਕਾ, ਪੋਥੀ ਪਹਿਲੀ, ਪੰਨਾ 3

ਇਹ ਪਠਾਣੋਂ ਕੇ ਪਾਪੋਂ ਰੂਪ ਕਰਮੋਂ ਕੀ ਜੰਞ ਸਾਥ ਲੇਕਰ ਬਾਬਰ ਇਨ ਪਠਾਣੋਂ ਊਪਰ ਅਬ ਕਾਬੁਲ ਸੇ ਚਢਾਈ ਕਰ ਦੌੜਿਆ ਹੈ (ਜੋਰੀ) ਜੋਰ ਸੇ ਵਾ ਇਸਤ੍ਰੀ ਇਨਕੀਆਂ ਦਾਨ ਮਾਂਗੇਗਾ ਭਾਵ ਇਹ ਹੈ ਲੂਟ ਕਰ ਇਨਕਾ ਸਤਰ ਦੂਰ ਕਰੇਗਾ॥

**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥**

ਹੇ ਲਾਲੋ (ਸਰਮ) ਲੱਜਿਆ ਔ ਧਰਮ ਦੋਨੋਂ ਛੱਪ ਖਲੋਵੈਂਗੇ ਔਰ ਈਹਾਂ ਝੂਠ ਹੀ ਪ੍ਰਦਾਨ ਹੋਇ ਕਰ ਫਿਰੈਗਾ ਭਾਵ ਯਹਿ ਹੈ ਭੈ ਕਰਕੇ ਲੋਕ ਝੂਠ ਬੋਲੇਂਗੇ ਅਪਨੀ ਜਾਨ ਬਚਾਨੇ ਵਾਸਤੇ ਆਪਣਾ ਆਪ ਲੁਕਾ ਕਰ ਕੁਝ ਔਰ ਹੀ ਕਹੇਂਗੇ॥

**ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥**

ਕਾਜੀਆਂ ਅਓ ਬ੍ਰਾਮਣਾ ਕੀ ਗੱਲ (ਥਕੀ) ਰਹਿ ਚੁਕੀ ਜਾਣੋ (ਅਗਦ) ਨਕਾਹ ਸ਼ੈਤਾਨ ਹੀ ਪੜੇਗਾ ਭਾਵ ਇਹ ਹੇ ਲਾਲੋ ਕਾਮ ਕਰ ਪੀੜਤ ਹੂਏ ਲੋਕ ਬਿਨਾਂ ਸ਼ਰਾ ਕੀਏ ਪਰਇਸਤ੍ਰੀਓ ਸਾਥ ਗਮਨ ਆਦਿ ਖਰਾਬੀ ਕਰੇਂਗੇ॥

**ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥**

ਜੋ ਮੁਸਲਮਾਨੀਆਂ ਪੜਦਿਆਂ ਵਿਚ ਬੈਠ ਕੇ ਕਿਤਾਬਾਂ ਪੜ੍ਹਦੀਆਂ ਹੈਂ ਵਹ ਇਸ ਕਸ਼ਟ ਮੈਂ ਯਾ ਖੁਦਾਇ ਕਿਆ ਹੂਆ ਐਸੇ ਵਾ ਖੁਦਾਇ ਕੇ ਵਾਸਤੇ ਕਰਹਿਗੀਆਂ॥

**ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥**

ਜੋ ਸ਼ਹਿਰ ਮੈਂ ਹਿੰਦਵਾਣੀਆਂ ਹੈਂ ਔਰ ਨੀਚ ਜਾਤੀਆਂ ਭੀ ਹੈ ਇਹ ਭੀ ਉਸੀ ਲੇਖੇ ਲਾਈ ਜਾਵੈਂਗੀ ਭਾਵ ਇਹ ਉਨ ਮੁਸਲਮਾਨੀਓਂ ਸਮਾਨ ਇਨਕੋ ਭੀ ਕਸ਼ਟ ਹੋਵੇਗਾ॥

**ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥**

ਤਿਸ ਸਮੇਂ ਖੂਨ ਕੇ ਸੋਹਿਲੇ ਗਾਵੀਅਹਿਗੇ ਕਿਹਾ ਘਰ ਘਰ ਮੈਂ ਰੁਦਨ ਦਾ ਸ਼ਬਦ ਹੋਵੇਗਾ ਸ੍ਰੀ ਗੁਰੂ ਜੀ ਕਹਿਤੇ ਹੈਂ ਰਤ ਕਾ (ਕੁੰਗੂ) ਕੇਸਰ ਪੜ੍ਹੇਗਾ ਕਿਆ ਤਿਸ ਸਮੇਂ ਮੈਂ ਸਭ ਕੇ ਬਸ੍ਰਿ ਲੋਹੂ ਸੇ ਭੀਗ ਜਾਵੈਂਗੇ॥੧॥

**ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥**

ਸ੍ਰੀ ਗੁਰੂ ਜੀ ਕਹਿਤੇ ਹੈਂ ਹਮ ਸਾਹਿਬ ਕੇ ਗੁਣਾਂ ਕੋ ਗਾਵਤੇ ਹੈਂ (ਮਾਸ ਪੁਰੀ) ਜੋ ਇਹ ਸਰੀਰ ਹੈ ਜਿਸ ਵਿਚ ਬੈਠ ਕੇ ਇਹ (ਮਸੋਲਾ) ਮਸਲਾ ਉਚਾਰਨ ਕੀਹਾ ਹੈ ਵਾਹ ਇਸ ਪੂਰੀ ਮੈਂ ਮਾਸ ਹੀ ਕਾ ਮਸਲਾ ਆਖੀਏਗਾ ਭਾਵ ਇਹ ਕਿ ਘਰ ਘਰ ਮੈਂ ਮਿਰਤਕ ਪੁਰਸ਼ਾਂ ਕੀ ਬਾਤੇਂ ਹੋਵੇਂਗੀ॥

**ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥**

ਜਿਸ ਕਰਤਾਰ ਨੇ ਇਹ ਸ੍ਰਿਸ਼ਟੀ ਉਤਪਤਿ ਕਰੀ ਹੈ ਉਹ ਅਪਨੇ ਅਪਨੇ ਅਨੰਦੋ ਮੈਂ ਰਮਨ ਕਰਾਈ ਹੈ ਸੋ ਉਹ ਇਕੇਲਾ ਹੀ ਬੈਠ ਕਰ ਅਸੰਗ ਹੂਆ ਹੂਆ ਅਪਨੀ ਸਰਬ ਰਚਨਾ ਕੋ ਦੇਖ ਰਹਾ ਹੈ॥

**ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥**

ਸਚਾ ਸੋ ਸਾਹਿਬ ਹੈ ਔ (ਸਚੁ ਤਪਾਵਸੁ) ਸਚਾ ਹੀ ਤਿਸਕਾ ਨਿਆਉਂ ਹੈ ਸੋ ਅਕਾਲ ਪੁਰਖ ਸਚੇ ਹੀ ਨਿਆਉਂ ਕਾ ਮਸਲਾ ਆਗੇ ਕੋ ਕਰੇਗਾ ਭਾਵ ਇਹ ਜੈਸੇ ਇੰਨ ਜੀਵੋਂ ਨੇ ਪਾਪ ਕਰਮ ਕੀਏ ਹੈਂ ਤੈਸਾ ਹੀ ਇਨਕੋ ਦੁਖ ਰੂਪ ਫਲ ਦੇ ਦੇਵੈਗਾ॥

**ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥**

ਜਦ ਇਨ੍ਹਾਂ ਦਾ ਸਰੀਰ ਰੂਪੀ ਕਪੜ ਟੁਕੜੇ ਟੁਕੜੇ ਹੋਵੇਗਾ ਤਬ ਇਹ ਹਿੰਦੂਸਤਨੀ ਲੋਕ ਹਮਾਰੇ ਬਚਨੋਂ ਕੋ ਯਾਦ ਕਰੇਂਗੇ॥

**ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥**

ਅਬ ਜੋ ਪੰਦ੍ਰਾ ਸੌ ਅਠਾਰਾਂ ਸੰਮਤੁ ਹੈ ਇਸ ਮੇਂ ਦਿਲੀ ਵਿਖੇ ਮੁਗਲ ਆਵੇਂਗੇ (ਜਾਨਿ ਸਤਾਨਵੈ) ਪੁਨਾ ਸਤਾਰਾਂ ਸੈ ਸਤਾਨਵੇਂ ਸੰਮਤ ਵਿਖੇ ਦਿਲੀ ਤੇ ਚਲੇ ਜਾਵਾਂਗੇ (ਹੋਰੁ ਭੀ ਉਠਸੀ ਮਰਦ ਕਾ ਚੇਲਾ) ਮਰਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪੁਨਾ ਤਿਨਕਾ ਚੇਲਾ ਖ਼ਾਲਸਾ ਜੀ ਉਠੇਗਾ ਅਰਥਾਤ ਹੋਵੇਗਾ ਭਾਵ ਯਹਿ ਕਿ ਸਤਾਰਾਂ ਸੈ ਸਤਾਨਵੇਂ ਮੈਂ ਬਘੇਲ ਸਿੰਘ ਜੀ ਨੇ ਦਿਲੀ ਮਾਰੀ ਮਾਨੋ ਤਬ ਤੇ ਮੁਗਲ ਗਏ ਰਕਾਬ ਗੰਜ

ਗੁਰਦੁਆਰੇ ਪਰ ਮਸੀਤੀ ਥੀ ਸੋ ਗਿਰਾਇ ਕਰ ਸ੍ਰੀ ਗੁਰੂ ਜੀ ਕੇ ਫੂਲੋਂ ਕੀ ਗਾਗਰ ਨਿਕਾਲ ਕਰ ਪੁਨਾ ਤਹਾਂ ਹੀ ਅਸਥਾਪਨ ਕਰ ਗੁਰਦੁਆਰਾ ਬਣਾਇਆ ਜਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੇ ਸਰੀਰ ਦਾ ਸਸਕਾਰ ਹੂਆ ਹੈ ਦਿਲੀ ਦੇ ਬਾਹਿਰ ਲੁਬਾਇਓਂ ਕੇ ਗਾਮ ਮੇਂ ਦੋ ਕੋਸ ਪਰ ਹੈ ਤਿਨਕਾ ਨਾਮ ਰਕਾਬ ਗੰਜ ਗੁਰਦੁਆਰਾ ਪ੍ਰਸਿੱਧ ਹੈ। ਵਾ ਮਰਦ ਗੁਰੂ ਤੇਗ਼ ਬਹਾਦਰ ਸਾਹਿਬ ਜੀ ਚੇਲਾ ਤਿਨਕਾ ਦਸਵੇਂ ਪਾਤਸ਼ਾਹਿ ਸਾਹਿਬ ਉੱਠੇਗਾ॥

**ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥੨॥੩॥੫॥**

ਸ੍ਰੀ ਗੁਰੂ ਜੀ ਕਹਿਤੇ ਹੈਂ ਸਚੇ ਵਾਹਿਗੁਰੂ ਕੀ (ਬਾਣੀ) ਹੁਕਮ ਪ੍ਰਮਾਣ 'ਧੁਰ ਕੀ ਬਾਣੀ ਆਈ' (ਸਚ ਕੀ ਬੇਲਾ) ਸਚੇ ਨਾਮੁ ਉਚਾਰਨ ਕੀ ਵੇਲਾ ਸਮੇਂ ਸਵੇਰੇ ਸੋ ਸਚ ਹੀ ਅਸੀਂ ਸੁਨਾਵਦੇ ਹਾਂ ਐ ਸੁਣਾਵੈਂਗੇ। ੨॥੫॥

**2) ਗੁਰ ਭਾਵ ਦੀਪਕਾ, (ਪੰਡਤ ਤਾਰਾ ਸਿੰਘ ਨਰੋਤਮ)**

ਪੰਡਤ ਤਾਰਾ ਸਿੰਘ ਨਰੋਤਮ ਨਿਰਮਲੇ ਸੰਤਾਂ ਵਿਚੋਂ ਸ਼੍ਰੋਮਣੀ ਵਿਦਵਾਨ ਹੋਏ ਹਨ। ਆਪ ਜੀ ਦਾ ਜਨਮ 1822 ਈ. ਨੂੰ ਗੁਰਦਾਸਪੁਰ ਜਿਲ੍ਹੇ ਦੇ ਪਿੰਡ ਕਾਲਮਾਂ ਵਿਚ ਹੋਇਆ। 19 ਸਾਲ ਦੀ ਉਮਰ ਵਿਚ ਘਰ ਛੱਡ ਤੇ ਗਿੜਵੜੀ ਸੰਪ੍ਰਦਾ ਦੇ ਡੇਰੇ ਜਾ ਪਹੁੰਚੇ ਫਿਰ ਇਥੋਂ ਹੀ ਅੰਮ੍ਰਿਤਸਰ ਚਲੇ ਗਏ ਤੇ ਉਥੋਂ ਗੁਰਮਤਿ ਦਾ ਗਿਆਨ ਲੈ ਕੇ ਕਾਸ਼ੀ ਚਲੇ ਗਏ ਇਥੇ ਰਹਿ ਕੇ ਸੰਸਕ੍ਰਿਤ ਦੀ ਵਿਦਿਆ ਪ੍ਰਾਪਤ ਕੀਤੀ ਉਪਰੰਤ ਆਪ ਜੀ ਬੰਗਾਲ ਗਏ ਜਿਥੇ ਛੇ ਸ਼ਾਸ਼ਤਰਾਂ ਬਾਰੇ ਗਿਆਤ ਲਈ। ਗੁਰਬਾਣੀ ਵਿਆਖਿਆਕਾਰੀ ਦੇ ਖੇਤਰ ਵਿਚ ਆਪ ਜੀ ਦਾ ਕੀਤਾ ਕਾਰਜ ਵਿਸ਼ੇਸ਼ ਮਹੱਤਵ ਰਖਦਾ ਹੈ। ਇਸ ਵੇਲੇ ਆਪ ਜੀ ਦਾ ਜਪੁਜੀ ਦਾ 'ਗੁਰੁ ਭਾਵ ਦੀਪਕਾ' ਟੀਕਾ ਪ੍ਰਾਪਤ ਹੁੰਦਾ ਹੈ, ਜਿਸ ਨੂੰ 1881 ਈ. ਵਿਚ ਲਾਹੌਰ ਤੋਂ ਸ. ਬੂਟਾ ਸਿੰਘ ਨੇ ਛਪਾਇਆ ਸੀ ਬਾਅਦ ਵਿਚ ਸੰਤ ਜੋਧ ਸਿੰਘ ਰਿਸ਼ੀਕੇਸ਼ ਦੇ ਜਤਨਾਂ ਸਦਕਾ ਦੁਬਾਰਾ ਪ੍ਰਕਾਸ਼ਿਤ ਹੋ ਸਕਿਆ। 1882 ਈ. ਵਿਚ ਭਗਤ ਬਾਣੀ ਅਤੇ 1885 ਈ. ਵਿਚ ਸ੍ਰੀ ਰਾਗ ਦਾ ਟੀਕਾ ਪ੍ਰਕਾਸ਼ਿਤ ਹੋਇਆ। ਉਨ੍ਹਾਂ ਸਾਰੇ ਗੁਰੂ ਗ੍ਰੰਥ ਦਾ ਟੀਕਾ ਕੀਤਾ ਸੀ ਪਰ ਉਹ ਛਪ ਨਹੀ ਸਕਿਆ। ਉਸਦਾ ਕਾਫ਼ਹ ਹੱਥ ਲਿਖਤ ਹਿੱਸਾ ਟਰੰਕਾਂ ਵਿਚ ਬੰਦ ਪਿਆ ਮੈਂ (ਪ੍ਰੋ. ਪਿਆਰਾ ਸਿੰਘ ਪਦਮ) ਭਾਈ ਵਰਿਆਮ ਸਿੰਘ ਸ਼ਾਸਤਰੀ ਪਾਸ ਨਰੋਤਮ ਜੀ ਦੇ ਡੇਰੇ

ਪਟਿਆਲੇ ਦੇਖਿਆ ਸੀ।[10] ਵਿਦਿਆ ਪ੍ਰਾਪਤੀ ਅਤੇ ਗੁਹਜ ਗਿਆਨ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਇਸ ਨਿਰਮਲ ਰੀਤੀ ਨੇ ਜੋ ਸਰਵਉਚ ਚਿੰਤਨ-ਪ੍ਰਾਪਤ ਵਿਦਵਾਨ ਸੰਸਾਰ ਨੂੰ ਦਿਤੇ ਹਨ, ਉਨ੍ਹਾਂ ਵਿਚੋਂ ਆਪਣੇ ਪ੍ਰਚੰਡ ਵਿਵੇਕ ਕਾਰਣ ਸ੍ਰੀਮਾਨ ਪੰਡਿਤ ਤਾਰਾ ਸਿੰਘ 'ਨਰੋਤਮ' ਜੀ ਦਾ ਨਾਮ ਲਾਸਾਨੀ ਹੈ। ਭਾਸ਼ਾ, ਸਾਹਿਤ ਅਤੇ ਧਰਮ-ਸ਼ਾਸਤਰ ਦੀਆਂ ਵਿਭਿੰਨ ਵਿਧਾਵਾਂ ਵਿਚ ਕੁਸ਼ਲ ਪੰਡਿਤ ਜੀ ਨੇ ਜੋ ਸਾਹਿਤ ਸਿਰਜਣਾ ਕੀਤੀ ਹੈ, ਉਸ ਉਤੇ ਨਿਰਮਲ ਭੇਖ ਸਹਿਤ ਸਾਰੇ ਸਿਖ ਜਗਤ ਨੂੰ ਬਹੁਤ ਗੌਰਵ ਮਹਿਸੂਸ ਹੁੰਦਾ ਹੈ। ਉਹ ਕੋਸ਼ਕਾਰੀ, ਸਿਧਾਂਤਕਾਰੀ, ਵਿਆਖਿਆਕਾਰੀ, ਟੀਕਾਕਾਰੀ ਅਤੇ ਭਾਸ਼ਾ-ਸ਼ਾਸਤ੍ਰ ਦੇ ਮਹਾਨ ਗਿਆਤਾ ਸਨ ਅਤੇ ਇਨ੍ਹਾਂ ਸਾਰੇ ਖੇਤਰਾਂ ਉਤੇ ਉਨ੍ਹਾਂ ਨੇ ਪ੍ਰਵੀਨ ਸਮਝ ਦੁਆਰਾ ਆਪਣੀ ਕਲਮ ਨੂੰ ਸਫਲਤਾ ਸਹਿਤ ਅਜ਼ਮਾਇਆ ਹੈ। ਉਨ੍ਹਾਂ ਦੀਆਂ ਅਮਰ ਗੁਰਮਤਿ ਰਚਨਾਵਾਂ ਵਿਚੋਂ 'ਗੁਰੁ ਭਾਵ ਦੀਪਕਾ' ਉਹ ਵਿਸ਼ੇਸ਼ ਵਿਆਖਿਆ-ਪੁਸਤਕ ਹੈ, ਜਿਸ ਵਿਚ 'ਨਰੋਤਮ' ਜੀ ਨੇ ਜਪੁ, ਸੋਦਰੁ, ਸੋ ਪੁਰਖੁ, ਸੋਹਿਲਾ ਅਤੇ ਸ਼ਬਦ ਹਜਾਰੇ ਬਾਣੀਆਂ ਦਾ ਟੀਕਾ ਕੀਤਾ ਹੈ।[11] ਗੁਰਬਾਣੀ ਵਿਆਖਿਆ ਵਿਚ ਉਨ੍ਹਾਂ ਦੀ ਆਪਣੀ ਵਿਲੱਖਣ ਪਹੁੰਚ ਅਤੇ ਨਿਵੇਕਲਾ ਚਿੰਤਨ ਸੀ। ਉਨ੍ਹਾਂ ਦਾ ਇਕ ਬਿਲਕੁਲ ਨਿਆਰਾ ਅਤੇ ਮੌਲਿਕ ਅਰਥ-ਨਿਰੂਪਣ ਢੰਗ ਸੀ ਜੋ ਕਿਸੇ ਵੀ ਹੋਰ ਵਿਆਖਿਆਕਾਰ ਨਾਲ ਨਹੀਂ ਮਿਲਦਾ। ਇਸ ਅਦੁੱਤੀ ਪ੍ਰਤਿਭਾ ਕਾਰਣ ਉਨ੍ਹਾਂ ਦੀ ਵਿਆਖਿਆ-ਪੱਧਤੀ ਸਰਵਕਾਲੀ ਹੈ ਅਤੇ ਇਸ ਨੂੰ ਸੁਰਜੀਤ ਰੱਖਣਾ ਗੁਰਬਾਣੀ ਅਭਿਲਾਸ਼ੀਆਂ ਦਾ ਪਰਮ ਕਰਤੱਵ ਹੈ। ਇਹ ਬਹੁਤ ਸੰਤੁਸ਼ਟੀ ਦੀ ਗੱਲ ਹੈ ਕਿ ਪਿਛਲੇ ਕੁੱਝ ਸਮੇਂ ਤੋਂ ਸਮੁੱਚਾ ਨਿਰਮਲ ਭੇਖ ਆਪਣੇ ਇਸ ਪਰਮ ਦਾਇਤਵ ਨੂੰ ਨਿਭਾਉਣ ਪ੍ਰਤੀ ਚੇਤੰਨਸ਼ੀਲ ਹੈ। ਇਸ ਪ੍ਰਜਤਨ ਵਿਚ ਨਿਰਮਲ ਆਸ਼ਰਮ ਰਿਸ਼ੀਕੇਸ਼ ਦੁਆਰਾ ਵੀ ਕਈ ਨਿਰਮਲੇ ਮਹਾਤਮਾ ਲੋਕਾਂ ਦੀਆਂ ਅਨਮੋਲ ਅਤੇ ਦੁਰਲੱਭ ਪੁਸਤਕਾਂ ਪੁਨਰ-ਪ੍ਰਕਾਸ਼ਿਤ ਕਰ ਕੇ ਗਿਆਨ-ਅਭਿਲਾਸ਼ੀਆਂ ਦੇ ਹੱਥਾਂ ਤੱਕ ਪਹੁੰਚਾਈਆਂ ਗਈਆਂ ਹਨ।[12]

---

[10] ਡਾ. ਅਮਰਜੀਤ ਸਿੰਘ (ਸੰਪਾ.), ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ ਕੁਝ ਦ੍ਰਿਸਟੀਕੋਣ, ਪੰਨਾ 178

[11] ਟੀਕਾਕਾਰ, ਪੰਡਿਤ ਤਾਰਾ ਸਿੰਘ ਨਰੋਤਮ, ਡਾ. ਹਰਭਜਨ ਸਿੰਘ (ਸੰਪਾ.), ਗੁਰ ਭਾਵ ਦੀਪਕਾ, ਭੂਮਕਿਾ (ਨੋਟ- ਇਸ ਟੀਕੇ ਦਾ ਮੂਲ ਰੂਪ ਲਾਹੌਰ ਤੋਂ 1881 ਈਸਵੀ ਵਿਚ ਛਪਿਆ ਸੀ)

[12] ਗੁਰ ਭਾਵ ਦੀਪਕਾ, ਭੂਮਿਕਾ

ਗੁਰਬਾਣੀ ਗੁਰ ਇਤਿਹਾਸ ਅਤੇ ਗੁਰਮਤਿ ਸਿਧਾਂਤਾਂ ਨਾਲ ਸੰਬੰਧਤ ਪੰਡਤ ਤਾਰਾ ਸਿੰਘ ਜੀ ਦੀਆਂ ਨਿਮਨ ਲਿਖਤ ਪੁਸਤਕਾਂ ਹਨ

| | |
|---|---|
| ਮੋਖ ਪੰਥ ਟੀਕਾ | ਸੰਮਤ 1922 |
| ਸੁਰ ਤਰੁ ਕੋਸ਼ | ਸੰਮਤ 1923 |
| ਗੁਰਮਤਿ ਨਿਰਣਯ ਸਾਗਰ | ਸੰਮਤ 1934 |
| ਅਕਾਲ ਮੂਰਤਿ ਪ੍ਰਦਰਸ਼ਨ | ਸੰਮਤ 1935 |
| ਗੁਰੂ ਵੰਸ਼ ਤਰੁ ਦਰਪਣ | ਸੰਮਤ 1935 |
| ਜਪੁ, ਰਹਿਰਾਸ, ਸੋਹਿਲਾ ਤੇ ਸ਼ਬਦ ਹਜ਼ਾਰੇ ਦਾ ਟੀਕਾ | ਸੰਮਤ 1936 |
| ਭਗਤਾਂ ਦੀ ਬਾਣੀ ਦਾ ਟੀਕਾ | ਸੰਮਤ 1939 |
| ਗੁਰੂ ਤੀਰਥ ਸੰਗ੍ਰਹ | ਸੰਮਤ 1940 |
| ਟੀਕਾ ਸ੍ਰੀ ਰਾਗ | ਸੰਮਤ 1942 |
| ਗੁਰੂ ਗਿਰਾਰਥ ਕੋਸ਼ | ਸੰਮਤ 1946[13] |

ਪੰਡਿਤ ਤਾਰਾ ਸਿੰਘ ਜੀ ਦੀ ਟੀਕਾਕਾਰੀ ਵਿਚ ਆਧੁਨਿਕ ਬੌਧਿਕ ਚੇਤਨਾ ਦੀ ਝਲਕ ਪ੍ਰਤੀਤ ਹੁੰਦੀ ਹੈ। ਜਪੁਜੀ ਦਾ ਟੀਕਾ ਕਰਦਿਆਂ ਉਨ੍ਹਾਂ ਜਪੁਜੀ ਦੇ ਵਿਸ਼ੇ ਸੰਬੰਧੀ ਇਕ ਟੂਕ ਦਿੱਤੀ ਹੈ, ਜਿਸ ਤੋਂ ਪ੍ਰਗਟ ਹੈ ਕਿ ਉਹ ਜਪੁਜੀ ਦੀ ਸਮੁੱਚੀ ਬਾਣੀ ਨੂੰ ਦ੍ਰਿਸ਼ਟੀ ਵਿਚ ਰਖ ਕੇ ਵਿਚਾਰ ਕਰ ਰਹੇ ਹਨ।[14]

ਨਿਰੋਤਮ ਜੀ ਦੁਆਰਾ ਕੀਤੀ ਗਈ ਗੁਰਬਾਣੀ ਵਿਆਖਿਆਕਾਰੀ ਵਿਚ ਜੋ ਲੱਛਣ ਪ੍ਰਤੀਤ ਹੁੰਦੇ ਹਨ ਉਹ ਨਿਮਨ ਪ੍ਰਕਾਰ ਹਨ-

2.1 **ਉਥਾਨਕਾ**

**2.2 ਪ੍ਰਸ਼ਨੋਤਰੀ ਵਿਧੀ**

---

[13] ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 444

[14] ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 139

**2.3 ਵਿਆਖਿਆ ਵਿਸਥਾਰ (ਮਹਾਤਮ, ਪਰਮਾਰਥ, ਭਾਵ-ਅਰਥ)**

**2.4 ਬਹੁ ਅਰਥ**

**2.5 ਗੁਰਮਤਿ ਨਿਰਣੈ**

**2.1 ਉਥਾਨਕਾ**

ਨਰੋਤਮ ਜੀ ਟੀਕਾ ਕਰਦਿਆਂ ਸਮੁੱਚੀ ਬਾਣੀ (ਵਿਸ਼ੇਸ਼ ਸਿਰਲੇਖ ਵਾਲੀ) ਦੀ ਉਥਾਨਕਾ ਵੀ ਪੇਸ਼ ਕਰਦੇ ਹਨ। ਰਹਿਰਾਸ ਬਾਣੀ ਦੀ ਉਥਾਨਕਾ ਨਿਮਨ ਪ੍ਰਕਾਰ ਦਿੰਦੇ ਹਨ- ਜਬ ਗੁਰੁ ਨਾਨਕ ਜੀ ਸਗੁਣ ਪਰਮੇਸ੍ਰ ਕਾ ਦਰਸਨ ਕਰਨੇ ਹੇਤ ਬੈਕੁੰਠ ਮੈ ਗਏ ਤਹਾਂ ਜਾਕਰ ਇਸ ਪਾਠ ਸੈ ਪਰਮੇਸ੍ਰ ਕੀ ਦਿਬਯਾ ਬਿਭੂਤੀ ਕਾ ਤਿਸ ਕੇ ਦਰ ਘਰ ਮੈ ਬਰਨਨ ਕੀਆ, ਬਿਭੂਤੀ ਕੇ ਨਿਵਾਸ ਕਾ ਥਾਨ ਬਹੁਤ ਕਰ ਦਰ ਔ ਘਰ ਹੀ ਹੋਵੇ ਹੈ, ਇਸ ਲੀਏ ਦਰ ਘਰ ਹੀ 'ਸੋਦਰੁ ਕੇਹਾ ਸੋ ਘਰ ਕੇਹਾ' ਪਾਠ ਸੇ ਕਹੇ। ਸੋ ਪਦ ਨੇਤ੍ਰੋਂ ਸੇ ਪਰੇ ਵਸਤ ਕੋ ਕਹੇ ਹੈ ਅਰ ਜਬ ਗੁਰੁ ਜੀ ਬੈਕੁੰਠ ਮੈ ਬਿਸਨੁ ਕੇ ਸਨਮੁੱਖ ਪਹੁਚੇ ਉਸ ਸਮੇ ਬਿਸਨੁ ਭਗਵਾਨ ਕਾ ਦਰ ਘਰ ਦੋਨੋ ਨੇਤ੍ਰੋਂ ਕੇ ਸਾਮਨੇ ਥੇ। ਯਾ ਤੇ ਯਹ ਦਰ ਕੇਹਾ ਯਹ ਘਰ ਕੇਹਾ ਕਹਨਾ ਬਨੇ ਹੈ, 'ਸੋਦਰੁ ਕੇਹਾ ਸੋ ਘਰੁ ਕੇਹਾ' ਕਹਨਾ ਨਹੀ ਬਨੇ ਅਰ ਬਾਣੀ ਮੇ ਤੀਨੋ ਥਾਨ ਮੈ 'ਸੋ ਦਰੁ ਕੇਹਾ ਸੋ ਘਰੁ ਕੇਹਾ' ਪਾਠ ਹੈ। ਈਹਾ ਗੁਰੋ ਕਾ ਯਹ ਪਦ ਕੇ ਥਾਨ ਸੋ ਪਦ ਲਿਖਨੇ ਕਾ ਕਿਆ ਭਾਵ ਹੈ, ਇਸ ਪ੍ਰਸਨ ਕਾ ਉਤਮ ਜਨ ਐਸੇ ਉਤਰ ਕਹੇ ਹੈ- ਜੋ ਸੋ ਆਦਿਕ ਸਬਦੋ ਕਾ ਪੋਥੀ ਗ੍ਰੰਥਾਦਿ ਪਦੋ ਕੇ ਸਮਾਨ ਨੇਮੀ ਅਰਥ ਕੋਈ ਨਹੀ ਜੈਸੇ ਪੋਥੀ ਪਦ ਕਾ ਪੋਥੀ ਅਰ ਗ੍ਰੰਥ ਪਦ ਕਾ ਨੇਮ ਸੇ ਗ੍ਰੰਥ ਹੀ ਅਰਥ ਹੈ ਔਰ ਨਹੀ ਯਾ ਤੇ ਜੋ ਸੋ ਆਦਿਕ ਪਦੋ ਕੇ ਵਹੀ ਅਰਥ ਹੈ ਜਿਨ ਕੋ ਵਕਤਾ ਕਹਯਾ ਚਾਹੇ ਅਰ ਵਕਤਾ ਗੁਰੁ ਜੀ ਸਨਮੁੱਖ ਦਰ ਘਰ ਕੋ ਹੀ ਕਹਯਾ ਚਾਹਤੇ ਹੈ। ਯਾ ਤੇ ਸੋ ਸਬਦ ਈਹਾਂ ਯਹ ਕੇ ਅਰਥ ਕੋ ਕਹੇ ਹੈ ਅਰ 'ਸੋ ਦਰੁ ਕੇਹਾ ਸੋ ਘਰੁ ਕੇਹਾ' ਯੇ ਪਰਮੇਸ੍ਰ ਸੇ ਉਤਰ ਲੇਨੇ ਹੇਤ ਗੁਰੁ ਜੀ ਨੇ ਪ੍ਰਸਨ ਨਹੀ ਕੀਯੇ ਕਿੰਤੂ ਆਪ ਹੀ ਦਰ ਮੇ ਅਰ ਘਰ ਮੈ ਦਰ ਐਸਾ ਹੈ ਅਰ ਘਰ ਐਸਾ ਹੈ। ਇਸ ਪ੍ਰਕਾਰ ਪਰਮੇਸ੍ਰ ਕੀ ਬਿਭੂਤੀ ਕਾ ਪ੍ਰਕਾਸ ਕਰਨੇ ਹੇਤ ਦਰ ਕੈਸਾ ਹੈ ਅਰ ਘਰ ਕੈਸਾ ਹੈ ਯਹ ਕਹਯਾ ਹੈ। ਜਿਤੁ ਬਹਿ ਸਰਬ ਸਮਾਲੇ ਪਾਠ ਕਾ ਦੋਨੋ ਸਾਥ ਮੇਲ ਹੈ, ਜੋ ਸੋ ਦਰੁ ਕੇਹਾ ਜਿਤੁ ਬਹਿ ਸਰਬ ਸਮਾਲੇ, ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ। ਅਰਥ ਇਸ ਪਾਠ ਕਾ

ਐਸੇ ਹੈ- ਹੇ ਪਰਮੇਸੂਰ ਤੇਰਾ ਨਾਮ ਆਪਕਾ ਸੋ ਨਾਮ ਯਹ ਬੈਕੁੰਠ ਕਾ ਦਰ ਕੈਸਾ ਹੈ, ਪੁਨਾ ਸੋ ਘਰ ਨਾਮ ਯਹ ਬੈਕੁੰਠ ਰੂਪ ਘਰ ਕੈਸਾ ਹੈ ਜਿਸ ਦਰ ਘਰ ਮੈ ਆਪ ਸਗੁਣ ਸ੍ਰੂਪ ਹੋਕਰ ਬੈਠ ਕੇ ਸਰਬ ਪ੍ਰਪੰਚ ਕੋ ਉਤਪਤੀ ਪਾਲਨਾ ਬਿਨਾਸ ਹੇਤ ਉਨਕੇ ਕਾਲੋ ਮੈ ਸਮਾਲਤੇ ਹੈ। ਦੋਨੋ ਥਾਨੋ ਕੇ ਐਸ੍ਰਯੋ ਮੈ ਪਹਲੇ ਦਰ ਕਾ ਐਸ੍ਰਯ ਕਹੇ ਹੈ।[15]

## 2.2 ਪ੍ਰਸ਼ਨੋਤਰੀ ਵਿਧੀ

ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਕਰਦਿਆਂ ਨਰੋਤਮ ਜੀ ਪ੍ਰਸ਼ਨੋਤਰੀ ਵਿਧੀ ਨੂੰ ਵੀ ਵਰਤਦੇ ਹਨ। ਇਹ ਜੁਗਤ ਉਹ ਗੁਰਬਾਣੀ ਦੇ ਚਲ ਰਹੇ ਸ਼ਬਦ ਦੇ ਪ੍ਰਕਰਣ ਦੇ ਹਿਸਾਬ ਨਾਲ ਹੀ ਕਰਦੇ ਹਨ। ਉਸ ਤੋਂ ਵਖਰੇ ਤੌਰ ਤੇ ਕੋਈ ਪ੍ਰਸ਼ਨੋਤਰ ਨਹੀ ਕਰਦੇ।

ਉਦਹਾਰਨ- ਹੇ ਗੁਰੋ! ਜੋਗੀ ਬੈਠਨੇ ਹੇਤ ਆਸਨ ਰਖੇ ਹੈ, ਆਪ ਕੌਣ ਆਸਨ ਰਖਤੇ ਹੋ, ਯਹ ਸੁਣ ਕਹੇ- ਆਸਣੁ ਲੋਇ ਲੋਇ ਭੰਡਾਰ॥ ਜੋ ਕਿਛੁ ਪਾਇਆ ਸੁ ਏਕਾ ਵਾਰ॥[16]

## 2.3 ਵਿਆਖਿਆ ਵਿਸਥਾਰ (ਮਹਾਤਮ, ਪਰਮਾਰਥ, ਭਾਵ-ਅਰਥ)

ਗੁਰਬਾਣੀ ਵਿਆਖਿਆਕਾਰੀ ਕਰਦਿਆਂ ਪੰਡਤ ਜੀ ਵਿਆਖਿਆ ਦਾ ਬਹੁ ਵਿਸਥਾਰ ਕਰਦੇ ਹਨ। ਇਹ ਵਿਸਥਾਰ ਕਰਦਿਆਂ ਉਹ ਸ਼ਬਦ ਦਾ ਮਹਾਤਮ, ਪਰਮਾਰਥ ਅਤੇ ਭਾਵਅਰਥ ਵੀ ਨਾਲ ਹੀ ਪੇਸ਼ ਕਰਦੇ ਹਨ।

## 2.4 ਬਹੁ ਅਰਥ

ਨਿਰਮਲੇ ਵਿਦਵਾਨਾਂ ਵਿਚ ਇਹ ਖਾਸੀਅਤ ਰਹੀ ਹੈ ਕਿ ਉਹ ਆਪਣੀ ਵਿਦਵਤਾ ਦੇ ਪ੍ਰਗਟਾਵੇ ਲਈ ਇਕ ਪੰਕਤੀ ਜਾਂ ਸ਼ਬਦ ਦੇ ਕਈ-ਕਈ ਅਰਥ ਕਰਦੇ ਸਨ। ਨਰੋਤਮ ਜੀ ਵੀ ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਕਰਦਿਆਂ ਬਹੁ ਅਰਥਾਂ ਦੀ ਪਰਪਾਟੀ ਨੂੰ ਨਹੀਂ ਤਿਆਗਦੇ।

---

[15] ਗੁਰ ਭਾਵ ਦੀਪਕਾ, ਪੰਨਾ 128

[16] ਉਪਰੋਕਤ ਵਰਣਿਤ, ਪੰਨਾ 101

## 2.5 ਗੁਰਮਤਿ ਨਿਰਣੈ

ਹੋਰਨਾਂ ਵਿਆਖਿਆਕਾਰਾਂ ਵਾਂਗ ਨਰੋਤਮ ਜੀ ਨੇ ਵੀ ਗੁਰਮਤਿ ਸਿਧਾਂਤਾਂ ਸੰਬੰਧੀ ਆਪਣੇ ਨਿਰਣੇ ਪੇਸ਼ ਕੀਤੇ ਹਨ ਦਿਲ ਉਨ੍ਹਾਂ ਦਾ ਇਹ ਕਹਿੰਦਾ ਸੀ ਕਿ ਗੁਰਮਤਿ ਨੂੰ ਹੋਰ ਦਰਸ਼ਨਾਂ ਤੇ ਮਾਰਗਾਂ ਤੋਂ ਭਿੰਨ ਤੇ ਸ੍ਰੇਸ਼ਟ ਸਾਬਤ ਕੀਤਾ ਜਾਏ ਪਰ ਜੋ ਕੁਝ ਹਿੰਦੂ ਸਾਹਿਤ, ਵੇਦ ਸ਼ਾਸਤ੍ਰ ਉਨ੍ਹਾਂ ਪੜ੍ਹੇ ਸਨ ਅਤੇ ਜਿਸ ਤਰ੍ਹਾਂ ਉਨ੍ਹਾਂ ਦੀ ਸਿਖਲਾਈ ਹੋਈ ਸੀ, ਉਨ੍ਹਾਂ ਦੀ ਬੁਧੀ ਉਨ੍ਹਾਂ ਦੇ ਦਿਲ ਦਾ ਸਾਥ ਨਹੀਂ ਸੀ ਦਿੰਦੀ ਤੇ ਵਿਆਖਿਆ ਵਿਚ ਉਹ ਬਦੋ ਬਦੀ ਵੇਦ ਦੇ ਪ੍ਰਭਾਵ ਅਧੀਨ ਆ ਜਾਂਦੇ ਸਨ। ਇਹ ਸਾਰੇ ਨਿਰਮਲੇ ਵਿਦਵਾਨਾਂ ਦੀ ਦਸ਼ਾ ਸੀ ਸਗੋਂ ਉਦਾਸੀ ਸੰਪ੍ਰਦਾਈ ਵੀ ਇਸ ਤੋਂ ਮੁਕਤ ਨਹੀਂ ਸਨ। ਜਿਨ੍ਹਾਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਉਨ੍ਹਾਂ ਨੇ 'ਗੁਰਮਤ ਨਿਰਣਯ ਸਾਗਰ' ਵਿਚ ਨਿਰਣਾ ਕਰਨ ਦਾ ਜਤਨ ਕੀਤਾ ਹੈ ਉਨ੍ਹਾਂ ਦਾ ਜਤਨ ਹੈ ਕਿ ਗੁਰਮਤਿ ਦੀ ਭਿੰਨਤਾ ਪ੍ਰਗਟ ਹੋਵੇ ਪਰ ਸਮੁੱਚਾ ਪ੍ਰਭਾਵ ਇਹੋ ਹੀ ਬਣਦਾ ਹੈ ਕਿ ਆਪ ਵੇਦਾਂਤ ਵੱਲ ਉਲਾਰ ਹਨ।[17]

<u>**ਵਿਆਖਿਆ ਵੰਨਗੀ**</u>

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥**

(ਏਕਾ ਇਤਿ) ਹੇ ਸਿਖਯ! ਜੋ ਮਾਇਆ ਏਕ ਰਸ ਚੇਤਨ ਮੈ ਬਿੰਬਪਨੇ ਸੇ ਈਸ ਭਾਵ ਕਰੇ ਹੈ ਔ ਪ੍ਰਤਿਬਿੰਬਪਨੇ ਸੇ ਜੀਵ ਭਾਵ ਕਰੇ ਹੈ ਤਿਸੀ ਕੋ ਹਮ ਮਾਈ ਕਹੀਯਂ ਨਿਖਲ ਜਗਤ ਦੀ ਜਨਨੀ ਮਾਨੇ ਹੈ ਅਅ ਵਅ ਏਕਾ ਨਾਮ ਏਕ ਹੈ ਅਨੇਕ ਨਹੀ ਅਰ ਜੜ ਰੂਪ ਹੈ॥ ਹੇ ਗੁਰੋ! ਵਹੁ ਜੜ ਮਾਯਾ ਸੁਤੰਤ੍ਰ ਜਗਤ ਕੋ ਕੈਸੇ ਰਚੇ ਹੈ, ਯਹ ਸੁਨ ਕਹੇ- (ਜੁਗਤਿ ਇਤਿ) ਈਹਾਂ ਜੁਗਤਿ ਪਦ ਸੰਜੋਗ ਕਾ ਵਾਚਕ ਹੁਯਾ ਮਾਯਾ ਚੇਤਨ ਕੀ ਕਲਪਤ ਤਦਾਤਮ ਕੋ ਕਹੇ ਹੈ। ਯਾ ਤੇ ਹੇ ਸਿਖਯ! ਸਤਾ ਸਫੁਰਤੀ ਦੇਨੇ ਵਾਲੇ ਬ੍ਰਹਮ ਕੇ ਜੁਗਤਿ ਨਾਮ ਤਦਾਤਮ ਸੰਬੰਧ ਸੇ ਬਯਾਈ ਨਾਮ ਬਯਾਵੇ ਹੈ। ਭਾਵ ਮਹਦਾਦੀ ਕ੍ਰਮ ਸੇ ਨਿਖਲ ਜਗਤ ਕੋ ਜਨੇ ਹੈ ਕੇਵਲ ਨਹੀ ਜਨੇ ਕੇਵਲ ਵਹੁ ਜੜ ਹੈ ਔ ਜੜ ਕੋ ਰਚਨਾ ਕਾ ਗਿਆਨ ਨਹੀ ਹੋਵੇ॥ ਯਾ ਤੇ ਚੇਤਨ ਕੇ ਮੇਲ ਸੇ ਰਚੇ ਹੈ॥ ਹੇ ਗੁਰੋ! ਜੋਗੀ ਇਸ ਮਾਈ ਕੇ ਬ੍ਰਹਮਾ, ਬਿਸ਼ਨ, ਰੁਦ੍ਰ ਯੇ ਮੁੱਖਯ ਤੀਨ ਚੇਲੇ ਮਾਨੇ ਹੈ, ਆਪ ਇਸ

---

[17] ਡਾ. ਤਾਰਨ ਸਿੰਘ, ਉਪਰੋਕਤ ਵਰਣਿਤ, ਪੰਨੇ 144 -145

ਮਾਇਆ ਕੇ ਚੇਲੇ ਕਿਨ ਕੋ ਕਹਿਤੇ ਹੋ, ਯਹ ਸੁਣ ਕਹੇ- (ਤਿਨਿ ਇਤਿ) ਅਨੁਸਾਰੀ ਕਾ ਨਾਮ ਚੇਲਾ ਹੈ। ਅਪਨਾ ਸਵਰੂਪ ਸਦਾ ਅਪਨਾ ਅਨੁਸਾਰੀ ਹੋਵੇ ਹੈ ਔ ਤੀਨੋ ਗੁਣ ਮਾਇਆ ਕਾ ਸਵਰੂਪ ਹੈ, ਯਾ ਤੇ ਸਦਾ ਅਨੁਸਾਰੀ ਹੈ। ਇਸ ਰੀਤਿ ਸੇ ਹਮਾਰੇ ਮਤ ਮੇ ਭੀ ਤਿਸ ਮਾਯਾ ਕੇ ਤੀਨ ਚੇਲੇ ਪ੍ਰਮਾਣ ਕਹੀਯੇ ਵੇਦ ਪ੍ਰਮਾਣ ਸੇ ਸਿਧ ਹੈ। ਪ੍ਰਮਾਣ ਸਿਧ ਚੇਲਯੋਂ ਕੇ ਕਾਮ ਕਹੇ-

**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥**

(ਇਕੁ ਇਤਿ) ਤਿਨ ਤੀਨੋ ਮੈ ਇਕ ਸੰਸਾਰੀ ਕਹੀਯੇ ਏਕ ਰਜੋ ਗੁਣ ਜੀਵੋ ਕੇ ਜਨਮ ਮ੍ਰਿਤਯੁ ਕੇ ਪ੍ਰਵਾਹ ਰੂਪ ਸੰਸਾਰ ਕੋ ਦੇਵੇ ਹੈ। ਯਾ ਤੇ ਰਜੋ ਗੁਣ ਸੰਸਾਰ ਕਾ ਕਾਰਣ ਹੋਨੇ ਤੇ ਸੰਸਾਰੀ ਹੈ। ਏਕ ਕਾਰਣ ਕਹ ਕਰ ਦੂਸਰੇ ਕਾ ਕਹੇ- (ਇਕੁ ਇਤ) ਪਕਾਵਨੇ ਵਾਲੇ ਕਾ ਨਾਮ ਭੰਡਾਰੀ ਹੋਵੇ ਹੈ ਸਤੋ ਗੁਣ ਦਿਯਾਦਿ ਦੈਵੀ ਸੰਪਦਯੁਤ ਕਰਕੇ ਜਿਗਯਾਸੂਯੋ ਕੇ ਗਯਾਨ ਰੂਪ ਭੋਜਨ ਦੇ ਪਕਾਵਨੇ ਵਾਲਾ ਹੈ, ਯਾ ਤੇ ਭੰਡਾਰੀ ਕਹੀਯੇ। ਇਸ ਕਹਿਨੇ ਸੇ ਯਹ ਸਿਧ ਹੂਯਾ ਜੈਸੇ ਸੰਸਾਰ ਮੈ ਫੈਕਨੇ ਵਾਲਾ ਰਜੋ ਗੁਣ ਹੈ ਤੇਸੇ ਸੰਸਾਰ ਦੇ ਨਿਕਾਸਨੇ ਵਾਲਾ ਸਤੋ ਗੁਣ ਹੈ। ਤੀਸਰੇ ਕਾ ਕਾਰ ਕਹੇ- (ਇਕੁ ਇਤਿ) ਏਕ ਤਮੋ ਗੁਣ ਰਜੋ ਗੁਣ ਕੇ ਸੰਸਾਰ ਮੈ ਫੈਂਕਨੇ ਜੀਵੋਂ ਕੀ ਲਾਏ ਦੀਵਾਣੁ ਨਾਮ ਸਭਾ ਲਗਾਵੇ ਹੈ। ਇਸਦਾ ਭਾਵ ਯਹ ਹੈ ਰਜੋ ਗੁਣ ਕੇ ਪ੍ਰਤਾਪ ਸੇ ਸੰਸਾਰ ਮੇ ਪੜ੍ਹੇ ਜੀਵਨ ਕੇ ਵੀਚਾਰ ਕੋ ਤਮੋ ਗੁਣ ਆਵਰ ਲੇਵੇ ਹੈ। ਕਬੀ ਭੀ ਤਿਨ ਕੋ ਸਵਰੂਪ ਕਾ ਸਾਖਯਤਕਾਰ ਨਹੀ ਹੋਨੇ ਦੇਵੇ। ਯਾ ਤੇ ਸੰਸਾਰ ਚਕਰ ਮੇਂ ਹੀ ਤਿਨ ਕੀ ਸਭਾ ਲਗਾਵੇ ਹੈ। ਇਸ ਰੀਤਿ ਸੇ ਜਿਸ ਕਾਰਯ ਕੋ ਮਾਯਾ ਕਰੇ ਹੈ ਤਿਸ ਕਾਰਯ ਮੈ ਸਵਰੂਪ ਭੂਤ ਗੁਣਤਾ ਕੇ ਸਹਿਕਾਰੀ ਹੋਨੇ ਸੇ ਚੇਲੇ ਕਹਾਵੇ ਹੈ ਅਥਵਾ ਹੈ ਗੁਰੋ! ਜੈਸੇ ਜੋਗੀ ਅਪੁਨੇ ਅਨੁਸਾਰ ਹੋ ਕਰ ਆਪਣੀ ਸੇਵਾ ਕਰਨੇ ਵਾਲੋਂ ਕੋ ਚੇਲੇ ਪ੍ਰਵਾਨ ਕਰਤੇ ਹੈ ਤੈਸੇ ਆਪ ਵਿਰਕਤ ਪੁਰਖ ਕਿਨ ਕੋ ਚੇਲੇ ਪ੍ਰਮਾਣ ਕਰਤੇ ਹੋ, ਯਹ ਸੁਣ ਗੁਰੁ ਕਹੇ- (ਤਿਨਿ ਇਤਿ) ਹੇ ਸਿਖਯ! ਜੋ ਗੁਣ ਮਾਇਆ ਕੇ ਚੇਲੇ ਕਹੇ ਵਹੀ ਹਮਾਰੇ ਚੇਲੇ ਹੈ। ਤੁਕੋ ਕਾ ਅਰਥ ਵਹੀ ਹੈ ਜੋ ਪੂਰਬ ਕਹਯਾ, ਗੁਣਾਂ ਕੋ ਚੇਲਪਨ ਕਾ ਬੀਜ਼ ਅਪਨੇ ਅਨੁਸਾਰੀ ਹੋਨਾ ਐਸੇ ਹੇ ਗਯਾਨਵਾਨ ਮੈ ਗੁਣ ਗਯਾਨ ਕੇ ਪ੍ਰਭਾਵ ਸੇ ਸਿਥਲ ਹੋ ਜਾਵੇ। ਯਾ ਤੇ ਆਪਨਾ ਕਾਰਯ ਨਹੀ ਕਰ ਸਕੇ ਵਾ ਅਪਣਾ ਕਾਰਯ ਕਰਨੇ ਕੋ ਸਮਰਥਨ ਨਹੀ ਰਹੇ ਵਾ ਬਾਧ ਕਾ ਵਿਖਯ

ਹੋ ਜਾਵੇ ਹੈ ਵਾ ਸਵਰੂਪ ਸੇ ਨਿਬ੍ਰਿਤ ਹੋ ਕਰ ਮੁਕਤੀ ਕੇ ਹੇਤ ਹੋ ਜਾਵੇ ਹੈ ਯਹੀ ਵਾਰਤਾ ਗੁਰ ਮੂਲ ਮੈ ਕਹੇ ਹੈ-

**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥**

(ਜਿਵ ਇਤਿ) ਕਹੀਯੇ ਜਿਸ ਪ੍ਰਕਾਰ ਗਯਾਨਵਾਨ ਪੁਰਖ ਤਿਨ ਗੁਣੋ ਮੈ ਭਾਵਨਾ ਕਰੇ ਹੈ ਤਿਸੁ ਰੀਤਿ ਸੇ ਗੁਣੋ ਕੋ ਅਪਨੇ ਅਨੁਸਾਰ ਚਲਾਵੇ ਹੈ। ਅਪਨੀ ਅਨੁਸਾਰਤਾ ਸੇ ਉਲਟੇ ਹੋ ਕਰ ਤਿਨ ਕੋ ਕਬੀ ਨਹੀ ਚਲਲੇ ਦੇਵੇ। ਇਸਕਾ ਬਾਵ ਯਹ ਹੈ ਵਿਦਵਾਨ ਗਯਾਨ ਹੋਨੇ ਸੇ ਯਹ ਨਿਸ਼ਚੇ ਕਰੇ ਹੈ ਮੈਂ ਸਾਖੀ ਕੂਟਥ ਰੂਪ ਹੂੰ ਮੇਰੇ ਸਵਰੂਪ ਮੈਂ ਇਨ ਗੁਣੋ ਸੇ ਕੋਈ ਵਿਕਾਰ ਨਹੀ ਕਿਆ ਜਾਵੇ। ਇਸ ਪ੍ਰਕਾਰ ਗਯਾਨ ਕੇ ਪ੍ਰਭਾਵ ਸੇ ਗੁਣੋ ਮੇ ਜਨਮਾਦਿਕ ਵਿਚਾਰ ਨਾ ਕਰਨੇ ਕੀ ਭਾਵਨਾ ਕਰੇ ਹੈ। ਪੁਨਾ ਗਯਾਨੀ ਐਸੇ ਜਾਨੇ ਹੈ ਯੇ ਗੁਣ ਜੜ ਹੈ ਮੇਰੀ ਸਹਾਇਤਾ ਬਿਨਾਂ ਕੋਈ ਕਾਮ ਨਹੀ ਕਰ ਸਕਤੇ ਇਸ ਪ੍ਰਕਾਰ ਅਪਨਾ ਕਾਰਯ ਕਰਨੇ ਕੀ ਸਮਰਥ ਹੀਣਤਾ ਇਨ ਮੈਂ ਭਾਵਨ ਕਰੇ ਹੈ। ਪੁਨਾ ਗਯਾਨੀ ਯਹ ਜਾਨੇ ਹੈ ਮੈ ਸਤਯ ਸਵਰੂਪ ਹੂੰ ਮੇਰੇ ਸੇ ਭਿਨ ਸਭੀ ਦ੍ਰਿਸ਼ਯ ਮ੍ਰਿਗ ਤ੍ਰਿਸ਼ਨਾ ਕੇ ਜਲ ਤੁਲਯ ਹੈ। ਇਸ ਪ੍ਰਕਾਰ ਗੁਣੋ ਮੇ ਗਯਾਨ ਸੇ ਬਾਧਪਨੇ ਕੀ ਭਾਵਨਾ ਕਰੇ ਹੈ ਤਥਾ ਯਹ ਜਾਨੇ ਹੈ ਯੇ ਗੁਣ ਅਸਤ ਜੜ ਦੋਖ ਰੂਪ ਹੈ, ਮੈ ਸਤ ਚਿਤ ਆਨੰਦ ਰੂਪ ਹੋ, ਇਨਕਾ ਦ੍ਰਿਸ਼ਟਾ ਹੋਂ, ਮੁਕਤ ਰੂਪ ਹੋਂ। ਇਸ ਪ੍ਰਕਾਰ ਗਯਾਨ ਦੁਆਰਾ ਬੰਧ ਰੂਪ ਗੁਣੋ ਸੇ ਲੰਘ ਕਰ ਅਪਨੇ ਮੈ ਮੁਕਤ ਰੂਪਤਾ ਕਾ ਨਿਸ਼ਚੇ ਕਰੇ ਹੈ ਔ ਪੂਰਬ ਕਹੀ ਨਿਸ਼ਚੇ ਰੂਪ ਭਾਵਨਾ ਕਰਕੇ ਇਨਕੋ ਅਪਨੇ ਅਨੁਸਾਰ ਚਲਾਵੇ ਹੈ, ਉਲਟੇ ਸੁਵਭਾਅ ਵਾਲੇ ਨਹੀਂ ਹੋਣੇ ਦੇਵੇ॥ ਹੇ ਗੁਰੋ! ਐਸਾ ਗਯਾਨ ਵਿਦਵਾਨ ਕੋ ਕਿਸ ਪ੍ਰਕਾਰ ਹੋਵੇ ਹੈ, ਯਹ ਸੁਨ ਕਹੇ- (ਜਿਵ ਇਤਿ) ਹੇ ਸਿਖਯ! ਜਿਵ ਜਿਸ ਪ੍ਰਕਾਰ ਫੁਰਮਾਣ ਹਰਿ ਕੀ ਆਗਯਾ ਰੂਪ ਵੇਦ ਕਹੇ, ਤੈਸੇ ਹੋਵੇ ਹੈ। ਹਰਿ ਕੀ ਆਗਯਾ ਰੂਪ ਵੇਦ ਕੇ ਕਹਿਨੇ ਸੇ ਉਲਟਾ ਨਹੀ ਹੋਵੇ ਹੈ ਜੈਸੇ ਨੈਯਾਯਿਕੋ ਕੋ ਆਕਾਸ਼ ਮੈ ਨਿਤਯ ਗਯਾਨ ਹੋ ਰਿਹਾ ਹੈ ਔ ਚਾਰ ਵਾਕਯਨ ਕੋ ਅਨਾਤਮਾ ਦੇਹਾਦਿਕੋ ਮੈ ਆਤਮ ਗਯਾਨ ਹੋ ਰਹਾ ਹੈ॥ ਕਹੀ ਵਾਰਤਾ ਕੋ ਸਪਸ਼ਟ ਕਰਨੇ ਹੇਤ ਬ੍ਰਹਮ ਸਵਰੂਪ ਜੀਵ ਕੋ ਸਾਖੀਪਣੇ ਸੇ ਦ੍ਰਿਸ਼ਟਾਪਨਾ ਔ ਅਦ੍ਰਿਸਯਪਨਾ ਗੁਣੋ ਕੋ ਔ ਤਿਨ ਕੇ ਕਾਰਯ ਦੇਹਾਦਿਕੋ ਕੋ ਦ੍ਰਿਸ਼ਟਯਪਨਾ ਔ ਅਦ੍ਰਸ਼ਟਾਪਨ ਕਹੇ ਹੈ ਗੁਰੁ-

**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥**

**ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥**

(ਓਹੋ ਇਤਿ) ਵਿਡਾਨ ਨਾਮ ਆਸਚਰਯ ਕਾ ਹੈ। ਈਹਾਂ ਵਹੁ ਆਸਚਰਯ ਵਿਸਥਾਰ ਰੂਪ ਲੇਨਾ। ਮੂਲ ਦਾ ਯਹ ਅਰਥ ਹੈ ਜਿਨ ਗੁਣੋ ਕਾ ਇਹ ਪ੍ਰਤੱਖਾਦਿ ਪ੍ਰਮਾਣ ਸਿਧ ਬਹੁਤਾ ਜਗਤ ਰੂਪ ਵਿਸਥਾਰ ਹੈ ਤਿਨ ਗੁਣੋ ਕੋ ਓਹ ਵੇਖੇ ਨਾਮ ਵਹੁ ਤਤਵਵੇਤਾ ਅਪਨੇ ਸਵਰੂਪ ਭੂਤ ਗਯਾਨ ਸੇ ਦੇਖੇ ਹੈ। ਯਾ ਤੇ ਵਹੁ ਤਿਨਕਾ ਦ੍ਰਿਸ਼ਟਾ ਹੈ ਅਰ ਗੁਣ ਸਹਿਤ ਕਾਰਯ ਕੇ ਤਿਸ ਕੀ ਦ੍ਰਿਸ਼ਯ ਹੈ ਪੁਨਾ ਓਨਾ ਨਦਰਿ ਨ ਆਵੇ ਕਹੀਯੇ ਦੇਹੇਂਦਿਯਾਦਿ ਕਾਰਯ ਸਹਿਤ ਤਿਨ ਜੜ ਰੂਪ ਗੁਣੋ ਕੇ ਵਹੁ ਸਾਖੀ ਭਾਨ ਨਹੀ ਹੋਵੇ। ਯਾ ਤੇ ਸਾਖੀ ਕੇ ਵਹੁ ਅਦ੍ਰਿਸਟਾ ਹੈ, ਸਾਖੀ ਉਨਕੀ ਅਦ੍ਰਿਸ਼ਯ ਹੈ। ਸੇਖ ਰਹਿਆ ਆਦੇਸਦਿ ਪਾਠ ਕਾ ਅਰਥ ਪੂਰਬਵਤ ਜਾਨ ਲੇਨਾ॥੩੦॥

**3 ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ, (ਗਿਆਨੀ ਬਿਸ਼ਨ ਸਿੰਘ)**

ਗਿਆਨੀ ਬਿਸ਼ਨ ਸਿੰਘ ਜੀ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਗ੍ਰੰਥੀ ਸਨ। ਆਪ ਜੀ ਦੀ ਵਿਦਿਅਕ ਯੋਗਤਾ ਭਾਵੇਂ ਕੋਈ ਬਹੁਤ ਜ਼ਿਆਦਾ ਨਹੀਂ ਸੀ ਪਰ ਕਾਲਜ ਵਿਚ ਆਪ ਜੀ ਨੂੰ ਪ੍ਰਿੰ. ਤੇਜਾ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ, ਪ੍ਰੋ. ਰਾਮ ਸਿੰਘ, ਭਾਈ ਜੋਧ ਸਿੰਘ ਵਰਗੇ ਚੰਗੇ ਵਿਦਵਾਨਾਂ ਦਾ ਸਾਥ ਮਿਲਦਾ ਰਿਹਾ ਜਿਸ ਕਾਰਨ ਟੀਕਾਕਾਰੀ ਵਰਗੇ ਮੁਸ਼ਕਿਲ ਕੰਮ ਨੂੰ ਵੀ ਆਪ ਜੀ ਨੇ ਬੇਝਿਜਕ ਹੱਥ ਪਾਇਆ ਅਤੇ ਸਿਰੇ ਵੀ ਲਾਇਆ। ਗਿਆਨੀ ਬਿਸ਼ਨ ਸਿੰਘ ਜੀ ਦੇ ਸਮੇਂ ਖ਼ਾਲਸਾ ਕਾਲਜ ਸਿੱਖ ਮਾਨਸਿਕਤਾ ਦਾ ਖਾਸ ਕੇਂਦਰ ਬਣਿਆ ਹੋਇਆ ਸੀ। ਸਿੰਘ ਸਭਾ ਲਹਿਰ ਅਤੇ ਗੁਰਦੁਆਰਾ ਸੁਧਾਰ ਅੰਦੋਲਨ ਵਿਚ ਖ਼ਾਲਸਾ ਕਾਲਜ ਦੇ ਪ੍ਰੋ. ਅਤੇ ਵਿਦਿਆਰਥੀਆਂ ਨੇ ਵਡਮੁੱਲਾ ਯੋਗਦਾਨ ਪਾਇਆ। ਪੰਜਾਬੀ ਮਾਂ ਬੋਲੀ ਅਤੇ ਗੁਰਸਿੱਖੀ ਨੂੰ ਪ੍ਰੇਮ ਕਰਨ ਵਾਲੇ ਵਿਦਵਾਨਾਂ ਨੇ ਖ਼ਾਲਸਾ ਕਾਲਜ ਲਈ ਤਨ ਦੇਹੀ ਨਾਲ ਕੰਮ ਕੀਤਾ। ਇਸੇ ਦੌਰਾਨ ਹੀ ਗਿਆਨੀ ਬਿਸ਼ਨ ਸਿੰਘ ਜੀ ਗ੍ਰੰਥੀ ਦੀ ਸੇਵਾ ਕਰਦਿਆਂ ਨਾਲੋ-ਨਾਲ ਖ਼ਾਲਸਾ ਕਾਲਜੀਏਟ ਸਕੂਲ ਵਿਚ ਪੰਜਾਬੀ ਪੜ੍ਹਾਉਣ ਦੀ ਸੇਵਾ ਵੀ ਕਰਦੇ ਰਹੇ ਇਸੇ ਸਮੇਂ ਦੌਰਾਨ ਹੀ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਕਬਿੱਤ ਸਵਯੇ ਭਾਈ ਗੁਰਦਾਸ ਆਦਿ ਦੇ ਸੰਪੂਰਨ ਟੀਕੇ ਕੀਤੇ। ਗਿਆਨੀ ਜੀ ਨੇ ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਬਹੁਤ ਹੀ ਸੰਖੇਪ ਸਰਲ ਅਤੇ ਸਪਸ਼ਟ ਰੂਪ ਵਿਚ ਕੀਤਾ। ਵਿਆਖਿਆ ਕਰਦਿਆਂ ਉਹ ਪਦ-ਅਰਥ ਕਰਦੇ ਹੋਏ ਜਿਥੇ ਲੋੜ ਹੋਵੇ ਉਥੇ ਉਥਾਨਕਾ ਵੀ ਦਿੰਦੇ ਹਨ।

ਭਾਵ-ਅਰਥ ਦੀ ਵਰਤੋਂ ਵੀ ਕਰਦੇ ਹਨ ਪਰ ਵਿਆਖਿਆ ਵਿਸਥਾਰ ਬਹੁਤਾ ਜ਼ਿਆਦਾ ਨਹੀਂ ਕਰਦੇ ਜੋ ਕਿ ਸਿੰਘ ਸਭਾ ਪ੍ਰਣਾਲੀ ਦੀ ਇਕ ਖ਼ਾਸੀਅਤ ਹੈ। ਭਾਈ ਬਿਸ਼ਨ ਸਿੰਘ ਜੀ ਦੀ ਟੀਕਾਕਾਰੀ ਵਿਚ ਸੰਪ੍ਰਦਾਈ, ਸਿੰਘ-ਸਭਾਈ ਟੀਕਾ ਸ਼ੈਲੀਆਂ ਮਿਲੀਆਂ ਹੋਈਆਂ ਹਨ। ਉਨ੍ਹਾਂ ਨੇ ਫਰੀਦਕੋਟੀ ਟੀਕੇ ਤੋਂ ਬੜੀ ਸਹਾਇਤਾ ਲਈ ਹੈ। ਨਿਰਮਲੇ ਵਿਦਵਾਨਾਂ ਦੇ ਟੀਕੇ ਵੀ ਦੇਖੇ ਹਨ। ਜਿਉਂ-ਜਿਉਂ ਵਿਦਿਆ ਦਾ ਚਾਨਣ ਵਧਦਾ ਗਿਆ ਅਤੇ ਟੀਕੇ ਪ੍ਰਚਲਿਤ ਹੁੰਦੇ ਗਏ ਹਨ, ਨਵੇਂ ਟੀਕਾਕਾਰ ਹਰ ਟੀਕਾ ਪ੍ਰਣਾਲੀ ਤੋਂ ਪ੍ਰਭਾਵਿਤ ਹੁੰਦੇ ਰਹੇ ਹਨ। ਇਵੇਂ ਹੀ ਭਾਈ ਬਿਸ਼ਨ ਸਿੰਘ ਜੀ ਸਨ।[18]

ਆਮ ਕਰਕੇ ਸਾਰੇ ਟੀਕਾਕਾਰਾਂ ਨੇ 'ਮੂਲ ਮੰਤਰ' ਅਤੇ ਜਪੁਜੀ ਦਾ ਟੀਕਾ ਉਚੇਚੇ ਬਲ ਤੇ ਤ੍ਰਾਨ ਨਾਲ ਕੀਤਾ ਹੈ ਪਰ ਭਾਈ ਬਿਸ਼ਨ ਸਿੰਘ ਨੇ ਇਹ ਤ੍ਰਾਨ ਪੋਥੀ ਅਠਵੀਂ ਤੇ ਲਗਾ ਦਿਤਾ ਹੈ ਜਿਸ ਵਿਚ ਰਾਗ ਕਾਨੜੇ ਤੋਂ ਅੱਗੇ ਦਾ ਟੀਕਾ ਹੈ। ਇਹ ਗੁਰੂ ਗ੍ਰੰਥ ਸਾਹਿਬ ਦਾ ਬਹੁਤ ਕਠਨ ਭਾਗ ਹੈ ਜਿਸ ਵਿਚ ਭਗਤਾਂ ਦੇ ਸਲੋਕ, ਭਟਾਂ ਦੇ ਸਵਯੇ ਆਦਿ ਹਨ। ਇਹੋ ਜਿਲਦ ਆਪ ਨੇ ਪਹਿਲਾਂ ਛਾਪੀ ਤੇ ਬਾਕੀ ਮਗਰੋਂ।[19] ਆਪ ਜੀ ਦਾ 'ਜਪੁਜੀ' ਅਤੇ 'ਮੂਲ ਮੰਤਰ' ਦਾ ਟੀਕਾ ਬਹੁਤ ਹੀ ਸਾਦਾ ਅਤੇ ਸੰਖੇਪ ਰੂਪ ਵਿਚ ਕੀਤਾ ਪ੍ਰਤੀਤ ਹੁੰਦਾ ਹੈ। ਆਪ ਜੀ ਦੀ ਵਿਆਖਿਆਕਾਰੀ ਵਿਚੋਂ ਜੋ ਪਖ ਉਜਾਗਰ ਹੋਏ ਹਨ ਉਹ ਨਿਮਨ ਰੂਪ ਵਿਚ ਹਨ-

**3.1 ਉਥਾਨਕਾ**

**3.2 ਪਦ-ਅਰਥ**

**3.3 ਸਰਲ ਬੋਲੀ**

**3.4 ਭਾਵ-ਅਰਥ**

**3.5 ਗੁਰਮਤਿ ਨਿਰਣੈ**

**3.1 ਉਥਾਨਕਾ-**

---

[18] ਡਾ. ਤਾਰਨ ਸਿੰਘ, ਉਪਰੋਕਤ ਵਰਣਿਤ, ਪੰਨਾ 267

[19] ਉਪਰੋਕਤ ਵਰਣਿਤ, ਪੰਨਾ 267

ਗਿਆਨੀ ਜੀ ਗੁਰਬਾਣੀ ਸ਼ਬਦ ਦੀ ਵਿਆਖਿਆ ਕਰਦਿਆਂ ਸੰਬੰਧਤ ਸ਼ਬਦ ਦੀ ਉਥਾਨਕਾ ਵੀ ਦਿੰਦੇ ਹਨ ਪਰ ਬਹੁਤ ਜਿਆਦਾ ਨਹੀਂ ਜਿਥੇ ਲੋੜ ਸਮਝਦੇ ਹਨ ਕੇਵਲ ਉਸ ਥਾਂ 'ਤੇ ਹੀ ਉਥਾਨਕਾ ਦਿੰਦੇ ਹਨ ਦੂਸਰਾ ਉਥਾਨਕਾ ਦਾ ਵੀ ਜਿਆਦਾ ਵਿਸਥਾਰ ਨਹੀਂ ਕਰਦੇ ਖਾਸ ਧਿਆਨ ਗੁਰਬਾਣੀ ਦੇ ਅਰਥਾਂ ਉਪਰ ਹੀ ਕੇਂਦਰਿਤ ਕਰਦੇ ਹਨ ਉਸਤੋਂ ਬਾਹਰ ਨਹੀਂ ਜਾਂਦੇ।

ਉਦਹਾਰਨ:

ੳ. ਆਸਾ ਮਹਲਾ ੧॥ ਕਰਿ ਕਿਰਪਾ ਆਪਨੈ ਘਰਿ ਆਇਆ॥ ਤਾ ਮਿਲਿ ਸਖੀਆ ਕਾਜੁ ਰਚਾਇਆ॥ ਇਸ ਸ਼ਬਦ ਦੀ ਉਥਾਨਕਾ ਦਿੰਦੇ ਹੋਏ ਲਿਖਦੇ ਹਨ-

ਵਾਹਿਗੁਰੂ ਨਾਲ ਮਿਲ ਜਾਣਾ ਇਹ ਇਕ ਅਨੰਦ ਵਿਆਹ ਹੈ, ਗੁਰੂ ਜੀ ਇਸ ਨੂੰ ਸਪਸ਼ਟ ਕਰਕੇ ਦਸਦੇ ਹਨ ਹੋ ਸਕਦਾ ਹੈ ਕਿਸੇ ਸਿਖ ਨੇ ਵਿਆਹ ਦੀ ਰੀਤੀ ਪੁਛੀ ਤਾਂ ਗੁਰੂ ਜੀ ਨੇ ਦੱਸੀ, ਜਾਂ ਗੁਰੂ ਜੀ ਕਿਸੇ ਦਾ ਵਿਆਹ ਵੇਖਕੇ ਅੰਤ੍ਰੀਵ ਵਿਆਹ ਪ੍ਰਮੇਸ਼ਰ ਪ੍ਰਾਪਤਿ ਦਾ ਵਰਣਨ ਕਰਦੇ ਹਨ- ਇਤਿਹਾਸਕ ਖੋਜ ਦਾ ਏਹੋ ਵਿਆਹ ਹੈ ਜੋ ਗੁਰੂ ਜੀ ਨੇ ਆਮ ਮਰਯਾਦਾ ਚਲਾਈ।[20]

ਅ. ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥

ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ॥ ਸ਼ਬਦ ਦੀ ਉਥਾਨਕਾ ਦਿੰਦੇ ਹਨ

ਮਰਦਾਨੇ ਨੇ ਆਖਿਆ ਆਪ ਸਦਾ ਹੀ ਜੰਗਲਾਂ ਵਿਚ ਲਈ ਫਿਰਦੇ ਹੋ ਤਾਂ ਗੁਰੂ ਜੀ ਨੇ ਕਿਹਾ ਬੜੇ ਬੜੇ ਮਹਾਤਮਾਂ ਤੇ ਦੇਵਤੇ ਘਰਾਂ ਨੂੰ ਛਡ ਕੇ ਪ੍ਰਮੇਸ਼ਰ ਨੂੰ ਜੰਗਲਾਂ ਵਿਚ ਲਭਦੇ ਫਿਰਦੇ ਹਨ। ਇਸ ਜਗ ਨੂੰ ਮੁੱਖ ਰਖ ਕੇ ਗੁਰੂ ਜੀ ਨੇ ਮਰਦਾਨੇ ਪ੍ਰਤੀ ਪਰਮੇਸ਼ਰ ਦੇ ਸਨਮੁੱਖ ਸ਼ਬਦ ਆਖਿਆ।[21]

### 3.2 ਪਦ-ਅਰਥ-

ਗਿਆਨੀ ਬਿਸ਼ਨ ਸਿੰਘ ਜੀ ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਕਰਦਿਆਂ ਸਭ ਤੋਂ ਪਹਿਲਾਂ ਸ਼ਬਦ ਵਿਚ ਆਏ ਕਠਿਨ ਪਦਾਂ/ਸ਼ਬਦਾਂ ਦੇ ਪਦ-ਅਰਥ ਦਿੰਦੇ ਹਨ ਜਿਸ ਨਾਲ ਪਾਠਕਾਂ ਨੂੰ ਕਿਸੇ ਕਠਿਨ ਪਦ ਦੇ ਅਰਥ ਬਾਰੇ ਆਸਾਨੀ ਨਾਲ ਪਤਾ ਲਗ ਸਕੇ।

---

[20] ਗਿਆਨੀ ਬਿਸ਼ਨ ਸਿੰਘ, ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਤੀਜੀ, ਪੰਨਾ ੯੯੦

[21] ਉਪਰੋਕਤ ਵਰਣਿਤ, ਪੰਨਾ 1011

ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥ ਪਉੜੀ ਦੇ ਪਦ-ਅਰਥ ਗਿਆਨੀ ਜੀ ਇਸ ਤਰ੍ਹਾਂ ਕਰਦੇ ਹਨ-

ਦਤ-ਦੇਣਾ। ਦਿਲ=ਥੋੜਾ, ਤਿਲ ਭਰ ਜਾਂ ਤਿਲਕ ਜਾਣ ਵਾਲਾ। ਭਾਉ=ਪਰੇਮ। ਅੰਤਰਗਤਿ=ਅੰਦਰ ਆਇਆ ਹੋਇਆ ਤੀਰਥ। ਨਾਉ=ਨ੍ਹਾਓ। ਸੁਅਸਤ=ਸੁਖ, ਕਲਿਆਣ, ਸਦਾ ਸੁਖੀ ਰਹਿਣ ਵਾਲਾ। ਆਥਿ=ਮਾਇਆ। ਬਾਣੀ=ਬੋਲੀ, ਆਵਾਜ, ਸ਼ਬਦ ਜਾਂ ਬਣਾਵਟ। ਬਰਮਾਉ=ਬ੍ਰਹਮਾ। ਸਤ=ਸਚਾ। ਸੁਹਾਣ=ਸੋਹਣਾ, ਸੁੰਦਰਤਾ। ਚਾਉ=ਖੁਸ਼ੀ ਅਨੰਦ। ਵਾਰੁ=ਸੋਮਵਾਰ ਆਦਿਕ ਸਤ ਵਾਰ, ਦਿਨ। ਰੁਤੀ=ਛੇ ਰੁਤਾਂ ਬਸੰਤ ਆਦਿਕ। ਮਾਹੁ=ਮਹੀਨਾ, ਮਹੀਨੇ। ਆਕਾਰ=ਸਾਰਾ ਸੰਸਾਰ, ਜਿਤਨੀਆਂ ਵੀ ਸ਼ਕਲਾਂ ਹਨ। ਕਾਦੀਆਂ=ਕਾਜ਼ੀਆਂ। ਜੋਗੀ=ਜੋਤਸ਼ੀ।[22]

### 3.3 ਸਰਲ ਬੋਲੀ/ਸ਼ੈਲੀ

ਗਿਆਨੀ ਜੀ ਦੀ ਵਿਆਖਿਆਕਾਰੀ ਦੀ ਬੋਲੀ ਅਤੇ ਸ਼ੈਲੀ ਬਹੁਤ ਹੀ ਆਸਾਨ ਹੈ ਜਿਸਨੂੰ ਸੂਝਵਾਨ ਵਿਦਵਤਾ ਭਰਪੂਰ ਵਿਦਵਾਨ ਸਜਣਾਂ ਦੇ ਨਾਲ-ਨਾਲ ਆਮ ਪਾਠਕ ਵੀ ਆਸਾਨੀ ਨਾਲ ਪੜ ਅਤੇ ਸਮਝ ਸਕਦਾ ਹੈ। ਉਨ੍ਹਾਂ ਦੀ ਇਹ ਕੋਸ਼ਿਸ਼ ਸੀ ਕਿ ਗੁਰਬਾਣੀ ਦਾ ਇਹ ਖ਼ਜਾਨਾ ਹਰ ਗੁਰਸਿਖ ਦੇ ਘਰ ਤਕ ਪਹੁੰਚ ਸਕੇ ਕਿਉਂਕਿ ਉਨ੍ਹਾਂ ਤੋਂ ਪਹਿਲਾਂ ਗੁਰਬਾਣੀ ਦੀ ਵਿਆਖਿਆਕਾਰੀ ਦਾ ਜਿਆਦਾਤਰ ਕਾਰਜ ਉਦਾਸੀ ਅਤੇ ਨਿਰਮਲੇ ਸਾਧੂ ਸੰਤ ਹੀ ਕਰਿਆ ਕਰਦੇ ਸਨ ਉਨ੍ਹਾਂ ਸਾਧੂਆਂ, ਸੰਤਾਂ ਉਪਰ ਪਿਆ ਵੇਦਾਂਤ ਦਾ ਪ੍ਰਭਾਵ ਉਨ੍ਹਾਂ ਦੀ ਵਿਆਖਿਆਕਾਰੀ ਵਿਚੋਂ ਸਾਫ ਵੇਖਿਆ ਜਾ ਸਕਦਾ ਸੀ, ਜੋ ਆਮ ਪਾਠਕ ਦੀ ਪਹੁੰਚ ਤੋਂ ਕਿਤੇ ਦੂਰ ਸੀ।

### 3.4 ਭਾਵ-ਅਰਥ

ਗਿਆਨੀ ਜੀ ਗੁਰਬਾਣੀ ਸ਼ਬਦ ਦੀ ਵਿਆਖਿਆ ਕਰਦਿਆਂ ਅਖਰੀ ਅਰਥਾਂ 'ਤੇ ਹੀ ਕੇਂਦਰਿਤ ਨਹੀਂ ਰਹਿੰਦੇ ਸਗੋਂ ਭਾਵਅਰਥ ਵੱਲ ਹੀ ਜਿਆਦਾ ਝੁਕਾ ਹੈ। ਭਾਵ ਅਰਥ ਦੇਣ ਦਾ ਮਾਇਨਾ ਇਥੇ ਸਮੁੱਚੇ ਸ਼ਬਦ ਦਾ ਭਾਵ ਅਰਥ ਨਹੀਂ ਬਲਕਿ ਜਿਸ ਪੰਕਤੀ ਦੀ ਵਿਆਖਿਆ ਕਰ ਰਹੇ ਹਨ ਉਸ ਨੂੰ ਹੀ ਭਾਵ-ਅਰਥ ਰੂਪ ਵਿਚ ਪੇਸ਼ ਕਰਦੇ ਹਨ।

---

[22] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 14

**3.5 ਗੁਰਮਤਿ ਨਿਰਣੈ-**

ਵਿਆਖਿਆ ਕਰਦਿਆਂ ਗੁਰਮਤਿ ਦੇ ਮੂਲ ਸੰਕਲਪ ਨਾਮ, ਹੁਕਮ, ਕਰਮ, ਪਰਮਸੱਤਾ, ਅਕਾਲ ਪੁਰਖ, ਸੇਵਾ, ਸਿਮਰਨ ਆਦਿ ਬਾਰੇ ਗੁਰਮਤਿ ਦ੍ਰਿਸਟੀਕੋਣ ਤੋਂ ਵਿਆਖਿਆ ਕਰਦੇ ਹਨ। ਗਿਆਨੀ ਜੀ ਨੇ ਇਕ ਬੜਾ ਅਮੋਲਕ ਜਤਨ ਕੀਤਾ ਹੈ ਕਿ ਟੀਕੇ ਦੇ ਆਰੰਭ ਵਿਚ ਦੋ ਤਤਕਰੇ ਦਿਤੇ ਹਨ। ਪਹਿਲਾਂ ਤਤਕਰਾ ਅਖਰ-ਕ੍ਰਮ ਅਨੁਸਾਰ ਸਾਰੇ ਸ਼ਬਦਾਂ ਦਾ ਹੈ ਦੂਜੇ ਤਤਕਰੇ ਵਿਚ ਸਿਧਾਂਤਾਂ ਅਨੁਸਾਰ ਸ਼ਬਦਾਂ ਨੂੰ ਵੰਡਿਆ ਹੈ। ਜਿਸ ਵਿਸ਼ੇ, ਵਿਚਾਰ ਜਾਂ ਸਿਧਾਂਤ ਦੇ ਸ਼ਬਦ ਦੇਖਣੇ ਹੋਣ ਤਤਕਰੇ ਦੀ ਸਹਾਇਤਾ ਨਾਲ ਸਹਿਜੇ ਹੀ ਮਿਲ ਸਕਦੇ ਸਨ।[23]

ਸ੍ਰਿਸਟੀ ਬਾਰੇ ਦਸਦੇ ਹਨ- ਜਿਸ ਤਰਾਂ ਸੋਨਾ ਸੁਨਿਆਰੇ ਕੋਲ ਜਾ ਕੇ ਪਰਖਿਆ ਜਾਂਦਾ ਹੈ ਉਸ ਦਾ ਹਰ ਤਰਾਂ ਦਾ ਖੋਟ ਦੇਖਿਆ ਜਾਂਦਾ ਹੈ ਇਸ ਤਰਾਂ ਹੀ ਆਦਮੀ ਜਗਤ ਵਿਚ ਆ ਕੇ ਪਰਖਿਆ ਜਾਂਦਾ ਹੈ। ਹਰ ਇਕ ਆਦਮੀ ਜਗਤ ਵਿਚ ਪ੍ਰੀਖਿਆ ਦੇਣ ਲਈ ਆਇਆ ਹੈ। ਜੇਹੜਾ ਇਸ ਇਮਤਿਹਾਨ ਵਿਚੋਂ ਪਾਸ ਹੋਵੇਗਾ, ਉਸ ਦਾ ਸੰਸਾਰ ਤੇ ਆਇਆ ਸਫ਼ਲ ਗਿਣਿਆ ਜਾਵੇਗਾ, ਓਹ ਸੰਸਾਰ ਬਾਜੀ ਨੂੰ ਜਿਤ ਕੇ ਜਾਵੇਗਾ। ਆਦਮੀ ਦੇ ਸੌਰਨ ਦੀ ਜਗ੍ਹਾ ਸੰਸਾਰ ਹੈ, ਇਥੇ ਆ ਕੇ ਹੀ ਸੌਰ ਸਕਦਾ ਹੈ। ਕਈ ਆਦਮੀ ਇਸ ਸੰਸਾਰ ਦੇ ਦੁਖ ਦੇਖ ਕੇ ਜੰਗਲ ਨੂੰ ਭਜ ਜਾਂਦੇ ਹਨ, ਸਮਝੋ ਉਹ ਹਾਰ ਜਾਂਦੇ ਹਨ।[24]

**ਵਿਆਖਿਆ ਵੰਨਗੀ**

**ੴ ਸਤਿਗੁਰ ਪ੍ਰਸਾਦਿ ॥ ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ ॥**

**ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥**

'ਤਪਿ ਤਪਿ ਲੁਹਿ ਲੁਹਿ' ਬੇਚੈਨ ਅਤੇ ਉਦਾਸ ਹੋਈ ਹੋਈ ਹਥ ਮਰੋੜਦੀ ਹਾਂ।

**ਬਾਵਲਿ ਹੋਈ ਸੋ ਸਹੁ ਲੋਰਉ ॥**

ਬਾਵਰੀ ਹੋਈ ਉਸ ਸ਼ਹੁ ਨੂੰ ਲੋੜਦੀ ਹਾਂ।

[23] ਉਪਰੋਕਤ ਵਰਣਿਤ, ਪੰਨਾ 269

[24] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 29

**ਤੈ ਸਹਿ ਮਨ ਮਹਿ ਕੀਆ ਰੋਸੁ ॥**

ਤੈ ਪਤੀ ਨੇ ਮਨ ਵਿਚ ਗੁਸਾ ਕੀਤਾ ਹੈ।

**ਮੁਝੁ ਅਵਗਨ ਸਹ ਨਾਹੀ ਦੋਸੁ ॥੧॥**

ਮੇਰੇ ਵਿਚ ਹੀ ਔਗੁਣ ਹਨ, ਪਤੀ ਨੂੰ ਕੋਈ ਦੋਸ਼ ਨਹੀਂ।

**ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥**

ਤੈ ਸਾਹਿਬ ਦੀ ਮੈ ਸਾਰ ਨਹੀਂ ਜਾਣੀ।

**ਜੋਬਨੁ ਖੋਇ ਪਾਛੈ ਪਛੁਤਾਨੀ ॥੧॥ ਰਹਾਉ ॥**

ਜੋਬਨ ਨੂੰ ਨਾਸ ਕਰਕੇ ਪਿਛੇ ਪਛਤਾਈ ਹਾਂ।

**ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥**

ਹੇ ਕਾਲੀ ਕੋਇਲ! ਤੂੰ ਕਿਸ ਗੁਣ ਕਰਕੇ ਕਾਲੀ ਹੋਈ ਹੈਂ?

**ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥**

ਆਪਣੇ ਪਿਆਰੇ ਦੇ ਵਿਛੋੜੇ ਵਿਚ ਮੈਂ ਸੜੀ ਹੋਈ ਹਾਂ।

**ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥**

ਆਪਣੇ ਪਤੀ ਤੋਂ ਬਿਨਾਂ ਕਿਥੇ ਸੁਖ ਪਾਵੇ।

**ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥**

ਜੇ ਉਹ ਪ੍ਰਭੂ ਕ੍ਰਿਪਾਲੂ ਹੋਵੇ ਤਾਂ ਆਪਣੇ ਨਾਲ ਮਿਲਾ ਲੈਂਦਾ ਹੈ।

**ਵਿਧਣ ਖੂਹੀ ਮੁੰਧ ਇਕੇਲੀ ॥**

ਸੰਸਾਰ ਰੂਪ ਖੂਹੀ ਬਹੁਤ ਦੁਖਦਾਈ ਹੈ ਤਿਸ ਉਤੇ ਜੀਵ ਰੂਪ ਮੂਰਖ ਇਸਤ੍ਰੀ ਇਕੇਲੀ ਹੈ।

**ਨਾ ਕੋ ਸਾਥੀ ਨਾ ਕੋ ਬੇਲੀ ॥**

ਨਾ ਕੋਈ ਸਾਥੀ ਹੈ ਨਾ ਕੋਈ ਬੇਲੀ ਹੈ।

**ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ॥**

ਜਦ ਪ੍ਰਮਾਤਮਾ ਨੇ ਕ੍ਰਿਪਾ ਕਰਕੇ ਸਾਧਸੰਗਤ ਮਿਲਾਈ।

**ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥**

ਤਾਂ ਫਿਰ ਮੈਂ ਜਿਧਰ ਦੇਖਾਂ ਓਧਰ ਹੀ ਮੇਰਾ ਅੱਲਾ ਬੇਲੀ ਨਜਰ ਆਇਆ।

**ਵਾਟ ਹਮਾਰੀ ਖਰੀ ਉਡੀਣੀ ॥**

ਮੇਰੀ ਵਾਟ ਬਹੁਤ ਹੀ ਔਖੀ ਹੈ।

**ਖੰਨਿਅਹੁ ਤਿਖੀ ਬਹੁਤੁ ਪਿਈਣੀ ॥**

ਖੰਡੇ ਨਾਲੋਂ ਤਿਖੀ ਅਤੇ ਬਹੁਤ ਹੀ ਪਤਲੀ ਹੈ।

**ਉਸੁ ਊਪਰਿ ਹੈ ਮਾਰਗੁ ਮੇਰਾ ॥**

ਉਸ ਉਤੇ ਮੇਰਾ ਚਲਣਾ ਹੈ।

**ਸੇਖ ਫਰੀਦਾ ਪੰਥੁ ਸਮ੍ਹ੍ਹਾਰਿ ਸਵੇਰਾ ॥੪॥੧॥**

ਸੁਖ ਫਰੀਦ ਜੀ ਕਹਿੰਦੇ ਹਨ ਉਸ ਰਸਤੇ ਨੂੰ ਛੇਤੀ ਯਾਦ ਕਰ।

**4 ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਪੰਡਤ ਨਰੈਣ ਸਿੰਘ)**

ਪੰਡਤ ਨਰੈਣ ਸਿੰਘ ਜੀ ਗਿਆਨੀ ਪ੍ਰਣਾਲੀ ਦੇ ਵਿਆਖਿਆਕਾਰ ਸਨ। ਆਪ ਜੀ ਦੇ ਜੀਵਨ ਬਾਰੇ ਕੋਈ ਬਹੁਤੀ ਜਾਣਕਾਰੀ ਪ੍ਰਾਪਤ ਨਹੀਂ ਹੰਦੀ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਸੰਪੂਰਨ ਟੀਕੇ ਕੀਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ 1932 ਈ. ਵਿਚ ਛਪਿਆ। ਪੰਡਤ ਜੀ ਨੇ ਪ੍ਰਚਾਰਕ ਵਿਦਿਆਲਾ ਤਰਨ ਤਾਰਨ ਤੋਂ ਗਿਆਨੀ ਬਬਕਾ ਸਿੰਘ ਜੀ ਤੋਂ ਗੁਰਮਤਿ ਵਿਦਿਆ ਪ੍ਰਾਪਤ ਕੀਤੀ। ਉਪਰ ਵਰਣਿਤ ਅਨੁਸਾਰ ਪੰਡਤ ਨਰੈਣ ਸਿੰਘ ਜੀ ਸੰਪ੍ਰਦਾਇ ਵਿਦਵਾਨ ਸਨ ਪਰ ਕਈ ਪਖਾਂ ਤੋਂ ਉਨ੍ਹਾਂ ਦਾ ਸੰਪ੍ਰਦਾਈ ਅਰਥਾਂ ਪ੍ਰਤੀ ਮੱਤਭੇਦ ਵੀ ਸੀ। ਆਪ ਜੀ ਦੁਆਰਾ ਕੀਤੇ ਵਿਆਖਿਆਕਾਰੀ ਦੇ ਕਾਰਜ ਨੂੰ ਵੇਖਦਿਆਂ ਜੋ ਲੱਛਣ ਦ੍ਰਿਸ਼ਟੀ-ਗੋਚਰ ਹੁੰਦੇ ਹਨ ਉਹ ਨਿਮਨ ਪ੍ਰਕਾਰ ਹਨ-

**4.1 ਉਥਾਨਕਾ**

**4.2 ਤੁਕਵਾਰ ਟੀਕਾ**

**4.3 ਸੰਗੀਤਕ ਪਖ**

**4.4 ਸੰਪ੍ਰਦਾਇਕ ਮਤਭੇਦ**

**4.5 ਗੁਰਮਤਿ ਸੰਕਲਪ**

**4.6 ਹੋਰਨਾ ਗ੍ਰੰਥਾਂ ਵਿਚੋਂ ਹਵਾਲੇ**

**4.1 ਉਥਾਨਕਾ**

ਗੁਰਬਾਣੀ ਵਿਆਖਿਆ ਕਰਦਿਆਂ ਪੰਡਤ ਨਰੈਣ ਸਿੰਘ ਜੀ ਸੰਪ੍ਰਦਾਇ ਗਿਆਨੀਆਂ ਵਾਂਗ ਸ਼ਬਦ ਦੀ ਵਿਆਖਿਆ ਕਰਨ ਤੋਂ ਪਹਿਲਾਂ ਉਥਾਨਕਾ ਵੀ ਦਿੰਦੇ ਹਨ। ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਸ਼ਬਦ ਦੀ ਉਥਾਨਕਾ ਇਸ ਪ੍ਰਕਾਰ ਦਿੰਦੇ ਹਨ- ਜਦ ਸਤਿਗੁਰੂ ਦੀ ਜਗਨ ਨਾਥ ਸਥਾਨ ਤੇ ਸਮੁੰਦਰ ਦੇ ਕੰਢੇ ਉਤੇ ਬੈਠੇ ਸਨ, ਤਾਂ ਕਲਜੁਗ ਆਇਆ। ਪਹਿਲੇ ਤਾਂ ਉਸਨੇ ਗੁਰੂ ਜੀ ਨੂੰ ਆਪਣੇ ਵੱਸ ਕਰਨ ਦਾ ਬੜਾ ਜੋਰ ਲਾਇਆ, ਪਰ ਜਦ ਗੁਰੂ ਜੀ ਉੱਪਰ ਉਸ ਦਾ ਜੋਰ ਨਾ ਚਲਿਆ, ਤਾਂ ਚਰਨੀਂ ਆ ਪਿਆ ਅਤੇ ਬੇਨਤੀ ਕਰਨ ਲੱਗਾ- ਸਤਿਗੁਰੂ ਜੀ! ਮੈਂ ਸਮੇਂ ਦਾ ਰਾਜਾ ਹਾਂ, ਸਭ ਧਨ ਪਦਾਰਥ ਰਿੱਧਾਂ, ਸਿੱਧਾਂ ਰਾਜ ਪ੍ਰਤਾਪ ਮੇਰੇ ਵੱਸ ਵਿਚ ਹੈ, ਆਪ ਮੇਰੇ ਪਾਸੋਂ ਕੋਈ ਸੇਵਾ ਲਓ, ਜੋ ਹੁਕਮ ਕਰੋ ਮੈਂ ਆਪ ਜੀ ਦੇ ਹਾਜਰ ਕਰਾਂ। ਅਸਲ ਮਤਲਬ ਉਸ ਦਾ ਇਹ ਸੀ ਕਿ ਗੁਰੂ ਜੀ ਮੇਰੇ ਭਿਆਨਕ ਕਰਮਾਂ ਨੂੰ ਵੇਖ ਕੇ ਤਾਂ ਮੇਰੇ ਚਰਨੀਂ ਨਹੀਂ ਪਏ ਭਲਾ ਇਸ ਸ਼ਾਮ ਦਾਮ' ਨਾਲ ਹੀ ਮੇਰੇ ਵੱਸ ਹੋ ਜਾਨ। ਉਸ ਦੇ ਦਿਲੀ ਭਾਵ ਨੂੰ ਸਮਝ ਕੇ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਨ ਕਰਕੇ ਉਸ ਨੂੰ ਉਪਦੇਸ਼ ਦਿੱਤਾ।[25]

**4.2 ਤੁਕਵਾਰ ਟੀਕਾ**

ਅਰਥ ਕਰਦਿਆਂ ਹਰ ਪੰਕਤੀ ਦੇ ਨਾਲ ਨਾਲ ਹੀ ਅਰਥ () ਬਰੈਕਟਾਂ ਵਿਚ ਕਰਦੇ ਹਨ। ਹੋਰ ਸਪਸ਼ਟਤਾ ਲਈ ਚਿੰਨ੍ਹਾਂ (* § ‡) ਆਦਿ ਦੀ ਵਰਤੋਂ ਕਰਕੇ ਫੁਟਨੋਟਾਂ ਦੇ ਰੂਪ ਵਿਚ ਵੀ ਅਰਥ ਕਰਦੇ ਹਨ ਤਾਂ ਕਿ ਗੁਰਬਾਣੀ ਦੇ ਗੁਹਜ ਅਰਥਾਂ ਨੂੰ ਸਮਝਣਾ ਆਸਾਨ ਹੋ ਸਕੇ।

[25] ਪੰਡਤ ਨਰੈਣ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ, ਪੋਥੀ ਪਹਿਲੀ, ਪੰਨਾ 43

### 4.3 ਸੰਗੀਤਕ ਪਖ

ਸ੍ਰੀ ਗੁਰੂ ਗ੍ਰੰਥ ਸਾਹਿਬ ਦੁਨੀਆਂ ਦੇ ਬਾਕੀ ਧਰਮਾਂ ਨਾਲੋਂ ਇਸੇ ਲਈ ਵੱਖਰੇ ਹਨ ਕਿਉਂਕਿ ਇਸ ਪਾਵਨ ਗ੍ਰੰਥ ਵਿਚ ਰਾਗ ਸਮਲਿਤ ਕੀਤੇ ਗਏ ਹਨ। ਇਨ੍ਹਾਂ ਰਾਗਾਂ ਬਾਰੇ ਪੰਡਤ ਜੀ ਵਿਆਖਿਆ ਕਰਦਿਆਂ ਭਰਪੂਰ ਜਾਣਕਾਰੀ ਵੀ ਦਿੰਦੇ ਹਨ। ਸਿਰੀਰਾਗੁ ਬਾਰੇ ਸੰਗੀਤਕ ਪਖ ਲਿਖਦਿਆਂ ਗਿਆਨੀ ਜੀ ਲਿਖਦੇ ਹਨ 'ਸੰਗੀਤ ਵਿਚਲੇ ਛੇ ਮੁੱਖ ਰਾਗਾਂ ਵਿਚੋਂ ਇਹ ਤੀਸਰਾ ਰਾਗ ਹੈ, ਜੋ ਸੰਪੂਰਨ ਜਾਤੀ ਦਾ ਹੈ, ਅਤੇ ਪ੍ਰਿਥਵੀ ਦੀ ਨਾਭੀ ਤੋਂ ਉਤਪੰਨ ਮੰਨਿਆ ਗਿਆ ਹੈ। ਹਨੁਮੰਤ ਦੇ ਮੱਤ ਨਾਲ ਇਹ ਪੰਜਵਾਂ ਰਾਗ ਹੈ, ਇਹ ਹੇਮੰਤੁ ਰੁੱਤ ਵਿਚ ਤੀਸਰੇ ਪਹਿਰ ਯਾ ਸੰਧਿਆ ਸਮੇਂ ਗਾਇਆ ਜਾਂਦਾ ਹੈ। ਸੋਮੇਸ਼ਵਰ ਦੇ ਮੱਤ ਨਾਲ- ਮਾਲਵੀ, ਤ੍ਰਿਵੇਣੀ, ਗੌਰੀ, ਕੇਦਾਰਾ, ਮਧੁ ਮਾਧਵੀ ਤੇ ਪਹਾੜੀ ਇਹ ਛੇ ਇਸ ਦੀਆਂ ਰਾਗਨੀਆਂ ਹਨ। ਪਰ ਸੰਗੀਤ ਦਮੋਦਰ ਵਿਚ ਗੰਧਾਰੀ, ਦੇਵਗੰਧਾਰੀ, ਸਾਲਵਸ੍ਰੀ, ਸਾਖੀ ਅਤੇ ਰਾਮਕਰੀ ਇਹ ਪੰਜ ਰਾਗਨੀਆਂ ਕਈਆਂ ਹਨ। ਵਡਹੰਸ, ਟੰਕ ਤੇ ਗਉੜੀ ਇਹ ਤਿੰਨੇ ਮਿਲਣ ਤਾਂ ਸ੍ਰੀ ਰਾਗ ਹੁੰਦਾ ਹੈ, ਅਤੇ ਤਨਕ, ਗਉੜੀ ਤੇ ਵਡਹੰਸ ਦੇ ਮਿਲਣ ਤੋਂ ਭੀ ਹੋ ਜਾਂਦਾ ਹੈ, ਕਈ ਮੱਤਾਂ ਵਾਲੇ ਸ਼ੰਕਰਾਕਰਨ ਤੇ ਮਾਲ ਸਿਰੀ ਦੇ ਮੇਲ ਤੋਂ ਬਣਿਆ ਮੰਨਦੇ ਹਨ।[26]

### 4.4 ਸੰਪ੍ਰਦਾਇਕ ਮਤਭੇਦ

ਆਪ ਜੀ ਦੀ ਵਿਆਖਿਆਕਾਰੀ ਵਿਚੋਂ ਸੰਪ੍ਰਦਾਇ ਪ੍ਰਣਾਲੀ ਦੇ ਗੁਣ ਸਾਫ ਵੇਖੇ ਜਾ ਸਕਦੇ ਹਨ ਪਰ ਬਾਵਜੂਦ ਇਸਦੇ ਕੁਝ-ਕੁ ਪਖਾਂ 'ਤੇ ਆਪ ਜੀ ਸੰਪ੍ਰਦਾਈ ਅਰਥਾਂ ਨਾਲ ਸਹਿਮਤ ਨਹੀਂ ਸਨ। ਮੁੱਖ ਰੂਪ ਵਿਚ ਆਪ ਨੇ ਸੰਪ੍ਰਦਾਇਕ ਪ੍ਰਣਾਲੀ ਦੇ ਅਰਥ ਹੀ ਅੰਕਿਤ ਕੀਤੇ ਹਨ ਪਰ ਉਨ੍ਹਾਂ ਨੂੰ ਜਿਥੇ ਸੰਪ੍ਰਦਾਈ ਅਰਥਾਂ ਦੀ ਉਕਾਈ ਪ੍ਰਤੀਤ ਹੁੰਦੀ ਹੈ ਨੂੰ ਉਨ੍ਹਾਂ ਨੇ ਦ੍ਰਿਸ਼ਟਾਂਤਾਂ/ਪ੍ਰਮਾਣਾਂ ਦੁਆਰਾ ਸੁਧਾਈ ਕੀਤੀ ਹੈ।[27]

'ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ' ਪੰਕਤੀ ਦੇ ਅਰਥ ਕਰਦਿਆਂ ਹੋਇਆਂ ਪੰਡਤ ਜੀ ਲਿਖਦੇ ਹਨ 'ਸਾਡੇ ਸੰਪ੍ਰਦਾਇਕ ਗਿਆਨੀ ਇਸ ਤੁਕ ਨੂੰ ਉਤਪਤੀ ਵੱਲ ਲਾਂਦੇ ਹਨ, ਕਿ ਸੱਚੇ ਤੋਂ ਪਵਨ

[26] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 43

[27] ਉਪਰੋਕਤ ਵਰਣਿਤ, ਪੋਥੀ ਪਹਿਲੀ, ਭੂਮਿਕਾ, (ਪੰਨਾ ਣ)

ਹੋਈ, ਉਸ ਤੋਂ ਅਗੇ ਜਲ ਆਦਿਕ ਹੋਏ, ਤੇ ਫਿਰ ਜਲ ਆਦਿਕ ਤੋਂ ਤਿੰਨੇ ਲੋਕ ਸਾਜੇ ਗਏ ਹਨ, ਆਦਿਕ' ਪਰ ਵਿਚਾਰਨਾ ਏਹ ਚਾਹੀਦਾ ਹੈ, ਉਤਪਤੀ ਦਾ ਵਿਚਾਰ ਹੀ ਨਹੀਂ ਤਾਂ ਇਸਦੇ ਕਹਿਣ ਦੀ ਲੋੜ ਹੀ ਕੀ ਹੈ?[28]

### 4.5 ਗੁਰਮਤਿ ਸੰਕਲਪ

ਗੁਰਬਾਣੀ ਵਿਆਖਿਆ ਦਾ ਕਾਰਜ ਕਰਦਿਆਂ ਪੰਡਤ ਨਰੈਣ ਸਿੰਘ ਜੀ ਗੁਰਮਤਿ ਦੇ ਸੰਕਲਪਾਂ ਦੀ ਵਿਆਖਿਆ ਯੁਕਤੀਆਂ ਸਹਿਤ ਪੇਸ਼ ਕਰਦੇ ਹਨ। ਉਦਹਾਰਨ ਵਜੋਂ ਇਥੇ 2 ਹਵਾਲੇ ਲਏ ਗਏ ਹਨ-

ੳ. ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ॥ ਪੰਕਤੀ ਵਿਚ ਆਏ ਸ਼ਬਦ ਨਿਰਬਾਣ ਦੀ ਗੁਰਮਤਿ ਅਨੁਸਾਰ ਵਿਆਖਿਆ ਕਰਦੇ ਹਨ- ਨਿਰਬਾਣ ਪਦ ਬੋਧ ਮਤ ਦਾ ਹੈ, ਉਨ੍ਹਾਂ ਵਿਚ ਜੋ ਇਸਦੇ ਭਾਵ ਹਨ, ਉਹ ਇਕ 'ਮਹਾਂ ਸੂੰਨਯ' ਅਵਸਥਾ ਦਸਦੇ ਹਨ, ਜਿਥੇ 'ਆਸਤੀ' ਤੇ 'ਨਾਸਤੀ' (ਹੋਣਾ ਜਾਂ ਨਾ ਹੋਣਾ) ਦੋਵੇਂ ਹੀ ਨਾ ਰਹਿਣ। ਬੁੱਧ ਜੀ ਨੇ ਕਿਤੇ ਇਹ ਭੀ ਕਿਆ ਹੈ ਕਿ ਰਾਗ ਦਵੈਖ ਤੇ ਮੋਹ ਦੇ ਮਿਟ ਜਾਣ ਦਾ ਨਾਮ ਨਿਰਬਾਣ ਹੈ। ਪਰੰਤੂ ਸਤਿਗੁਰੂ ਜੀ ਦੀ ਬਾਣੀ ਵਿਚ ਇਸ 'ਨਿਰਬਾਣ ਪਦ' ਦਾ ਅਰਥ 'ਮਹਾਂ ਸੂੰਨਯ' ਅਵਸਥਾ ਨਹੀਂ ਹੈ। ਇਸਦਾ ਅਰਥ ਹੈ 'ਦਵੰਦਾਂ ਤੋਂ ਛੁਟਕੇ ਵਾਹਿਗੁਰੂ ਨਾਲ ਅਭੇਦ ਹੋ ਜਾਣਾ।[29]

ਅ. ਵਾਹਿਗੁਰੂ ਪਦ ਦੇ ਅਰਥ ਕਰਦੇ ਹੋਏ ਲਿਖਦੇ ਹਨ 'ਜਗਤ ਦੀ ਰਚਨਾ ਵਾਹਿਗੁਰੂ ਦੇ ਹੁਕਮ ਤੋਂ ਹੋਈ ਹੈ, 'ਹੁਕਮ' 'ਹੁਕਮੀ' ਦਾ ਰੂਪ ਹੁੰਦਾ ਹੈ, ਇਸੇ ਕਰਕੇ 'ਸ਼ਬਦ' ਨੂੰ 'ਵਾਹਿਗੁਰੂ' ਦਾ ਰੂਪ ਮੰਨਕੇ ਸਤਿਗੁਰੂ ਜੀ ਨੇ 'ਵਾਹਿਗੁਰੂ' ਸਥਾਨੀ 'ਸਬਦ' ਪਦ ਵਰਤਿਆ ਹੈ।[30]

### 4.6 ਹੋਰਨਾਂ ਗ੍ਰੰਥਾਂ ਵਿਚੋਂ ਹਵਾਲੇ

ਕਿਸੇ ਵਿਦਵਾਨ ਦੀ ਵਿਦਵਤਾ ਉਸ ਦੀਆਂ ਰਚਨਾਵਾਂ ਵਿਚੋਂ ਹੀ ਵੇਖੀ/ਪਰਖੀ ਜਾ ਸਕਦੀ ਹੈ ਕਿ ਉਸ ਪਾਸ ਵਿਦਿਆ ਦਾ ਕਿਨਾ ਕੁ ਖ਼ਜਾਨਾ ਮੌਜੂਦ ਹੈ। ਪੰਡਤ ਨਰੈਣ ਸਿੰਘ ਜੀ ਗੁਰਬਾਣੀ ਸ਼ਬਦ ਦੀ

---

[28] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 59

[29] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 149

[30] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 149

ਵਿਆਖਿਆ ਕਰਦਿਆਂ ਗੁਰਬਾਣੀ ਤੋਂ ਇਲਾਵਾ ਹੋਰਨਾ ਗ੍ਰੰਥਾਂ ਵਿਚੋਂ ਵੀ ਹਵਾਲੇ ਪੇਸ਼ ਕਰਦੇ ਹਨ। ਉਦਹਾਰਣ ਲਈ 2 ਹਵਾਲੇ ਦਿਤੇ ਗਏ ਹਨ-

ੳ. 'ਦਾਨਾ ਦਾਤਾ ਸੀਲਵੰਤੁ ਨਿਰਮਲੁ ਰੂਪੁ ਅਪਾਰੁ'॥ ਪੰਕਤੀ ਵਿਚ 'ਸੀਲ' ਦੇ ਅਰਥ ਕਰਦਿਆਂ ਹੋਇਆਂ ਹਾਰੀਤ ਸੰਹਿਤਾ ਦਾ ਉਦਹਾਰਨ ਦਿੰਦੇ ਹਨ ਲਿਖਦੇ ਹਨ- ਹਾਰੀਤ ਸੰਹਿਤਾ ਵਿਚ 'ਸੀਲ' ਤੇਰਾਂ ਤਰ੍ਹਾਂ ਦਾ ਲਿਖਯਾ ਹੈ-

(1) ਬ੍ਰਾਹਮਣਾਂ ਦਾ ਭਗਤ ਹੋਣਾ, (2) ਦੇਵ ਤੇ ਪਿੱਤਰੀ ਭਗਤ ਹੋਣਾ, (3) ਕੋਮਲ ਸੁਭਾਅ, (4) ਪਰਾਏ ਨੂੰ ਦੁਖ ਨ ਦੇਣਾ, (4) ਚੁਗਲੀ ਨਾ ਕਰਨੀ, (5) ਕੋਮਲਤਾ, (6) ਕਠੋਰ ਵਚਨ ਨਾ ਕਰਨਾ, (7) ਮੈਤ੍ਰੀ ਰਖਣੀ, (8) ਮਿੱਠੀ ਬਾਣੀ ਬੋਲਣੀ, (9) ਕੀਤੇ ਉਪਕਾਰਾਂ ਨੂੰ ਜਾਣਨਾ, (10) ਆਸਰਾ ਦੇਣਾ, (11) ਕਿਰਪਾਲਤਾ, (12) ਸ਼ਾਂਤੀ। ਅਤੇ ਮੇਦਨੀ ਕੋਸ਼ ਵਿਚ ਸੀਲ ਦਾ ਅਰਥ 'ਉਤਮ ਆਚਰਣ' ਕੀਤਾ ਹੈ[31]

ਅ. ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ॥ ਧੰਨੁ ਸੁ ਤੇਰਾ ਥਾਨੁ॥ ਪੰਕਤੀ ਵਿਚ ਵੈਰਾਗ ਦਾ ਅਰਥ ਕਰਦੇ ਹੋਇ ਵਿਚਾਰ ਸਾਗਰ ਵਿਚੋਂ ਪ੍ਰਮਾਣ ਲੈਂਦੇ ਹਨ, ਲਿਖਦੇ ਹਨ-

ਦੋਹਰਾ- ਬ੍ਰਹਮ ਲੋਕ ਲੌ ਭੋਗ ਜੋ, ਚਹੇ ਸਭਨ ਕੋ ਤਯਾਗ॥

ਵੇਦ ਅਰਥ ਗਯਾਤਾ ਮੁਨੀ, ਕਹਿੱਤ ਤਾਂਹਿ 'ਵੈਰਾਗ'॥ (ਵਿਚਾਰ ਸਾਗਰ)[32]

**ਵਿਆਖਿਆ ਵੰਨਗੀ**

**ਆਸਾ ਮਹਲਾ ੫ ॥**

**ਨਾ ਓਹੁ ਮਰਤਾ ਨਾ ਹਮ ਡਰਿਆ ॥ ਨਾ ਓਹੁ ਬਿਨਸੈ ਨਾ ਹਮ ਕੜਿਆ ॥**

---

[31] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 122

[32] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 130

ਨਾਂ ਉਹ ਮਰਦਾ ਹੈ, ਨਾਂ ਸਾਨੂੰ (ਮੌਤ ਦਾ) ਡਰ ਹੈ। ਨਾਂ ਉਹ ਨਾਸ ਹੁੰਦਾ ਹੈ, ਨਾਂ ਸਾਨੂੰ 'ਨਾਸ ਹੋਣ ਦਾ' {ਕੜ੍ਹਿਆ} ਝੋਰਾ ਹੈ।

**ਨਾ ਓਹੁ ਨਿਰਧਨੁ ਨਾ ਹਮ ਭੂਖੇ ॥ ਨਾ ਓਸੁ ਦੂਖੁ ਨ ਹਮ ਕਉ ਦੂਖੇ ॥੧॥**

ਨਾਂ ਓਹ ਨਿਰਧਨ ਹੈ, ਨਾਂ ਸਾਨੂੰ (ਧਨ ਦੀ) ਭੁੱਖ ਹੈ। ਨਾਂ ਉਸ ਨੂੰ ਦੁਖ ਹੈ, ਨਾਂ ਸਾਨੂੰ ਦੁੱਖ ਹੈ॥੧॥

**ਅਵਰੁ ਨ ਕੋਊ ਮਾਰਨਵਾਰਾ ॥ ਜੀਅਉ ਹਮਾਰਾ ਜੀਉ ਦੇਨਹਾਰਾ ॥੧॥ ਰਹਾਉ ॥**

'ਜੀਵਨ ਦੇਣ ਵਾਲਾ' (ਹੀ, ਜਦ ਕਿ) ਸਾਡਾ (ਸਰੂਪ ਹੈ, ਅਤੇ ਉਹ ਸਦਾ) {ਜੀਅਉ} ਜੀਊਂਦਾ ਹੈ, (ਇਸ ਲਈ ਸਾਨੂੰ) ਹੋਰ ਕੋਈ ਮਾਰਨ ਵਾਲਾ ਹੀ ਨਹੀਂ ਹੈ।

ਅਥਵਾ (2)- {ਹਮਾ+ਰਾ} ਸਭ ਨੂੰ ਜੀਵਨ ਦੇਣ ਵਾਲਾ (ਸਦਾ) ਜੀਊਂਦਾ ਹੈ, (ਉਸ ਤੋਂ ਬਿਨਾਂ) ਹੋਰ ਕੋਈ ਮਾਰਨ ਵਾਲਾ ਨਹੀਂ ਹੈ।

**ਨਾ ਉਸੁ ਬੰਧਨ ਨਾ ਹਮ ਬਾਧੇ ॥ ਨਾ ਉਸੁ ਧੰਧਾ ਨਾ ਹਮ ਧਾਧੇ॥**

ਨਾਂ ਉਸਨੂੰ (ਮਾਇਆ) ਦਾ ਬੰਧਨ ਹੈ, ਨਾ ਅਸੀਂ ਬਾਧੇ (ਹੋਏ ਹਾਂ) ਨਾ ਉਸਨੂੰ ਕੋਈ ਵਿਹਾਰ ਹੈ, ਨਾ ਸਾਨੂੰ (ਕੋਈ) ਵਿਹਾਰ ਹਨ।

**ਨਾ ਉਸੁ ਮੈਲੁ ਨ ਹਮ ਕਉ ਮੈਲਾ ॥ ਓਸੁ ਅਨੰਦੁ ਤ ਹਮ ਸਦ ਕੇਲਾ ॥੨॥**

ਨਾਂ ਉਸਨੂੰ ਮੈਲ ਹੈ, ਨਾਂ ਸਾਨੂੰ ਮੈਲ ਹੈ। ਉਸਨੂੰ ਅਨੰਦ ਹੈ, ਤਾਂ ਸਾਨੂੰ ਭੀ ਸਦਾ ਅਨੰਦ ਹੈ॥੨॥

**ਨਾ ਉਸੁ ਸੋਚੁ ਨ ਹਮ ਕਉ ਸੋਚਾ ॥ ਨਾ ਉਸੁ ਲੇਪੁ ਨ ਹਮ ਕਉ ਪੋਚਾ ॥**

ਨਾਂ ਉਸਨੂੰ ਚਿੰਤਾ ਹੈ, ਨਾਂ ਸਾਨੂੰ ਚਿੰਤਾ ਹੈ। ਨਾਂ ਉਸ ਨੂੰ (ਕਿਸੇ ਵਕਾਰ ਦਾ) ਲੇਪ ਹੈ, ਨਾਂ ਸਾਨੂੰ (ਪੋਚਾ) ਲੇਪ ਹੈ।

**ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ ॥ ਜਾ ਉਹੁ ਨਿਰਮਲੁ ਤਾਂ ਹਮ ਜਚਨਾ ॥੩॥**

ਨਾਂ ਉਸਨੂੰ ਭੁੱਖ ਹੈ, ਨਾਂ ਸਾਨੂੰ {ਤ੍ਰਿਸਨਾ} ਭੁੱਖ ਹੈ। ਜਦ ਉਹ ਸੁਧ ਸਰੂਪ ਤਾਂ ਅਸੀਂ ਭੀ {ਜਚਨਾ} ਸੁਧ ਸਰੂਪ ਹਾਂ॥੩॥

ਹਮ ਕਿਛੁ ਨਾਹੀ ਏਕੈ ਓਹੀ॥ ਅਗੈ ਪਾਛੈ ਏਕੋ ਸੋਈ॥

(ਸਿਧਾਂਤ ਇਹ ਹੈ ਕਿ) ਅਸੀਂ ਕੁਝ ਭੀ ਨਹੀਂ ਹਾਂ, ਉਹ ਇਕ (ਹੀ ਸਾਰੇ ਰੂਪ ਹੈ)। ਉਹ ਇਕੋ ਪਿਛੇ (ਸੀ, ਅਤੇ) ਅੱਗੇ (ਨੂੰ ਹੋਵੇਗਾ)।

**ਨਾਨਕ ਗੁਰਿ ਖੋਏ ਭ੍ਰਮ ਭੰਗਾ ॥ ਹਮ ਓਇ ਮਿਲਿ ਹੋਏ ਇਕ ਰੰਗਾ ॥੪॥੩੨॥੮੩॥**

ਸਤਿਗੁਰੂ ਜੀ (ਆਖਦੇ ਹਨ) ਗੁਰੂ ਨੇ ਭਰਮ (ਰੂਪ) {ਭੰਗਾ} ਵਿੱਥ ਨਾਸ ਕਰ ਦਿੱਤੀ ਹੈ। (ਹੁਣ) ਮੈਂ (ਤੇ) ਉਹ, ਮਿਲਕੇ (ਦੋਵੇਂ) 'ਇਕ- ਰੰਗ' ਹੋ ਗਏ ਹਾਂ। ॥੪॥੩੨॥੮੩॥

**5 ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ (ਪ੍ਰਿੰ. ਤੇਜਾ ਸਿੰਘ)**

ਹਥਲੇ ਖੋਜ ਕਾਰਜ ਦਾ ਮੁੱਖ ਵਿਸ਼ਾ ਹੀ ਪ੍ਰਿੰ. ਤੇਜਾ ਸਿੰਘ ਦੀ ਗੁਰਮਤਿ ਵਿਆਖਿਆਕਾਰੀ ਨਾਲ ਸੰਬੰਧਤ ਹੈ। ਇਸ ਲਈ ਉਨ੍ਹਾਂ ਦੁਆਰਾ ਕੀਤੀ ਗੁਰਬਾਣੀ ਵਿਆਖਿਆਕਾਰੀ, ਗੁਰਮਤਿ ਵਿਆਖਿਆਕਾਰੀ, ਟੀਕਾਕਾਰੀ ਬਾਰੇ ਸਮੁੱਚੇ ਵਿਚਾਰ ਇਸ ਖੋਜ ਕਾਰਜ ਦੇ ਆਖਰੀ (ਚੌਥੇ) ਅਧਿਆਇ ਵਿਚ ਕੀਤੇ ਜਾਣਗੇ ਇਥੇ ਕੇਵਲ ਟੂਕ ਮਾਤਰ ਹੀ ਵਿਆਖਿਆ ਵਿਸ਼ੇਸ਼ਤਾਂ ਬਾਰੇ ਵਿਚਾਰ ਕੀਤੇ ਜਾਣਗੇ ਅਤੇ ਉਨ੍ਹਾਂ ਦੀ ਵਿਆਖਿਆ ਖਾਸਕਰ 'ਸ਼ਬਦਾਰਥ' ਵਿਚੋਂ ਵਿਆਖਿਆ ਵੰਨਗੀ ਨੂੰ ਹੀ ਪੇਸ਼ ਕੀਤਾ ਜਾਵੇਗਾ।

**ਵਿਆਖਿਆਕਾਰੀ ਕਾਰਜ**

ਪ੍ਰਿੰ. ਤੇਜਾ ਸਿੰਘ ਜੀ ਨੇ ਗੁਰਬਾਣੀ ਵਿਆਖਿਆਕਾਰੀ ਅਤੇ ਗੁਰਮਤਿ ਵਿਆਖਿਆਕਾਰੀ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ। ਆਪ ਜੀ ਵਿਆਖਿਆਕਾਰੀ ਦੀ ਇਹ ਖਾਸੀਅਤ ਹੈ ਕਿ ਆਪ ਜੀ ਨੇ ਗੁਰਬਾਣੀ ਦੇ ਅਰਥ ਕਰਦਿਆਂ ਜਿਥੇ ਵਿਆਕਰਨਕ ਨਿਯਮਾ ਨੂੰ ਵਰਤਿਆ ਹੈ ਉਥੇ ਵਿਆਖਿਆ ਨੂੰ ਪਛਮੀ ਟੋਨ 'ਤੇ ਵੀ ਵੇਖਣ ਦਾ ਜਤਨ ਕੀਤਾ ਹੈ। ਜਪੁਜੀ ਦੇ ਅੰਗ੍ਰੇਜੀ ਵਿਚ ਕੀਤੇ ਟੀਕੇ ਤੋਂ ਪ੍ਰਿੰ. ਸਾਹਿਬ ਨੇ ਟੀਕਾਕਾਰੀ ਦੀ ਸ਼ੁਰੂਆਤ ਕੀਤੀ ਅਤੇ ਆਸਾ ਦੀ ਵਾਰ ਦਾ ਟੀਕਾ, ਸੁਖਮਨੀ ਸਾਹਿਬ ਦਾ ਟੀਕਾ ਅੰਗ੍ਰਜੀ ਵਿਚ ਕਰਕੇ ਫਿਰ ਇਨ੍ਹਾਂ ਨੂੰ ਹੀ ਪੰਜਾਬੀ ਵਿਚ ਪ੍ਰਕਾਸ਼ਿਤ ਕੀਤਾ। 'ਸ਼ਬਦਾਰਥ' ਸ੍ਰੀ ਗੁਰੂ ਗ੍ਰੰਥ ਸਾਹਿਬ ਵਡ ਆਕਾਰ ਦੀ ਰਚਨਾਂ ਨੂੰ ਬੜੀ ਮਿਹਨਤ ਨਾਲ ਸਿਰੇ ਲਾਇਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜੀ ਵਿਚ ਟੀਕਾ ਵੀ ਆਰੰਭ ਕਰ ਦਿਤਾ ਸੀ ਪਰ ਉਹ ਸਿਰਫ ਮਾਝ ਰਾਗ ਤੱਕ ਹੀ ਕਰ ਸਕੇ। ਫਿਰ ਅਕਾਲ ਪੁਰਖ ਦਾ ਬੁਲਾਵਾ ਆਉਣ ਕਰਕੇ ਚੱਲ ਵੱਸੇ। ਅਫਸੋਸ ਇਹ ਟੀਕਾ ਸੰਪੂਰਣ ਨਹੀਂ ਹੋ ਸਕਿਆ। ਬਾਅਦ

ਵਿਚ ਇਸ ਅਧੂਰੇ ਟੀਕੇ ਨੂੰ ਜਿਸ ਦਾ ਨਾਂ (The Holly Grant) ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪਕਾਸ਼ਿਤ ਕੀਤਾ ਗਿਆ। ਇਸ ਵਿਚ ਗੁਰਬਾਣੀ ਦੇ ਅਰਥ ਕਰਦਿਆਂ ਇਕ ਖਾਸ ਕਲਾ ਵਰਤੀ ਗਈ ਹੈ ਜੋ ਆਮ ਵੇਖਣ ਨੂੰ ਨਹੀਂ ਮਿਲਦੀ ਉਹ ਇਹ ਹੈ ਇਸ ਵਿਚ ਲੇਖਕ ਦੁਆਰਾ ਗੁਰਮੁਖੀ ਦੇ ਅਰਥਾਂ ਦਾ ਅਨੁਵਾਦ ਕਰਨ ਦੀ ਥਾਂ, ਗੁਰਬਾਣੀ ਦੇ ਮੂਲ ਪਾਠ ਨੂੰ ਆਪਣੇ ਧੁਰ ਅੰਦਰ ਲਿਜਾ ਕੇ ਉਸ ਵਿਚੋਂ ਅੰਗ੍ਰੇਜੀ ਦਾ ਮੁਹਾਵਰਾ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਗਈ ਹੈ। ਪ੍ਰਿੰ ਤੇਜਾ ਸਿੰਘ ਦੁਆਰਾ ਕੀਤੇ ਵਿਆਖਿਆਕਾਰੀ ਦੇ 'ਸ਼ਬਦਾਰਥ' ਵਿਚੋਂ ਇਥੇ ਵਿਆਖਿਆ ਵੰਨਗੀ ਦਿੱਤੀ ਜਾ ਰਹੀ ਹੈ।

**<u>ਵਿਆਖਿਆ ਵੰਨਗੀ</u>**

**ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੮ ੧ੴ ਸਤਿਗੁਰ ਪ੍ਰਸਾਦਿ ॥**

§ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ [22]ਈਘੈ ¶ਨਿਰਗੁਨ ਊਘੈ ਸਰਗੁਨ ਕੇਲ[23] ਕਰਤ ਬਿਚਿ ਸੁਆਮੀ ਮੇਰਾ ॥੧॥ ਰਹਾਉ ॥ ਨਗਰ[24] ਮਹਿ ਆਪਿ ਬਾਹਰਿ ਫੁਨਿ[25] ਆਪਨ ਪ੍ਰਭ ਮੇਰੇ ਕੋ [26]ਸਗਲ ਬਸੇਰਾ ॥ ਆਪੇ ਹੀ ਰਾਜਨੁ ਆਪੇ ਹੀ ਰਾਇਆ[27] [28]ਕਹ ਕਹ ਠਾਕੁਰੁ ਕਹ ਕਹ ਚੇਰਾ ॥੧॥ ਕਾ ਕਉ ਦੁਰਾਉ[29] ਕਾ ਸਿਉ ਬਲਬੰਚਾ[30] [31]ਜਹ ਜਹ ਪੇਖਉ ਤਹ ਤਹ ਨੇਰਾ ॥ ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ [32]ਅਨ ਹੇਰਾ ॥੨॥੧॥੧੧੭॥

**ਅਰਥ**

22. ਇਕ ਪਾਸੇ ਨਿਰਗੁਣ ਸਰੂਪ ਹੈ ਤੇ ਦੂਜੇ ਪਾਸੇ ਸਰਗੁਣ ਸਰੂਪ ਹੈ। ਦੋਹਾਂ ਹਾਲਾਤਾਂ ਦੇ ਦਰਮਿਆਨ ਮੇਰਾ ਮਾਲਕ ਰਚਨਾਂ ਦੀ ਖੇਡ ਕਰ ਰਿਹਾ ਹੈ; ਭਾਵ ਹਰੀ ਆਪ ਹੀ ਦੋਹਾਂ ਵਿਚ ਹੋ ਕੇ ਰਚਨਾ ਦਾ ਕੰਮ ਚਲਾ ਰਿਹਾ ਹੈ।

23. ਚੋਜ, ਖੇਡ।

24. ਸਰੀਰ-ਨਗਰ।

25. ਫੇਰ, ਭੀ।

26. ਸਾਰੇ ਪਾਸੇ ਵਾਸਾ ਹੈ।

27. ਰਿਆਇਆ, ਰਈਅਤ, ਪਰਜਾ।

28. ਕਿਤੇ-ਕਿਤੇ, ਕਿਸੇ ਥਾਂ। ਕਿਤੇ ਤਾਂ ਉਹ ਮਾਲਕ ਹੋ ਕੇ ਵਰਤਦਾ ਹੈ ਤੇ ਕਿਤੇ ਨੌਕਰ ਹੋ ਕੇ।

29. ਲੁਕਾਓ। ਕਿਸੇ ਤੋਂ ਲੁਕਾਓ?

30. ਵੱਲ ਵੰਚ, ਵੱਲ-ਛਲ, ਠੱਗੀ।

31. ਜਿਥੇ-ਜਿਥੇ ਵੇਖਦਾ ਹਾਂ ਉਥੇ ਹੀ ਨੇੜੇ (ਮੌਜੂਦ) ਹੈ।

32. ਵੱਖਰਾ ਨਹੀਂ ਦਿਸਦਾ।

**ਟਿੱਪਣੀਆਂ**

§ਸਭ ਕੁਝ ਹਰੀ ਦਾ ਹੀ ਹੈ, ਕਿਉਂਕਿ ਉਹ ਰਚਨਹਾਰ ਹੈ ਤੇ ਰਚਨਾ ਦੀ ਸੱਤਾ ਭੀ ਉਹੀ ਹੈ।

¶ ਬਾਣੀ ਵਿਚ ਵਾਹਿਗੁਰੂ ਦੇ ਦੋ ਰੂਪ ਦੱਸੇ ਹਨ। ਇਕ ਉਹ ਜਦ ਉਸ ਨੇ ਕੋਈ ਰਚਨਾ ਨਹੀਂ ਕੀਤੀ ਸੀ ਤੇ ਕੇਵਲ ਆਪ ਹੀ ਆਪ ਸੀ। ਉਸ ਦੇ ਕਰਤਾ ਜਾਂ ਅਜੂਨੀ ਆਦਿਕ ਹੋਣ ਦੇ ਗੁਣ ਉਸ 'ਤੇ ਨਹੀਂ ਘਟ ਸਕਦੇ। ਸਗੋਂ ਉਸ ਬਾਬਤ ਅਸੀਂ ਕੋਈ ਵੀ ਖਿਆਲ ਆਪਣੇ ਮਨ ਵਿਚ ਨਹੀਂ ਬੰਨ੍ਹ ਸਕਦੇ। ਇਹ ਉਸ ਦਾ 'ਨਿਰਗੁਣ' ਰੂਪ ਹੈ। ਫਿਰ ਉਸ ਨੇ ਰਚਨਾ ਕੀਤੀ ਤੇ ਆਪਣੇ ਆਪ ਨੂੰ ਕੁਦਰਤ ਵਿਚ ਦਰਸਾਇਆ। ਜਿਤਨੇ ਗੁਣ ਜਾਂ ਸਿਫ਼ਤਾਂ ਉਸ ਦੀਆਂ ਵਰਨਣ ਕੀਤੀਆਂ ਜਾਂਦੀਆਂ ਹਨ, ਓਹ ਸਭ ਇਸ 'ਸਰਗੁਣ' ਰੂਪ ਬ੍ਰਹਮ ਦੀਆਂ ਹਨ। ਇਹ ਦੋਵੇਂ ਰੂਪ ਇਕੋ ਵਾਹਿਗੁਰੂ ਦੇ ਹਨ।

6) **ਸ੍ਰੀ ਗੁਰਮਤਿ ਭਾਉ ਪ੍ਰਕਾਸ਼ਨੀ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ (ਅਕਾਲੀ ਨਿਹਾਲ ਸਿੰਘ ਸੂਰੀ)**

ਅਕਾਲੀ ਨਿਹਾਲ ਸਿੰਘ ਸੂਰੀ ਪਿੰਡ ਥੂਹਾ ਜਿਲ੍ਹਾ ਰਾਵਲਪਿੰਡੀ ਦੇ ਨਿਵਾਸੀ ਸਨ। ਆਪ ਜੀ ਨੇ ਗੁਰਮਤਿ ਦੇ ਪ੍ਰਚਾਰ ਹਿੱਤ 1930 ਈ. ਵਿਚ ਆਪਣੀ ਪ੍ਰੈਸ ਲਗਾ ਕੇ ਮਨਮਤੀ ਅਤੇ ਕਰਮ ਕਾਡਾਂ ਦਾ ਨਿਵਾਰਨ ਕਰਨ ਲਈ 'ਸ੍ਰੀ ਗੁਰਮਤਿ ਭਾਓ ਪ੍ਰਕਾਸ਼ਨੀ ਟੀਕਾ' ਤਿਆਰ ਕਰਨਾ ਆਰੰਭ ਕਰ ਦਿਤਾ। ਹਾਲਾਂਕਿ 1936 ਈ. ਤੱਕ ਜਿੰਨਾ ਕੰਮ ਤਿਆਰ ਹੋਇਆ ਉਸ ਨੂੰ ਛਾਪ ਦਿਤਾ ਗਿਆ ਬਾਅਦ ਵਿਚ ਇਸ ਦੀ ਛਪਾਈ ਬੰਦ ਹੋ ਗਈ। ਇਸ ਲਈ ਇਹ ਟੀਕਾ ਸੰਪੂਰਨ ਨਹੀਂ ਹੋ ਸਕਿਆ। ਅਕਾਲੀ ਜੀ ਸੰਪ੍ਰਦਾਇ ਵਿਦਵਾਨ ਸਨ ਇਸ ਲਈ ਉਨ੍ਹਾਂ ਦੀ ਵਿਆਖਿਆਕਾਰੀ ਵਿਚੋਂ ਸੰਪ੍ਰਦਾਈ ਅੰਸ਼ ਪਾਏ ਜਾਣਾ ਵੀ ਸੁਭਾਵਿਕ ਹੈ।

ਅਕਾਲੀ ਜੀ ਦੁਆਰਾ ਕੀਤੀ ਵਿਆਖਿਆਕਾਰੀ ਵਿਚੋਂ ਜੋ ਲੱਛਣ ਪ੍ਰਗਟ ਹੁੰਦੇ ਹਨ ਉਹ ਨਿਮਨ ਪ੍ਰਕਾਰ ਹਨ-

**6.1 ਮੂਲ ਮੰਤਰ ਸਰੂਪ**

**6.2 ਉਥਾਨਕਾ**

**6.3 ਸਹਿਜ ਵਿਆਖਿਆ**

**6.4 ਤੁਕਵਾਰ ਵਿਆਖਿਆ**

**6.5 ਬਾਣੀ ਸਿਰਲੇਖਾਂ ਦੀ ਵਿਆਖਿਆ**

**6.6 ਮੰਗਲਾਚਰਨ ਦੀ ਵਿਆਖਿਆ**

**6.7 ਗੁਰਮਤਿ ਸਿਧਾਂਤ/ਸੰਕਲਪਾਂ ਦੀ ਵਿਆਖਿਆ**

**6.8 ਭਾਵਾਤਮਕ ਵਿਆਖਿਆ**

### 6.1 ਮੂਲ ਮੰਤਰ ਸਰੂਪ

ੴ ਸਤਿਨਾਮ ਕਰਤਾਪੁਰਖੁ ਨਿਰਭਉਨਿਰਵੈਰੁ ਅਕਾਲਿਮੂਰਤਿ ਅਜੂਨੀਸੈਭੰ ਗੁਰਪ੍ਰਸਾਦਿ॥

ਅਕਾਲੀ ਨਿਹਾਲ ਸਿੰਘ ਸੂਰੀ ਗੁਰਬਾਣੀ ਦੀ ਵਿਆਖਿਆ ਕਰਦੇ ਹੋਏ ਮੂਲ ਮੰਤਰ ਨੂੰ ਸੱਤ ਭਾਗਾਂ ਵਿਚ ਵੰਡਦੇ ਹੋਏ ਵਿਸਥਾਰ ਪੂਰਵਕ ਵਿਆਖਿਆ ਕਰਦੇ ਹਨ। ਮੂਲ ਮੰਤਰ ਦੇ ਦੋ-ਦੋ ਸ਼ਬਦਾਂ ਦੇ ਜੋੜੇ ਬਣਾਏ ਗਏ ਹਨ। ਇਸ ਮੂਲ ਮੰਤ੍ਰ' ਵਿਚ ਜੋ ਪਦ ਵਰਤੇ ਗਏ ਹਨ, ਉਹ ਸਾਰੇ ਦੇ ਸਾਰੇ ਦੁਤ ਪਦ, ਦੋ ਦੋ ਜੋੜਵੇਂ ਪਦ (Compound Words) ਮਿਸ਼ਰਤ ਪਦ ਹਨ।[33] ਇਸ ਤਰ੍ਹਾਂ ਇਹ ਸੱਤ ਜੋੜੇ ਬਣਾ ਕੇ ਮੂਲ ਮੰਤਰ ਦੀ ਵਿਆਖਿਆ ਕੀਤੀ ਗਈ ਹੈ।

ਮੂਲ ਮੰਤਰ ਦੀ ਵਿਆਖਿਆ ਵਿਚੋਂ ਅਜੂਨੀ ਸੈਭੰ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ

(6) ਅਜੂਨੀਸੈਭੰ.

[33] ਡਾ. ਤਾਰਨ ਸਿੰਘ, ਉਪਰੋਕਤ ਵਰਣਿਤ, ਪੰਨੇ 270-71.

ਅਜੂਨੀ-ਜੂਨ (ਗਰਭ) ਵਿਚ ਨ ਆਵਣ ਵਾਲਾ, ਜਨਮ ਮਰਨ ਬਹੀਨ, ਅਕਾਰਣ। ਸੈਭੰ-ਆਪਣੇ ਆਪ ਤੋਂ ਪ੍ਰਕਾਸ਼ਮਾਨ, ਸੁਤੇ ਪ੍ਰਕਾਸ਼, ਸੁਯੰਭਉ-ਕਾਇਮ ਬਿਲਜਾਤ। ਬਿਨਾਂ 'ਏਕਓਅੰਕਾਰ ਅਕਾਲ ਮੂਰਤਿ' ਦੇ ਹੋਰ ਕੋਈ ਸਰੂਪ (ਵਜੂਦ) ਐਸਾ ਨਹੀਂ ਕਿ ਜਿਸ ਦੇ ਹੋਣ ਦਾ ਕੋਈ ਨਾ ਕੋਈ ਕਾਰਣ ਨ ਹੋਵੇ ਕੇਵਲ ਇਕ ਮਾਤ੍ਰ ਏਕੰਕਾਰ ਹੀ 'ਅਜੂਨੀ' ਅਕਾਰਣ ਹੈ ਜਿਸਦਾ ਕੋਈ ਆਦਿ ਨਹੀਂ। ਜਿਸਦਾ ਆਦਿ ਨਹੀਂ ਉਸਦਾ ਅੰਤ ਵੀ ਨਹੀਂ ਇਸ ਤੇ ਸੰਸਾ ਇਹ ਉਪਜਦਾ ਹੈ ਕਿ ਭਾਈ ਜੇਕਰ ਉਹ ਅਕਾਰਨ ਹੈ ਤਾਂ ਉਹ ਹੈ ਕੈਸੇ? ਇਸ ਸੰਸੇ-ਨਿਵਿਰਤੀ ਲਈ ਸਤਿਗੁਰ ਕੀ ਨੇ 'ਅਜੂਨੀ' ਪਦ ਦੇ ਨਾਲ ਪਦ 'ਸੈਭੰ' ਲਿਖ ਦਿਤਾ ਹੈ, ਕਿ ਭਾਈ ਓਹ ਆਪਣੇ ਆਪ ਤੋਂ ਪ੍ਰਕਾਸ਼ ਮਾਨ, ਚੇਤੰਨ ਸਰੂਪ, ਸੁਯੰ ਪ੍ਰਕਾਸ਼, ਕਾਇਮ ਬਿਲਜਾਤ ਹੈ, ਹੋਰ ਸਮੂਹ ਅਤੇ ਸਭ ਕੁਝ ਉਸ ਤੋਂ ਪ੍ਰਕਾਸ਼ਤ ਹਨ:- ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ॥ ਪਰ ਉਹ ਸਭਨਾਂ ਦਾ ਪ੍ਰਕਾਸ਼ਕ ਆਪ ਕਿਸੀ ਹੋਰ ਕਰਕੇ ਪ੍ਰਕਾਸ਼ ਮਾਨ ਨਹੀਂ, ਆਪਣੇ ਆਪ ਤੋਂ ਹੀ ਚੈਤੰਨ ਹੈ। ਇਨਹਾਂ ਪਦਾਂ 'ਅਕਾਲਮੂਰਤਿ' ਤੇ 'ਅਜੂਨੀਸੈਭੰ' ਦੇ ਮੂਲ ਮੰਤਰ ਵਿਚ ਵਰਨਣ ਦਾ ਸ੍ਰੀ ਸਤਿਗੁਰੂ ਜੀ ਦਾ ਪ੍ਰਯੋਜਨ ਉਹੀ ਹੈ ਜੋ ਪਿਛੇ ਦਸ ਆਏ ਹਾਂ। ਸ੍ਰੀ ਸਤਿਗੁਰੂ ਜੀ ਆਪਣੇ ਸਾਜੇ ਪ੍ਰਚਾਰੇ ਧਰਮ ਨੂੰ ਉਸ ਮੈਲ ਤੋਂ ਪਾਕ, ਸੁਧ, ਰਖ ਰਹੇ ਹਨ ਜੋ ਹੋਰ ਪ੍ਰਚਲਤ ਮਾਤਾ ਨੂੰ ਲਗੀ ਮੌਜੂਦ ਸੀ। ਜਿਸ ਕਰਕੇ ਇਹ ਕਿਸੀ ਮਾਂ ਦੇ ਪੇਟ ਤੋਂ ਜਾਏ ਮਨੁਖ ਨੂੰ ਰਬ, ਪ੍ਰਮੇਸ਼ਰ ਮੰਨੀ ਬੈਠੇ ਹਨ; ਪਰ ਸੁਧ ਖਾਲਿਸਾ ਧਰਮ ਦਾ ਮੁੱਖ ਅਸੂਲ, ਸਿਧਾਂਤ, ਹੈ ਕਿ ਏਕੰਕਾਰ ਪਾਰਬ੍ਰਹਮ ਨੂੰ 'ਅਕਾਲਮੂਰਤਿ' 'ਅਜੂਨੀਸੈਭੰ' ਕਰਕੇ ਮੰਨਿਆ ਜਾਂਦਾ ਹੈ, ਜਿਸ ਦਾ ਗਰਭ ਵਿਚ ਆਵਣਾ ਤਾਂ ਕਿਤੇ ਰਹਿਆ ਉਸਦਾ ਕਿਸੀ ਕਾਰਨ ਹੇਠਾਂ ਆਵਣਾ ਹੀ ਅਸੰਭਵ ਹੈ, ਉਹ ਅਕਾਰਣ ਆਪ ਕਾਰਣਾ ਦਾ ਮਹਾਨ ਕਾਰਣ ਹੈ।[34]

### 6.2 ਉਥਾਨਕਾ

ਅਕਾਲੀ ਨਿਹਾਲ ਸਿੰਘ ਸੂਰੀ ਜਿਸ ਤਰ੍ਹਾਂ ਉਪਰ ਵਰਣਨ ਕੀਤਾ ਗਿਆ ਹੈ ਕਿ ਸੰਪ੍ਰਦਾਇ ਵਿਦਵਾਨ ਸਨ। ਇਸ ਲਈ ਸੰਪ੍ਰਦਾਈ ਪ੍ਰਭਾਵ ਪੈਣਾ ਸੁਭਾਵਕ ਹੈ। ਉਹ ਵਿਆਖਿਆ ਤੋਂ ਪਹਿਲਾਂ ਸ਼ਬਦ ਦੀ ਉਥਾਨਕਾ ਇਤਿਹਾਸਕ ਦ੍ਰਿਸਟੀਕੋਣ ਅਤੇ ਚਲ ਰਹੀ ਪ੍ਰਰੰਪਰਾ (ਸੰਪ੍ਰਦਾ) ਅਨੁਸਾਰ ਵੀ ਦਿੰਦੇ ਹਨ।

---

[34] ਅਕਾਲੀ ਨਿਹਾਲ ਸਿੰਘ, ਸੂਰੀ, ਸ੍ਰੀ ਗੁਰਮਤਿ ਭਾਉ ਪ੍ਰਕਾਸ਼ਨੀ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਪੰਨੇ 20-21

ਉਦਹਾਰਨ:

ੳ- ਦਖਣ ਵਿਚ ਨਰਬਦਾ ਨਦੀ ਦੇ ਕਿਨਾਰੇ ਓਅੰਕਾਰ ਦਾ ਮੰਦਰ ਹੈ। ਉਥੋਂ ਦੇ ਪਾਂਧੇ ਨਾਲ ਗੋਸ਼ਟ ਹੋਈ ਤੇ ਜੋ ਉਪਦੇਸ਼ ਉਸ ਨੂੰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦ੍ਰਿੜਾਇਆ ਉਹ ਇਸ ਬਾਣੀ ਵਿਚ ਪਾਂਧੇ ਦੇ ਪ੍ਰਸ਼ਨਾਂ ਸਮੇਤ ਕਲਮਬੰਦ ਹੈ।[35]

ਅ- ਸੂਚਨਾ- ਸਲੋਕਾਂ ਵਿਚ ਵਰਨਨ ਹੋਇ ਆਸ਼ੇ ਨੂੰ ਪਉੜੀਆਂ ਵਿਚ ਵਿਸਥਾਰ ਪੂਰਬਕ ਵਰਣਨ ਕੀਤਾ ਗਿਆ ਹੈ, ਸਾਖੀ ਜੋ ਇਸ ਬਾਣੀ ਦਾ ਕਾਰਨ ਦਸਣ ਵਾਲੀ ਦਸੀ ਜਾਂਦੀ ਹੈ, ਇਹ ਹੈ ਕੇ ਸ੍ਰੀ ਮਾਤਾ ਗੰਗਾ ਜੀ ਨੂੰ ਜੜਾਊ ਗਹਿਣੇ ਦੀ ਇਛਾ ਹੋਈ ਸੀ ਤਾਂ ਇਹ ਬਾਣੀ ਉਚਾਰ ਕੇ ਮਾਤਾ ਜੀ ਦੇ ਕੰਠ ਕਰਾ ਜੜਾਊ ਗਹਿਣਾ ਬਖ਼ਸ਼ਿਆ, ਜਿਨਹਾਂ ਨੇ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਅਤੇ ਸ੍ਰੀਮਤੀ ਮਾਤਾ ਗੰਗਾ ਜੀ ਦੇ ਜੀਵਨਾਂ ਦਾ ਪੂਰਨ ਵਿਚਾਰ ਕੀਤਾ ਹੈ, ਓਹ ਨਿਸੰਗ ਕਹਿ ਸਕਦੇ ਹਨ ਕਿ ਮਾਤਾ ਜੀ ਜੋ ਸੇਵਾ ਭਗਤੀ ਦੇ ਸਰੂਪ ਹੀ ਸਨ, ਐਸੀ ਇਛਾ ਕਦੇ ਨਹੀਂ ਸੀ ਧਾਰ ਸਕਦੇ, ਹਾਂ ਇਹ ਮੰਨਣ ਯੋਗ ਗਲ ਹੈ, ਮਾਤਾ ਜੀ ਦੀ ਬਿਨੈ ਪਰ ਕਿ ਸੁਖਮਨੀ ਸਾਹਿਬ ਵਾਂਙੂੰ ਕੋਈ ਬਾਣੀ ਇਸੱਤਰੀਆਂ ਦੇ ਕੰਠ ਤੇ ਪਾਰ ਕਰਨ ਹਿੱਤ ਰਚ ਦੇਵੀਏ, ਸਤਿਗੁਰੂ ਜੀ ਨੇ ਇਹ ਬਾਣੀ ਰਚੀ ਹੋਵੇ ਪਰ ਇਹ ਵੀ ਅਸੰਭਵ ਹੈ, ਮਰਦਾਂ ਇਸਤ੍ਰੀਆਂ ਲਈ ਇਕ ਸਮਾਨ ਸਾਰੀ ਬਾਣੀ ਸੁਖਦਾਇਕ, ਲਾਭਦਾਇਕ ਤੇ ਸਫ਼ਲ ਹੈ।[36]

### 6.3 ਸਹਿਜ ਵਿਆਖਿਆ

ਗੁਰਬਾਣੀ ਵਿਆਖਿਆ ਕਰਦੇ ਹੋਏ ਅਕਾਲੀ ਜੀ ਵਿਆਖਿਆਕਾਰੀ ਦੀ ਇਸ ਜੁਗਤ ਨੂੰ ਵੀ ਵਰਤਦੇ ਹਨ। ਮੰਨੈ ਮਾਰਗਿ ਠਾਕ ਨਾ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥ ਪਉੜੀ ਵਿਚ ‘ਪਤਿ ਸਿਉ ਪਰਗਟ ਜਾਇ ਅਤੇ ਮੰਨੈ ਮਗੁ ਨ ਚਲੈ ਪੰਥ॥ ਪੰਕਤੀਆਂ ਦੀ ਵਿਆਖਿਆ ਕਰਦਿਆਂ ਹੋਇਆਂ ਅਰਥ ਕਰਨ ਦੇ ਨਾਲ-ਨਾਲ ਗੁਰਬਾਣੀ ਦੇ ਪ੍ਰਮਾਣ ਵੀ ਨਾਲ ਵਰਤਦੇ ਹਨ-

ਹਰਿ ਕਾ ਭਗਤ ਪ੍ਰਗਟ ਨਹੀ ਛਪੈ॥

---

[35] ਉਪਰੋਕਤ ਵਰਣਿਤ, ਪੋਥੀ ਪੰਜਵੀਂ, ਪੰਨਾ 3878

[36] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 1145

ਬੇਪਰਵਾਹ ਸਦਾ ਰੰਗਿ ਹਰਿ ਕੇ ਜਾਕੋ ਪਾਖ ਸੁਵਾਮੀ।[37]

### 6.4 ਤੁਕਵਾਰ ਵਿਆਖਿਆ

ਅਕਾਲੀ ਜੀ ਗੁਰਬਾਣੀ ਦੀ ਵਿਆਖਿਆ ਕਰਦੇ ਹੋਏ ਸਮੁੱਚੇ ਸ਼ਬਦ ਜਾਂ ਰਹਾਉ ਨੂੰ ਪ੍ਰਮੁੱਖ ਨਹੀਂ ਮੰਨਦੇ ਬਲਕਿ ਤੁਕਵਾਰ ਵਿਆਖਿਆ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਹਿਲੀਆਂ ਤਿੰਨ (3) ਜਪੁਜੀ, ਸੋ ਦਰ ਅਤੇ ਕੀਰਤਨ ਸੋਹਿਲਾ ਬਾਣੀਆਂ ਵਿਚ ਬਾਕੀ ਟੀਕੇ ਦੇ ਮੁਕਾਬਲੇ ਜਿਆਦਾ ਵਿਸਥਾਰ ਕੀਤਾ ਗਿਆ ਹੈ ਬਾਕੀ ਦੀ ਵਿਆਖਿਆਕਾਰੀ ਕਰਦਿਆਂ ਤੁਕਵਾਰ ਅਰਥ ਨੂੰ ਹੀ ਤਰਜੀਹ ਦਿੰਦੇ ਹਨ।

### 6.5 ਬਾਣੀ ਸਿਰਲੇਖਾਂ ਦੀ ਵਿਆਖਿਆ

ਗਿਆਨੀ ਜੀ ਗੁਰਬਾਣੀ ਵਿਆਖਿਆ ਕਰਦੇ ਹੋਏ ਲੰਮੇਰੀਆਂ ਬਾਣੀਆਂ ਦੇ ਸਿਰਲੇਖਾਂ ਦੀ ਵਿਆਖਿਆ ਵਿਸਥਾਰ ਸਹਿਤ ਕਰਦੇ ਹਨ- ਸੁਖਮਨੀ ਬਾਣੀ ਦੇ ਸਿਰਲੇਖ ਦੀ ਵਿਆਖਿਆ ਕਰਦਿਆਂ ਦਸਦੇ ਹਨ-

ਉਦਹਾਰਨ:

ੳ. ਇਹ ਸੁਖਮਨੀ ਸਾਹਿਬ ਦੀ ਬਾਣੀ ਸ੍ਰੀ ਸਤਿਗੁਰੂ ਅਰਜਨ ਦੇਵ ਜੀ (ਪੰਜਵੇਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ) ਦੀ ਸ੍ਰੀ ਮੁਖਵਾਕ ਬਾਣੀ ਹੈ- ਜਦ ਸ੍ਰੀ ਸਤਿਗੁਰੂ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰ ਰਹੇ ਸਨ ਤਾਂ ਆਪ ਜੀ ਨੇ ਸ੍ਰੀ ਰਾਮਸਰ ਗੁਰਦੁਆਰੇ ਦੇ ਹਾਤੇ ਅੰਦਰ ਇਕ ਬੇਰੀ ਦੇ ਵਡੇ ਬ੍ਰਿਛ ਹੇਠਾਂ ਜੋ ਅਜ ਤਕ ਕਾਇਮ ਹੈ ਬੈਠਕੇ ਉਚਾਰਨ ਕੀਤੀ ਅਤੇ ਭਾਈ ਗੁਰਦਾਸ ਜੀ, ਜਿਉਂ ਜਿਉਂ ਸਤਿਗੁਰੂ ਜੀ ਉਚਾਰਦੇ ਗਏ, ਨਾਲ ਨਾਲ ਲਿਖੀ ਗਏ। ਇਹ ਬਾਣੀ ਸੰਪੂਰਣ ਬ੍ਰਹਮ ਬੀਚਾਰ, ਗੁਰੂਮਤਿ ਅਸੂਲਾਂ ਦੀ ਖਾਣ ਹੈ ਜੋ ਬੜੀ ਹੀ ਮਿਠੀ, ਸੁਖੈਨ ਅਤੇ ਦਿਲ ਨੂੰ ਖਿਚ ਲੈਣ ਵਾਲੀ ਬੋਲੀ ਵਿਚ ਸਮੂਹ ਜੀਵਾਂ ਦੇ ਉਧਾਰ ਕਰਨ ਵਾਲੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਰਾਗ ਵਿਚ ਦਰਜ ਹੋਈ, ਇਹ ਸੰਪੂਰਨ ਗੁਰਬਾਣੀ ਦਾ ਸਾਰ ਰੂਪ ਹੈ- ਇਸਦਾ ਨਾਮ ਸ੍ਰੀ ਸਤਿਗੁਰੂ ਜੀ ਨੇ 'ਸੁਖਮਨੀ' ਸੁਖਾਂ ਦੀ ਮਣੀ

[37] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 61

ਰੱਖਿਆ ਅਤੇ 24 ਸਲੋਕਾਂ ਤੇ 24 ਅਸ਼ਟਪਦੀਆਂ ਵਿਚ ਮੁਕਾਇਆ ਹੈ -ਅਗੇ ਰਹਾਉ ਦੀ ਤੁਕ ਵਿਚ ਇਸ ਪਦ 'ਸੁਖਮਨੀ' ਦਾ ਅਰਥ ਸਤਿਗੁਰੂ ਜੀ ਨੇ ਆਪ ਇਉਂ ਦਰਜ ਫੁਰਮਾਇਆ ਹੈ-('ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ॥ ਭਗਤ ਜਨਾ ਕੈ ਮਨ ਬਿਸ੍ਰਾਮੁ') ਕਿ ਇਹ ਬਾਣੀ ਸੁਖ ਰੂਪ ਸਮਰਥ ਸਵਾਮੀ ਅਕਾਲਪੁਰਖੁ ਜੀ ਦੇ ਅਮਰ ਕਰਨ ਵਾਲੇ ਅੰਮ੍ਰਿਤ ਸਮਾਨ ਨਾਮ ਦੀ ਮਹਿਮਾ ਉਸਤਤਿ, ਗਿਆਨ ਅਤੇ ਪ੍ਰੇਮਾ ਭਗਤੀ ਦਾ ਵਖਯਾਨ ਹੈ, ਜਿਸ ਅੰਮ੍ਰਿਤ ਨਾਮ ਦਾ ਭਗਤਜਨਾਂ, ਅਕਾਲ ਦੇ ਨਿਵਾਜੇ ਸਤਿਗੁਰਾਂ, ਦੇ ਮਨ ਵਿਚ ਨਿਵਾਸ ਹੈ; ਇਸ ਨੂੰ ਅਗੇ ਹੋਰ ਥਾਂ 'ਸੁਖਮਨੀ ਸਹਜਿ ਗੋਬਿੰਦ ਗੁਨ ਨਾਮ' ਕਰਕੇ ਵੀ ਦਸਿਆ ਹੈ।[38]

ਅ. ਰਾਮਕਲੀ ਸਦੁ ਬਾਣੀ ਬਾਰੇ ਦਸਦੇ ਹਨ- (ਸੂਚਨਾ- ਸਦ ਇਕ ਉੱਚੀ ਲੰਮੀ ਆਵਾਜ਼ ਨਾਲ ਗਾਏ ਜਾਣ ਵਾਲੇ ਗੀਤ ਦਾ ਨਾਮ ਹੈ, ਜੋ ਬੁਲਾਵੇ ਦੇ ਤੌਰ ਤੇ ਹੁੰਦਾ ਹੈ। ਸੱਦਾ ਜੋ ਮਨੁੱਖ ਦੇ ਪਰਲੋਕ ਗਮਨ ਲਈ ਆਉਂਦਾ ਹੈ, ਉਸ ਨੂੰ ਵੀ ਸੱਦ, ਸੱਦੜਾ ਆਦਿ ਕਰ ਕੇ ਆਖਦੇ ਹਨ। ਦੇਖੋ ਗਉੜੀ ਰਾਗ ਦੇ ਪਹਿਲੀ ਪਾਤਸ਼ਾਹੀ ਦੇ ਕੀਰਤਨ ਸੋਹਿਲਾ ਵਾਲੇ ਸ਼ਬਦ ਦੀਆਂ ਅਖ਼ੀਰਲੀਆਂ ਦੋ ਤੁਕਾਂ 'ਸਦੜੇ ਨਿਤ ਪਵੰਨਿ'। ਇਸ ਵਿਚ ਸ੍ਰੀ ਸਤਿਗੁਰੂ ਅਮਰ ਦਾਸ ਜੀ ਦਾ ਅੰਤਿਮ ਉਪਦੇਸ਼ ਜੋ ਉਹਨਾਂ ਨੇ ਮਿਰਤਕ ਸੰਸਕਾਰ ਸੰਬੰਧੀ ਕੀਤਾ ਉਨਹਾਂ ਦੇ ਪੜਪੋਤੇ ਬਾਬਾ ਸੁੰਦਰ ਦਾਸ ਜੀ ਨੇ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਜਦ ਉਹ ਗੋਇੰਦਵਾਲ ਬਾਣੀ ਦੀਆਂ ਪੋਥੀਆਂ ਲੈਣ ਲਈ ਗਏ ਸਨ ਉਚਾਰਨ ਕੀਤਾ ਸੁਣਾਇਆ ਤੇ ਜਿਸ ਨੂੰ ਆਪ ਨੇ ਇਸੇ ਜਗ੍ਹਾ ਰਾਮਕਲੀ ਰਾਗ ਵਿਚ ਦਰਜ ਕਰਾ ਦਿਤਾ)[39]

### 6.6 ਮੰਗਲਾਚਰਨ ਦੀ ਵਿਆਖਿਆ

ਰਾਗ ਆਰੰਭ ਹੋਣ ਵੇਲੇ ਆਏ ਮੂਲਮੰਤਰ ਦੇ ਵੱਖ-ਵੱਖ ਸਰੂਪਾਂ ਦੀ ਵਿਆਖਿਆ ਕਰਦੇ ਹਨ ਤਾਂ ਕਿ ਪਰਮਸੱਤਾ ਦੇ ਸਰੂਪ ਬਾਰੇ ਕੋਈ ਮਤਭੇਦ ਨਾ ਹੋਵੇ।

ਉਦਹਾਰਨ ਵਜੋਂ:

---

[38] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 1197

[39] ਉਪਰੋਕਤ ਵਰਣਿਤ, ਪੋਥੀ ਪੰਜਵੀ, 3852

ਇਹ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਰਾਹੀਂ ਅਕਾਲ ਦੇ ਨਿਜ ਪ੍ਰਗਟਾਏ, ਪਰਮਪਵਿਤ੍ਰ, ਖ਼ਾਲਸਾ ਧਰਮ, ਦਾ ਮੂਲ ਮੰਤ੍ਰ ਹੈ, ਜਿਸ ਵਿਚ ਸਿਖ ਧਰਮ ਦੇ ਪੂਜ, ਅਕਾਲ ਪੁਰਖ ਜੀ, ਦੇ ਸਰੂਪ ਦਾ ਵਰਨਨ ਹੈ, ਇਹ ਇਸ ਥਾਂ ਅਤੇ ਹੋਰ ਰਾਗਾਂ ਅਤੇ ਵਖਰੀਆਂ ਬਾਣੀਆਂ ਦੇ ਆਰੰਭ ਵਿਚ ਇਸ ਵਾਸਤੇ ਦਰਜ ਕੀਤਾ ਗਿਆ ਹੈ ਤਾ ਕਿ ਸਦਾ ਲਈ ਪ੍ਰਗਟ ਰਹੇ ਕਿ ਇਸ ਅਤੇ ਹੋਰ ਰਾਗਾਂ ਅਤੇ ਬਾਣੀਆਂ ਵਿਚ ਸ੍ਰੀ ਕਰਤਾਪੁਰਖ, ਏਕੰ ਓਅੰਕਾਰ, ਨੂੰ ਚਾਹੇ ਕਿਸੀ ਵੀ ਕ੍ਰਿਤਮ ਨਾਮ ਨਾਲ ਸੰਬੋਧਨ ਕੀਤਾ ਗਇਆ ਹੋਵੇ, ਉਸ ਨਾਮ ਤੋਂ ਮੁਰਾਦ ਉਸੀ ਕਰਤਾਪੁਰਖ ਜੀ ਤੋਂ ਹੈ, ਕਿ ਜਿਸ ਦਾ ਸਰੂਪ ਇਸ ਮੂਲ ਮੰਤਰ ਵਿਚ ਵਰਨਨ ਹੈ।[40]

**6.7 ਗੁਰਮਤਿ ਸਿਧਾਂਤ/ਸੰਕਲਪਾਂ ਦੀ ਵਿਆਖਿਆ**

ਅਕਾਲੀ ਜੀ ਗੁਰਬਾਣੀ ਦੀ ਵਿਆਖਿਆ ਕਰਦੇ ਹੋਏ ਚਲਦੇ ਪ੍ਰਕਰਣ ਵਿਚ ਜਿਥੇ ਗੁਰਮਤਿ ਦੇ ਸੰਕਲਪ ਜਿਵੇਂ- ਨਾਮੁ, ਹੁਕਮੁ, ਕਰਮ, ਅੰਮ੍ਰਿਤ ਵੇਲਾ, ਨਿਰਗੁਣ-ਸਰਗੁਣ, ਭਵਜਲੁ ਆਦਿ ਆ ਜਾਣ ਉਨ੍ਹਾਂ ਸਿਧਾਂਤਾਂ/ਸੰਕਲਪਾਂ ਦੀ ਵਿਆਖਿਆ ਗੁਰਮਤਿ ਦੀ ਰੌਸ਼ਨੀ ਵਿਚ ਕਰਦੇ ਹਨ।

ਜਪੁਜੀ ਦੀ ਪਹਿਲੀ ਪਉੜੀ ਵਿਚ ਆਏ ਗੁਰਮਤਿ ਸਿਧਾਂਤਾਂ ਬਾਰੇ ਵਿਚਾਰ ਕਰਦਿਆਂ ਲਿਖਦੇ ਹਨ 'ਇਸ ਪਉੜੀ ਵਿਚ ਦ੍ਰਿੜਾਇਆ ਹੈ ਕਿ ਅਕਾਲ ਦੇ ਹੁਕਮ ਅੰਦਰ ਚਲਣ ਕਰਕੇ ਜੀਵ ਸਚਾ ਤੇ ਸੁਚਾ ਬਣਦਾ ਹੈ ਤਾਂ ਅਕਾਲ ਪ੍ਰਾਪਤੀ ਦੇ, ਜਿਸਦਾ ਸਾਧਨ ਅਗੇ ਵਰਣਨ ਹੋਇਆ ਹੈ, ਯੋਗ ਹੋ ਸਕਦਾ ਹੈ'[41]

**6.8 ਭਾਵਾਤਮਕ ਵਿਆਖਿਆ**

ਅਕਾਲੀ ਜੀ ਗੁਰਬਾਣੀ ਵਿਆਖਿਆ ਕਰਦੇ ਹੋਏ ਸ਼ਬਦਾਵਲੀ ਬੜੀ ਹੀ ਭਾਵਪੂਰਕ ਤਰੀਕੇ ਨਾਲ ਵਰਣਨ ਕਰਦੇ ਹਨ ਜਿਸ ਤੋਂ ਉਨ੍ਹਾਂ ਦਾ ਗੁਰਬਾਣੀ ਪ੍ਰਤੀ ਪ੍ਰੇਮ ਸੁਭਾਵਕ ਹੀ ਦੇਖਿਆ ਜਾ ਸਕਦਾ ਹੈ।

---

[40] ਉਪਰੋਕਤ ਵਰਣਿਤ, ਪੋਥੀ ਚੌਥੀ, ਪੰਨੇ 721-22

[41] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 37

## <u>ਵਿਆਖਿਆ ਵੰਨਗੀ</u>

### ਸੂਚਨਾ

ਜਿਸ ਤਰ੍ਹਾਂ ਗੁਰੂ ਸਿਖਿਆ ਦੇ ਸੁਣਨ ਅਤੇ ਮੰਨਣ ਦੁਆਰਾ, ਅਨਮਤੀਆਂ, ਸਵਾਰਥੀਆਂ ਅਤੇ ਭੇਖ ਧਾਰੀਆਂ ਦੇ ਪਾਏ ਭਰਮਾਂ ਵਹਿਮਾਂ ਦਾ ਨਾਸ਼ ਹੋ, ਗੁਰੂ ਸਿਖ ਨਾਮ ਦੀ ਸੰਜਮ, ਇਕ ਅਕਾਲ ਦੀ ਪ੍ਰੇਮਾ ਭਗਤੀ ਵਿਚ ਦ੍ਰਿੜ ਹੋਂਦਾ ਹੈ, ਤੇ ਉਸ ਤੇ ਜੋ ਫਲ ਉਸ ਨੂੰ ਪ੍ਰਾਪਤ ਹੋਂਦੇ ਹਨ, ਅਗੇ ਦਿੱਤੀਆਂ 'ਸੁਣਿਐ' ਅਤੇ 'ਮੰਨੇ' ਦੀਆਂ ਚਾਰ ਚਾਰ ਪਉੜੀਆਂ ਵਿਚ ਸਤਿਗੁਰੂ ਜੀ ਨੇ ਸਾ-ਵਿਸਥਾਰ ਦਸੇ ਹਨ। ਪਹਿਲੇ ਗੁਰੂ ਸਿਖਿਆ ਸਰਵਣ ਕਰਨ ਦੁਆਰਾ ਮਾਇਕ ਦੁਨੀਆਂ ਸੰਬੰਧੀ ਪਾਏ ਭਰਮ ਦੂਰ ਹੋਂਦੇ ਦਸੇ ਹਨ ਅਤੇ ਉਨ੍ਹਾਂ ਸਬੰਧੀ ਯਥਾਰਥ ਗਿਆਤ ਪ੍ਰਾਪਤ ਹੋਂਦੀ ਦਸੀ ਹੈ, ਜਿਸ ਤੇ ਜੋ ਵਡੇ ਵਡੇਰੇ ਅਖਾਣ ਵਾਲੇ ਹਨ, ਉਨ੍ਹਾਂ ਦੀ ਅਸਲੀ ਵਿਵਸਥਾ ਪ੍ਰਤੱਖ ਹੋ ਜਾਂਦੀ ਹੈ।

ਫੇਰ ਕੁਦਰਤ ਨੂੰ ਚਲਾਉਣ ਵਾਲਾ ਇਕੋ ਇਕ ਅਕਾਲੀ ਤਾਕਤ ਦੀ ਥਾਂ ਅਨਮਤੀਆਂ ਦੀਆਂ ਦਸੀਆਂ ਅਨੇਕਾਂ ਹਸਤੀਆਂ ਦੇ ਵਹਿਮ ਦੂਰ ਹੋਂਦੇ ਅਤੇ ਸਿਖ ਨੂੰ ਪੂਰਨ ਬਿਬੇਕ, ਭਲੇ ਬੁਰੇ, ਸਤਿ ਅਸਤਿ ਦੀ ਗਿਆਤ ਪ੍ਰਾਪਤ ਹੋਂਦੀ ਦਸੀ ਹੈ, ਜਦ ਕਿ ਗੁਰਸਿਖ ਗੁਰ ਦੀਖਿਆ ਦੇ ਸ੍ਰਵਣ ਮੰਨਣ ਦੁਆਰਾ 'ਧਰਮ' ਨੂੰ ਪਛਾਣਦਾ ਹੋਇਆ ਏਕੰਕਾਰ ਦੀ ਪ੍ਰੇਮਾ ਭਗਤੀ ਵਿਚ ਦ੍ਰਿੜ ਹੋਂਦਾ ਤੇ ਪੰਚ ਦੀ ਪਦਵੀ ਨੂੰ ਪ੍ਰਾਪਤ ਕਰਦਾ ਹੈ।

**(1) ਸੁਣਿਐ ਸਿਧ ਪੀਰ ਸੁਰਿ ਨਾਥ ॥**

**(2) ਸੁਣਿਐ ਧਰਤਿ ਧਵੱਲ ਆਕਾਸ ॥**

**(3) ਸੁਣਿਐ ਦੀਪ ਲੋਅ ਪਾਤਾਲ ॥**

**(4) ਸੁਣਿਐ ਪੋਹਿ ਨ ਸਕੈ ਕਾਲੁ ॥**

**(5) ਨਾਨਕ ਭਗਤਾ ਸਦਾ ਵਿਗਾਸੁ ॥**

**(6) ਸੁਣਿਐ ਦੂਖ ਪਾਪ ਕਾ ਨਾਸੁ ॥੮॥**

(1) ਗੁਰ ਸ਼ਬਦ (ਉਪਦੇਸ਼) ਦੇ ਸੁਣਨੇ ਦੁਆਰਾ, ਸਿਧਾ, ਪੀਰਾਂ ਅਰ ਨਾਥਾਂ (ਜੋਗੀਸਰਾਂ) ਸੰਬੰਧੀ ਗਿਆਤ ਹੋਂਦੀ ਹੈ ਕਿ ਓਹ ਕਿਸ ਪਦਵੀ ਤਕ ਪੁਜੇ ਹਨ ਤੇ ਮਨੁਖਾਂ ਦਾ ਕੀ ਸਵਾਰ ਵਿਗਾੜ ਸਕਦੇ ਹਨ। (2) ਗੁਰ ਉਪਦੇਸ਼ ਸੁਣਨ ਤੇ ਧਰਤੀ (ਜਿੰਮੀਂ) ਦੇ ਹੇਠਾਂ ਚੁਕੀ ਖੜੋਤੇ ਦਸੇ ਗਏ ਬਲਦ ਅਤੇ ਆਕਾਸ਼ ਮੰਡਲ ਸੰਬੰਧੀ ਗਿਆਤ ਪ੍ਰਾਪਤ ਹੋਂਦੀ ਹੈ, (ਦੇਖੋ ਅਗੇ ਸੋਲਵੀਂ ਪਉੜੀ) (3) ਗੁਰ ਸਿਖਿਆ ਸੁਨਣ ਦੁਆਰਾ ਦੀਪਾਂ ਲੋਕਾਂ ਅਤੇ ਪਤਾਲਾਂ ਸਬੰਧੀ ਗਿਆਤ ਪ੍ਰਾਪਤ ਹੋਂਦੀ ਹੈ। (4) ਗੁਰ ਸ਼ਬਦ ਸੁਣਨ ਤੇ ਮੌਤ ਅਸਰ ਨਹੀਂ ਕਰ ਸਕਦੀ। (5) 'ਨਾਨਕਭਗਤਾ' ਭਾਵ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਸਿਖ ਸਦਾ ਖਿੜੇ, ਅਨੰਦ ਰਹਿੰਦੇ ਹਨ ਕਿਉਂ ਜੋ (6) ਗੁਰ ਸ਼ਬਦ ਸੁਣਨ ਕਰਕੇ ਉਨਹਾ ਦੇ ਜਨਮ ਮਰਨ ਆਦਿ ਦੁਖਾਂ ਅਤੇ ਜਨਮ ਜਨਮਾਂਤਰਾਂ ਦੇ ਪਾਪਾਂ ਦਾ ਨਾਸ ਹੋਇਆ ਹੋ ਗਿਆ ਹੋਂਦਾ ਹੈ।

**7) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪ੍ਰੋ. ਸਾਹਿਬ ਸਿੰਘ)**

ਪ੍ਰੋ. ਸਾਹਿਬ ਸਿੰਘ ਦਾ ਜਨਮ ਸਰਦਾਰ ਹੀਰਾ ਚੰਦ ਤੇ ਮਾਤਾ ਨਿਹਾਲ ਦੇਵੀ ਦੇ ਘਰ ਪਿੰਡ ਥਰਪਾਲ ਤਹਿਸੀਲ ਪਸਰੂਰ ਜ਼ਿਲ੍ਹਾ ਸਿਆਲਕੋਟ ਪਾਕਿਸਤਾਨ ਵਿਖੇ 1893 ਈ. ਨੂੰ ਹੋਇਆ। ਆਪ ਜੀ ਨੇ ਮੁਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਬਾਅਦ ਵਿਚ ਲਾਹੌਰ ਦੇ ਗੌਰਮਿੰਟ ਕਾਲਜ ਵਿਖੇ ਦਾਖਲਾ ਲਿਆ, ਇਥੋਂ ਸੰਸਕ੍ਰਿਤ ਅਤੇ ਫਿਲਾਸਫ਼ੀ ਦੀ ਪੜ੍ਹਾਈ ਕੀਤੀ। ਵਿਦਿਆ ਤੋਂ ਉਪਰੰਤ ਗੁਰੂ ਨਾਨਕ ਖ਼ਾਲਸਾ ਕਾਲਜ ਗੁੱਜਰਾਂਵਾਲਾ ਵਿਚ ਸੰਸਕ੍ਰਿਤ ਅਤੇ ਗੁਰਬਾਣੀ ਦੇ ਅਧਿਆਪਕ ਲੱਗੇ। ਆਪ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਵੀ ਰਹੇ। ਉਪਰੰਤ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵੀਹ (20) ਸਾਲ ਧਰਮ ਅਧਿਐਨ ਅਤੇ ਅਧਿਆਪਨ ਦਾ ਕਾਰਜ ਵੀ ਕੀਤਾ। ਇਸ ਸੇਵਾ ਤੋਂ ਸੇਵਾਮੁਕਤ ਹੋ ਕੇ ਆਪ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਵੀ ਰਹੇ। ਇਸ ਤੋਂ ਉਪਰੰਤ ਆਪ ਜੀ ਗੁਰਮਤਿ ਕਾਲਜ ਪਟਿਆਲਾ ਵਿਖੇ ਵੀ ਧਰਮ ਅਧਿਐਨ ਅਧਿਆਪਨ ਦੀਆਂ ਸੇਵਾਵਾਂ ਨਿਭਾਉਂਦੇ ਰਹੇ। ਗੁਰੂ ਨਾਨਕ ਕਾਲਜ ਗੁੱਜਰਾਂਵਾਲਾ ਵਿਖੇ ਆਪ ਜੀ ਨੂੰ ਭਾਈ ਜੋਧ ਸਿੰਘ ਜੀ ਦੀ ਸੰਗਤ ਪ੍ਰਾਪਤ ਹੋਈ। ਇਨ੍ਹਾਂ ਤੋਂ ਹੀ ਆਪ ਨੂੰ ਗੁਰਬਾਣੀ ਦੀ ਸੋਝੀ ਹੋਈ। ਇਥੇ ਰਹਿੰਦਿਆਂ ਗੁਰਬਾਣੀ ਬਾਰੇ ਵਿਚਾਰ ਚਰਚਾ ਕਰਦਿਆਂ ਹੀ ਆਪ ਨੂੰ ਗੁਰਬਾਣੀ ਦੀ ਵਿਆਕਰਣ ਨਿਸ਼ਚਿਤ ਕਰਨ ਦਾ ਖ਼ਿਆਲ ਆਇਆ ਸੀ। ਉਸ ਤੋਂ ਬਾਅਦ ਆਪ ਨੇ ਸਾਰਾ ਜੀਵਨ

ਗੁਰਬਾਣੀ ਦੀ ਵਿਆਕਰਨ ਨਿਸ਼ਚਿਤ ਕਰਨ ਅਤੇ ਫਿਰ ਉਸ ਦੇ ਆਧਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆਕਾਰੀ ਅਤੇ ਵਿਆਖਿਆ ਕਰਨ ਦਾ ਜਤਨ ਕਰਦੇ ਰਹੇ ਸਨ।[42]

ਪ੍ਰੋ. ਸਾਹਿਬ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦਰਪਣ ਦਸ ਭਾਗਾਂ 1925 ਤੋਂ 1961 ਈ. ਵਿਚ ਵਿਆਕਰਨਕ ਨਿਯਮਾਂ ਅਨੁਸਾਰ ਤਿਆਰ ਕੀਤਾ। ਵਿਆਕਰਨਕ ਨਿਯਮਾਂ ਬਾਰੇ ਪ੍ਰੋ. ਸਾਹਿਬ ਸਿੰਘ ਆਪ ਲਿਖਦੇ ਹਨ ਕਿ ਸੰਨ 1920 ਈ. ਤੋਂ ਮੈਨੂੰ ਇਹ ਯਕੀਨ ਬਣ ਗਿਆ ਕਿ ਕੁਦਰਤਿ ਦੇ ਸਾਧਾਰਨ ਨਿਯਮਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਬੋਲੀ ਭੀ ਉਵੇਂ ਹੀ ਕਿਸੇ ਖਾਸ ਵਿਆਕਰਣ ਦੀਆਂ ਲੀਹਾਂ ਤੇ ਹੈ, ਜਿਵੇਂ ਹਰੇਕ ਸਮੇਂ ਦੀ ਬੋਲੀ ਖਾਸ ਵਿਆਕਰਨ ਦੇ ਅਨੁਸਾਰ ਹੁੰਦੀ ਹੈ। ਸੋ ਇਹ ਸਾਰਾ ਟੀਕਾ ਲਿਖਦਿਆਂ ਮੈਂ ਪੁਰਾਣੀ ਪੰਜਾਬੀ ਦੇ ਉਸ ਵਿਆਕਰਨ ਨੂੰ ਅੱਖਾਂ ਸਾਹਮਣੇ ਰੱਖਿਆ ਹੈ। ਪਾਠਕਾਂ ਦੀ ਸਹੂਲਤ ਵਾਸਤੇ ਮੈਂ ਟੀਕੇ ਵਿਚ ਪੁਰਾਣੀ ਪੰਜਾਬੀ ਦੇ ਵਿਆਕਰਣ ਦੀ ਹਰੇਕ ਗੁੰਝਲ ਤੇ ਔਖਿਆਈ ਨੂੰ ਹੱਲ ਕਰਨ ਦਾ ਜਤਨ ਕੀਤਾ ਹੈ।[43]

ਪ੍ਰੋ. ਸਾਹਿਬ ਸਿੰਘ ਕਿਉਂਕਿ ਸਿੰਘ ਸਭਾ ਲਹਿਰ ਨਾਲ ਸੰਬੰਧਤ ਵਿਆਖਿਆਕਾਰ ਸਨ। ਇਸ ਲਈ ਉਨ੍ਹਾਂ ਦੀ ਵਿਆਖਿਆਕਾਰੀ ਵਿਚ ਕੁਝ ਨਵੀਨ ਪਖ ਵੀ ਵੇਖਣ ਨੂੰ ਮਿਲਦੇ ਹਨ। ਆਪ ਜੀ ਦੁਆਰਾ ਕੀਤੀ ਵਿਆਖਿਆਕਾਰੀ ਦਾ ਪ੍ਰਮੁੱਖ ਲੱਛਣ ਵਿਆਕਰਨ ਆਧਾਰਿਤ ਹੈ ਇਸ ਤੋਂ ਇਲਾਵਾ ਜੋ ਹੋਰ ਵੀ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ ਉਹ ਨਿਮਨ ਪ੍ਰਕਾਰ ਹਨ:-

**7.1 ਉਥਾਨਕਾ**

**7.2 ਰਹਾਉ ਪ੍ਰਬੰਧ**

**7.3 ਸਹਿਜ ਵਿਆਖਿਆ**

**7.4 ਵਿਆਕਰਨ**

**7.5 ਵਿਸ਼ਰਾਮ**

---

[42] ਡਾ. ਰਵਿੰਦਰ ਸਿੰਘ ਸੰਧੂ, ਆਧੁਨਿਕ ਕਾਲ ਵਿਚ ਗੁਰਬਾਣੀ ਵਿਆਖਿਆ, ਪੰਨਾ 63

[43] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਪਹਿਲੀ, ਪੰਨੇ 4-5

## 7.6 ਅੰਨਯ ਮੱਤ ਅਤੇ ਗੁਰਮਤਿ

### 7.1 ਉਥਾਨਕਾ

ਪ੍ਰੋ. ਸਾਹਿਬ ਸਿੰਘ ਸੰਪ੍ਰਦਾਈ ਵਿਆਖਿਆਕਾਰਾਂ ਵਾਂਗ ਹਰ ਸ਼ਬਦ ਨਾਲ ਉਥਾਨਕਾ ਨਹੀਂ ਦਿੰਦੇ ਬਲਕਿ ਇਤਿਹਾਸਕ ਦ੍ਰਿਸ਼ਟੀਕੋਣ ਨਾਲ ਸੰਬੰਧਤ ਸ਼ਬਦਾਂ ਦੀ ਉਥਾਨਕਾ ਹੀ ਦਿੰਦੇ ਹਨ ਨਹੀਂ ਤਾਂ ਉਹ ਇਸ ਪਖੋਂ ਗੁਰੇਜ਼ ਹੀ ਕਰਦੇ ਹਨ। ਇਸ ਤੋਂ ਇਲਾਵਾ ਕੁਝ ਐਸੀਆਂ ਉਥਾਨਕਾਵਾਂ ਜੋ ਗੁਰਮਤਿ ਦੇ ਦ੍ਰਿਸ਼ਟੀਕੋਣ ਤੋਂ ਠੀਕ ਨਹੀਂ, ਦਾ ਉਹ ਖੰਡਨ ਵੀ ਕਰਦੇ ਹਨ।

### 7.2 ਰਹਾਉ ਪ੍ਰਬੰਧ

ਪ੍ਰੋ. ਸਾਹਿਬ ਸਿੰਘ ਸੰਬੰਧਤ ਸ਼ਬਦ ਵਿਚਲੇ ਰਹਾਉ ਵਾਲੇ ਬੰਦ ਨੂੰ ਸ਼ਬਦ ਦਾ ਕੇਂਦਰੀ ਭਾਵ ਮੰਨਦੇ ਹੋਏ ਵਿਆਖਿਆ ਕਰਦੇ ਹਨ। ਉਨ੍ਹਾਂ ਦਾ ਮੱਤ ਹੈ ਕਿ ਰਹਾਉ ਵਾਲੀ ਪੰਕਤੀ ਹੀ ਸਾਰੇ ਸ਼ਬਦ ਦਾ ਅਸਲ ਅਰਥ ਹੁੰਦਾ ਹੈ। ਬਾਕੀ ਪੰਕਤੀਆਂ ਉਸਦੇ ਆਲੇ ਦੁਆਲੇ ਹੀ ਘੁੰਮ ਰਹੀਆਂ ਹੁੰਦੀਆਂ ਹਨ ਭਾਵ ਰਹਾਉ ਵਾਲੀ ਪੰਕਤੀ ਦਾ ਜੋ ਅਰਥ/ਭਾਵਅਰਥ ਨਿਕਲਦਾ ਹੈ ਉਹ ਅਰਥ ਹੀ ਸ਼ਬਦ ਵਿਚਲੀਆਂ ਦੂਜੀਆਂ ਪੰਕਤੀਆਂ ਦਾ ਹੀ ਨਿਕਲੇਗਾ।

ਉਦਹਾਰਨ:

"ਕਿਆ ਭਵੀਐ ਸਚਿ ਸੂਚਾ ਹੋਇ।। ਸਾਚ ਸਬਦੁ ਬਿਨੁ ਮੁਕਤਿ ਨ ਹੋਇ।। ਰਹਾਉ।।" ਅਤੇ ਸੁਖਮਨੀ ਸਾਹਿਬ ਦੇ "ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।। ਭਗਤ ਜਨਾ ਕੈ ਮਨਿ ਬਿਸ੍ਰਾਮ।। ਰਹਾਉ।।" ਅਤੇ ਓਂਕਾਰ ਬਾਣੀ ਦੇ "ਸੁਣਿ ਪਾਡੇ ਕਿਆ ਲਿਖਹੁ ਜੰਜਾਲਾ।। ਲਿਖ ਰਾਮ ਨਾਮ ਗੁਰਮੁਖਿ ਗੋਪਾਲਾ।। ਰਹਾਉ।। ਇਹ ਤਿੰਨੋਂ ਪੰਕਤੀਆਂ ਅਲੱਗ ਅਲੱਗ ਲੰਮੀਆਂ ਬਾਣੀਆਂ ਵਿਚੋਂ ਲਈਆਂ ਗਈਆਂ ਹਨ। ਇਥੇ ਸਮੁੱਚੀ ਬਾਣੀ ਦਾ ਭਾਵ ਇਨ੍ਹਾਂ ਰਹਾਉ ਵਾਲੀਆਂ ਪੰਕਤੀਆਂ ਨੂੰ ਹੀ ਮੰਨਿਆ ਗਿਆ ਹੈ।

ਸੁਖਮਨੀ ਦੀਆਂ 24 ਅਸ਼ਟਪਦੀਆਂ ਹਨ, ਪਰ ਸਾਰੀ ਲੰਮੀ ਬਾਣੀ ਦਾ 'ਮੁੱਖ-ਭਾਵ' ਕੇਵਲ ਰਹਾਉ ਵਾਲੀਆਂ ਦੋ ਤੁਕਾਂ ਵਿਚ ਹੈ ਜਿਨ੍ਹਾਂ ਦੇ ਅੰਤ ਵਿਚ ਲਫ਼ਜ਼ 'ਰਹਾਉ' ਦਰਜ਼ ਹੈ। ਇਸੇ ਤਰ੍ਹਾਂ ਉਅੰਕਾਰ ਇਕ ਲੰਮੀ ਬਾਣੀ ਹੈ ਇਸ ਦਾ ਮੁੱਖ ਭਾਵ ਰਹਾਉ ਦੀਆਂ ਤੁਕਾਂ ਵਿਚ ਹੈ।[44]

### 7.3 ਸਹਿਜ ਵਿਆਖਿਆ

ਪ੍ਰੋ. ਸਾਹਿਬ ਸਿੰਘ ਸ਼ਬਦ ਵਿਚਲੇ ਰਹੱਸ ਨੂੰ ਸਮਝਣ ਹਿੱਤ ਗੁਰਬਾਣੀ ਵਿਚੋਂ ਹੀ ਉਦਾਹਰਨਾਂ ਲੈ ਕਰਕੇ ਸਪਸ਼ਟ ਕਰਨ ਦਾ ਜਤਨ ਕਰਦੇ ਹਨ।[45] ਜਿਵੇਂ 'ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ।। ਜੇਤੀ ਸਿਰਠਿ ਉਪਾਈ ਵੇਖਾ ਵਿਣ ਕਰਮਾ ਕਿ ਮਿਲੈ ਲਈ।।' ਦੀ ਵਿਆਖਿਆ ਕਰਦੇ ਹੋਏ ਗੁਰਬਾਣੀ ਦੀਆਂ ਹੀ 'ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ।।' ਵਾਲੀਆਂ ਪੰਕਤੀਆਂ ਦੀ ਉਦਹਾਰਨ ਲੈਂਦੇ ਹਨ।

### 7.4 ਵਿਆਕਰਨ

ਪ੍ਰੋ. ਸਾਹਿਬ ਸਿੰਘ ਦੁਆਰਾ ਕੀਤੀ ਵਿਆਖਿਆਕਾਰੀ ਦੇ ਕਾਰਜ ਦਾ ਪ੍ਰਮੁੱਖ ਲੱਛਣ ਵਿਆਕਰਨ ਹੈ ਜੋ ਇਨ੍ਹਾਂ ਨੂੰ ਬਾਕੀ ਵਿਆਖਿਆਕਾਰਾਂ ਨਾਲੋਂ ਵੱਖਰਾ ਕਰਦਾ ਹੈ। ਵਿਆਕਰਨ ਤੋਂ ਭਾਵ ਹੈ ਕਿਸੇ ਭਾਸ਼ਾ ਵਿਚਲੇ ਨਿਯਮਾਂ ਨੂੰ ਖੋਜਣਾ ਅਤੇ ਉਸ ਦੇ ਆਧਾਰ 'ਤੇ ਸੰਬੰਧਤ ਧਰਮ ਗ੍ਰੰਥ ਦੀ ਜਾਂ ਕਿਸੇ ਰਚਨਾ (text) ਦੀ ਵਿਆਖਿਆ ਕਰਨਾ ਕਿਉਂਕਿ ਗੁਰਬਾਣੀ ਬਹੁ ਭਾਸ਼ੀ ਹੈ, ਇਸ ਲਈ ਗੁਰਬਾਣੀ ਦੀ ਵਿਆਕਰਨ ਨਿਰਧਾਰਤ ਕਰਨਾ ਬਹੁਤ ਵਡੀ ਸਮੱਸਿਆ ਸੀ। ਇਸ ਸਮੱਸਿਆ ਨੂੰ ਪ੍ਰੋ. ਸਾਹਿਬ ਸਿੰਘ ਨੇ ਹੱਲ ਕਰਨ ਦਾ ਜਤਨ ਕੀਤਾ। ਇਸ ਪਖ ਵਿਚ ਬਹੁਤ ਵਿਦਵਾਨਾਂ ਨੇ ਜਤਨ ਕੀਤਾ ਪਰ ਪ੍ਰੋ. ਸਾਹਿਬ ਇਨ੍ਹਾਂ ਵਿਚੋਂ ਪ੍ਰਮੁੱਖ ਹਨ ਜਿਨ੍ਹਾਂ ਨੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਵਿਆਕਰਨ ਦੇ ਆਧਾਰ 'ਤੇ ਤਿਆਰ ਕੀਤਾ। ਵਿਆਕਰਨ ਦੇ ਹੋਰਨਾਂ ਅਨੇਕਾਂ ਪਖਾਂ ਤੋਂ ਇਲਾਵਾ ਗੁਰਬਾਣੀ ਵਿਚ ਵਰਤੇ ਦੋ ਲਗਾਂ ਵਾਲੇ ਅੱਖਰ, ਜਿਨ੍ਹਾਂ ਦੀ ਗਿਣਤੀ ਲਗਭਗ 176 ਹੈ ਬਾਰੇ ਪ੍ਰੋ. ਸਾਹਿਬ ਦਸਦੇ ਹਨ-

[44] ਉਪਰੋਕਤ ਵਰਣਿਤ, ਪੋਥੀ ਸੱਤਵੀਂ, ਪੰਨਾ 33

[45] ਉਪਰੋਕਤ ਵਰਣਿਤ, ਪੰਨੇ 62, 67, 68

ਉਦਹਾਰਨ:

ੳ) ਦੋ-ਲਗੇ ਅੱਖਰ ਗੁਰਬਾਣੀ ਵਿਚ ਕਈ ਥਾਈਂ ਇੱਕੋ ਅੱਖਰ ਦੇ ਨਾਲ (ੁ) (ੋ) ਦੋਵੇਂ ਲੱਗਾ ਵਰਤੀਆਂ ਮਿਲਦੀਆਂ ਹਨ। (ੁ) ਇਕ ਮਾਤਰਾ ਲਗੀ ਹੈ ਅਤੇ (ੋ) ਦੁ-ਮਾਤਰਾ ਹੈ। ਛੰਦ ਦੀ ਚਾਲ ਅਨੁਸਾਰ ਕਈ ਵਾਰੀ ਇਕ-ਮਾਤ੍ਰਕ ਅੱਖਰ ਨੂੰ ਦੁ-ਮਾਤ੍ਰਕ ਪੜ੍ਹਣਾ ਪੈਂਦਾ ਹੈ, ਅਤੇ ਕਦੇ ਕਦੇ ਦੁ-ਮਾਤ੍ਰਕ ਇਕ-ਮਾਤ੍ਰਕ। ਅਜਿਹੇ ਥਾਂਈਂ (ੁ) ਜਾਂ (ੋ) ਵਾਲੇ ਅੱਖਰ ਦੇ ਨਾਲ ਦੋਵੇਂ ਮਾਤਰਾਂ ਦਿੱਤੀਆਂ ਗਈਆਂ ਹਨ। ਜਿਵੇਂ, 'ਟੂਟੀ ਗਾਢਨਹਾਰ ਗੁੋਪਾਲ' ਇਥੇ ਅਸਲ ਲਫਜ਼ ਗੋਪਾਲ ਹੈ। ਅੱਖਰ 'ਗ' ਦੀਆਂ ਦੋ ਮਾਤਰਾ ਹਨ, ਪਰ ਛੰਦ ਦੀ ਚਾਲ ਵਿਚ 'ਗ' ਨੂੰ ਇਕ ਮਾਤ੍ਰਕ ਪੜ੍ਹਨ ਦੀ ਲੋੜ ਹੈ। ਇਸ ਵਾਸਤੇ ਇਸ ਦੇ ਨਾਲ (ੁ) ਭੀ ਲਾ ਦਿੱਤਾ ਗਿਆ ਹੈ। ਇਥੇ ਭਾਵ ਇਹ ਹੈ ਕਿ ਅਸਲ ਲਫਜ਼ 'ਗੋਪਾਲ' ਹੈ ਪਰ ਇਸ ਨੂੰ ਪੜ੍ਹਨਾ ਹੈ 'ਗੁਪਾਲ'।[46]

ਅ) ਰਾਮਕਲੀ ਸਦੁ ਬਾਣੀ ਵਿਚ 'ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥ ਪੰਕਤੀ ਦੇ ਅਰਥ ਵਿਆਕਰਨਕ ਦ੍ਰਿਸ਼ਟੀ ਤੋਂ ਸਹੀ ਕਰਨ ਹਿੱਤ ਪਹਿਲਾਂ ਪੰਡਿਤੁ ਤੱਤੇ ਨੂੰ ਔਂਕੜ ਇਕ ਵਚਨ ਦੇ ਰੂਪ ਵਿਚ 24 ਉਦਾਹਰਨਾਂ ਅਤੇ ਫਿਰ ਪੰਡਿਤ ਤੱਤੇ ਮੁਕਤਾ ਬਹੁਵਚਨ ਰੂਪ ਦੇ ਵਿਚ 38 ਉਦਾਹਰਨਾਂ ਗੁਰਬਾਣੀ ਵਿਚੋਂ ਅਤੇ ਫਿਰ ਕਿਰਿਆ ਵਾਲੇ ਸ਼ਬਦ ਪੜਹਿ ਦੇ 12 ਰੂਪ ਦੇ ਕੇ ਵਿਆਖਿਆ ਕੀਤੀ ਗਈ ਹੈ। ਲਫ਼ਜ਼ 'ਪੰਡਿਤ', 'ਪੰਡਿਤ' ਅਤੇ 'ਪੜਹਿ' ਸੰਬੰਧੀ ਗੁਰਬਾਣੀ ਵਿਚੋਂ ਕਈ ਪ੍ਰਮਾਣ ਪੜ੍ਹ ਕੇ ਅਸੀਂ ਸਮਝ ਚੁੱਕੇ ਹਾਂ ਕਿ ਇਸ ਪਉੜੀ ਦੀ ਤੁੱਕ ਵਿਚ ਵਰਤਿਆ ਹੋਇਆ ਲਫ਼ਜ਼ 'ਪੰਡਿਤ' ਬਹੁ ਵਚਨ ਹੈ ਭਾਵ ਇਥੇ ਕਿਸੇ ਇਕ ਪੰਡਿਤ ਵੱਲ ਇਸ਼ਾਰਾ ਨਹੀਂ ਹੈ, ਕਈ ਪੰਡਿਤਾਂ ਨੂੰ ਸੱਦਣ ਦਾ ਹੁਕਮ ਹੈ, ਜੋ ਆ ਕੇ 'ਹਰਿ ਕਥਾ' ਅਤੇ 'ਹਰਿ ਨਾਮੁ' ਰੂਪ ਪੁਰਾਣ ਪੜ੍ਹਨ। ਜੇ ਕਿਰਿਆ ਕਰਮ ਕਰਾਣ ਦਾ ਹਜ਼ੂਰ ਹੁਕਮ ਦਿੰਦੇ, ਤਾਂ ਕੇਵਲ ਇਕ ਅਚਾਰਜ ਨੂੰ ਸੱਦਣ ਦਾ ਸੁਨੇਹਾ ਹੁੰਦਾ।[47]

**7.5 ਭਾਵ ਅਰਥ**

---

[46] ਉਪਰੋਕਤ ਵਰਣਿਤ, ਪੰਨਾ 30

[47] ਉਪਰੋਕਤ ਵਰਣਿਤ, ਪੋਥੀ ਛੇਵੀਂ, ਪੰਨਾ 733

ਪ੍ਰੋ. ਸਾਹਿਬ ਸਿੰਘ ਜੀ ਗੁਰਬਾਣੀ ਦੀ ਵਿਆਖਿਆ ਕਰਦੇ ਹੋਏ ਲੰਮੇਰੀਆਂ ਬਾਣੀਆਂ ਜਿਵੇਂ- ਅਨੰਦੁ, ਸਿਧ ਗੋਸਟ ਅਤੇ ਵਾਰਾਂ ਦੇ ਭਾਵ ਅਰਥ ਬਾਣੀ ਦੀ ਵਿਆਖਿਆ ਤੋਂ ਪਹਿਲਾਂ ਹੀ ਕਰਦੇ ਹਨ। ਲੰਮੀਆਂ ਬਾਣੀਆਂ ਵਿਚ ਭਾਵ ਅਰਥ ਦੇ ਨਾਲ ਨਾਲ ਮੁੱਖ ਭਾਵ ਵੀ ਦਿੰਦੇ ਹਨ।

ਜਿਵੇਂ- ਅਨੰਦੁ ਬਾਣੀ ਦਾ ਮੁੱਖ ਭਾਵ ਹੈ ਕਿ 'ਜੀਵ ਨੂੰ ਜੰਮਦੇ ਨੂੰ ਹੀ ਮਾਂ ਪਿਉ ਆਦਿਕ ਦੇ ਪਿਆਰ ਦੇ ਰਾਹੀਂ ਮਾਇਆ ਆ ਘੇਰਦੀ ਹੈ। ਸਾਰੀ ਉਮਰ ਮਾਇਆ ਦੇ ਹੱਥਾਂ ਉਤੇ ਹੀ ਨੱਚਦਾ ਰਹਿੰਦਾ ਹੈ ਤੇ ਦੁਖੀ ਰਹਿੰਦਾ ਹੈ। ਜਿਸ ਮਨੁੱਖ ਉਤੇ ਪਰਮਾਤਮਾ ਮਿਹਰ ਕਰਦਾ ਹੈ ਉਸ ਨੂੰ ਗੁਰੂ ਮਿਲਦਾ ਹੈ। ਗੁਰੂ ਦੀ ਬਾਣੀ ਦੀ ਬਰਕਤਿ ਨਾਲ ਮਨੁੱਖ ਦੀ ਮਾਇਕ ਭਟਕਣਾ ਦੂਰ ਹੋ ਜਾਂਦੀ ਹੈ, ਕੋਈ ਦੁੱਖ ਵਿਕਾਰ ਉਸ ਉਤੇ ਆਪਣਾ ਜੋਰ ਨਹੀਂ ਪਾ ਸਕਦਾ। ਹਰ ਵੇਲੇ ਉਸ ਦਾ ਮਨ ਖਿੜਿਆ ਰਹਿੰਦਾ ਹੈ। ਹਰ ਵੇਲੇ ਉਸ ਦੇ ਅੰਦਰ ਆਨੰਦ ਬਣਿਆ ਰਹਿੰਦਾ ਹੈ।[48]

### 7.6 ਅੰਨਯ ਮੱਤ ਅਤੇ ਗੁਰਮਤਿ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਮਤਿ ਅਤੇ ਹੋਰ ਮੱਤਾਂ ਮਤਾਂਤਰਾਂ ਦੇ ਅਨੇਕਾਂ ਵਿਚਾਰ ਪ੍ਰਗਟ ਕੀਤੇ ਗਏ ਹਨ ਜੋ ਕਿ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦੀ ਬਾਣੀ ਵਿਚੋਂ ਵੇਖੇ ਜਾ ਸਕਦੇ ਹਨ। ਸਿੰਘ ਸਭਾਈ ਵਿਆਖਿਆ ਪ੍ਰਣਾਲੀ ਤੋਂ ਪਹਿਲਾਂ ਇਹਨਾਂ ਸ਼ਬਦਾਂ ਜਾਂ ਪੰਕਤੀਆਂ ਦੇ ਆਧਾਰ 'ਤੇ ਸਾਡੇ ਕਈ ਵਿਦਵਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੰਜਵਾਂ ਵੇਦ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਪਰ ਪ੍ਰੋ. ਸਾਹਿਬ ਸਿੰਘ ਨੇ ਵਿਆਕਰਨ ਦੇ ਆਧਾਰ 'ਤੇ ਗੁਰਮਤਿ ਦੀ ਕਸੌਟੀ 'ਤੇ ਇਨ੍ਹਾਂ ਸ਼ਬਦਾਂ ਦੀ ਵਿਆਖਿਆ ਕਰਦਿਆਂ, ਜਿਥੇ ਹੋਰ ਮੱਤਾਂ ਬਾਰੇ ਗੁਰੂ ਸਾਹਿਬ ਦੇ ਖਿਆਲ ਪੇਸ਼ ਕੀਤੇ ਹਨ ਉਥੇ ਗੁਰੂ ਸਾਹਿਬ ਨੇ ਜੋ ਗੁਰਮਤਿ ਦਾ ਮਾਰਗ ਦ੍ਰਿੜਾਇਆ ਹੈ ਬਾਰੇ ਦੱਸਣ ਦਾ ਜਤਨ ਕੀਤਾ ਹੈ।

**ਵਿਆਖਿਆ ਵੰਨਗੀ**

**ਮਾਰੂ ਮਹਲਾ ੫ ॥**

**ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥**

[48] ਉਪਰੋਕਤ ਵਰਣਿਤ, ਪੋਥੀ ਛੇਵੀਂ, ਪੰਨਾ 671

**ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥**

**ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥**

**ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥**

**ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥**

**ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥**

**ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥**

**ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥**

**ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥**

**ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥**

ਪਦਅਰਥ:- ਤੇ-ਤੋਂ। ਛੂਟਿ ਪਰੇ-ਬਚ ਗਏ। ਗੁਰਿ-ਗੁਰੂ ਨੇ। ਘਰ ਮਾਹਿ-ਹਿਰਦੇ ਵਿਚ। ਅਨੁਭਉ-ਅਨੁਭਾਵ, ਝਲਕਾਰਾ। ਪ੍ਰਭ-ਪ੍ਰਭੂ ਦਾ। ਕਤਹੁ-ਕਿਸੇ ਵੀ ਹੋਰ ਪਾਸੇ। ਨ ਜਾਇਆ-ਨਹੀਂ ਜਾਂਦਾ।੧।

ਮਾਨਕੁ-ਮੋਤੀ। ਰੇ-ਹੇ ਭਾਈ! ਪਾਇਆ-ਲੱਭ ਲਿਆ ਹੈ। ਮੋਲਿ ਅਮੋਲੁ-ਕਿਸੇ ਭੀ ਭੁਲ ਤੋਂ ਨਾ ਮਿਲ ਸਕਣ ਵਾਲਾ। ਮੋਲਿ-ਮੁਲ ਤੋਂ। ਕਰਿ-ਕਰਕੇ।੧।ਰਹਾਉ।

ਅਦਿਸਟੁ-ਇਹਨਾਂ ਅੱਖਾਂ ਨਾਲ ਨਾਹ ਦਿੱਸਣ ਵਾਲਾ। ਅਗੋਚਰੁ-{ਅ-ਗੋ-ਚਰੁ। ਗੋ-ਗਿਆਨ-ਇੰਦ੍ਰੇ। ਚਰੁ-ਪਹੁੰਚ} ਜੋ ਗਿਆਨ-ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ। ਮਿਲਿ ਸਾਧੂ-ਗੁਰੂ ਨੂੰ ਮਿਲਕੇ। ਕਥਾਇਆ-ਸਿਫ਼ਤਿ-ਸਾਲਾਹ ਕਰਨੀ ਸ਼ੁਰੂ ਕਰ ਦਿੱਤੀ। ਅਕਥੁ-ਅਕੱਥੁ, ਜਿਸ ਦਾ ਮੁਕੰਮਲ ਸਰੂਪ ਬਿਆਨ ਤੋਂ ਪਰੇ ਹੈ। ਅਨਹਦ-ਬਿਨਾਂ ਬਜਾਇਆ ਵੱਜਣ ਵਾਲਾ, ਇਕ-ਰਸ, ਮਤਵਾਤਰ। ਸਬਦੁ ਵਜਿਓ-ਸਿਫ਼ਤਿ-ਸਾਲਾਹ ਦੀ ਬਾਣੀ ਪੂਰਾ ਪ੍ਰਭਾਵ ਪਾਣ ਲੱਗ ਪਈ। ਦੁਆਰਿ-ਦੁਆਰ ਵਿਚ। ਦਸਮ ਦੁਵਾਰਿ-ਦਸਵੇਂ ਦੁਆਰ ਵਿਚ, ਦਸਵੇਂ ਦਰਵਾਜ਼ੇ ਵਿਚ, ਦਿਮਾਗ ਵਿਚ। ਤਹ-ਉਥੇ, ਉਸ ਦਿਮਾਗ਼ ਵਿਚ। ਅੰਮ੍ਰਿਤ-ਆਤਮਕ ਜੀਵਨ ਦੇਣ ਵਾਲਾ।੨।

ਤੋਟਿ-ਘਾਟਾ, ਕਮੀ। ਮਨਿ-ਮਨ ਵਿਚ (ਵੱਸ ਰਹੀ)। ਬੂਝੀ-ਬੁਝ ਗਈ। ਅਖੁਟ-ਨਾ ਮੁੱਕਣ ਵਾਲੇ। ਭੰਡਾਰ-ਖਜ਼ਾਨੇ। ਚਰਨ ਗੁਰ-ਗੁਰੂ ਦੇ ਚਰਨ। ਅਘੜੁ-ਕੋਈ ਘਾੜਤ ਵਾਲਾ (ਮਨ)। ਰਸੁ-ਸੁਆਦ।੩।

ਸਹਜੇ-ਸਹਜਿ ਹੀ, ਆਤਮਕ ਅਡੋਲਤਾ ਵਿਚ ਹੀ। ਆਵਾ ਜਾਵਾ-ਆਉਂਦਾ ਜਾਂਦਾ, ਕਾਰ-ਵਿਹਾਰ ਕਰਦਾ ਹੈ। ਖੇਲਾਇਆ-ਖੇਡਦਾ ਹੈ। ਕਹੁ-ਆਖ। ਨਾਨਕ-ਹੇ ਨਾਨਕ! ਗੁਰਿ-ਗੁਰੂ ਨੇ। ਭਰਮੁ-ਭਟਕਣਾ। ਮਹਲੀ ਮਹਲੁ-ਮਹਲ ਦੇ ਮਾਲਕ ਦਾ ਮਹਲ।੪।

ਅਰਥ:- ਹੇ ਭਾਈ! ਮੈਂ ਮੋਤੀ ਲੱਭ ਲਿਆ ਹੈ, ਮੈਂ ਪੂਰਨ ਪ੍ਰਮਾਤਮਾ ਲੱਭ ਲਿਆ ਹੈ। ਹੇ ਭਾਈ! ਇਹ ਮੋਤੀ ਬਹੁਤ ਅਮੋਲਕ ਹੈ, ਕਿਸੇ ਮੁੱਲ ਤੋਂ ਨਹੀਂ ਮਿਲ ਸਕਦਾ। ਮੈਨੂੰ ਤਾਂ ਇਹ ਮੋਤੀ ਗੁਰੂ ਨੇ ਦਿਵਾ ਦਿੱਤਾ ਹੈ।੧। ਰਹਾਉ।

ਹੇ ਭਾਈ! ਪਰਮਾਤਮਾ ਇਹਨਾਂ ਅੱਖਾਂ ਨਾਲ ਨਹੀਂ ਦਿੱਸਦਾ, ਸਾਡੇ ਗਿਆਨ-ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਉਸ ਦਾ ਮੁਕੰਮਲ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ। ਹੇ ਭਾਈ! ਗੁਰੂ ਨੂੰ ਮਿਲ ਕੇ ਮੈਂ ਉਸ ਦੀ ਸਿਫ਼ਤ-ਸਲਾਹ ਕਰਨੀ ਸ਼ੁਰੂ ਕਰ ਦਿੱਤੀ ਹੈ। ਹੇ ਭਾਈ! ਮੇਰੇ ਦਿਮਾਗ ਵਿਚ ਹੁਣ ਹਰ ਵੇਲੇ ਸਿਫਤ-ਸਾਲਾਹ ਦੀ ਬਾਣੀ ਪ੍ਰਭਾਵ ਪਾ ਰਹੀ ਹੈ; ਮੇਰੇ ਅੰਦਰ ਹੁਣ ਹਰ ਵੇਲੇ ਆਤਮਿਕ ਜੀਵਨ ਦੇਣ ਵਾਲਾ ਨਾਮ-ਰਸ ਚੋਅ ਰਿਹਾ ਹੈ।੨।

ਹੇ ਭਾਈ! ਮੇਰੇ ਮਨ ਵਿਚ ਕਦੇ ਨਾ ਮੁੱਕਣ ਵਾਲੇ ਨਾਮ-ਖ਼ਜ਼ਾਨੇ ਭਰ ਗਏ ਹਨ, ਇਹਨਾਂ ਖ਼ਜ਼ਾਨਿਆਂ ਵਿਚ ਕਦੇ ਕਮੀ ਨਹੀਂ ਆ ਸਕਦੀ, ਮਨ ਵਿਚ (ਵੱਸ- ਰਹੀ) ਤ੍ਰਿਸ਼ਨਾ (-ਅੱਗ ਦੀ ਲਾਟ) ਬੁੱਝ ਗਈ ਹੈ। ਮੈਂ ਹਰ ਵੇਲੇ ਗੁਰੂ ਦੇ ਚਰਨਾਂ ਦਾ ਆਸਰਾ ਲੈ ਰਿਹਾ ਹਾਂ। ਮੈਂ ਨਾਮ- ਅੰਮ੍ਰਿਤ ਦਾ ਸੁਆਦ ਚੱਖ ਲਿਆ ਹੈ, ਤੇ ਪਹਿਲੀ ਕੋਝੀ ਘਾੜਤ ਵਾਲਾ ਮਨ ਹੁਣ ਸੋਹਣਾ ਬਣ ਗਿਆ ਹੈ।੩।

ਹੇ ਭਾਈ! ਨਾਮ- ਖ਼ਜਾਨੇ ਦੀ ਬਰਕਤਿ ਨਾਲ ਮੇਰਾ ਮਨ ਹਰ ਵੇਲੇ ਆਤਮਕ ਅਡੋਲਤਾ ਵਿਚ ਟਿਕ ਕੇ ਕਾਰ-ਵਿਹਾਰ ਕਰ ਰਿਹਾ ਹੈ, ਮਨ ਸਦਾ ਆਤਮਕ ਅਡੋਲਤਾ ਵਿਚ ਖੇਡ ਰਿਹਾ ਹੈ। ਹੇ ਨਾਨਕ! ਆਖ- (ਜਦੋਂ ਦੀ) ਗੁਰੂ ਨੇ ਮੇਰੀ ਭਟਕਣਾ ਦੂਰ ਕਰ ਦਿੱਤੀ ਹੈ, ਤਦੋਂ ਤੋਂ ਮੈਂ ਸਦਾ ਅਸਥਿਰ ਟਿਕਾਣੇ ਵਾਲੇ (ਹਰੀ ਦੇ ਚਰਨਾਂ ਵਿਚ) ਟਿਕਾਣਾ ਲੱਭ ਲਿਆ ਹੈ॥੪॥੩॥੧੨॥

**8) ਸੰਥਯਾ, ਸ੍ਰੀ ਗੁਰੂ ਗ੍ਰੰਥ ਸਾਹਿਬ (ਭਾਈ ਵੀਰ ਸਿੰਘ)**

ਪੰਜਾਬੀ ਵਾਰਤਕ ਦੇ ਮੋਢੀ ਭਾਈ ਵੀਰ ਸਿੰਘ ਜੀ ਦਾ ਜਨਮ 5 ਦਸੰਬਰ 1872 ਈ. ਨੂੰ ਸਰਦਾਰ ਚਰਣ ਸਿੰਘ ਦੇ ਘਰ ਹੋਇਆ। ਚਰਣ ਸਿੰਘ ਦੇ ਦਾਦਾ ਦੀਵਾਨ ਕੌੜਾ ਮੱਲ ਸਨ, ਜਿਸ ਨੇ ਪੰਜਾਬ ਦੇ ਗਵਰਨਰ ਮੀਰ ਮਨੂੰ (1748-53) ਦੇ ਵੇਲੇ ਸਿੱਖਾਂ ਦੀ ਮਦਦ ਕੀਤੀ ਸੀ, ਇਸ ਲਈ ਸਿੱਖ ਪੰਥ ਵਿਚ ਇਨ੍ਹਾਂ ਨੂੰ ਮਿੱਠਾ ਮੱਲ ਕਰਕੇ ਜਾਣਿਆ ਜਾਂਦਾ ਹੈ। ਦੀਵਾਨ ਕੌੜਾ ਮੱਲ ਦੇ ਪੁੱਤਰ ਭਾਈ ਕਾਹਨ ਸਿੰਘ ਜੀ (1798-1878) 1830 ਈ. ਵਿਚ ਅੰਮ੍ਰਿਤਸਰ ਆ ਕੇ ਰਹਿਣ ਲਗੇ। ਇਹ ਵੈਦ ਗਿਰੀ ਦਾ ਕੰਮ ਵਧੀਆ ਕਰ ਲੈਂਦੇ ਸਨ। ਇਸ ਲਈ ਇਹ ਛੇਤੀ ਹੀ ਅੰਮ੍ਰਿਤਸਰ ਦੇ ਪ੍ਰਸਿੱਧ ਹਕੀਮਾਂ ਵਿਚ ਗਿਣੇ ਜਾਣ ਲਗੇ। 1853 ਈ. ਵਿਚ ਇਨ੍ਹਾਂ ਦੇ ਘਰ ਚਰਨ ਸਿੰਘ ਨੇ ਜਨਮ ਲਿਆ। ਚਰਨ ਸਿੰਘ ਨੇ ਆਪਣੇ ਪਿਤਾ ਪਾਸੋਂ ਵੈਦਕ ਦਾ ਕੰਮ ਸਿਖਿਆ ਅਤੇ ਕੁਝ ਸਮੇਂ ਪਿਛੋਂ ਇਹ ਇਕ ਉਘੇ ਵੈਦ ਬਣ ਗਏ। ਇਨ੍ਹਾਂ ਦਾ ਵਿਆਹ 1869 ਈ. ਵਿਚ ਗਿਆਨੀ ਹਜਾਰਾ ਸਿੰਘ ਦੀ ਪੁੱਤਰੀ ਨਾਲ ਹੋਇਆ। ਗਿਆਨੀ ਹਜਾਰਾ ਸਿੰਘ ਗੁਰਮਤਿ ਦੇ ਵਿਦਵਾਨ ਸਨ।[49] ਸੋ ਇਸ ਪ੍ਰਕਾਰ ਭਾਈ ਵੀਰ ਸਿੰਘ ਜੀ ਦੇ ਪਰਿਵਾਰਕ ਪਿਛੋਕੜ ਨੂੰ ਵੇਖਦਿਆਂ ਇਸ ਗੱਲ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਵਿਦਵਤਾ ਅਤੇ ਸਿੱਖੀ ਪਿਆਰ ਜੋ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਝਲਕਦਾ ਹੈ, ਪਿੱਛੇ ਚੰਗੇ ਗੁਰਸਿੱਖ ਖਾਨਦਾਨ, ਗੁਰਮਤਿ ਪ੍ਰੇਮੀ ਅਤੇ ਮਹਾਨ ਵਿਦਵਾਨ ਗਿਆਨੀ ਹਜਾਰਾ ਸਿੰਘ ਦਾ ਪ੍ਰਭਾਵ ਦਿਖਾਈ ਦੇਂਦਾ ਹੈ। ਭਾਈ ਵੀਰ ਸਿੰਘ ਜੀ ਦੁਆਰਾ ਕੀਤੀ ਗੁਰਬਾਣੀ ਵਿਆਖਿਆਕਾਰੀ ਦੇ ਕਾਰਜ ਤੋਂ ਬਾਅਦ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਭਾਈ ਸਾਹਿਬ ਨੂੰ ਜਿਥੇ ਗੁਰਬਾਣੀ ਵਿਚਲੇ ਗੂੜ ਰਹੱਸ ਦਾ ਅਨੁਭਵ ਸੀ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਇਤਿਹਾਸ ਦੀ ਤਰਜਮਾਨੀ ਕਰਦੇ ਗ੍ਰੰਥ ਸ੍ਰੀ ਦਸਮ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ ਜੀ, ਗੁਰ ਬਿਲਾਸ, ਸੂਰਜ ਪ੍ਰਕਾਸ਼, ਬੰਸਾਵਲੀਨਾਮਾ, ਪੰਥ ਪ੍ਰਕਾਸ਼ ਆਦਿ ਧਾਰਮਿਕ ਗ੍ਰੰਥਾਂ ਦਾ ਕੀਤੇ ਸਾਹਿਤਕ ਅਧਿਐਨ ਦਾ ਝਲਕਾਰਾ ਵੀ ਪ੍ਰਤੀਤ ਹੁੰਦਾ ਹੈ। ਭਾਈ ਸਾਹਿਬ ਜੀ ਦੁਆਰਾ ਗੁਰਬਾਣੀ ਵਿਆਖਿਆ ਕਰਦਿਆਂ ਜੋ ਨਿਯਮ ਵਰਤੇ ਗਏ ਹਨ ਉਨ੍ਹਾਂ ਵਿਚੋਂ ਪ੍ਰਮੁੱਖ ਰੂਪ ਵਿਚ ਚਾਰ ਹੀ ਪਖ ਹਨ। ਸਭ ਤੋਂ ਪਹਿਲਾਂ ਪ੍ਰਾਕਥਨ ਦਿੰਦੇ ਹਨ ਤਾਂ ਕਿ ਪਿਛਲੇ ਸ਼ਬਦ ਨੂੰ ਵਿਆਖਿਆ ਅਧੀਨ ਸ਼ਬਦ ਨਾਲ ਜੋੜਿਆ ਜਾ ਸਕੇ। ਇਸ ਤੋਂ ਉਪਰੰਤ ਮੂਲ

[49] ਡਾ. ਕਿਰਪਾਲ ਸਿੰਘ (ਸੰਪਾ.), ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ, ਪ੍ਰਵੇਸ਼ਿਕਾ, 1974

ਪਾਠ ਅਤੇ ਅਰਥ ਕਰਦੇ ਹਨ। ਅਰਥਾਂ ਤੋਂ ਬਾਅਦ ਵਿਆਖਿਆ ਅਤੇ ਅਖੀਰ ਵਿਚ ਨਿਰੁਕਤ ਦਿੰਦੇ ਹਨ। ਇਨ੍ਹਾਂ ਪਖਾਂ ਤੋਂ ਇਲਾਵਾ ਕੁਝ ਹੋਰ ਪਖ ਵੀ ਹਨ ਜੋ ਨਿਮਨ ਪ੍ਰਕਾਰ ਹੈ-

**8.1 ਪ੍ਰਾਕਥਨ**

**8.2 ਮੂਲ ਅਤੇ ਅਰਥ**

**8.3 ਵਿਆਖਿਆ**

**8.4 ਨਿਰੁਕਤ**

**8.5 ਤੁਲਨਾਤਮਕ ਵਿਆਖਿਆ**

**8.6 ਪੰਜਾਬੀ ਭਾਸ਼ਾ ਦੀ ਵਰਤੋਂ**

**8.1 ਪ੍ਰਾਕਥਨ**

ਭਾਈ ਵੀਰ ਸਿੰਘ ਜੀ ਦੀ ਪਹਿਲੇ ਗੇੜ ਦੀ ਵਿਆਖਿਆਕਾਰੀ ਵਿਚ ਸੰਪ੍ਰਦਾਇਕ ਅਸਰ ਸਪਸ਼ਟ ਰੂਪ ਵਿਚ ਵੇਖਣ ਨੂੰ ਮਿਲਦਾ ਹੈ। ਉਹ ਗੁਰਬਾਣੀ ਦੀ ਵਿਆਖਿਆ ਕਰਦਿਆਂ ਇਕ ਤੁਕ ਜਾਂ ਇਕ ਸ਼ਬਦ ਨੂੰ ਹੀ ਨਹੀਂ ਬਲਕਿ ਪਿਛਲੇ ਪ੍ਰਸੰਗ ਨੂੰ ਵੀ ਨਾਲ ਜੋੜ ਕੇ ਵੇਖਦੇ ਹਨ ਕਿ ਪਿਛਲੇ ਸ਼ਬਦ ਵਿਚ ਕਿਹੜੇ-ਕਿਹੜੇ ਪਖ ਉਜਾਗਰ ਹੋਏ ਸਨ ਅਤੇ ਇਸ ਸ਼ਬਦ ਵਿਚ ਕਿਸ ਪਖ ਨੂੰ ਵਿਚਾਰਿਆ ਜਾਣਾ ਹੈ? ਉਦਹਾਰਨ ਦੇ ਤੌਰ ਤੇ ਕੁਝ ਨਮੂਨੇ ਵੇਖੇ ਜਾ ਸਕਦੇ ਹਨ।

ਉਦਹਾਰਨ:

ੳ. 'ਹਮਰੇ ਪ੍ਰਾਨ ਵਸਗਤਿ ਪ੍ਰਭ ਤੁਮਰੈ ਮੇਰਾ ਜੀਉ ਪਿੰਡੁ ਸਭੁ ਤੇਰੀ'॥ ਸ਼ਬਦ ਦਾ ਪ੍ਰਾਕਥਨ ਇਸ ਪ੍ਰਕਾਰ ਦਿੰਦੇ ਹਨ-

'ਪਿਛਲੇ ਸ਼ਬਦ ਵਿਚ ਹਰੀ ਤੋਂ ਨੱਸਣ ਦੀ ਗਲਤੀ ਦਰਸਾਈ ਸੀ ਹੁਣ ਅਗਲੇ ਸ਼ਬਦ ਵਿਚ ਉਹ ਹਾਲਾਤ ਦੱਸਦੇ ਹਨ ਜੋ ਆਪਾ ਵਾਹਿਗੁਰੂ ਸ਼ਰਨ ਵਿਚ ਸਮਰਪਿਤ ਕਰਨ ਵਾਲੇ ਦੀ ਦਰਸ਼ਨ ਦਾਤ ਦੀ ਮੰਗ ਲਈ ਹੁੰਦੀ ਹੈ।[50]

---

[50] ਭਾਈ ਵੀਰ ਸਿੰਘ, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਤੀਜੀ, ਪੰਨਾ 1123

ਅ. 'ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ' ਵਾਲੇ ਸ਼ਬਦ ਦਾ ਪ੍ਰਾਕਥਨ ਇਸ ਪ੍ਰਕਾਰ ਦਿੰਦੇ ਹਨ-

'ਪਿਛਲੀ ਅਸ਼ਟਪਦੀ ਵਿਚ ਮੂਰਤੀਮਾਨ ਕੀਤੇ ਏਮਨਾਬਾਦ ਦੇ ਹਮਲੇ ਵੇਲੇ ਹੀ ਇਹ ਸ਼ਬਦ ਉਚਾਰਿਆ ਗਿਆ ਜਦ ਸੁਤੰਤ੍ਰਤਾ ਦੇ ਦਾਤੇ ਆਪ ਕੈਦ ਪੈਕੇ ਬਾਬਰ ਨਾਲ ਗਲਬਾਤ ਕਰਕੇ ਸਾਰੇ ਕੈਦੀਆਂ ਨੂੰ ਛੁਡਾਕੇ ਸ਼ਹਿਰ ਲਿਆਏ ਤੇ ਸ਼ਹਿਰ ਦੀ ਦਰਦਨਾਕ ਦਸ਼ਾ ਦੇਖੀ ਤਾਂ ਇਹ ਸ਼ਬਦ ਉਚਾਰਿਆ।[51]

ਭਾਈ ਵੀਰ ਸਿੰਘ ਜੀ ਤੋਂ ਪਹਿਲਾਂ ਅਤੇ ਬਾਅਦ ਵਿਚ ਪ੍ਰਾਕਥਨ ਦੀ ਜਗ੍ਹਾ ਉਥਾਨਕਾ ਸ਼ਬਦ ਨੂੰ ਵਰਤਿਆ ਜਾਂਦਾ ਸੀ ਅਤੇ ਵਰਤਿਆ ਵੀ ਜਾ ਰਿਹਾ ਹੈ ਕਿਉਂਕਿ ਉਥਾਨਕਾ ਦਾ ਸੰਬੰਧ ਕੇਵਲ ਉਸ ਸ਼ਬਦ ਨਾਲ ਹੈ ਜਿਸ ਸ਼ਬਦ ਦੀ ਵਿਆਖਿਆ ਕਰਨੀ ਹੈ ਪਰ ਪ੍ਰਾਕਥਨ ਦਾ ਘੇਰਾ ਉਥਾਨਕਾ ਤੋਂ ਵਧੀਕ ਹੈ ਕਿਉਂਕਿ ਇਸ ਵਿਚ ਚਲ ਰਹੇ ਸ਼ਬਦ ਦੇ ਪ੍ਰਸੰਗ ਨੂੰ ਪਿਛਲੇ ਸ਼ਬਦ ਨਾਲ ਜੋੜਦਿਆਂ ਬਾਣੀ ਦੀ ਨਿਰੰਤਰਤਾ ਵਿਚ ਵੇਖਿਆ ਜਾਂਦਾ  ਹੈ। ਇਸ ਤੋਂ ਇਹ ਭਾਵ ਹੈ ਕਿ ਕੋਈ ਇਕ ਸ਼ਬਦ ਹੀ ਆਪਣੇ ਆਪ ਵਿਚ ਸੰਪੂਰਣ ਵਿਆਖਿਆ ਨਹੀ ਹੈ। ਇਸ ਲਈ ਉਥੇ ਭਾਈ ਸਾਹਿਬ ਜੀ ਨੇ ਸੰਬੰਧਤ ਸ਼ਬਦ ਬਾਰੇ ਵੀ ਪ੍ਰਾਕਥਨ ਵਿਚ ਦਸਣ ਦੀ ਕੋਸ਼ਿਸ਼ ਕੀਤੀ ਹੈ।

**8.2 ਮੂਲ ਅਤੇ ਅਰਥ**

ਪ੍ਰਾਕਥਨ ਤੋਂ ਬਾਅਦ ਭਾਈ ਸਾਹਿਬ ਜੀ ਗੁਰਬਾਣੀ ਦਾ ਮੂਲ ਪਾਠ ਅਤੇ ਅਰਥ ਦਿੰਦੇ ਹਨ। ਮੂਲ ਪਾਠ ਅਤੇ ਅਰਥ ਦੇਣ ਦੀ ਪ੍ਰਕਿਰਿਆ ਪੋਥੀ ਦੇ ਹਰੇਕ ਪੰਨੇ ਉਪਰ ਇਕ ਸਾਮਾਨ ਹੈ। ਮੂਲ ਪਾਠ ਨੂੰ ਮੋਟੇ ਅੱਖਰਾਂ ਵਿਚ ਦਿੰਦੇ ਹਨ। ਵਿਆਖਿਆ ਵਿਸਥਾਰ ਵਾਲੇ ਪੰਨਿਆਂ ਨੂੰ ਛੱਡ ਕੇ ਬਾਕੀ ਸਾਰੇ ਟੀਕੇ ਵਿਚ ਪੋਥੀ ਦੇ ਸੱਜੇ ਪਾਸੇ ਮੂਲ ਪਾਠ ਅਤੇ ਖੱਬੇ ਪਾਸੇ ਅਰਥ ਕਰਦੇ ਹਨ। ਅਰਥ ਕਰਦਿਆਂ ਹੋਰਨਾਂ ਪਖਾਂ ਤੋਂ ਇਲਾਵਾ ਉਹ ਪ੍ਰਸ਼ਨੋਤਰੀ ਵਿਧੀ ਨੂੰ ਵੀ ਅਪਣਾਉਂਦੇ ਹਨ।

ੳ. ਪ੍ਰਸ਼ਨ- ਹੁਕਮ ਤੇ ਟੁਰ ਪੈਣ ਦੀ ਚਾਹ ਵਾਲਾ ਸਾਧਕ ਪੁੱਛਦਾ ਹੈ ਕਿ ਹੁਕਮ ਕੀ ਹੈ? ਜਿਸ ਵਿਚ ਟੁਰਣਾ ਹੈ ਤੇ ਜੋ ਨਾਲ ਲਿਖਿਆ ਪਿਆ ਹੈ?

ਉਤਰ- ਉਹ ਹੁਕਮ ਹੈ ਪਰਮੇਸ਼ਰ ਦਾ ਨਾਮ ਜੋ ਗੁਰੂ ਨੇ ਦੱਸ ਦਿੱਤਾ ਹੈ

---

[51] ਉਪਰੋਕਤ ਵਰਣਿਤ, ਪੋਥੀ ਛੇਵੀਂ, ਪੰਨਾ 2625

ਯਥਾ- ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਈ ਜੀਉ॥੧॥[52]

ਅ. ਪ੍ਰਸ਼ਨ-ਹੁਕਮ ਕਿੱਥੇ ਹੈ ?

ਉਤਰ- ਇਹ ਨਾਮ ਸਿਮਰਨ ਦਾ ਹੁਕਮ ਅੰਦਰ ਧੁਰ (ਡੂੰਘੇ) ਥਾਂ ਲਿਖਿਆ ਪਿਆ ਹੈ

ਯਥਾ- ਸਿਮਰਿ ਗੋਵਿੰਦ ਮਨਿ ਤਨਿ ਧੁਰਿ ਲਿਖਿਆ।[53]

**8.3 ਵਿਆਖਿਆ**

ਮੂਲ ਪਾਠ ਦੇਣ ਤੋਂ ਬਾਅਦ ਸ਼ਬਦਾਂ ਦੀ ਵਿਆਖਿਆ ਕਰਦੇ ਹਨ ਪਰ ਕਿਤੇ-ਕਿਤੇ ਜੋ ਸ਼ਬਦ ਆਸਾਨ ਹੁੰਦਾ ਹੈ, ਦੀ ਵਿਆਖਿਆ ਨਹੀ ਦਿੰਦੇ ਉਸ ਲਈ ਕੇਵਲ ਇਕੋ ਸ਼ਬਦ 'ਸੁਗਮ' ਹੈ ਲਿਖਕੇ ਅਗੇ ਚਲਦੇ ਹਨ।[54] ਪਰ ਇਹ ਵੀ ਨਿਸ਼ਚਤ ਨਹੀ ਹੈ ਕਿ ਹਰ ਜਗ੍ਹਾਂ ਉਪਰ ਹੀ ਇਹ ਵਰਤਾਰਾ ਹੋਵੇ। ਕਈ ਥਾਂ ਉਪਰ ਮੂਲ ਪਾਠ ਤੇ ਸ਼ਬਦ ਅਰਥ ਕਰਕੇ ਹੀ ਅਗਲੇ ਸ਼ਬਦ ਵੱਲ ਵਧ ਜਾਂਦੇ ਹਨ।[55] ਵਿਆਖਿਆ ਕਰਨ ਤੋਂ ਉਪਰੰਤ ਸ਼ਬਦ ਦਾ ਨਿਰੁਕਤ ਕਰਦੇ ਹਨ ਪਰ ਕਿਤੇ-ਕਿਤੇ ਨਿਰੁਕਤ ਦੀ ਵੀ ਬਹੁਤੀ ਜਰੂਰਤ ਨਹੀ ਸਮਝਦੇ।[56] ਵਿਆਖਿਆ ਬੜੀ ਆਸਾਨ ਅਤੇ ਠੇਠ ਪੰਜਾਬੀ ਬੋਲੀ ਵਿਚ ਕਰਦੇ ਹਨ ਅਤੇ ਭਾਵ ਅਰਥ ਵੀ ਪੇਸ਼ ਕਰਦੇ ਹਨ। ਵਿਆਖਿਆ ਕਰਦਿਆਂ ਭਾਈ ਸਾਹਿਬ ਕਈ ਵਾਰ ਵਿਆਖਿਆ ਵਿਸਥਾਰ ਕਰਦੇ ਹੋਏ ਕਰਾਸ ਰੈਫਰੈਂਸ ਦੀ ਵਰਤੋਂ ਕਰਦੇ ਹੋਏ ਦੂਸਰੇ ਸ਼ਬਦ ਨਾਲ ਜੋੜਦੇ ਹਨ ਤਾਂ ਕਿ ਵਾਰ-ਵਾਰ ਵਿਆਖਿਆ ਵਿਸਥਾਰ ਕਰਨ ਦੀ ਲੋੜ ਨਾ ਪਵੇ।[57]

**8.4 ਨਿਰੁਕਤ**

---

[52] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 42

[53] ਉਪਰੋਕਤ ਵਰਣਿਤ, ਪੰਨਾ 43

[54] ਉਪਰੋਕਤ ਵਰਣਿਤ, ਪੋਥੀ ਛੇਵੀਂ, ਪੰਨਾ 2686

[55] ਉਪਰੋਕਤ ਵਰਣਿਤ, ਪੋਥੀ ਤੀਜੀ, ਪੰਨੇ 1082-83

[56] ਉਪਰੋਕਤ ਵਰਣਿਤ, ਪੰਨੇ 1086-87

[57] ਉਪਰੋਕਤ ਵਰਣਿਤ, ਪੋਥੀ ਛੇਵੀਂ, ਪੰਨਾ 2627

ਵਿਆਖਿਆ ਤੋਂ ਉਪਰੰਤ ਸੰਬੰਧਿਤ ਸ਼ਬਦ ਦੇ ਪਾਠ (text) ਵਿਚ ਆਏ ਕਠਿਨ ਪਦਾਂ/ਸ਼ਬਦਾਂ ਦਾ ਨਿਰੁਕਤ ਵੀ ਭਾਈ ਸਾਹਿਬ ਨਾਲ-ਨਾਲ ਦਿੰਦੇ ਹਨ ਪਰ ਜਿਹੜੇ ਸ਼ਬਦ ਵਿਆਖਿਆ ਦੀ ਦ੍ਰਿਸ਼ਟੀ ਤੋਂ ਆਸਾਨ ਹੁੰਦੇ ਹਨ ਉਨ੍ਹਾਂ ਸ਼ਬਦਾਂ ਦਾ ਨਿਰੁਕਤ ਨਹੀਂ ਦਿੰਦੇ ਉਸ ਲਈ ਕੇਵਲ ਸ਼ਬਦ 'ਸੁਗਮ' ਹੀ ਲਿਖਦੇ ਹਨ।[58] ਸ਼ਬਦਾਂ ਦਾ ਨਿਰੁਕਤ ਦੇਣ ਵਕਤ ਉਹ ਸ਼ਬਦਾਂ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰਦੇ ਹਨ ਇਸ ਲਈ ਉਹ ਉਸ ਸ਼ਬਦ ਦਾ ਰੂਟ ਲਭਦੇ ਹਨ ਕਿ ਸ਼ਬਦ ਕਿਸ ਭਾਸ਼ਾ ਵਿਚੋਂ ਆਇਆ ਹੈ? ਪੰਜਾਬੀ ਭਾਸ਼ਾ ਵਿਚ ਉਸਦੀ ਵਰਤੋਂ ਦਾ ਢੰਗ ਕੀ ਹੈ, ਨੂੰ ਧਿਆਨ ਵਿਚ ਰੱਖਕੇ ਨਿਰੁਕਤ ਤਿਆਰ ਕਰਦੇ ਹਨ।

ਉਦਹਾਰਨ:

‘ ੳ. ਮਹਜ਼ਰ ਝੂਠਾ ਕਿਤੋਨੁ ਆਪਿ ਪਾਪੀ ਕੋ ਲਾਗਾ ਸੰਤਾਪੁ’ ਸ਼ਬਦ ਦੇ ਨਿਰੁਕਤ ਦਾ ਨਮੂਨਾ-ਨਿਰੁਕਤ

ਮਹਜਰੁ- [ਅ:, ਮਹਜ਼ਰ] ਮੇਜਰ ਨਾਮਾ, ਬਹੁਤਿਆਂ ਦੇ ਦਸਖ਼ਤਾਂ ਉਪਰ ਕੀਤੀ ਹੋਈ ਸ਼ਿਕਾਇਤ।

(ਅ) ਕਾਜ਼ੀ ਦਾ ਪੁਤ੍ਰ, ਕਚਹਿਰੀ ਦਾ ਸੰਮਣ, ਹਜ਼ੂਰੀ ਹਾਜ਼ਰੀ ਦਾ ਬੁਲਾਵਾ।

ਸੰਤਾਪੁ-[ਸੰਸ:, ਸੰਤਾਪ:] ਪੀੜਾ, ਦੁਖ ਦਿਲੀ ਪੀੜਾ। ਕਲੇਜਾ ਸਾੜਨ ਵਾਲਾ ਦੁਖ।

ਪਛੋੜੈ-[ਹਿੰਦੀ, ਪਛੋਰਨਾ] ਪਟਕਣਾ, (ਹਥ) ਮਲਣਾ।

ਅਦਲੀ- [ਅ:,ਅਦਲ=ਨਿਆਂ। ਇਸ ਤੋਂ ਅਦਲੀ=] ਨਿਆਂ ਕਰਨ ਵਾਲਾ।

ਦਰਬੁ-ਧੰਨ, ਸੰਪਦਾ, ਐਸ਼ਵਰਯ।

ਜੀਅ-ਜੀਵਨ, ਜ਼ਿੰਦਗੀਆਂ, ਜਾਨਾਂ।[59]

**8.5 ਤੁਲਨਾਤਮਕ ਵਿਆਖਿਆ**

ਗੁਰਬਾਣੀ ਦੀ ਵਿਆਖਿਆ ਕਰਦਿਆਂ ਭਾਈ ਸਾਹਿਬ ਜੀ ਤੁਲਨਾਤਮਕ ਵਿਆਖਿਆ ਦੀ ਪਧੱਤੀ ਨੂੰ ਅਪਣਾਉਂਦੇ ਹੋਏ ਵਿਆਖਿਆ ਵਿਸਥਾਰ ਕਰਦੇ ਹਨ ਪਰ ਇਹ ਕਾਰਜ ਕਰਦੇ ਉਹ ਸ੍ਰੀ ਗੁਰੂ

[58] ਉਪਰੋਕਤ ਵਰਣਿਤ, ਪੰਨੇ 2782-2783

[59] ਉਪਰੋਕਤ ਵਰਣਿਤ, ਪੋਥੀ ਤੀਜੀ, ਪੰਨਾ 1251

ਗ੍ਰੰਥ ਸਾਹਿਬ ਜੀ ਨੂੰ ਸਰਬਉਚ ਰਖਦੇ ਹੋਏ ਇਸ ਵਿਚਲੇ ਪਾਵਨ ਸੰਦੇਸ਼ ਨੂੰ ਜਨ ਸਾਧਾਰਨ ਤੱਕ ਪਹੁੰਚਾਣ ਦਾ ਜਤਨ ਕਰਦੇ ਹਨ।

**8.6 ਪੰਜਾਬੀ ਭਾਸ਼ਾ ਦੀ ਵਰਤੋਂ**

ਭਾਈ ਵੀਰ ਸਿੰਘ ਜੀ ਦੁਆਰਾ ਕੀਤਾ ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਇਸ ਲਈ ਵੀ ਮਹੱਤਵ ਪੂਰਨ ਬਣ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਇਸ ਟੀਕੇ ਦੀ ਭਾਸ਼ਾ ਪਾਠਕਾਂ ਦੀ ਪਹੁੰਚ ਅਤੇ ਸੋਚ ਨੂੰ ਵੇਖਦਿਆਂ ਸਿੰਘ ਸਭਾ ਲਹਿਰ ਦੇ ਪ੍ਰਯੋਜਨ ਨੂੰ ਸਮਝਦਿਆਂ ਠੇਠ ਪੰਜਾਬੀ ਭਾਸ਼ਾ ਚੁਣੀ। ਪੰਜਾਬੀ ਮਾਂ ਬੋਲੀ ਨੂੰ ਉਤਸਾਹਿਤ ਕਰਨ ਅਤੇ ਗੁਰਬਾਣੀ ਪ੍ਰੇਮੀਆਂ ਲਈ ਭਾਈ ਸਾਹਿਬ ਜੀ ਨੇ ਇਹ ਟੀਕਾ ਪੰਜਾਬੀ ਭਾਸ਼ਾ ਵਿਚ ਕੀਤਾ।

**<u>ਵਿਆਖਿਆ ਵੰਨਗੀ</u>**

**ਗਉੜੀ ਕਬੀਰ ਜੀ ਚਉਪਦਾ**

ਪ੍ਰਾਕਥਨ-ਪਿਛਲੇ ਸ਼ਬਦ ਵਿਚ ਵੈਰਾਗ ਦਾ ਉਪਦੇਸ਼ ਦੇ ਕੇ ਤਨ ਧਨ ਈਸ਼ਵਰ ਦਾ ਸਮਝ ਕੇ ਮੈਂ ਮੇਰੀ ਦੇ ਬੰਧਨ ਤੋਂ ਛੁੱਟਣ ਦਾ ਉਪਦੇਸ਼ ਸੀ। ਹੁਣ ਈਸ਼ਵਰ ਭਗਤੀ ਦਾ ਉਪਦੇਸ਼ ਤੇ ਪ੍ਰਕਾਰ ਦਸਦੇ ਹਨ, ਜਿਸ ਕਰਕੇ ਮੈਂ ਮੇਰੀ ਤਿਆਗਣ ਦੀ ਸਤਿਯ ਪੈਦਾ ਹੁੰਦੀ ਹੈ ਤੇ ਈਸ਼ਵਰ ਪ੍ਰਾਪਤੀ ਹੋ ਕੇ ਸਦਾ ਸੁਖ ਮਿਲਦਾ ਹੈ।

**ਮੂਲ**

**ਗਉੜੀ ॥ ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥ ਦੀਨ ਦਇਆਲ ਭਰੋਸੇ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥੧॥ ਰਹਾਉ ॥ ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲਘਾਵੈ ॥੨॥ ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥ ਚੂਕਿ ਗਈ ਫਿਰਿ ਆਵਨ ਜਾਨੀ ॥੩॥ ਕਹੁ ਕਬੀਰ ਭਜੁ ਸਾਰਿਗਪਾਨੀ ॥ ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥੨॥੧੦॥੬੧॥**

**ਅਰਥ**

ਹੇ ਜੀਵ! ਰਾਮ ਨੂੰ ਇਸ ਤਰ੍ਹਾਂ ਜਪੋ ਜਿਸ ਤਰ੍ਹਾਂ ਧ੍ਰੂ ਨੇ ਹਰੀ ਜਪਿਆ ਇਸ ਤਰ੍ਹਾਂ (ਜਪੋ, ਜਿਵੇਂ) ਪ੍ਰਹਿਲਾਦ ਨੇ (ਜਪਿਆ ਸੀ)॥੧॥ [ਹੁਣ ਅਰਦਾਸ ਕਰਦੇ ਹਨ!] ਹੇ ਦੀਨਾਂ ਤੇ ਦਇਆ ਕਰਨੇ ਵਾਲੇ (ਰਾਮ! ਮੈਂ) ਤੇਰੇ ਭਰੋਸੇ ਤੇ ਸਾਰਾ ਪਰਵਾਰ (ਰਾਮ-ਜਪ ਦੇ) ਬੇੜੇ ਚਾੜ੍ਹ ਦਿੱਤਾ ਹੈ ॥੧॥ ਰਹਾਉ ॥

[ਹੁਣ ਈਸ਼ਵਰ ਕ੍ਰਿਪਾ ਦੀ ਸਹਾਯਤਾ ਮੰਗਦੇ ਹਨ:] ਜਦੋਂ ਉਸ (ਰਾਮ) ਨੂੰ ਭਾਵੇਗਾ ਤਾਂ (ਸਾਥ ਆਪਣਾ) ਹੁਕਮ ਮਨਾਵੇਗਾ (ਤੇ ਤਦੋਂ) ਇਸ ਬੇੜੇ ਨੂੰ ਪਾਰ ਬੀ ਪਚਾ ਦੇਵੇਗਾ। (ਭਾਵ ਹੈ ਕਿ ਹੇ ਰਾਮ! ਤੇਰੇ ਹੁਕਮ ਦੀ ਮਦਦ ਬੇੜੇ ਨੂੰ ਪਾਰ ਕਰੇਗੀ ਓਹ ਸਾਨੂੰ ਦੇਹ) ॥੨॥

[ਹੁਣ ਗੁਰੂ ਦੀ ਹੋ ਗਈ ਕ੍ਰਿਪਾ ਤੇ ਪ੍ਰਾਪਤ ਪ੍ਰਾਪਤੀ ਦਾ ਪਤਾ ਦੇ ਕੇ ਉਪਦੇਸ਼ ਕਰਦੇ ਹਨ:-] ਗੁਰੂ ਦੀ ਕਿਰਪਾ ਕਰਕੇ (ਮੇਰੇ ਵਿਚ) ਐਸੀ ਬੁੱਧੀ ਸਮਾ ਗਈ ਹੈ। (ਕੈਸੀ ਬੁੱਧੀ? ਐਸੀ ਜੋ ਉੱਪਰ ਕਹੀ ਹੈ ਕਿ ਈਸ਼ਵਰ ਕ੍ਰਿਪਾ ਤੇ ਭਰੋਸਾ ਕਰਨਾ ਤੇ ਧ੍ਰੂ ਪ੍ਰਹਿਲਾਦ ਵਾਂਙੂ ਦ੍ਰਿੜ੍ਹ ਹੋ ਕੇ ਨਾਮ ਜਪਣਾ। ਇਸ ਬੁੱਧੀ ਕਰਕੇ) ਮੁੜ ਕੇ ਜਨਮ ਮਰਨ ਹੋਣਾ ਮਿਟ ਗਿਆ ਹੈ ॥੩॥

ਕਬੀਰ ਆਖਦਾ ਹੈ ਕਿ (ਹੇ ਜੀਵ!) ਪਰਮੇਸ਼ਰ ਦਾ ਭਾਜਨ ਕਰ। ਲੋਕ ਪ੍ਰਲੋਕ ਸਭ (ਥਾਵਾਂ ਦਾ ਸਹਾਈ ਉਸ) ਇਕੋ ਨੂੰ ਜਾਣ! (ਭਾਵ ਜਗਤ ਦੇ ਜਗਤ ਦੇ ਸੁਖ ਤੇ ਪਰਲੋਕ ਵਿਚ ਮੁਕਤੀ ਦੇਣ ਵਾਲਾ ਉਹ ਇੱਕੋ ਹੈ) ॥੪॥੨॥੧੦॥੬੧॥

**ਵਯਾਖਯਾ**

ਪਹਿਲੇ ਅੰਕ ਵਿਚ ਉਪਦੇਸ਼ ਦਿੰਦੇ ਹਨ ਕਿ ਧ੍ਰੂ ਤੇ ਪ੍ਰਹਿਲਾਦ ਭਗਤਾਂ ਵਾਂਙੂ ਨਾਮ ਜਪੋ। ਇਨ੍ਹਾਂ ਦੋਵਾਂ ਨੇ ਬੜੇ ਔਖੇ ਤੇ ਕਠਨ ਹਲਾਤ ਵਿਚ ਪਰਮ ਦ੍ਰਿੜ੍ਹਤਾ ਨਾਲ ਨਾਮ ਜਪ ਕੇ ਪਰਮ ਪਦ ਪਾਏ ਸਨ। ਇਹ ਕਹਿ ਕੇ ਇਸ ਭਾਵ ਵਿਚ ਜਾਂਦੇ ਹਨ ਕਿ ਮੈਂ ਯਾਂ ਕੋਈ ਹੋਰ ਆਪੇ ਤੇ ਮਾਣ ਕਰਕੇ ਕਿਵੇਂ ਨਾਮ ਜਪ ਸਕਦਾ ਹੈ; ਇਸ ਗੱਲ ਵਾਸਤੇ ਤਾਂ ਈਸ਼ਵਰ ਦੀ ਮੇਹਰ ਦੀ ਲੋੜ ਹੈ। ਇਸ ਲਈ ਅਰਦਾਸ ਵਿਚ ਪੈ ਜਾਂਦੇ ਹਨ ਕਿ ਇਹ ਗ੍ਰੀਬ ਤੇ ਮੇਹਰਾਂ ਕਰਨ ਵਾਲੇ ਰਾਮ! ਮੈਂ ਤਾਂ ਤੇਰੇ ਭ੍ਰੋਸੇ ਨਾਮ ਜਪ ਰਿਆਂ ਹਾਂ, ਤੇ ਇਸੇ ਭ੍ਰੋਸੇ ਤੇ ਮੈਂ ਸਾਰੇ ਪਰਵਾਰ ਨੂੰ ਨਾਮ ਸਿਮਰਨ ਰੂਪੀ ਜਹਾਜ਼ ਤੇ ਚਾੜ੍ਹ ਦਿੱਤਾ ਹੈ। ਪਰਵਾਰ ਤੋਂ ਭਾਵ ਨਿੱਜ ਦਾ ਪਰਵਾਰ ਇਸਤ੍ਰੀ, ਪੁੱਤ੍ਰ, ਭਰਾ-ਭਾਈ ਆਦਿ ਬੀ ਹੈ ਤੇ ਸਾਰੀ ਸਾਧ ਸੰਗਤਿ ਬੀ ਹੈ ਜੋ ਆਪ ਦੇ ਅਨਯਾਈ ਸੇ ਓਹ

ਉਨ੍ਹਾਂ ਦਾ ਨਾਦੀ ਪਰਵਾਰ ਸੀ। ਸ੍ਰੀ ਨਰੋਤਮ ਤਾਰਾ ਸਿੰਘ ਜੀ ਨੇ ਇਥੇ ਪਰਵਾਰ ਦਾ ਹੋਰ ਇਕ ਅੰਤ੍ਰੀਵ ਭਾਵ ਲਿਆ ਕਰਦੇ ਸਨ, ਉਹ ਸੀ:- ਅੰਤਹਕਰਨ, ਸਾਰੇ ਇੰਦ੍ਰੈ ਇਹ ਪਰਿਵਾਰ ਹੈ ਜੋ ਨਾਮ ਦੇ ਬੇੜੇ ਚਾੜਿਆ ਹੈ। ਪ੍ਰਸ਼ਨ ਹੁੰਦਾ ਹੈ ਕਿਕੁ? ਉਤਰ ਹੈ :- ਰਸਨਾ ਨਾਲ ਨਾਮ ਜਪਣਾ, ਕੰਨਾਂ ਨਾਲ ਹਰਿ ਕੀਰਤਨ ਸੁਣਨਾ, ਨੇਤ੍ਰਾਂ ਨਾਲ ਨਾਮੀ ਪੁਰਖਾਂ ਦੇ ਦਰਸ਼ਨ ਕਰਨੇ, ਹੱਥਾਂ ਨਾਲ ਸੇਵਾ, ਪੈਰਾਂ ਨਾਲ ਸਤਿਸੰਗ ਵਿਚ ਟੁਰਕੇ ਜਾਣਾ। ਇੰਦ੍ਰਿਆਂ ਨੂੰ ਐਉਂ ਜਹਾਜੇ ਚਾੜ੍ਹਿਆ ਹੈ। ਅੰਤਹਕਰਣ ਨੂੰ ਐਉਂ ਚਾੜ੍ਹਿਆ ਹੈ-ਮਨ ਨਾਲ ਨਾਮ ਸਿਮਰਨ ਕਰਨਾ, ਬੁੱਧੀ ਨਾਲ ਸਿਮਰਨ ਨੂੰ ਨਿਸ਼ਚੈ ਤੇ ਦ੍ਰਿੜ੍ਹ ਕਰਨਾ, ਚਿਤ ਨਾਲ ਸਿਮਰਨ ਦਾ ਅਜਪਾ ਰੂਪ ਵਿਚ ਰਹਿਣਾ, ਹੋਰ ਚਿਤਵਨੀ ਨਾਂ ਫੁਰਨ ਦੇਣੀ, ਸੂਖਮ ਹੰਕਾਰ ਵਿਚ ਨਾਮ ਨੇ ਜਾ ਕੇ ਨਾਮੀ ਦੀ ਲੈ ਵਿਚ ਲੈ ਟੁਰਨਾ ਹੈ ਤੇ ਮੈਂ ਨੂੰ ਲੀਨ ਕਰ ਦੇਣਾ ਹੈ। ਬਾਕੀ ਰਹੇ ਸਵਾਸਾਂ ਸੋ ਮੈਂ ਸੁਆਸ ਬੀ ਨਾਮ ਵਿਚ ਸਫਲੇ ਕਰਨੇ ਹਨ, ਅਰਥਾਤ ਵਿਸ਼ੇਸ਼ ਲੋੜ ਪਈ ਤੇ ਨਾਮ ਨੂੰ ਸਵਾਸਾਂ ਨਾਲ ਮੇਲ ਕੇ ਜਪਣਾ ਤੇ ਸਿਮਰਨਾ ਹੈ। ਇਹ ਸਵਾਸਾਂ ਦਾ ਜਹਾਜੇ ਚੜ੍ਹਨਾ ਹੈ।

ਅੰਕ 2 ਵਿਚ ਫੁਰਮਾਉਂਦੇ ਹਨ ਕਿ ਉਪਰਲੇ ਅੰਕਾਂ ਵਿਚ ਕਥੀ ਸੁਮਤੀ ਕਿਥੋਂ ਪ੍ਰਾਪਤ ਹੋਈ ਹੈ? ਤਾਂ ਦਸਦੇ ਹਨ ਕਿ ਗੁਰੂ ਤੋਂ ਐਸੀ ਬੁੱਧੀ ਮਿਲੀ ਤੇ ਸਾਡੇ ਅੰਦਰ ਸਮਾ ਗਈ। ਸਮਾ ਗਈ ਦਾ ਭਾਵ ਹੈ ਕਿ ਸੁਭਾਵ ਰੂਪ ਹੋ ਗਈ ਹੈ, ਅਮਲ ਵਿਚ ਆ ਗਈ। ਜੋ ਬੁੱਧੀ ਅੰਦਰ ਸਮਾ ਜਾਵੇ ਉਹ ਜੀਵ ਤੋ ਉਹ ਬੁੱਧੀ ਅੰਦਰ ਸਮਾ ਜਾਵੇ ਉਹ ਜੀਵ ਤੋਂ 'ਸਮਝੀ ਹੋਈ' ਬਾਤ ਤੇ ਅਮਲ ਕਰਵਾਓਂਦੀ ਹੈ। ਉਸ ਅੰਦਰ ਸਮਾਈ ਬੁਧੀ ਤੇ ਉਸ ਤੋਂ ਅਮਲ ਵਿਚ ਆਈ ਸਾਰੀ ਕਰਨੀ ਨੇ ਜਨਮ ਮਰਨ ਚੁਕਾ ਦਿੱਤਾ, ਭਾਵ ਪਰਮ ਪਦ-ਨਿਹਚਲ ਪਦ-ਤੇ ਪੁਚਾ ਦਿੱਤਾ।

ਅੰਕ ਚਾਰ ਵਿਚ ਉਪਦੇਸ਼ ਕਰਦੇ ਹਨ ਕਿ ਪਰਮੇਸੁਰ ਦਾ ਭਜਨ ਕਰ, ਲੋਕ ਪਰਲੋਕ ਵਿਚ ਤੇਰੇ ਲਈ ਕੀਹ ਭਲਾ ਹੈ, ਇਸ ਗਲ ਦੇ ਜਾਣਨੇ ਵਾਲਾ ਉਹੀ ਹੈ, ਸੋ ਉਸੇ ਨੂੰ ਆਪਣਾ ਸਹਾਇਕ ਸਮਝ। (ਅ)ਅਥਵਾ- ਸਰੀਰਕ ਲੋੜਾਂ ਦਾ ਫ਼ਿਕਰ ਨਾ ਕਰ, ਲੋਕ ਪ੍ਰਲੋਕ ਸਭ ਥਾਵਾਂ ਵਿਚ ਦਾਨੀ (=ਦਾਤਾ) ਉਹੋ ਇਕੋ ਪ੍ਰਭੂ ਹੈ। ਸਾਰੇ ਸ਼ਬਦ ਦਾ ਤੱਤ ਇਹ ਹੈ:- ਪਹਿਲੇ ਅੰਕ ਵਿਚ-ਜੀਵ ਨੂੰ ਉੱਦਮ ਦਾ ਉਪਦੇਸ਼ ਦਿਤਾ ਹੈ।

ਕਿ ਤਕੜਾ ਹੋ ਕੇ ਦ੍ਰਿੜ੍ਹਤਾ ਨਾਲ ਲੱਗ ਤੇ ਦੁੱਖ ਸੁੱਖ ਦੀ ਪਰਵਾਹ ਨਾ ਕਰਕੇ ਨਾਮ ਨਾਲ ਇਕਾਂਕੀ ਪ੍ਰੀਤ ਕਰ।

ਰਹਾਉ ਤੇ ਅੰਕ 2 ਵਿਚ ਈਸ਼ਵਰ ਦੇ ਆਸਰੇ ਪਰਨੇ ਹੋ ਕੇ ਨਾਮ ਜਪਣ ਦੀ ਸੁਮਤਿ ਦਿੱਤੀ ਤੇ ਦੱਸਿਆ ਹੈ ਕਿ ਨਾਮ ਨੇ ਹੁਕਮ ਯਾਂ ਰਜਾ ਤੇ ਲੈ ਜਾਣਾ ਹੈ ਪਰ ਈਸ਼ਵਰ ਅਨੁਗ੍ਰਹ ਨਾਲ।

ਅੰਕ 3 ਵਿਚ ਨਾਮ ਜਪਣ ਦੀ ਪ੍ਰੇਰਨਾ, ਇਸ ਦੇ ਲਾਭ, ਇਸ ਦਾ ਪ੍ਰਕਾਰ, ਹੁਕਮ ਦੀ ਸੋਝੀ, ਇਨ੍ਹਾਂ ਗਲਾਂ ਲਈ ਗੁਰੂ ਦੇ ਸਤਿਸੰਗ ਦੀ ਲੋੜ ਦੱਸੀ ਹੈ।

ਅੰਕ 4 ਵਿਚ ਨਾਮ ਸਿਮਰਦਿਆਂ ਜੋ ਸੰਸਾਰਕ ਲੋੜਾਂ ਯਾਂ ਪ੍ਰਲੋਕ ਦੇ ਭੈ ਆਦਿ ਹੁੰਦੇ ਹਨ ਉਨ੍ਹਾਂ ਦਾ ਦਾਰੂ ਦੱਸਿਆ ਹੈ ਕਿ ਏਹ ਨਾਮ ਤੇ ਈਸ਼ਵਰ ਤੇ ਛੱਡ, ਉਸ ਤੇ ਸਿਦਕ ਧਾਰ ਕੇ ਭਜਨ ਕਰ ਓਹ ਆਪੇ ਸਭ ਕੁਛ ਤੇਰੇ ਲਈ ਕਰੇਗਾ।

**ਨਿਰੁਕਤ**

ਧ੍ਰੂ- [ਸ਼ਂ:, ਧ੍ਰੁਵ:=ਰਾਜਾ ਉਤਾਨਪਾਦ ਦੇ ਪੁੱਤਰ ਦਾ ਨਾਮ] ਇਕ ਭਗਤ ਹੋਇਆ ਹੈ। ਇਹ ਰਾਜੇ ਉਤਾਨਪਾਦ ਦਾ ਪੁੱਤ੍ਰ ਸੀ। ਇਕ ਦਿਨ ਇਹ ਪਿਤਾ ਦੀ ਝੋਲੀ ਵਿਚ ਆ ਬੈਠਾ ਤਾਂ ਖੁਣਸ ਦੀ ਮਾਰੀ ਮਤੇਈ ਮਾਂ ਨੇ ਝੋਲੀਓਂ ਪਟਕ ਕੇ ਪਰੇ ਧੱਕ ਦਿਤਾ। ਡਿਡੋਲਿਕਾ ਹੋ ਕੇ ਮਾਂ ਪਾਸ ਆਇਆ ਤਾਂ ਮਾਂ ਨੇ ਕਿਹਾ: ਪੁੱਤ੍ਰ! ਰਾਜ ਤੇ ਰਾਜ ਦੇ ਆਨੰਦ ਭਗਤੀ ਨਾਲ ਪ੍ਰਾਪਤ ਹੁੰਦੇ ਹਨ, ਤੂੰ ਨਹੀਂ ਕੀਤੀ ਹੋਣੀ ਜੋ ਵਾਂਜਿਆਂ ਚਲਿਆ ਹੈਂ। ਇਹ ਸੁਣਕੇ ਧ੍ਰੂ ਬਨਾ ਨੂੰ ਚਲਾ ਗਿਆ, ਓਥੇ ਨਾਰਦ ਮੁਨੀ ਮਿਲ ਪਿਆ, ਉਸ ਨੇ ਸਾਰੀ ਵਿਥਿਆ ਸੁਣ ਕੇ ਉਸਨੂੰ ਈਸ਼ਵਰ ਭਗਤੀ ਵਿਚ ਲਗਾ ਦਿਤਾ। ਭਗਤੀ ਵਿਚ ਧ੍ਰੂ ਐਸਾ ਲੱਗਾ ਕਿ ਅਟੱਲ ਪਦਵੀ ਨੂੰ ਪ੍ਰਾਪਤ ਹੋਇਆ, ਜਿਥੇ ਪਹੁੰਚ ਕੇ ਉਸ ਨੂੰ ਰਾਜ ਭਾਗ ਦੀ ਲਾਲਸਾ ਹੀ ਮਿਟ ਗਈ। ਭਗਤੀ ਵਿਚ ਇਸ ਦੀ ਦ੍ਰਿੜ੍ਹਤਾ ਕਮਾਲ ਦੀ ਹੈ।

ਪ੍ਰਹਿਲਾਦ- [ਸੰਸਾ. ਪ੍ਰਹਲਾਦ] ਹਰਣਾਖਸ਼ ਦੈਂਤ ਦਾ ਪੁਤ੍ਰ ਸੀ। ਜੋ ਮੁਲਤਾਨ ਹੋਇਆ ਦੱਸੀਦਾ ਸੀ। ਪਿਤਾ ਨਾਸਤਕ ਸੀ, ਪੁੱਤ੍ਰ ਭਗਤੀ ਵਾਲਾ ਸੀ। ਪਿਤਾ ਨੇ ਇਸ ਨੂੰ ਬੜੇ ਦੁੱਖ ਦਿਤੇ ਕਿ ਕਿਵੇਂ ਭਗਤੀ ਛੋਡ ਦੇਵੇ, ਪਰ ਇਹ ਨਾ ਡੋਲਿਆ ਤੇ ਸਾਰੇ ਕਸ਼ਟ ਸਹਾਰ ਕੇ ਭਗਤੀ ਵਿਚ ਲਗਾ ਰਿਹਾ। ਦੁਖਾਂ ਦੇ ਟਾਕਰੇ ਤੇ ਨਾ

ਡੋਲਣਾ ਤੇ ਭਗਤੀ ਤੋਂ ਮੂੰਹ ਨਾ ਮੋੜਨਾ  ਇਸ ਸਾਵਧਾਨਤਾ ਤੇ ਜੇਰੇ ਲਈ ਪ੍ਰਹਿਲਾਦ ਦੀ ਭਗਤੀ ਇਕ ਮਿਸਾਲ ਹੈ।

### 9) ਸੰਪ੍ਰਦਾਈ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ (ਅਮੀਰ ਭੰਡਾਰ), (ਸੰਤ ਕਿਰਪਾਲ ਸਿੰਘ)

ਸੰਤ ਅਮੀਰ ਸਿੰਘ ਦਾ ਜਨਮ 1870 ਈ. ਨੂੰ ਸ੍ਰੀ ਮਾਨ ਸੰਤ ਪ੍ਰੇਮ ਸਿੰਘ ਜੀ ਅਤੇ ਮਾਤਾ ਠਾਕਰ ਦੇਵੀ ਦੇ ਗ੍ਰਹਿ ਵਿਖੇ ਪਿੰਡ ਦਰਗਾਹੀ ਸਾਹ ਜ਼ਿਲ੍ਹਾ ਝੰਗ, ਪਾਕਿਸਤਾਨ ਵਿਖੇ ਹੋਇਆ। ਸੰਤ ਜਵਾਹਰ ਸਿੰਘ ਦੀ ਸੰਗਤ ਕਰਕੇ ਛੋਟੀ ਉਮਰੇ ਹੀ ਗੁਰਮਤਿ ਦੇ ਪਿਆਰ ਵਿਚ ਭਿੱਜ ਚੁੱਕੇ ਬਾਲਕ ਅਮੀਰ ਸਿੰਘ ਨੇ ਗਿਆਨੀ ਭਗਵਾਨ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪ੍ਰਦਾਈ ਅਰਥ ਅਤੇ ਗਿਆਨੀ ਬਖਸ਼ੀਸ਼ ਸਿੰਘ ਤੋਂ ਦਸਮ ਗ੍ਰੰਥ ਦੀ ਵਿਦਿਆ ਪ੍ਰਾਪਤ ਕੀਤੀ। ਗੁਰਮਤਿ ਵਿਦਿਆ ਪ੍ਰਾਪਤ ਕਰਨ ਉਪਰੰਤ ਆਪ ਜੀ ਨੇ ਲਗਭਗ 60 ਸਾਲ ਗੁਰਮਤਿ ਦਾ ਪ੍ਰਚਾਰ ਕਰਦਿਆਂ ਹੋਇਆਂ ਅਨੇਕਾਂ ਹੀ ਵਿਦਿਆਰਥੀਆਂ ਨੂੰ ਗੁਰਮਤਿ ਵਿਦਿਆ ਦੀ ਦਾਤ ਬਖਸ਼ੀ। ਸੰਤ ਗਿਆਨੀ ਅਮੀਰ ਸਿੰਘ ਜੀ ਨੇ ਗੁਰਮਤਿ ਪ੍ਰਚਾਰ ਤਾਂ ਕੀਤਾ ਪਰ ਉਨ੍ਹਾਂ ਨੇ ਲਿਖਤੀ ਰੂਪ ਵਿਚ ਕੋਈ ਵੀ ਪੁਸਤਕ ਸੰਗਤ ਦੇ ਭੇਟ ਨਹੀ ਕੀਤੀ ਪਰ ਉਨ੍ਹਾਂ ਪਾਸੋਂ ਸੀਨਾ-ਬਸੀਨਾ ਚਲੇ ਆ ਰਹੇ ਅਰਥਾਂ ਨੂੰ ਟੀਕੇ ਦਾ ਰੂਪ ਸੰਤ ਕਿਰਪਾਲ ਸਿੰਘ ਜੀ ਨੇ ਦਿਤਾ। ਇਸ ਟੀਕੇ ਦਾ ਨਾਮ ਵੀ ਉਨ੍ਹਾਂ ਨੇ ਸੰਤ ਅਮੀਰ ਸਿੰਘ ਦੇ ਨਾਂ ਤੇ ਹੀ 'ਸ੍ਰੀ ਅਮੀਰ ਭੰਡਾਰ' ਰੱਖਿਆ। ਇਥੇ ਵਡੱਪਣ ਸੰਤ ਕਿਰਪਾਲ ਸਿੰਘ ਜੀ ਦਾ ਹੈ ਕਿ ਉਨ੍ਹਾਂ ਨੇ ਆਪਣੇ ਗੁਰੂ (ਉਸਤਾਦ) ਦੀ ਕਿਰਤ ਨੂੰ ਗੁਰੂ (ਉਸਤਾਦ) ਦੇ ਨਾਮ ਹੇਠ ਹੀ ਛਾਪਿਆ। ਆਪਣੇ ਨਾਮ ਨੂੰ ਵਡਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਸੰਤ ਕਿਰਪਾਲ ਸਿੰਘ ਦਾ ਜਨਮ ਸਰਦਾਰ ਪ੍ਰਤਾਪ ਸਿੰਘ ਅਤੇ ਮਾਤਾ ਫੂਲ ਕੌਰ ਜੀ ਦੇ ਘਰ 7 ਨਵੰਬਰ 1915 ਈ. ਨੂੰ ਸੱਤੋ ਵਾਲੀ ਗਲ਼ੀ, ਸ੍ਰੀ ਅੰਮ੍ਰਿਤਸਰ ਸਾਹਿਬ, ਵਿਖੇ ਹੋਇਆ। ਛੋਟੀ ਉਮਰ ਵਿਚ ਹੀ ਸੰਤ ਅਮੀਰ ਸਿੰਘ ਜੀ ਦੀ ਸੰਗਤ ਪ੍ਰਾਪਤ ਹੋ ਗਈ। ਸੰਤ ਅਮੀਰ ਸਿੰਘ ਜੀ ਪਾਸ ਗੁਰਮਤਿ ਦੀ ਵਿਦਿਆ ਲੈਂਦੇ ਹੋਏ ਸੰਤ ਕਿਰਪਾਲ ਸਿੰਘ ਲਗਾਤਾਰ 27 ਸਾਲ ਆਪਣੇ ਘਰ ਵੀ ਨਹੀਂ ਗਏ। ਸੰਤ ਕਿਰਪਾਲ ਸਿੰਘ ਜੀ ਨੇ ਸੰਤ ਅਮੀਰ ਸਿੰਘ ਜੀ ਤੋਂ ਸੀਨਾ-ਬਸੀਨਾ

ਅਰਥਾਂ ਦੀ ਚੱਲ ਰਹੀ ਪਰੰਪਰਾ ਅਨੁਸਾਰ ਗੁਰਬਾਣੀ ਦੇ ਅਰਥ ਵਾਚੇ ਅਤੇ ਉਨ੍ਹਾਂ ਨੂੰ ਲਿਖਤੀ ਰੂਪ ਦਿੱਤਾ। ਇਹ ਟੀਕਾ ਦਸ ਭਾਗਾਂ ਵਿਚ ਪ੍ਰਕਾਸ਼ਿਤ ਹੋਇਆ ਹੈ। ਇਸ ਟੀਕੇ ਦੀ ਬੋਲੀ, ਸ਼ੈਲੀ ਅਤੇ ਇਸ ਵਿਚਲੀਆਂ ਵਰਤੀਆਂ ਸਾਖੀਆਂ ਅਤੇ ਭਾਵ-ਅਰਥ ਕਰਕੇ ਇਹ ਟੀਕਾ ਆਮ ਸੰਗਤ ਅਤੇ ਜਗਿਆਸੂਆਂ ਲਈ ਪੜਣਾ ਅਤੇ ਸਮਝਣਾ ਆਸਾਨ ਹੈ। ਟੀਕੇ ਦੇ ਤਤਕਰੇ ਵਿਚ ਜਿਸ ਸ਼ਬਦ ਵਿਚ ਸਾਖੀ ਆਉਂਦੀ ਹੈ, ਉਸ ਦਾ ਵੇਰਵਾ ਵੀ ਤਤਕਰੇ ਵਿਚ ਹੀ ਦਿੰਦੇ ਹਨ। ਇਸ ਟੀਕੇ ਵਿਚ ਸਾਖੀਆਂ ਦੀ ਭਰਮਾਰ ਹੈ। ਸਮੁੱਚੇ ਸ਼ਬਦ ਦੀ ਇਕੱਠੀ ਵਿਆਖਿਆ ਕਰਨ ਦੀ ਥਾਂ ਤੁਕਵਾਰ ਹੀ ਅਰਥ ਕੀਤੇ ਹਨ ਪਰ ਕਈ ਵਾਰ ਇਕ ਸ਼ਬਦ ਪੰਕਤੀ ਦੇ ਬਹੁ ਅਰਥ ਵੀ ਕਰਦੇ ਹਨ। ਸਮੁੱਚੇ ਟੀਕੇ ਦੇ ਅਧਿਐਨ ਤੋਂ ਬਾਅਦ ਇਸ ਵਿਚਲੇ ਪ੍ਰਮੁੱਖ ਲੱਛਣ ਜੋ ਪ੍ਰਗਟ ਹੁੰਦੇ ਹਨ ਉਹ ਨਿਮਨ ਹਨ-

**9.1 ਉਥਾਨਕਾ**

**9.2 ਸਹਿਜ ਵਿਆਖਿਆ**

**9.3 ਤੁਕਵਾਰ ਅਰਥ**

**9.4 ਅਨੇਕਾਰਥ**

**9.5 ਸਾਖੀ ਪ੍ਰਮਾਣ**

**9.6 ਪ੍ਰਸ਼ਨੋਤਰੀ ਵਿਧੀ**

**9.7 ਤੁਲਨਾਤਮਿਕ ਵਿਆਖਿਆ**

**9.8 ਹੋਰਨਾਂ ਗ੍ਰੰਥਾਂ ਵਿਚੋਂ ਹਵਾਲੇ**

### 9.1 ਉਥਾਨਕਾ

ਸੰਪ੍ਰਦਾਇ ਸਟੀਕ ਦੀ ਇਹ ਵਿਲੱਖਣਤਾ ਹੈ ਕਿ ਇਸ ਵਿਚ ਆਈਆਂ ਲੰਮੇਰੀਆਂ ਬਾਣੀਆਂ ਜਪੁਜੀ, ਬਾਰਹਮਾਹਾ, ਸੁਖਮਨੀ, ਅਲਾਹਣੀਆਂ, ਅਨੰਦੁ, ਸਦੁ, ਲਾਵਾਂ, ਗਾਥਾ, ਫੁਨਹੇ, ਚਉਬੋਲੇ ਆਦਿ ਬਾਣੀਆਂ ਦੀ ਉਥਾਨਕਾ ਅਤੇ ਇਤਿਹਾਸ ਨਾਲ ਸੰਬੰਧਤ ਸ਼ਬਦਾਂ ਦੀ ਉਥਾਨਕਾ ਵੀ ਦਿੱਤੀ ਗਈ ਹੈ।

### 9.2 ਸਹਿਜ ਵਿਆਖਿਆ

ਸੰਪ੍ਰਦਾਇ ਸਟੀਕ ਵਿਚ ਗੁਰਬਾਣੀ ਵਿਆਖਿਆ ਕਰਨ ਦਾ ਇਹ ਨੁਕਤਾ ਸਭ ਤੋਂ ਅਹਿਮ ਹੈ ਕਿਉਂਕਿ ਕਿਸੇ ਸ਼ਬਦ ਵਿਚਲੇ ਭਾਵ ਨੂੰ ਸਮਝਣ ਲਈ ਵਾਰ-ਵਾਰ ਗੁਰਬਾਣੀ ਦੀਆਂ ਪੰਕਤੀਆਂ ਦੇ ਹਵਾਲੇ ਦਿੱਤੇ ਜਾਂਦੇ ਹਨ।

ਅਮੀਰ ਭੰਡਾਰ ਦੀ ਤੀਜੀ ਪੋਥੀ ਦੇ ਪੰਨਾ 253 'ਤੇ 'ਛੋਡਿ ਛੋਡਿ ਰੇ ਬਿਖਿਆ ਕੇ ਰਸੂਆ॥ ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ॥ ਇਸ ਪੰਕਤੀ ਦੀ ਵਿਆਖਿਆ ਕਰਦਿਆਂ ਹੋਇਆਂ ਸਹਿਜ ਵਿਆਖਿਆ ਦੇ ਰੂਪ ਵਿਚ ਪੇਸ਼ ਕਰਦੇ ਹੋਏ ਗੁਰਬਾਣੀ ਦਾ ਹਵਾਲਾ ਦਿੰਦੇ ਹਨ-

ੳ. ਯਥਾ- ਅਨਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ ॥

ਇਹ ਬਿਖਿਆ ਦਿਨ ਚਾਰਿ ਛਿਅ ਛਾਡਿ ਚਲਿਓ ਸਭੁ ਕੋਇ ॥[60]

ਅ. ਸਚ ਪਉੜੀ ਸਾਚਉ ਮੁਖਿ ਨਾਂਉ॥ ਸਤਿਗੁਰੁ ਸੇਵਿ ਪਾਏ ਨਿਜ ਥਾਉ॥[61]

ਅਮੀਰ ਭੰਡਾਰ ਦੀ ਚੌਥੀ ਪੋਥੀ ਦੇ ਪੰਨਾ 41 ਤੇ 'ਸਚੁ ਪਉੜੀ ਸਾਚਉ ਮੁਖਿ ਨਾਂਉ॥' ਇਸ ਪੰਕਤੀ ਦੀ ਵਿਆਖਿਆ ਕਰਦੇ ਹੋਇਆਂ ਜਪੁਜੀ ਦੀ 32 ਵੀ ਪਉੜੀ ਰਾਹੀਂ ਵਿਆਖਿਆ ਕਰਦੇ ਹਨ:-

ੲ. ਯਥਾ- ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥

ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥

ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥

ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥[62]

### 9.3 ਤੁਕਵਾਰ ਅਰਥ

---

[60] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 253

[61] ਉਪਰੋਕਤ ਵਰਣਿਤ, ਪੰਨਾ 351

[62] ਉਪਰੋਕਤ ਵਰਣਿਤ, ਪੰਨਾ 7

ਸੰਤ ਕਿਰਪਾਲ ਸਿੰਘ ਜੀ ਦੀ ਇਹ ਖ਼ਾਸੀਅਤ ਹੈ ਕਿ ਉਹ ਪਾਠਕਾਂ ਦੀ ਸਹੂਲਤ ਲਈ ਸਮੁੱਚੇ ਸ਼ਬਦ ਦੀ ਵਿਆਖਿਆ ਇਕ ਜਗ੍ਹਾਂ ਦੇਣ ਦੀ ਬਜਾਏ ਇਕਲੀ-ਇਕਲੀ ਤੁਕ ਦਾ ਅਰਥ ਕਰਦੇ ਹਨ। ਇਸ ਲਈ ਉਹ ਕੋਈ ਵਖਰੇ ਤੌਰ ਤੇ ਪਦ-ਅਰਥ ਨਹੀਂ ਦਿੰਦੇ ਬਲਕਿ ਤੁਕ ਦਾ ਅਰਥ ਕਰਦਿਆਂ ਕਠਿਨ ਪਦ ਦਾ ਅਰਥ () ਬਰੈਕਟ ਵਿਚ ਕਰਦੇ ਹਨ।

**9.4 ਅਨੇਕਾਰਥ**

ਸੰਪ੍ਰਦਾਇ ਸਟੀਕ ਦਾ ਇਕ ਅਹਿਮ ਪਹਿਲੂ ਇਹ ਵੀ ਹੈ ਕਿ ਇਸ ਵਿਚ ਕਈ ਸ਼ਬਦਾਂ ਜਾਂ ਕਈ ਪੰਕਤੀਆਂ ਦੇ ਇਕ ਤੋਂ ਵਧੇਰੇ ਅਰਥ ਵੀ ਕੀਤੇ ਮਿਲਦੇ ਹਨ। ਇਸ ਵਿਚ ਵਿਆਖਿਆਕਾਰ ਦੀ ਵਿਦਵਤਾ ਦਾ ਪ੍ਰਗਟਾਵਾ ਵੀ ਹੁੰਦਾ ਹੈ ਅਤੇ ਦੂਸਰਾ ਗੁਰਬਾਣੀ ਵਿਚਲੇ ਗੂੜ ਰਹੱਸ ਨੂੰ ਸੌਖੇ ਢੰਗ ਨਾਲ ਸਮਝਿਆ ਜਾ ਸਕਦਾ ਹੈ। ਇਸ ਲਈ ਵਿਆਖਿਆਕਾਰ ਨੇ ਇਕ ਤੋਂ ਵਧੀਕ ਅਰਥ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ ਤਾਂ ਕਿ ਗੁਰਮਤਿ ਵਿਦਿਆ ਪ੍ਰੇਮੀ ਅਤੇ ਵਿਦਿਆਰਥੀਆਂ ਨੂੰ ਇਸ ਦਾ ਲਾਭ ਪਹੁੰਚ ਸਕੇ।

ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥ ਇਨ ਬਿਧਿ ਨਗਰੁ ਵੁਠਾ ਮੇਰੇ ਭਾਈ ॥ ਪੰਕਤੀ ਦੇ ਇਕ ਤੋਂ ਵੱਧ ਅਰਥ ਵੇਖੇ ਜਾ ਸਕਦੇ ਹਨ

ਪਹਿਲਾ ਅਰਥ- ਹੇ ਮੇਰੇ ਭਾਈ ਇਸ ਵਿਧੀ ਨਾਲ ਸ੍ਰੀ ਅੰਮ੍ਰਿਤਸਰ ਨਗਰ ਵੁਠਾ=ਵਸਿਆ।

ਪ੍ਰਸ਼ਨ- ਅੰਤਹ ਕਰਣ ਰੂਪੀ ਨਗਰ ਕਿਵੇਂ ਵਸਿਆ?

ਉਤਰ- ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥

ਦੂਜਾ ਅਰਥ- ਪੰਜ ਸੱਤ ਸੰਤੋਖ ਆਦਿਕ ਮਨਾਏ ਅਤੇ ਪੰਜ ਕਾਮ ਕ੍ਰੋਧ ਆਦਿਕ ਰੁਸਾਏ। ਜੇਹੜੇ ਪੰਜ ਸੱਤ ਸੰਤੋਖ ਆਦਿਕ ਮਨਾਏ ਸਨ, ਉਹ ਪੰਜ ਚੰਗੀ ਤਰ੍ਹਾਂ ਵਸਾਏ, ਤੇ ਜਿਹੜੇ ਪੰਜ ਕਾਮ ਕ੍ਰੋਧ ਆਦਿਕ ਰੁਸਾਏ ਸਨ, ਉਹ ਪੰਜ ਚੰਗੀ ਤਰ੍ਹਾਂ ਗੁਆ ਦਿਤੇ।

ਤੀਜਾ ਅਰਥ- ਅੰਨਵੇ ਅੱਖਰ ਲਾਉਣੇ:- ਪੰਚ ਵਸਾਏ=ਪੰਜਾਂ ਤੱਤਾਂ ਦੀ ਰਹਿਣੀ ਨੂੰ ਵਸਾਉਣਾ ਕੀਤਾ, ਤੇ ਪੰਚ ਗਵਾਏ=ਪੰਜਾਂ ਵਿਸ਼ਿਆਂ ਨੂੰ ਗੁਆਣਾ ਕੀਤਾ। ਜੇਹੜੀ ਪੰਜਾਂ ਤੱਤਾਂ ਦੀ ਰਹਿਣੀ ਨੂੰ ਵਸਾਇਆ ਹੈ, ਉਨ੍ਹਾਂ ਪੰਜਾਂ ਨੂੰ ਚੰਗੀ ਤਰ੍ਹਾਂ ਮਨਾਯਾ। ਅਤੇ ਜੇਹੜੇ ਪੰਜ ਵਿਸ਼ਿਆਂ ਨੂੰ ਗੁਆਣਾ ਕੀਤਾ ਸੀ। ਉਹਨਾਂ ਪੰਜਾਂ ਨੂੰ ਚੰਗੀ ਤਰ੍ਹਾਂ ਰੁਸਾਇਆ।

ਚੌਥਾ ਅਰਥ- ਪੰਚ ਰੁਸਾਏ=ਪੰਜ ਜੇਹੜੇ ਸੰਤੋਖ ਆਦਿਕ ਰੁਸਾਏ ਹੋਏ ਸਨ, ਉਹ ਤਾਂ ਪੰਜ ਮਨਾਉਣਾ ਕੀਤੇ। ਅਤੇ ਪੰਜ ਵਸਾਏ=ਪੰਜ ਜੇਹੜੇ ਕਾਮ ਕ੍ਰੋਧ ਆਦਿਕ ਵਸਾਏ ਹੋਏ ਸਨ, ਉਹ ਪੰਜ ਗੁਆਣਾ ਕੀਤੇ।

ਪੰਜਵਾਂ ਅਰਥ- ਸਿਧਾ ਕੀਤੀ ਜਾਣਾ:- ਪੰਜ ਸੱਤ ਸੰਤੋਖ ਆਦਿਕ ਮਨਾਏ। ਪੰਜ ਕਾਮ ਕ੍ਰੋਧ ਆਦਿਕ ਰੁਸਾਏ।

ਪੰਚ ਵਸਾਏ= ਪੰਜਾਂ ਤੱਤਾਂ ਦੀ ਰਹਿਣੀ ਨੂੰ ਵਸਾਣਾ ਕੀਤਾ।

ਪੰਚ ਗਵਾਏ= ਪੰਜ ਵਿਸ਼ਿਆਂ ਨੂੰ ਗੁਆ ਦਿਤਾ।

ਇਨ ਬਿਧਿ ਨਗਰੁ ਵੁਠਾ ਮੇਰੇ ਭਾਈ।।

ਹੇ ਮੇਰੇ ਭਾਈ ! ਇਸ ਵਿਧੀ ਨਾਲ ਸਤਿਸੰਗ, ਅਥਵਾ:- ਅੰਤਹ ਕਰਣ ਰੂਪੀ ਨਗਰ ਵਸਿਆ।[63]

## 9.5 ਸਾਖੀ ਪ੍ਰਮਾਣ

ਗੁਰਬਾਣੀ ਦੇ ਬਾਕੀ ਟੀਕਿਆਂ ਨਾਲੋਂ ਇਸ ਟੀਕੇ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ ਵਿਚਾਰਧੀਨ ਸ਼ਬਦ ਨਾਲ ਸੰਬੰਧਿਤ ਸਾਖੀ ਵੀ ਜਰੂਰ ਦਿੱਤੀ ਗਈ ਹੈ ਪਰ ਇਥੇ ਇਹ ਵੀ ਯਾਦ ਰਹੇ ਕਿ ਹਰ ਸ਼ਬਦ ਨਾਲ ਸਾਖੀ ਨਹੀਂ ਦਿੱਤੀ ਗਈ। ਜਿਥੇ-ਜਿਥੇ ਸਾਖੀਆਂ ਦੀ ਵਰਤੋਂ ਹੋਈ ਹੈ ਉਸ ਦਾ ਵੇਰਵਾ ਹਰ ਪੋਥੀ ਦੇ ਤਤਕਰੇ ਵਿਚ ਵੀ ਮਿਲ ਜਾਂਦਾ ਹੈ। ਇਹਨਾਂ ਵਿਚੋਂ ਕਈ ਸਾਖੀਆਂ ਇਤਿਹਾਸਿਕ ਗਵਾਹੀ ਭਰਦੀਆਂ ਹਨ ਅਤੇ ਕਈ ਸਾਖੀਆਂ ਪੌਰਾਣਿਕ ਕਥਾਵਾਂ ‘ਤੇ ਅਧਾਰਿਤ ਵੀ ਹਨ ਪਰ ਇਨ੍ਹਾਂ ਵਿਚੋਂ ਵੀ ਵਿਆਖਿਆਕਾਰ ਨੇ ਗੁਰਮਤਿ ਦੀ ਸੇਧ ਦੇਣ ਦੀ ਹੀ ਕੋਸ਼ਿਸ਼ ਕੀਤੀ ਹੈ। ਇਥੇ ਇਹ ਧਿਆਨ ਵਿਚ ਰਹੇ ਕਿ ਇਹ ਸਾਖੀਆਂ ਆਸਥਾ ਅਧੀਨ ਹੀ ਵਰਤੀਆਂ ਗਈਆਂ ਹਨ ਤਾਂ ਜੋ ਸੰਬੰਧਿਤ ਸ਼ਬਦ ਦੀ ਵਿਆਖਿਆ ਨੂੰ ਹੋਰ ਵਿਸਥਾਰ ਰੂਪ ਦਿਤਾ ਜਾ ਸਕੇ ਅਤੇ ਸ਼ਬਦ ਵਿਚਲੇ ਰਹੱਸ ਨੂੰ ਜਨ ਸਾਧਾਰਨ ਦੀ ਬੁਧੀ ਤੱਕ ਆਸਾਨੀ ਨਾਲ ਪਹੁੰਚਾਇਆ ਜਾ ਸਕੇ। ਆਸਥਾ ਅਧੀਨ ਸਾਖੀਆਂ ਦੇਣ ਦਾ ਦੂਸਰਾ ਕਾਰਨ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਸਧਾਰਨ ਪਾਠਕ ਨੂੰ ਗੁਰਬਾਣੀ ਅਤੇ ਗੁਰਮਤਿ ਨਾਲ ਜੋੜਿਆ ਜਾ ਸਕੇ। ਇਸ ਲਈ ਬਹੁਤ ਸਾਰੀਆਂ ਸਾਖੀਆਂ ਵਿਚ ਮਨ ਕਲਪਿਤ ਪਾਤਰ ਵੀ ਬਣਾਏ ਗਏ ਹਨ।

## 9.6 ਪ੍ਰਸ਼ਨੋਤਰੀ ਵਿਧੀ

---

[63] ਅਮੀਰ ਭੰਡਾਰ, ਪੋਥੀ ਚੌਥੀ, ਪੰਨਾ 437

ਗਿਆਨੀ ਜੀ ਗੁਰਬਾਣੀ ਵਿਆਖਿਆਕਾਰੀ ਦੇ ਕਾਰਜ ਦੌਰਾਨ ਇਸ ਵਿਧੀ ਨੂੰ ਅਪਣਾਉਂਦੇ ਹਨ। ਕਈ ਵਾਰ ਸ਼ਬਦ ਵਿਚਲਾ ਪ੍ਰਸੰਗ ਕਦੋਂ ਬਦਲ ਜਾਂਦਾ ਹੈ ਪਾਠਕ ਨੂੰ ਇਸ ਬਾਰੇ ਨਹੀਂ ਪਤਾ ਲਗਦਾ। ਇਸ ਲਈ ਬਹੁਤੇ ਵਿਆਖਿਆਕਾਰਾਂ ਨੇ ਇਸ ਵਿਧੀ ਨੂੰ ਸੰਖੇਪ ਵਿਚ ਹੀ ਅਪਣਾਇਆ ਹੈ। ਕੇਵਲ ਗਿਆਨੀ ਮਨੀ ਸਿੰਘ ਨੇ ਹੀ ਇਸ ਵਿਧੀ ਨੂੰ ਸੰਪੂਰਨ ਸਟੀਕ ਵਿਚ ਵਰਤਿਆ ਹੈ।

ਉਦਹਾਰਨ:

ੳ) ਪ੍ਰਸ਼ਨ- ਵਿਚਾਰਧੀਨ ਸ਼ਬਦ ਵਿਚੋਂ ਪਹਿਲਾਂ ਪ੍ਰਸ਼ਨ ਕਰਦੇ ਹਨ-ਸਤੀਆਂ ਨੂੰ ਸੱਤ ਦੀ ਪ੍ਰਾਪਤੀ, ਤਪੀਆਂ ਨੂੰ ਤਪ ਦੀ ਪ੍ਰਾਪਤੀ, ਗੁਰਮੁਖਾਂ ਨੂੰ ਚੰਗਿਆਈਆਂ ਦੀ ਪ੍ਰਾਪਤੀ, ਸਿੱਧਾਂ ਨੂੰ ਰਿਧੀਆਂ ਸਿੱਧੀਆਂ ਦੀ ਪ੍ਰਾਪਤੀ ਆਪਣੇ ਆਪ ਹੁੰਦੀ ਹੈ ਜਾਂ ਉਸ ਦੀ ਕ੍ਰਿਪਾ ਨਾਲ ਹੁੰਦੀ ਹੈ?

ਗੁਰੂ ਉਤਰ-

ਸਭਿ ਸੱਤ ਸਭਿ ਤਪ ਸਭਿ ਚੰਗਿਆਈਆ ॥

ਸਿਧਾ ਪੁਰਖਾ ਕੀਆ ਵਡਿਆਈਆ ॥

ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥

ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥

ਸਾਰੇ ਸੱਤਵਾਦੀਆਂ ਨੂੰ ਜੋ ਸੱਤ ਦੀ ਪ੍ਰਾਪਤੀ ਹੈ, ਸਭ ਤਪੀਆਂ ਨੂੰ ਜੋ ਤਪ ਦੀ ਪ੍ਰਾਪਤੀ ਹੈ, ਸਾਰੇ ਗੁਰਮੁਖਾਂ ਨੂੰ ਜੋ ਚੰਗਿਆਈਆਂ ਦੀ ਪ੍ਰਾਪਤੀ ਹੈ, ਸਿੱਧਾਂ ਨੂੰ ਜੋ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਹੈ, ਪੁਰਸ਼ਾਂ ਨੂੰ ਜੋ ਵਡਿਆਈ ਦੀ ਪ੍ਰਾਪਤੀ ਹੈ ਇਹ ਸਭ ਉਸ ਪ੍ਰਮਾਤਮਾ ਦੀ ਕਿਰਪਾ ਕਰਕੇ ਹੈ।[64]

ਅ) ਰਾਗੁ ਨਾਦੁ ਨਹੀ ਦੂਜਾ ਭਾਉ ॥

ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥ ਪੰਕਤੀ ਵਿਚੋਂ ਪ੍ਰਸ਼ਨ ਕਰਦੇ ਹੋਏ ਲਿਖਦੇ ਹਨ

ਪ੍ਰਸ਼ਨ- ਰਾਗੁ ਦੀ ਨਾਦੁ=ਅਲਾਪ ਚਾਰੀ ਕਿਹੜੀ ਹੈ?

ਉਤਰ- ਦ੍ਵੈਤ ਭਾਉ ਦਾ ਨਾ ਹੋਣਾ ਹੀ ਰਾਗ ਦੀ ਅਲਾਪਚਾਰੀ ਹੈ।[65]

---

[64] ਅਮੀਰ ਭੰਡਾਰ, ਪੋਥੀ ਚੌਥੀ, ਪੰਨੇ 19-20

### 9.7 ਤੁਲਨਾਤਮਕ ਵਿਆਖਿਆ

ਸੰਪ੍ਰਦਾਇ ਸਟੀਕ ਵਿਚ ਸ਼ਬਦ ਦੀ ਵਿਆਖਿਆ ਕਰਦਿਆਂ ਤੁਲਨਾਤਮਕ ਵਿਆਖਿਆ ਵੀ ਕੀਤੀ ਗਈ ਹੈ। ਇਹ ਤੁਲਨਾਤਮਕ ਵਿਆਖਿਆ ਗੁਰਬਾਣੀ ਦੇ ਪਹਿਲਾਂ ਹੋ ਚੁੱਕੇ ਟੀਕੇ ਜਿਵੇਂ ਫਰੀਦਕੋਟੀ ਟੀਕਾ, ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ ਟੀਕਿਆਂ ਨੂੰ ਧਿਆਨ ਵਿਚ ਰਖਕੇ ਤੁਲਨਾਤਮਕ ਵਿਆਖਿਆ ਕੀਤੀ ਗਈ ਹੈ।

### 9.8 ਹੋਰਨਾ ਗ੍ਰੰਥਾਂ ਵਿਚੋ ਹਵਾਲੇ

ਇਸ ਟੀਕੇ ਦਾ ਇਕ ਅਹਿਮ ਪਹਿਲੂ ਇਹ ਵੀ ਹੈ ਕਿ ਇਸ ਵਿਚ ਸਿੱਖ ਧਰਮ ਨਾਲ ਸੰਬੰਧਤ ਮਹਾਨ ਗ੍ਰੰਥ- ਸ੍ਰੀ ਦਸਮ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਕਬਿੱਤ ਸਵਯੇ ਭਾਈ ਗੁਰਦਾਸ, ਸ੍ਰੀ ਨਾਨਕ ਪ੍ਰਕਾਸ਼, ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ ਅਤੇ ਬੰਸਾਵਲੀਨਾਮਾ ਦੇ ਹਵਾਲੇ ਵੀ ਦਿਤੇ ਗਏ ਹਨ। ਇਸ ਤੋਂ ਇਲਾਵਾ ਹੋਰਨਾ ਮੱਤਾਂ ਦੇ ਧਰਮ ਗ੍ਰੰਥਾਂ ਦੇ ਹਵਾਲੇ ਵੀ ਦਿਤੇ ਗਏ ਹਨ।

ਉਦਹਾਰਨ:

ੳ. ਹਉ ਵਿਚਿ ਦਿਤਾ ਹਉ ਵਿਚਿ ਲਇਆ॥ ਪੰਕਤੀ ਦਾ ਅਰਥ ਕਰਦੇ ਹਨ- ਹੰਗਤਾ ਵਿਚ ਦਿੰਦਾ ਹੈ, ਹੰਗਤਾਂ ਵਿਚ ਲੈਂਦਾ ਹੈ। * ਸੰਕੇਤ ਦੇ ਕੇ ਹੇਠਾਂ ਦਸਦੇ ਹਨ ਯਥਾ-ਬਿਆਸ ਭਗਵਾਨ ਜੀ ਨੇ ਸਰੀਰਕ ਸ਼ਾਸਤ੍ਰ ਰਚਿਆ ਹੈ, ਉਸ ਦੇ ਅਧਿਆਸ ਭਾਸ਼ ਵਿਖੇ ਜੋ ਕਿ ਸ਼ੰਕਰਾਚਾਰਜ ਜੀ ਨੇ ਕੀਤਾ ਹੈ ਉਸ ਵਿਖੇ ਵੀ ਅਹੰਮਮ ਅਧਿਆਸ ਹੈ, ਅਹੰਮਮ ਅਧਿਆਸ ਦੇ ਵਿਚ ਸਾਰਾ ਸੰਸਾਰ ਕਥਨ ਕੀਤਾ ਹੈ।[66]

ਅ.ਗਿਆਨ ਵਿਹੂਣਾ ਕਥਿ ਕਥਿ ਲੂਝੈ॥ ਪੰਕਤੀ ਦਾ ਅਰਥ ਕਰਦੇ ਹੋਏ ਉਪਨਿਸ਼ਦ ਦਾ ਇਕ ਵਾਕ ਲੈਂਦੇ ਹਨ 'ਰਿਤੇ ਗਿਆਨਾਤ ਨ ਮੁਕਤੀ॥ ਨ ਅਨਿਯਾ ਪੰਥਾ ਵਿਦਯਤੇ ਐਨਾਯ॥[67]

---

[65] ਉਪਰੋਕਤ ਵਰਣਿਤ, ਪੋਥੀ ਚੌਥੀ, ਪੰਨਾ 30

[66] ਉਪਰੋਕਤ ਵਰਣਿਤ, ਪੋਥੀ ਚੌਥੀ, ਪੰਨਾ 651

[67] ਉਪਰੋਕਤ ਵਰਣਿਤ, ਪੋਥੀ ਚੌਥੀ, ਪੰਨਾ 653

**<u>ਵਿਆਖਿਆ ਵੰਨਗੀ</u>**

**ਆਸਾ॥**

**ਉਥਾਨਕਾ**

ਕਬੀਰ ਜੀ ਹਮੇਸ਼ਾਂ ਸੰਧਿਆ ਵੇਲੇ ਦੀਵਾ ਜਗਾ ਕੇ ਪਹਿਲੇ ਢੋਲ ਵਜਾ ਕੇ ਕੀਰਤਨ, ਤੇ ਪਿਛੋਂ ਕਥਾ ਕੀਤਾ ਕਰਦੇ ਸਨ। ਇਕ ਦਿਨ ਕੁਝ ਵੀ ਨਾ ਕੀਤਾ, ਨਾ ਦੀਵਾ ਜਗਾਇਆ ਨਾ ਢੋਲ ਖੜਕਾਇਆ। ਰੋਜ਼ ਦੇ ਆਉਣ ਵਾਲੇ ਪ੍ਰੇਮੀਆਂ ਨੇ ਆਪਣੇ ਟਾਈਮ ਸਿਰ ਆ ਕੇ ਪੁਛਿਆ ਭਗਤ ਜੀ! ਅਜ ਕੀ ਕਾਰਨ ਹੈ, ਨਾ ਮੰਦਰ ਵਿਚ ਦੀਵਾ ਜਗਾਇਆ ਤੇ ਨਾ ਹੀ ਕੀਰਤਨ ਸ਼ੁਰੂ ਕੀਤਾ ਹੈ? ਅਗੋਂ ਕਬੀਰ ਜੀ ਨੇ ਕਿਹਾ-

**ਬਾਤੀ ਸੂਕੀ ਤੇਲੁ ਨਿਖੂਟਾ॥ ਮੰਦਲੁ ਨ ਬਾਜੈ ਨਟੂ ਪੈ ਸੂਤਾ॥੧॥**

**ਪਹਿਲਾ ਅਰਥ**

ਹੇ ਭਾਈ! ਤੇਲ ਦੇ ਨਿਖੁਟਾ=ਮੁਕਣ ਕਰਕੇ ਬਤੀ ਸੁਕ ਗਈ ਹੈ, ਜਿਸ ਕਰਕੇ ਦੀਵਾ ਨਹੀ ਜਗਾਇਆ। ਤਾਂ ਪ੍ਰੇਮੀਆਂ ਨੇ ਕਿਹਾ, ਆਪ ਫਿਰ ਢੋਲ ਹੀ ਖੜਕਾਈ ਜਾਂਦੇ? ਤਾਂ ਕਬੀਰ ਜੀ ਨੇ ਕਿਹਾ-

ਮੰਦਲੁ= ਢੋਲ ਨਹੀਂ ਵਜਦਾ, ਕਿਉਂਕਿ ਢੋਲ ਦੇ ਵਜਾਉਣ ਵਾਲਾ ਨਟ ਲੰਮਾ ਪੈ ਕੇ ਸਉਂ ਗਿਆ ਹੈ॥੧॥

ਸਰਦੀਆਂ ਦਾ ਮੌਸਮ ਹੋਣ ਕਰਕੇ ਰਾਤ ਨੂੰ ਅਗ ਵੀ ਬਾਲਦੇ ਸਨ। ਪ੍ਰੇਮੀਆਂ ਨੇ ਪੁਛਿਆ, ਅਜ ਧੂੰਆਂ ਕਿਉਂ ਨਹੀਂ ਨਿਕਲਦਾ? ਕਬੀਰ ਜੀ ਨੇ ਕਿਹਾ- ਬੁਝਿ ਗਈ ਅਗਨਿ ਨ ਨਿਕਸਿਓ ਧੂੰਆ॥

ਅੱਗ ਬੁਝ ਗਈ ਹੈ, ਜਿਸ ਕਰਕੇ ਧੂੰਆਂ ਨਹੀਂ ਨਿਕਲਦਾ।

**ਰਵਿ ਰਹਿਆ ਏਕੁ ਅਵਰੁ ਨਹੀ ਦੂਆ॥੧॥ ਰਹਾਉ**

ਹੁਣ ਤਾਂ ਇਕ ਅੰਧਕਾਰ ਹੀ, ਅਥਵਾ:- ਚੁਪ ਚਾਪ ਹੀ ਸਾਰੇ ਰਵਿ ਰਿਹਾ ਹੈ, ਉਸ ਤੋਂ ਬਿਨਾਂ ਹੋਰ ਦੁਆ= ਦੂਜਾ ਕੋਈ ਨਹੀਂ।

ਪ੍ਰੇਮੀਆਂ ਨੇ ਕਿਹਾ ਆਪ ਫਿਰ ਰਬਾਬ ਹੀ ਵਜਾਉਂਦੇ ਰਹਿੰਦੇ। ਅਗੋਂ ਕਬੀਰ ਜੀ ਨੇ ਕਿਹਾ-

**ਤੂਟੀ ਤੰਤ ਨ ਬਜੈ ਰਬਾਬੁ॥**

ਤੰਤੁ= ਤਾਰਾਂ ਟੁਟ ਗਈਆਂ ਹਨ, ਇਸ ਕਰਕੇ ਰਬਾਬ ਵੀ ਨਹੀਂ ਵਜਦਾ। ਅਗੇ ਅੰਤ੍ਰੀਵ ਭਾਵ ਪ੍ਰਗਟ ਕਰਕੇ ਦਸਦੇ ਹਨ।

**ਦੂਜਾ ਅਰਥ**

ਗਿਆਨ ਅਵਸਥਾ ਪ੍ਰਾਪਤ ਹੋਣ ਸਮੇਂ ਸਭ ਬਾਹਜ ਸਾਧਨਾਂ ਦਾ ਅਭਾਵ ਹੋ ਜਾਂਦਾ ਹੈ। ਕਬੀਰ ਜੀ ਕਥਨ ਕਰਦੇ ਹਨ, ਜਿਸ ਵੇਲੇ ਬ੍ਰਹਮ ਗਿਆਨ ਪ੍ਰਾਪਤ ਹੋਇਆ ਤਿਸ ਵੇਲੇ-

ਬਾਤੀ ਸੂਕੀ= ਆਸਾ ਰੂਪੀ ਵੱਟੀ ਸੁਕ ਗਈ।

ਤੇਲੁ ਨਿਖੂਟਾ= ਮੋਹ ਰੂਪੀ ਤੇਲ ਵੀ ਮੁਕ ਗਿਆ।

ਮੰਦਲੁ ਨ ਬਾਜੈ= ਦੇਹ ਅਭਿਆਸ ਰੂਪੀ ਢੋਲ ਨਹੀਂ ਵਜਦਾ।

ਨਟੁ ਪੈ ਸੂਤਾ= ਮਨ ਰੂਪੀ ਨਟੁ = ਮਦਾਰੀ ਸ਼ਾਂਤੀ ਨੀਂਦ ਵਿਚ ਪੈ ਕੇ ਸੌਂ ਗਿਆ ਹੈ।

ਬੁਝਿ ਗਈ ਅਗਨਿ= ਪਦਾਰਥਾਂ ਦੀ ਤ੍ਰਿਸ਼ਨਾ ਰੂਪੀ ਅੱਗ ਬੁਝ ਗਈ ਹੈ।

ਨ ਨਿਕਸਿਓ ਧੂੰਆ= ਸੰਕਲਪਾਂ ਵਿਕਲਪਾਂ ਰੂਪੀ ਧੂੰਆਂ ਨਹੀਂ ਨਿਕਲਦਾ।

**ਰਵਿ ਰਹਿਆ ਏਕੁ ਅਵਰੁ ਨਹੀ ਦੂਆ ॥੧॥ ਰਹਾਉ ॥**

ਇਕ ਵਾਹਿਗੁਰੂ ਹੀ ਸਾਰਿਆਂ ਵਿਚ ਰਵਿ ਰਿਹਾ ਹੈ, ਹੋਰ ਦੂਜਾ ਕੋਈ ਨਹੀਂ।

ਤੂਟੀ ਤੰਤੁ= ਵਾਸਨਾ ਰੂਪੀ ਤਾਰਾਂ ਟੁੱਟ ਗਈਆਂ ਹਨ।

ਨ ਬਾਜੈ ਰਬਾਬੁ= ਅਗਿਆਨ ਵਿਸ਼ਿਸ਼ਟ ਹੰਕਾਰ ਰੂਪੀ ਰਬਾਬ ਨਹੀ ਵਜਦਾ।

ਜਿਸ ਹੰਕਾਰ ਨਾਲ ਮਿਲ-

**ਭੂਲਿ ਬਿਗਾਰਿਓ ਅਪਨਾ ਕਾਜੁ ॥੨॥**

ਪਰਮੇਸ਼ਰ ਤੋਂ ਭੁਲ ਕੇ, ਅਥਵਾ:- ਅਵਿਦਿਆ ਕਰਕੇ ਜੀਵ ਨੇ ਆਪਣਾ ਮੁਕਤੀ ਦਾ ਕਾਰਜ ਵਿਗਾੜਿਆ ਹੋਇਆ ਸੀ।

ਅਥਵਾ:- ਜਿਸ ਵੇਲੇ ਭੁਲ ਨੂੰ ਬਿਗਾਰਿਓ= ਵਿਸਾਰ ਦਿਤਾ ਤਾਂ ਆਪਣਾ ਮੁਕਤੀ ਰੂਪੀ ਕਾਰਜ ਸੰਵਾਰਣਾ ਕੀਤਾ॥੨॥

**ਕਥਨੀ ਬਦਨੀ ਕਹਨੁ ਕਹਾਵਨੁ ॥ ਸਮਝਿ ਪਰੀ ਤਉ ਬਿਸਰਿਓ ਗਾਵਨੁ ॥੩॥**

ਜਿੰਨ੍ਹਾਂ ਚਿਰ ਸਮਝ ਨਹੀਂ ਸੀ, ਉੱਨ੍ਹਾਂ ਚਿਰ ਕਥਾ ਤੇ ਬਦਨੀ= ਕਵੀਸ਼ਰੀਆਂ ਨੂੰ ਆਪ ਕਹਿੰਦੇ ਤੇ ਹੋਰਨਾਂ ਪਾਸੋਂ ਕਹਾਂਵਦੇ ਸੀ।

ਜਿਸ ਵੇਲੇ ਸੱਤ ਅਸੱਤ ਦੇ ਨਿਰਣੇ ਦੀ ਸਮਝ ਪਈ ਤਾਂ ਸਾਜ਼ਾਂ ਦਾ ਵਜਾਉਣਾ ਤੇ ਰਾਗ ਵਿਚ ਗਾਉਣਾ ਆਦਿ ਸਭ ਕੁਝ ਭੁਲ ਗਿਆ॥੩॥

**ਕਹਤ ਕਬੀਰ ਪੰਚ ਜੋ ਚੂਰੇ ॥ ਤਿਨ ਤੇ ਨਾਹਿ ਪਰਮ ਪਦੁ ਦੂਰੇ ॥੪॥੨॥੧੧॥**

ਕਬੀਰ ਜੀ ਕਥਨ ਕਰਦੇ ਹਨ- ਜੇਹੜਾ ਪੁਰਸ਼ ਪੰਜ ਕਾਮ ਆਦਿਕਾਂ ਨੂੰ ਚੂਰੇ=ਚੂਰਨ, ਨਾਸ ਕਰਦਾ ਹੈ।

ਉਸ ਤੋਂ ਪਰਮਪਦ= ਆਤਮ ਪਦ ਦੂਰ ਨਹੀਂ ਹੈ॥੪॥੨॥੧੧॥

**10) ਸਿਧਾਂਤਕ ਸਟੀਕ, ਸ੍ਰੀ ਗੁਰੂ ਗ੍ਰੰਥ ਸਾਹਿਬ (ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ)**

ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ (ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ) ਪੰਥ ਦੇ ਪ੍ਰਸਿੱਧ ਪ੍ਰਚਾਰਕ, ਉਘੇ ਵਿਦਵਾਨ ਅਤੇ ਗੁਰਬਾਣੀ ਦੇ ਜਗਿਆਸੂ ਸਨ। ਆਪ ਦਾ ਜਨਮ 22 ਫਰਵਰੀ 1916 ਈ. ਨੂੰ ਪਿਤਾ ਜਗਤ ਸਿੰਘ ਅਤੇ ਮਾਤਾ ਸਾਹਿਬ ਕੌਰ ਜੀ ਦੇ ਘਰ ਪਿੰਡ ਰਤਨਗੜ੍ਹ ਜਿਲ੍ਹਾ ਰੋਪੜ ਵਿਖੇ ਹੋਇਆ। ਦੁਨਿਆਵੀ ਵਿਦਿਆ ਵਿਚ ਆਪ ਨੇ ਬਹੁਤ ਉਚੇਰੀ ਵਿਦਿਆ ਹਾਸਿਲ ਨਹੀਂ ਕੀਤੀ ਪਰ ਆਪ ਲੰਡਿਆਂ ਦੀ ਪੜ੍ਹਾਈ ਵਿਚ ਮਾਹਰ ਸਨ। ਗੁਰਬਾਣੀ ਦੇ ਅਰਥਾਂ ਨੂੰ ਸਮਝਣ ਲਈ ਆਪ ਨੇ ਹੁਸ਼ਿਆਰਪੁਰ ਜਿਲ੍ਹੇ ਦੇ ਬੀਰੋਵਾਲ ਪਿੰਡ ਵਿਖੇ ਸੰਤ ਬਖਤੌਰ ਸਿੰਘ ਜੀ ਪਾਸੋਂ ਬਹੁਤ ਸਾਰੇ ਧਾਰਮਿਕ ਗ੍ਰੰਥਾਂ ਦਾ ਗਿਆਨ ਪ੍ਰਾਪਤ ਕੀਤਾ। ਇਸ ਤੋਂ ਬਾਅਦ ਆਪ ਨੇ ਗੁਰਬਾਣੀ ਅਤੇ ਸਿਖ ਧਰਮ ਦੇ ਗ੍ਰੰਥਾਂ ਦੀ ਅਰਥਾਂ ਸਹਿਤ ਵਿਆਖਿਆ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਕੋਲੋਂ ਪ੍ਰਾਪਤ ਕੀਤੀ। ਤਖਤ ਸ੍ਰੀ ਕੇਸਗੜ੍ਹ ਵਿਖੇ 1946 ਈ. ਆਪ ਜੀ ਨੇ ਹੈਡ ਗ੍ਰੰਥੀ ਵਜੋਂ ਸੇਵਾ ਨਿਭਾਈ ਅਤੇ ਲਗਾਤਾਰ ਦੇਸ਼ਾਂ ਵਿਦੇਸ਼ਾਂ ਵਿਚ ਸਿੱਖੀ ਦਾ ਪ੍ਰਚਾਰ ਕਰਦਿਆਂ ਸਿੱਖ ਧਰਮ ਦੀ ਅਦੁੱਤੀ ਸੇਵਾ ਕੀਤੀ। ਫਰਵਰੀ 1974 ਈ. ਵਿਚ ਹਰਿਮੰਦਰ ਸਾਹਿਬ ਜੀ ਦੇ ਨਵੇਂ ਗ੍ਰੰਥੀ ਸਿੰਘਾਂ ਦੀ ਨਿਯੁਕਤੀ ਸਮੇਂ ਸੰਤ ਗਿਆਨੀ ਮੋਹਨ ਸਿੰਘ ਜੀ ਭਿਡਰਾਂਵਾਲੇ ਅਤੇ ਗਿਆਨੀ ਕਿਰਪਾਲ ਸਿੰਘ ਜੀ ਨੇ ਆਪ ਦੀ ਸਿਫਾਰਸ਼ ਭੇਜੀ। 7 ਮਈ 1974 ਈ. ਨੂੰ ਆਪ ਨੂੰ ਬਤੌਰ ਹੈੱਡ ਗ੍ਰੰਥੀ ਨਿਯੁਕਤ ਕੀਤਾ ਗਿਆ। ਆਪ 8 ਅਪ੍ਰੈਲ 1983 ਈ. ਨੂੰ ਸੇਵਾ ਮੁਕਤ ਹੋਏ।

ਆਪ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਲਗਭਗ 18 ਪੁਸੱਤਕਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚੋਂ ਕੁਝ ਰਚਨਾਵਾਂ ਗੁਰਬਾਣੀ ਵਿਆਖਿਆ ਨਾਲ ਸੰਬੰਧਿਤ ਹਨ ਅਤੇ ਕੁਝ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਕਰਦੀਆਂ ਹਨ। ਇਨ੍ਹਾਂ ਵਿਚੋਂ 'ਸਿਧਾਂਤਕ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਟੀਕਾ (ਦੋ ਭਾਗ), ਕਬਿਤ ਸਵੱਯੇ ਭਾਈ ਗੁਰਦਾਸ ਜੀ ਦਾ ਟੀਕਾ ਅਤੇ 'ਗੁਰਬਾਣੀ ਪ੍ਰਬੋਧ ਸਾਗਰ', ਪ੍ਰਮੁੱਖ ਹਨ। 'ਜਪੁਜੀ ਸਾਹਿਬ ਸਟੀਕ' ਅਤੇ 'ਸੁਖਮਨੀ ਸਾਹਿਬ ਸਟੀਕ' ਭਾਈ ਸਾਹਿਬ ਜੀ ਦੇ ਟੀਕੇ ਦਾ ਹੀ ਭਾਗ ਹਨ। ਇਸ ਨੂੰ ਵਖਰੇ ਤੌਰ ਤੇ ਸਟੀਕ ਦੇ ਰੂਪ ਵਿਚ ਗੁਰਬਾਣੀ ਸਟੱਡੀ ਸੁਸਾਇਟੀ ਕਨੈਡਾ ਵਲੋਂ ਪ੍ਰਕਾਸ਼ਿਤ ਕੀਤਾ ਗਿਆ। ਇਨ੍ਹਾਂ ਸਟੀਕਾਂ ਵਿਚ ਗੁਰਬਾਣੀ ਵਿਆਖਿਆਕਾਰੀ ਦਾ ਪੈਟਰਨ 'ਸਿਧਾਂਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਾਲਾ ਹੀ ਹੈ। 'ਗੁਰਬਾਣੀ ਪ੍ਰਬੋਧ ਸਾਗਰ' ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਗਾਂ (ਪੰਨਿਆਂ) ਦੇ ਆਧਾਰ 'ਤੇ ਕੁਲ 1430 ਪ੍ਰਸ਼ਨਾਂ ਦੇ ਉਤਰ ਗੁਰਬਾਣੀ ਆਸ਼ਯ ਅਨੁਸਾਰ ਦਿੱਤੇ ਗਏ ਹਨ। ਇਹ ਪੁਸਤਕ ਚਾਰ ਵਾਰ ਪ੍ਰਕਾਸ਼ਿਤ ਕੀਤੀ ਜਾ ਚੁੱਕੀ ਹੈ। ਚੌਥੀ ਵਾਰ 1999 ਈ. ਵਿਚ ਗਿਆਨੀ ਮਨੀ ਸਿੰਘ ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ, ਸ੍ਰੀ ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ।

'ਸਿਧਾਂਤਕ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 8 ਭਾਗਾਂ ਵਿਚ ਭਾਈ ਮਨੀ ਜੀ ਦੁਆਰਾ ਗੁਰਬਾਣੀ ਖੇਤਰ ਵਿਚ ਕੀਤਾ ਗਿਆ ਸਭ ਤੋਂ ਮਹੱਤਵਪੂਰਨ ਕਾਰਜ ਹੈ ਇਸ ਨੂੰ ਸੰਸਥਾ ਪ੍ਰਮਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਕੌਲਸਰ, ਅੰਮ੍ਰਿਤਸਰ ਵਲੋਂ 1980 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ। ਤੀਜੀ ਵਾਰ ਇਸ ਨੂੰ 'ਗਿਆਨੀ ਮਨੀ ਸਿੰਘ ਗੁਰਮਤਿ ਚੈਰੀਟੇਬਲ ਟ੍ਰਸਟ, ਅੰਮ੍ਰਿਤਸਰ' ਵਲੋਂ 2001 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ। ਸਿੰਘ ਸਾਹਿਬ ਗਿਆਨੀ ਮਨੀ ਸਿੰਘ ਦੁਆਰਾ ਕੀਤੀ ਗੁਰਬਾਣੀ ਵਿਆਖਿਆਕਾਰੀ ਦੀ ਵਿਧੀ/ਸੀਮਾਵਾਂ/ਸੰਭਾਵਨਾਵਾਂ ਨੂੰ ਤਲਾਸ਼ਦਿਆਂ ਕੁਝ ਲੱਛਣ ਲੱਭਣ ਦਾ ਜਤਨ ਕੀਤਾ ਹੈ ਉਹ ਨਿਮਨ ਪ੍ਰਕਾਰ ਹਨ:

**10.1 ਉਥਾਨਕਾ**

**10.2 ਮੂਲ ਮੰਤ੍ਰ ਦੀ ਵਿਸਥਾਰ ਸਹਿਤ ਵਿਆਖਿਆ**

**10.3 ਪ੍ਰਸ਼ਨੋਤਰੀ ਵਿਧੀ**

**10.4 ਪਦ ਅਰਥ**

**10.5 ਅਰਥ**

**10.6 ਭਾਵਅਰਥ**

**10.7 ਸਿਰਲੇਖਾਂ ਦੀ ਵਿਆਖਿਆ**

**10.8 ਮਹਲੁ, ਮਹਲਾ ਦੀ ਵਿਆਖਿਆ**

**10.9 ਹੋਰਨਾਂ ਗ੍ਰੰਥਾਂ ਵਿਚੋਂ ਹਵਾਲੇ**

**10.1 ਉਥਾਨਕਾ**

ਭਾਈ ਸਾਹਿਬ ਜੀ ਨੇ ਕਿਤੇ-ਕਿਤੇ ਪ੍ਰਸੰਗ ਨੂੰ ਵਧੇਰੇ ਸਮਝ ਗੋਚਰਾ ਬਣਾਉਣ ਲਈ ਉਥਾਨਕਾ ਦੀ ਵਰਤੋਂ ਕੀਤੀ ਹੈ। ਉਦਹਾਰਨ ਲਈ ਸੋਹਿਲਾ ਬਾਣੀ ਵਿਚ ਆਰਤੀ ਵਾਲੇ ਸ਼ਬਦ 'ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ' ਸ਼ਬਦ ਦੀ ਵਿਆਖਿਆ ਤੋਂ ਪਹਿਲਾਂ ਆਪ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਜਗਨਨਾਥ ਪੁਰੀ ਵਿਖੇ ਪੰਡਤਾਂ ਨੂੰ ਪਰਮਾਤਮਾ ਦੀ ਸੱਚੀ ਆਰਤੀ ਦਾ ਉਪਦੇਸ਼ ਦੇਣ ਦੀ ਸਾਖੀ ਵੱਲ ਸੰਕੇਤ ਕਰਦੇ ਹਨ।[68]

**10.2 ਮੂਲ ਮੰਤ੍ਰ ਦੀ ਵਿਸਥਾਰ ਸਹਿਤ ਵਿਆਖਿਆ**

ਗਿਆਨੀ ਜੀ ਨੇ ਮੂਲ ਮੰਤ੍ਰ ਦੀ ਵਿਆਖਿਆ ਵਿਸਥਾਰ ਸਹਿਤ 14 ਪੰਨਿਆਂ (51-64) ਤੱਕ ਕੀਤੀ ਹੈ। ਮੂਲ ਮੰਤ੍ਰ ਦੀ ਵਿਆਖਿਆ ਵਿਚ ਆਪ ਨੇ ਇਸ ਦੇ ਕੋਸ਼ਗਤ ਅਰਥ ਵੀ ਕੀਤੇ ਹਨ। ਉਦਹਾਰਨ ਵਜੋਂ ਨਾਮ ਦੇ ਅਰਥ ਕਰਦੇ ਹਨ "ਇਸ ਦਾ ਸੰਸਕ੍ਰਿਤ ਰੂਪ ਹੈ 'ਨਾਮਨਰ' । ਧਾਤੂ ਹੈ 'ਮਰਨਾ' - ਯਾਦ ਰਖਣਾ। ਯਾਦ ਕਰਨਾ। ਇਸ ਪਦ ਨੂੰ 'ਣਮਰ' ਧਾਤੂ ਤੋਂ ਬਣਦਾ ਵੀ ਮੰਨਦੇ ਹਨ। ਣਮਰ- (੧) ਝੁਕਣਾ। (੨) ਸੰਬੋਧਿਤ ਕਰਨਾ। 'ਨਾਮਨਰ' ਤੋਂ ਪਾਕ੍ਰਿਤ ਤੇ ਪੰਜਾਬੀ ਰੂਪ ਹੈ ਨਾਮ.......।[69] ਇਸ ਤੋਂ ਬਿਨਾਂ ਹੋਰ ਸ਼ਬਦਾਂ

---

[68] ਗਿਆਨੀ ਮਨੀ ਸਿੰਘ, ਸਿਧਾਂਤਕ ਸਟੀਕ, ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਗ ਪਹਿਲਾ, ਪੰਨੇ 152 -53, ਹੋਰ ਵੇਖੋ ਪੰਨੇ (156-57, 165, 168)

[69] ਉਪਰੋਕਤ ਵਰਣਿਤ, ਭਾਗ ਪਹਿਲਾ, ਪੰਨਾ 55

ਜਿਵੇਂ ਕਰਤਾ, ਪੁਰਖੁ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰ ਪ੍ਰਸਾਦਿ ਦੇ ਵੀ ਅਰਥ ਵੀ ਇਸੇ ਤਰ੍ਹਾਂ ਕੀਤੇ ਹਨ।

**10.3 ਪ੍ਰਸ਼ਨੋਤਰੀ ਵਿਧੀ**

ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ ਦੇ ਗੁਰਬਾਣੀ ਟੀਕੇ ਦੀ ਪ੍ਰਮੁੱਖ ਵਿਸ਼ੇਸ਼ਤਾ ਪ੍ਰਸ਼ਨੋਤਰੀ ਵਿਧੀ ਹੈ। ਗਿਆਨੀ ਜੀ ਵਲੋਂ ਇਹ ਵਿਧਾ ਸਾਰੇ ਸਟੀਕ ਵਿਚ ਵਰਤੀ ਗਈ ਹੈ। ਜਿਸ ਰਾਹੀਂ ਗੁਰਬਾਣੀ ਵਿਚੋਂ ਹੀ ਪ੍ਰਸ਼ਨ ਅਤੇ ਗੁਰਬਾਣੀ ਵਿਚੋਂ ਹੀ ਉਸ ਦਾ ਉਤਰ ਵੀ ਲਭ ਕੇ ਦਿੰਦੇ ਹਨ। ਉਦਹਾਰਨ ਵਜੋਂ:

ਪ੍ਰਸ਼ਨ - ਉਸ ਪਾਰਬ੍ਰਹਮ ਦਾ ਸਰੂਪ ਕੀ ਹੈ?

ਉਤਰ - ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥[70]

**10.4 ਪਦ ਅਰਥ**

ਇਸਤੋਂ ਅੱਗੇ ਆਪ ਨੇ ਗੁਰਬਾਣੀ ਦੀਆਂ ਪੰਕਤੀਆਂ ਜਾਂ ਸ਼ਬਦ ਦੇ ਪਦ ਅਰਥ ਕੀਤੇ ਹਨ ਜਿਵੇਂ ਸੋਚੈ ਸ਼ਬਦ ਦੇ ਪਦ-ਅਰਥ=ਸੁੱਚ, ਸੁਚਮ, ਪਵਿਤ੍ਰਤਾ ਕਰਨ ਵਾਲਾ, ਭਾਵ ਲੋੜ ਤੋਂ ਵਧ ਜਲ ਮਿੱਟੀ ਨਾਲ ਸੁਚਮਤਾ ਕਰਦੇ ਰਹਿਣਾ, ਜਾਂ ਸੋਚੈ= ਵੀਚਾਰ ਭਾਵ ਮਾਨਸਕ ਵੀਚਾਰ ਹੀ ਕਰਦੇ ਰਹਿਣਾ।[71]

**10.5 ਅਰਥ**

ਗੁਰਬਾਣੀ ਸ਼ਬਦ ਦੀ ਵਿਆਖਿਆ ਕਰਦੇ ਗਿਆਨੀ ਮਨੀ ਸਿੰਘ ਜੀ ਨੇ ਪਦ-ਅਰਥ ਤੋਂ ਬਾਅਦ ਸਰਲ ਅਤੇ ਸੁਖੈਨ ਰੂਪ ਵਿਚ ਅਰਥ ਕੀਤੇ ਹਨ। ਇਨ੍ਹਾਂ ਵਿਚ ਹੀ ਉਹ ਪ੍ਰਸ਼ਨੋਤਰੀ ਰੂਪ ਨੂੰ ਵਰਤਦੇ ਹਨ। ਚਲ ਰਹੇ ਪ੍ਰਸੰਗ ਵਿਚੋਂ ਪ੍ਰਸ਼ਨ ਕਢਦੇ ਹਨ ਅਤੇ ਫਿਰ ਉਸ ਦਾ ਉਤਰ ਵੀ ਉਨ੍ਹਾਂ ਪੰਕਤੀਆਂ ਵਿਚੋਂ ਹੀ ਕਰਦੇ ਹਨ। ਗੁਰਬਾਣੀ ਦੀ ਕਿਸੇ ਤੁਕ ਨੂੰ ਹੋਰ ਸਪਸ਼ਟ ਕਰਨ ਹਿੱਤ ਅਰਥ ਕਰਦਿਆਂ ਗੁਰਬਾਣੀ ਵਿਚੋਂ ਪ੍ਰਮਾਣ ਲੈ ਕੇ ਵਿਆਖਿਆ ਕਰਦੇ ਹਨ। ਇਸ ਨੂੰ ਸਹਿਜ ਵਿਆਖਿਆ ਵੀ ਕਿਹਾ ਜਾ ਸਕਦਾ ਹੈ।

---

[70] ਉਪਰੋਕਤ ਵਰਣਿਤ, ਪੰਨਾ 55 (ਇਸ ਤਰ੍ਹਾਂ ਦੇ ਹੋਰ ਅਨੇਕਾਂ ਹਵਾਲੇ ਵੇਖੇ ਜਾ ਸਕਦੇ ਹਨ)

[71] ਉਪਰੋਕਤ ਵਰਣਿਤ, ਪੰਨਾ 55

**10.6 ਭਾਵ-ਅਰਥ**

ਗਿਆਨੀ ਮਨੀ ਸਿੰਘ ਜੀ ਨੇ ਸੰਬੰਧਿਤ ਸ਼ਬਦ ਦੇ ਅਰਥ ਕਰਨ ਉਪਰੰਤ ਅਗਲੇ ਕ੍ਰਮ ਵਿਚ ਭਾਵ-ਅਰਥ ਨੂੰ ਲਿਆ ਹੈ। ਇਸ ਵਿਚ ਉਨ੍ਹਾਂ ਨੇ ਸੰਬੰਧਿਤ ਸ਼ਬਦ ਦੇ ਕੇਂਦਰੀ ਭਾਵ ਨੂੰ ਬਿਆਨ ਕੀਤਾ ਹੈ ਜੋ ਕਿ ਪ੍ਰਸੰਗ ਜਾਂ ਸ਼ਬਦ ਨੂੰ ਸਮਝਣ ਲਈ ਹੋਰ ਵੀ ਵਧੇਰੇ ਸਹਾਈ ਸਿੱਧ ਹੁੰਦਾ ਹੈ।

ਜਿਵੇਂ- ਸਿਰੀਰਾਗੁ ਦੇ ਸ਼ਬਦ 'ਲਬੁ ਕੁਤਾ ਕੂੜੁ ਚੂਹੜਾ' ਦੇ ਭਾਵਅਰਥ ਕਰਦੇ ਹੋਏ ਆਖਦੇ ਹਨ, 'ਇਸ ਸ਼ਬਦ ਅੰਦਰ ਇਹ ਦਸ ਰਹੇ ਹਨ ਕਿ ਮਨੁੱਖ ਦੇ ਅੰਦਰ ਨਾਮ ਰਸ ਇਸ ਲਈ ਨਹੀਂ ਸਮਾਈ ਕਰਦਾ ਹੈ ਕਿਉਂਕਿ ਇਸ ਵਿਚ ਲੋਭ, ਕੂੜ, ਠੱਗੀ, ਪਰਾਈ ਨਿੰਦਾ, ਕ੍ਰੋਧ, ਆਪਣੀ ਮਹਿਮਾ ਕਰਨੀ.....ਆਦਿ ਹੋਰ ਵੀ ਅਨੇਕਾਂ ਹੀ ਰਸ ਹਨ ਜੋ ਸਾਡੇ ਮਨਾਂ ਅੰਦਰ ਵਸਦੇ ਹਨ ਇਹੀ ਫਿਕੇ ਰਸ ਸਾਡੇ ਅੰਤਰ-ਆਤਮੇ, ਨਾਮ ਦਾ ਨਿਵਾਸ ਨਹੀਂ ਹੋਣ ਦੇਂਦੇ।[72]

**10.7 ਸਿਰਲੇਖਾਂ ਦੀ ਵਿਆਖਿਆ**

ਗਿਆਨੀ ਮਨੀ ਸਿੰਘ ਜੀ ਨੇ ਇਸ ਟੀਕੇ ਵਿਚ ਗੁਰਬਾਣੀ ਸਿਰਲੇਖਾਂ ਦੀ ਵਿਆਖਿਆ ਬੜੀ ਸੁਹਿਰਦਤਾ ਨਾਲ ਕੀਤੀ ਹੈ। ਉਦਹਾਰਨ ਵਜੋਂ ਸੋਹਿਲਾ ਬਾਣੀ ਦੀ ਵਿਆਖਿਆ ਕਰਦੇ ਲਿਖਦੇ ਹਨ, 'ਗੁਰਬਾਣੀ ਅੰਦਰ ਇਸ ਬਾਣੀ ਦਾ ਨਾਮ, 'ਸੋਹਿਲਾ' ਲਿਖਿਆ ਹੈ ਭਾਵ, 'ਮੰਗਲ ਦਾ ਗੀਤ'। ਇਸ ਦਾ ਨਾਮ ਆਮ ਬੋਲ-ਚਾਲ ਵਿਚ ਪ੍ਰਚੱਲਿਤ ਹੋ ਗਿਆ ਹੈ 'ਕੀਰਤਨ ਸੋਹਿਲਾ' ਜਾਂ 'ਆਰਤੀ ਸੋਹਿਲਾ'। ਇਹ ਨਿਤਨੇਮ ਦੀ ਬਾਣੀ ਹੈ ਰਾਤੀਂ ਸੌਣ ਤੋਂ ਪਹਿਲੋਂ ਇਸ ਦਾ ਪਾਠ ਕੀਤਾ ਜਾਂਦਾ ਹੈ.....।[73]

**10.8 ਮਹਲੁ, ਮਹਲਾ ਦੀ ਵਿਆਖਿਆ**

'ਜਪੁ' ਬਾਣੀ ਦੀ ਸਮਾਪਤੀ ਤੋਂ ਬਾਅਦ ਆਪ ਨੇ ਗੁਰਬਾਣੀ ਵਿਚ ਵਰਤੇ ਜਾਣ ਵਾਲੇ ਕੁਝ ਸ਼ਬਦਾਂ ਜਿਵੇਂ ਮਹਲ, ਰਹਾਉ, ਘਰ ਆਦਿ ਬਾਰੇ ਸੰਖੇਪ ਰੂਪ ਵਿਚ ਵੀਚਾਰ ਕੀਤੀ ਹੈ। ਉਦਹਾਰਨ ਵਜੋਂ ਮਹਲਾ ਪਦ ਬਾਰੇ ਲਿਖਦੇ ਹਨ, 'ਜਿਸ ਵਿਅਕਤੀ ਵਿਚ ਉਸ ਨਿਰੰਕਾਰ, ਜੋਤੀ ਸਰੂਪ ਵਾਹਿਗੁਰੂ ਜੀ ਦੀ 'ਗੁਰ

[72] ਉਪਰੋਕਤ ਵਰਣਿਤ, ਪੰਨਾ 163

[73] ਉਪਰੋਕਤ ਵਰਣਿਤ, ਪੰਨੇ 150, 182

ਜੋਤ' ਉਤਰੀ ਮੁਰਾਦ ਹੈ ਗੁਰੂ ਨਾਨਕ ਸਾਹਿਬ ਜੀ, ਗੁਰੂ ਨਾਨਕ ਪਾਤਸ਼ਾਹ ਤੋਂ ਅੱਗੇ ਫਿਰ ਜਿਨ੍ਹਾਂ ਵਿਚ ਉਤਰੀ ਅਰਥਾਤ ਅਗਲੇ ਗੁਰੂ ਸਾਹਿਬਾਨ। ਗੁਰਬਾਣੀ ਵਿਚ ਇਹ 'ਮਹਲਾ' ਪਦ ਦੇ ਅਗੇ ਅੰਕ ਦਿੱਤਾ, ਗੁਰੂ-ਵਿਅਕਤੀ ਭਾਵ ਪਾਤਸ਼ਾਹੀ ਦਾ ਬੋਧ ਕਰਵਾਂਦਾ ਹੈ....।[74] ਰਹਾਉ ਪਦ ਬਾਰੇ. "ਸੰਗੀਤਕ ਗ੍ਰੰਥਾਂ ਵਿਚ 'ਰਹਾਉ' ਦੇ 4 ਭੇਦ ਅਤੇ ਅਗੋਂ 96 ਪ੍ਰਭੇਦ ਹਨ। ਸੰਗੀਤ ਵਿਦਿਆ ਵਾਲੇ ਜਿਸਨੂੰ 'ਟੇਕ', ਸਥਾਈ ਜਾਂ ਰਹਾਉ ਕਹਿੰਦੇ ਹਨ, ਉਸ ਨੂੰ ਵਾਰ-ਵਾਰ ਅੰਤਰੇ ਮਗਰੋਂ ਗਾਉਂਦੇ ਹਨ, ਕਿਉਂਕਿ ਉਸ ਵਿਚ ਗੀਤ ਦਾ ਮੁੱਖ ਖਿਆਲ, ਸਿਧਾਂਤ ਜਾਂ ਉਸ ਵਿਚ ਗੀਤ ਦਾ ਚਮਤਕਾਰੀ ਭਾਵ ਹੁੰਦਾ ਹੈ। ਸੋ, ਗੁਰਬਾਣੀ ਵਿਚ 'ਅਰਥ ਪਖ' ਵਿਚ 'ਰਹਾਉ' ਤੋਂ ਅਰਥ ਚੁਕਿਆਂ ਵਿਵਸਥਾ ਠੀਕ ਲਗਦੀ ਹੈ, ਯਾ ਇਉਂ ਸਮਝੋ ਕਿ ਮੁੱਖ ਖਿਆਲ ਯਾ ਸਾਰੇ ਭਾਵ ਦਾ ਧੁਰਾ ਯਾ ਚਮਤਕਾਰ ਰਹਾਉ ਵਿਚ ਹੀ ਹੁੰਦਾ ਹੈ....।[75] ਘਰ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦੇ ਹੋਏ ਇਸ ਨੂੰ ਹੋਰ ਸੁਖੈਨ ਢੰਗ ਨਾਲ ਸਮਝਣ ਲਈ ਆਪ ਨੇ 'ਨੋਟ' ਦਰਜ ਕੀਤਾ ਹੈ ਜਿਸ ਵਿਚ ਦੱਸਿਆ ਹੈ, 'ਤਾਰ, ਤਾਲ, ਘਰ ਇਕੋ ਹੀ ਗੱਲ ਹੈ। ਤਾਲ ਦੇ ਭੇਦ ਸੰਗੀਤ ਗ੍ਰੰਥਾਂ ਵਿਚ ਬਹੁਤ ਲਿਖੇ ਹਨ। ਵਧੇਰੇ ਜਾਣਕਾਰੀ 'ਸੁਰ ਤਾਲ ਸਮੂੰਹ', 'ਰਾਗ ਰਤਨਾਕਰ', 'ਸਰਮਾਇਆ ਇਸ਼ਰਤ' ਆਦਿ ਗ੍ਰੰਥਾਂ ਵਿਚੋਂ ਕੀਤੀ ਜਾ ਸਕਦੀ ਹੈ।[76]

### 10.9 ਹੋਰਨਾਂ ਗ੍ਰੰਥਾਂ ਵਿਚੋਂ ਹਵਾਲੇ

ਭਾਈ ਸਾਹਿਬ ਜੀ ਨੇ ਗੁਰਬਾਣੀ ਵਿਚਲੇ ਪ੍ਰਸੰਗਿਕ ਅਰਥ ਨੂੰ ਸਮਝਣ ਲਈ ਕਈ ਥਾਵਾਂ 'ਤੇ ਹੋਰਨਾਂ ਗ੍ਰੰਥਾਂ ਦੇ ਹਵਾਲੇ ਵਰਤ ਕੇ ਤੁਲਨਾਤਮਕ ਵਿਧੀ ਦੀ ਵੀ ਵਰਤੋਂ ਕੀਤੀ ਹੈ ਜਿਵੇਂ ਕਿ ਸਿਰੀਰਾਗ ਵਿਚ ਦਰਜ ਸ਼ਬਦ 'ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ' ਦੇ ਅਖ਼ੀਰ ਵਿਚ ਦਰਜ ਪੰਕਤੀ 'ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ' ਵਿਚ ਭਰਮ ਪਦ ਪ੍ਰਤੀ ਵੇਦਾਂਤ ਦਾ ਦ੍ਰਿਸ਼ਟੀਕੋਣ ਦਰਸਾਉਂਦੇ ਹੋਏ ਇਸਦੇ ਪੰਜ ਪ੍ਰਕਾਰ 1. ਭੇਦ ਭਰਮ 2. ਕਰਤ੍ਰਿਤ੍ਵ ਭਰਮ 3. ਸੰਗ ਭਰਮ 4. ਵਿਕਾਰ ਭਰਮ 5. ਜਗਤ

---

[74] ਉਪਰੋਕਤ ਵਰਣਿਤ, ਪੰਨਾ 138

[75] ਉਪਰੋਕਤ ਵਰਣਿਤ, ਪੰਨਾ 139

[76] ਸਿਧਾਂਤਕ ਸਟੀਕ, ਪੰਨਾ 139

ਵਿਚ ਸੱਤਯੱਤਵ ਭਰਮ ਦੱਸੇ ਹਨ ਅਤੇ ਇਹ ਵੀ ਦੱਸਿਆ ਹੈ ਕਿ ਵੇਦਾਂਤ ਨੇ ਇਨ੍ਹਾਂ ਤੋਂ ਨਵਿਰਤੀ ਕਿਵੇਂ ਮੰਨੀ ਹੈ।[77]

<u>ਵਿਆਖਿਆ ਵੰਨਗੀ</u>

**ਸਿਰੀਰਾਗੁ ਮਹਲਾ ੫ ॥**

**ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥**

**ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ ॥**

**ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ ॥੧॥**

**ਮੇਰੇ ਮਨ ਏਕਸ ਸਿਉ ਚਿਤੁ ਲਾਇ ॥**

**ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥੧॥ ਰਹਾਉ ॥**

**ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥**

**ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ॥**

**ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ ॥੨॥**

**ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ ॥**

**ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ ॥**

**ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ ॥੩॥**

**ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ ॥**

**ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ ॥**

**ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥੪॥੬॥੭੬॥**

**ਪਦ ਅਰਥ**

[77] ਉਪਰੋਕਤ ਵਰਣਿਤ, ਪੰਨਾ 192 ਹੋਰ ਵੇਖੋ ਦੂਜੀ ਪੋਥੀ 168

ਥੋਕ-ਕਿਸੇ ਸ਼ੈ ਦਾ ਢੇਰ, ਕੱਠਾ ਮਾਲ, ਪਦਾਰਥ। ਕਥਿ-ਕਥਿਆ ਜਾਵੇ, ਕਥਨ ਕਰੇ, ਕਥ ਕੇ। ਮਹਲੁ-ਟਿਕਾਣਾ, ਥਾਉ, ਸਰੂਪ। ਧੰਧੁ-ਕੰਮ, ਧੰਦਾ ਪਿੱਟਣਾ, ਕਲੇਸ਼ ਵਾਲਾ ਕੰਮ। ਮੂਰਤੁ-ਇਹ ਮੂਰਤ ਸ਼ਬਦ ਮਹੂਰਤ ਦਾ ਸੰਖੇਪ ਹੈ, ਭਾਵ ਸ਼ੁਭ ਸਮਾਂ। ਢੋਈ-ਓਟ, ਪਨਾਹ, ਆਦਰ, ਸਤਿਕਾਰ।

**ਅਰਥ**

ਪ੍ਰ: ਕੀ ਕੋਈ ਅਜਿਹਾ ਸਾਧਨ ਵੀ ਹੈ, ਜਿਸ ਇਕ ਦੇ ਕਰਨ ਨਾਲ ਹੀ ਸਾਰੇ ਦੁਨੀਆਂ ਦੇ ਪਦਾਰਥ ਵੀ ਮਿਲ ਜਾਣ ਅਤੇ ਜਨਮ ਵੀ ਸਫਲਾ ਹੋ ਸਕੇ?

ਉ. (੧) ਇਸ ਮਨੁੱਖ ਦੇ ਜੇ ਕਦੀ ਮਨ ਰੂਪ ਹੱਥ ਵਿਚ ਨਾਮ-ਪਦਾਰਥ ਆ ਜਾਵੇ ਤਾਂ ਇਸ ਨੂੰ ਦੁਨੀਆਂ ਦੇ ਸਾਰੇ ਮਾਇਕੀ ਪਦਾਰਥ ਵੀ ਪ੍ਰਾਪਤ ਹੋ ਜਾਂਦੇ ਹਨ।

(੨) ਸੱਚਾ ਨਾਮ ਰੂਪੀ ਸ਼ਬਦ (ਕਥਿ) ਕਥਿਆਂ, ਭਾਵ ਜਪਿਆਂ ਜਨਮ ਵੀ ਸਫ਼ਲ ਹੋ ਜਾਂਦਾ ਹੈ।

(੩) ਇਹ ਗੁਰੂ ਪਾਸੋਂ ਸਰੂਪ ਗਿਆਨ ਪ੍ਰਾਪਤ ਹੋ ਜਾਂਦਾ ਹੈ, ਪਰ ਜਿਸ ਦੇ ਮੱਥੇ ਉਤੇ ਧੁਰ ਤੋਂ ਹੀ ਲਿਖਿਆ ਹੋਵੇ।੧।

(੪) ਤਾਂ ਤੇ ਹੇ ਮੇਰੇ ਪਿਆਰੇ! ਇਕ ਨਾਮ ਨਾਲ ਚਿਤ ਲਾਉ।

(੫) ਇਕ ਨਾਮ ਨਾਲ ਚਿਤ ਲਾਏ ਤੋਂ ਬਿਨਾਂ ਹੋਰ ਸਾਰੇ ਕਰਮ ਧਰਮ ਧੰਦਾ ਰੂਪ ਹਨ ਅਤੇ ਇਹ ਮਾਇਆ ਦਾ ਮੋਹ ਵੀ ਸਾਰਾ ਝੂਠਾ ਹੈ।੧। ਰਹਾਉ।

ਜੋ ਆਦਿ ਵਿਚ ਨਾ ਹੋਵੇ, ਅੰਤ ਵਿਚ ਵੀ ਨਾ ਹੋਵੇ, ਪਰ ਵਿਚ ਵਿਚਾਲੇ ਭਾਸੇ ਉਸ ਦਾ ਨਾਮ ਮਿਥਿਆ ਹੈ, ਜਿਵੇਂ ਰੱਸੀ ਵਿਚ ਸੱਪ ਅਤੇ ਧੂੰਏਂ ਦੇ ਪਹਾੜ ਆਦਿ।

(੬) ਜੇ ਕਦੀ ਸਤਿਗੁਰੂ ਜੀ ਕ੍ਰਿਪਾ ਦ੍ਰਿਸ਼ਟੀ ਕਰ ਦੇਣ ਤਾਂ ਇਕ ਪਾਤਸ਼ਾਹੀ ਕਿ ਲੱਖਾਂ ਹੀ ਪਾਤਸ਼ਾਹੀਆਂ ਜਿੰਨੀਆਂ ਖੁਸ਼ੀਆਂ ਪ੍ਰਾਪਤ ਹੋ ਜਾਂਦੀਆਂ ਹਨ।

(੭) ਜੇ ਇਕ 'ਨਿਮਖ' ਅੱਖ ਦੇ ਫੋਰ ਜਿੰਨਾਂ ਚਿਰ ਵੀ ਸਤਿਗੁਰੂ, ਹਰੀ ਦਾ ਪ੍ਰੇਮ ਬਖ਼ਸ਼ ਦੇਣ ਤਾਂ ਬਸ, ਮੇਰਾ ਮਨ ਅਤੇ ਤਨ ਠੰਡਾ ਹੋ ਜਾਵੇ।

ਪ੍ਰ: ਅਜਿਹੇ ਗੁਰੂ ਦੇ ਚਰਨਾਂ ਨੂੰ ਸਾਰੇ ਹੀ ਕਿਉਂ ਨਹੀਂ ਪਕੜ ਲੈਂਦੇ?

ਉ. (੮) ਚਾਹੁੰਦੇ ਤਾਂ ਸਾਰੇ ਹੀ ਹਨ ਕਿ ਗੁਰੂ ਦੇ ਚਰਨ ਪਰਸੀਏ, ਪਰ ਇਹ ਦਾਤ ਪ੍ਰਾਪਤ ਉਸੇ ਨੂੰ ਹੁੰਦੀ ਹੈ, ਜਿਸ ਨੂੰ ਮੁੱਢ ਤੋਂ ਹੀ ਲਿਖਿਆ ਲੇਖ ਪ੍ਰਾਪਤ ਹੋਇਆ ਹੈ।੨।

(੯) ਜਿਸ ਘੜੀ, ਜਿਸ ਮਹੂਰਤ, ਉਸ ਸਚੇ ਪ੍ਰਭੂ ਨਾਲ ਪਿਆਰ ਪੈਦਾ ਹੋਵੇ ਉਹੀ ਸਫਲ ਹੈ।

(੧੦) ਅਤੇ ਉਸੇ ਨੂੰ ਦੁੱਖ ਅਤੇ ਮਨ ਦਾ ਸੰਤਾਪ ਨਹੀਂ ਲਗਦਾ, ਜਿਸ ਨੂੰ ਹਰੀ ਦੇ ਨਾਮ ਦਾ (ਆਧਾਰ) ਆਸਰਾ ਮਿਲ ਜਾਵੇ।

(੧੧) ਜਿਸ ਨੂੰ ਗੁਰੂ ਨੇ ਬੁੱਧੀ ਰੂਪ ਬਾਂਹ ਤੋਂ ਪਕੜ ਕੇ ਕੱਢ ਲਿਆ, ਜਾਣੋ, ਉਹ ਸੰਸਾਰ-ਸਮੁੰਦਰੋਂ ਪਾਰ ਲੰਘ ਗਿਆ ਹੈ।

(੧੨) ਜਿਥੇ ਸੰਤਾਂ ਦੀ ਸਭਾ ਹੈ, ਸਦੈਵੀ ਇਕੱਤ੍ਰਤਾ ਹੋਵੇ, ਉਹੋ ਹੀ ਸਥਾਨ ਪਵਿੱਤਰ ਅਤੇ ਸੁਹਾਵਣਾ ਹੈ।

(੧੩) ਉਸ ਸਭਾ ਵਿਚ ਉਸੇ ਨੂੰ ਹੀ ਆਦਰ ਮਿਲਦਾ ਹੈ, ਜਿਸ ਨੂੰ ਪੂਰਾ ਗੁਰੂ ਲੱਭ ਪਿਆ ਹੋਵੇਗਾ।

(੧੪) ਸਤਿਗੁਰੂ ਜੀ ਆਖਦੇ ਹਨ, ਮੈਂ ਤਾਂ ਆਪਣੇ ਰਹਿਣ ਲਈ ਆਪਣਾ ਘਰ ਹੀ ਉਥੇ ਜਾ ਬਣਾਇਆ ਹੈ, ਜਿਥੇ ਜੰਮਣਾ ਮਰਨਾ ਤੇ ਬੁਢਾਪੇ ਦਾ ਦੁੱਖ ਮੁੜ ਕੇ ਨਹੀਂ ਹੋਣਾ।੪।੬।੭੬।

**ਭਾਵ-ਅਰਥ**

ਇਸ ਸ਼ਬਦ ਵਿਚ ਸਾਰੰਸ਼ ਹੈ ਕਿ ਨਾਮ ਦੀ ਪ੍ਰਾਪਤੀ ਹੋਣ ਨਾਲ ਸਾਰੇ ਮਾਇਕੀ ਪਦਾਰਥ ਵੀ ਪ੍ਰਾਪਤ ਹੋ ਜਾਂਦੇ ਹਨ ਅਤੇ ਇਹ ਜਨਮ ਭੀ ਸਫਲਾਇਆ ਜਾਂਦਾ ਹੈ। ਇਸ ਲਈ ਹਜ਼ੂਰ ਮਨ ਨੂੰ ਸੰਬੋਧਨ ਕਰਦੇ ਹੋਏ ਹਰ ਜੀਵ ਮਾਤਰ ਲਈ ਨਾਮ ਜਪਣ ਦੀ ਪ੍ਰੇਰਨਾ ਕਰਦੇ ਹਨ। ਉਸ ਨਾਮ ਰਾਹੀਂ ਜੋ ਖੁਸ਼ੀ ਮਿਲਦੀ ਹੈ, ਉਹ ਲੱਖਾਂ ਹੀ ਪਾਤਸ਼ਾਹੀਆਂ ਦੀ ਪ੍ਰਾਪਤੀ ਵਿਚ ਨਹੀਂ, ਪਰ ਇਹ ਨਾਮ ਦੀ ਦਾਤ ਗੁਰੂ ਦੀ

ਬਖਸ਼ਿਸ਼ ਦੁਆਰੇ ਹੀ ਮਿਲ ਸਕਦੀ ਹੈ। ਨਾਮ ਵਿਚ ਇਕ ਅਜਿਹੀ ਠੰਡਕ ਹੈ, ਜੋ ਮਨ ਤਨ ਦੀ ਹਰ ਤਪਸ਼ ਨੂੰ ਦੂਰ ਕਰਕੇ ਸਦਾ ਲਈ ਸੀਤਲਤਾ ਬਖ਼ਸ਼ ਦਿੰਦੀ ਹੈ। ਅਜਿਹੇ ਸੀਤਲ ਮਨਾਂ ਵਾਲੇ ਸੰਤ ਮਹਾਂਪੁਰਖਾਂ ਦੀ ਜਿਥੇ ਸਦੈਵੀ ਇਕੱਤਰਤਾ ਹੁੰਦੀ ਹੈ, ਉਹ ਥਾਂ ਪਵਿੱਤਰ ਅਤੇ ਸੁਹਾਵਣੀ ਸਮਝੋ, ਇਸ ਪਵਿੱਤਰ ਥਾਂ ਵਿਚ ਸਦੈਵੀ ਨਿਵਾਸ ਵਡਭਾਗੀਆਂ ਨੂੰ ਹੀ ਮਿਲਦਾ ਹੈ।

**11) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਦਰਸ਼ਨ ਨਿਰਣੈ ਸਟੀਕ (ਗਿਆਨੀ ਹਰਬੰਸ ਸਿੰਘ)**

ਗਿਆਨੀ ਹਰਬੰਸ ਸਿੰਘ ਜੀ ਦਾ ਜਨਮ ਪਾਕਿਸਤਾਨ ਦੇ ਪਿੰਡ ਹਾਸਲ ਤਹਿਸੀਲ ਚਕਵਾਲ, ਜ਼ਿਲ੍ਹਾ ਜੇਹਲਮ ਵਿਖੇ ਸ. ਅਤਰ ਸਿੰਘ ਅਤੇ ਮਾਤਾ ਰਾਜ ਕੌਰ ਦੇ ਘਰ 25 ਅਪ੍ਰੈਲ, 1925 ਈ. ਨੂੰ ਹੋਇਆ। 19 ਸਾਲ ਦੀ ਉਮਰ ਵਿਚ ਬੀਬੀ ਆਗਿਆ ਕੌਰ ਨਾਲ ਅਨੰਦ ਕਾਰਜ ਹੋਇਆ। ਆਪ ਜੀ ਪੁਲਿਸ ਵਿਚ ਟਾਈਪਿਸਟ ਦੀ ਨੌਕਰੀ ਕਰਨ ਬਾਅਦ ਸੁਪਰਡੈਂਟ ਪੁਲਿਸ (ਐੱਸ.ਪੀ.) ਰਿਟਾਇਰ ਹੋਏ। ਦਸੰਬਰ 2015 ਵਿਚ ਗਿਆਨੀ ਜੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿਚ ਸਮਾ ਗਏ। ਗੁਰਬਾਣੀ ਵਿਆਖਿਆਕਾਰੀ ਅਤੇ ਗੁਰਮਤਿ ਸੰਕਲਪਾਂ/ਸਿਧਾਤਾਂ ਨਾਲ ਸੰਬੰਧਤ ਆਪ ਜੀ ਨੇ 40 ਦੇ ਕਰੀਬ ਪੁਸੱਤਕਾਂ ਪਾਠਕਾਂ ਦੀ ਝੋਲੀ ਪਾਈਆਂ। ਆਪ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤੁਲਨਾਤਮਕ ਅਧਿਐਨ ਦੁਆਰਾ ਕੀਤਾ ਗਿਆ ਟੀਕਾ ਆਪਣੇ ਆਪ ਵਿਚ ਕਮਾਲ ਦੀ ਰਚਨਾ ਹੈ ਕਿਉਂਕਿ ਇਸ ਮਹਾਨ ਕਾਰਜ ਨਾਲ ਗੁਰਬਾਣੀ ਵਿਆਖਿਆਕਾਰੀ ਦਾ ਘੇਰਾ ਹੋਰ ਵੀ ਵਿਸ਼ਾਲ ਹੋ ਗਿਆ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਕਰਦਿਆਂ ਪੁਰਾਣੀਆਂ ਪਰੰਪਰਾਵਾਂ ਤੋਂ ਹੱਟ ਕੇ ਨਵੀਂ ਪਰੰਪਰਾ ਨੂੰ ਜਨਮ ਦਿੱਤਾ। ਗਿਆਨੀ ਜੀ ਦੀ ਵਿਆਖਿਆਕਾਰੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਭੂਤਕਾਲ ਵਿਚ ਹੋਏ ਲਗਭਗ ਸਾਰੇ ਟੀਕਿਆਂ ਦੇ ਅਰਥਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਅਤੇ ਤੁਲਨਾਤਮਕ ਅਧਿਐਨ ਤੋਂ ਇਲਾਵਾ ਗੁਰਬਾਣੀ ਵਿਆਖਿਆਕਾਰੀ ਨਾਲ ਸੰਬੰਧਤ ਹਰੇਕ ਪਖ ਜਿਵੇਂ ਵਿਆਕਰਨ, ਉਚਾਰਨ ਅਤੇ ਸੇਧ, ਸ਼ੰਕੇ ਤੇ ਸਿਧਾਂਤ, ਵਿਸ਼ਰਾਮ ਚਿੰਨ੍ਹ, ਇਕ ਸ਼ਬਦ ਇਕ ਅਰਥ ਆਦਿ ਪਖਾਂ ਨੂੰ ਛੋਹਿਆ ਹੈ।

ਇਸ ਸਟੀਕ ਦੀ ਕਿਉਂ ਲੋੜ ਪਈ ਇਸ ਵਿਚਲੀ ਵਿਲੱਖਣਤਾ ਇਸ ਸਟੀਕ ਵਿਚ ਹੀ ਨਿਮਨ ਪ੍ਰਕਾਰ ਲਿਖੀ ਗਈ ਹੈ-

1 ਆਰੰਭ ਵਿਚ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਰਚਨਾ ਸੰਪਾਦਨਾ ਤੇ ਗੁਰਿਆਈ ਬਾਰੇ ਇਤਿਹਾਸਕ ਗ੍ਰੰਥਾਂ ਦੇ ਹਵਾਲੇ ਦੇ ਕੇ ਭਰਪੂਰ ਵਾਕਫੀਅਤ ਦਰਜ ਕੀਤੀ ਹੈ।

2 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਬਾਰੇ ਗੁਰ ਮਰਯਾਦਾ ਦੇ ਸਿਰਲੇਖ ਹੇਠ ਵਡਮੁੱਲੀ ਜਾਣਕਾਰੀ ਇਕੱਤਰ ਕਰਕੇ ਮਹਾਨ ਪਰਉਪਕਾਰੀ ਕਾਰਜ ਕੀਤਾ ਹੈ।

3 ਗੁਰਬਾਣੀ ਪਾਠ ਦਰਸ਼ਨ ਸਿਰਲੇਖ ਹੇਠ ਗੁਰਬਾਣੀ ਦੇ ਪਾਠ ਕਰਨ ਸਮੇਂ ਪਦ-ਵੰਡ, ਵਿਸ਼ਰਾਮ ਤੇ ਸ਼ੁੱਧ ਉਚਾਰਨ ਸੰਬੰਧੀ ਨਵੀਨ ਖੋਜ ਦੁਆਰਾ ਵਿਸ਼ੇਸ਼ ਚਾਨਣਾ ਪਾਇਆ ਹੈ।

4 ਗੁਰਬਾਣੀ ਅੰਕਵਾਲੀ ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਅੰਕਾਂ ਦੇ ਭਾਵ ਨੂੰ ਸਪਸ਼ਟ ਕੀਤਾ ਹੈ ਅਤੇ ਦੱਸਿਆ ਹੈ ਕਿ ਕਿੰਨ੍ਹਾਂ ਅੰਕਾਂ ਨੂੰ ਉਚਾਰਨ ਕਰਨਾ ਹੈ ਤੇ ਕਿੰਨ੍ਹਾਂ ਨੂੰ ਨਹੀਂ। ਪੈਰ ਅੰਕਾਂ ਦਾ ਵੀ ਮਤਲਬ ਸਮਝਾਇਆ ਗਿਆ ਹੈ।

5 'ਪਹਿਲੀ ਪੋਥੀ ਦਾ ਬਾਣੀ ਬਿਉਰਾ' ਨਾਮ ਦੇ ਸਿਰਲੇਖ ਹੇਠ ਇਕ ਨਕਸ਼ਾ ਬਣਾ ਕੇ ਉਸ ਵਿਚ ਬਾਣੀ ਦਾ ਕਰਤਾ, ਬਾਣੀ ਦਾ ਨਾਮ, ਪੰਨਾ, ਸ਼ਬਦਾਂ, ਅਸ਼ਟਪਦੀਆਂ, ਪਹਿਰੇ, ਛੰਤ, ਵਣਜਾਰਾ, ਵਾਰ, ਪਉੜੀ ਤੇ ਸਲੋਕ ਦੇ ਖਾਨਿਆਂ ਵਿਚ ਵੱਖ ਵੱਖ ਵੇਰਵਾ ਲਿਖ ਕੇ ਹੇਠ ਵੱਖ ਵੱਖ ਖਾਨਿਆਂ ਦੇ ਜੋੜ ਲਿਖਕੇ ਸਟੀਕ ਵਿਚ ਇਕ ਨਵੀਂ ਪਰੰਪਰਾ ਆਰੰਭ ਕੀਤੀ ਹੈ ਜੋ ਪਾਠਕਾਂ ਲਈ ਲਾਭਕਾਰੀ ਸਾਬਤ ਹੋਵੇਗੀ।

6 ਮੂਲ ਮੰਤਰ ਦੇ ਅਰਥ, ਵਿਆਖਿਆ, ਸ਼ੰਕਾ ਅਤੇ ਸਮਾਧਾਨ ਸਾਰ ਸਿਧਾਂਤ ਦਾ ਵਿਦਵਤਾ ਖੋਜ ਅਤੇ ਯੁਕਤੀਆਂ ਦੁਆਰਾ ਵਰਨਣ ਕਰਤਾ ਦੀ ਤੀਖਣ ਪ੍ਰਤਿਭਾ ਦਾ ਸੂਚਕ ਹੈ।

7 ਗੁਰਬਾਣੀ ਦੇ ਮੂਲ ਪਾਠ ਨੂੰ ਵਿਸ਼ਰਾਮ ਦੇ ਕੇ ਮੋਟੇ ਅੱਖਰਾਂ ਵਿਚ ਛਾਪਿਆ ਹੈ ਤਾਂ ਕਿ ਗੁਰਬਾਣੀ ਦਾ ਵਖਰਾਪਨ ਸ਼ੀਘਰ ਹੀ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਹੋ ਸਕੇ ਤੇ ਸ਼ੁੱਧ ਪਾਠ ਕੀਤਾ ਜਾ ਸਕੇ। ਫਿਰ ਉਚਾਰਨ ਸਿਰਲੇਖ ਹੇਠ ਪਹਿਲਾਂ ਇਹ ਸ਼ਬਦ ਲਿਖੇ ਹਨ ਜੋ ਬਿੰਦੇ ਸਹਿਤ ਉਚਾਰਨ ਕਰਨੇ ਹਨ ਉਹ ਸ਼ਬਦ ਜਿਨ੍ਹਾਂ ਦਾ ਬਿੰਦੇ ਰਹਿੱਤ ਉਚਾਰਨ ਕਰਨਾ ਹੈ, ਅੱਗੋਂ ਕੁਝ ਫੁਟਕਲ ਉਚਾਰਨ ਸਬੰਧੀ ਜਾਣਕਾਰੀ ਨਿਰੂਪਣ ਕੀਤੀ

ਹੈ। ਪਦ-ਅਰਥ, ਸ਼ੰਕੇ ਤੇ ਨਿਰਣੈ ਅੰਤ ਵਿਚ ਸਿਧਾਂਤ ਦਾ ਨਿਰੂਪਣ, ਸਟੀਕ ਨੂੰ ਪਹਿਲੇ ਛਪ ਚੁੱਕੇ ਸਟੀਕਾਂ ਤੋਂ ਵਿਲੱਖਣ ਰੂਪ ਦੇ ਦਿੰਦਾ ਹੈ।

8 ਗੁਰਬਾਣੀ ਦੇ ਲਗਮਾਤ੍ਰੀ ਨੇਮਾਂ ਤੇ ਆਧਾਰਤ ਅਰਥ ਕੀਤੇ ਗਏ ਹਨ।

9 ਸ਼ਬਦ ਸਰੂਪਾਂ ਬਾਰੇ ਜਾਣ ਪਛਾਣ, ਪਾਠ ਭੇਦ ਅਤੇ ਉਨ੍ਹਾਂ ਬਾਰੇ ਹਥ ਲਿਖਤੀ ਬੀੜਾਂ ਦੇ ਹਵਾਲੇ ਸੋਨੇ ਤੇ ਸੁਹਾਗੇ ਦਾ ਕੰਮ ਕਰਦੇ ਹਨ।

10 ਪ੍ਰਸਿੱਧ ਟੀਕਾਕਾਰਾਂ ਦੇ ਵਖ ਵਖ ਅਰਥਾਂ ਦੇ ਸੰਤੁਲਿਤ ਵਿਚਾਰ ਜਿਸ ਦਾ ਪਾਠਕਾਂ ਨੂੰ ਇਹ ਲਾਭ ਹੈ ਕਿ ਬਹੁਤੇ ਟੀਕੇ ਲੱਭਣ ਦੀ ਲੋੜ ਨਹੀਂ, ਸਾਰੀ ਅਰਥ ਸਮੱਗਰੀ ਇਕੋ ਥਾਂ ਤੇ ਲੱਭ ਪੈਂਦੀ ਹੈ।

11 'ਸ਼ੰਕਾਵਾਦੀ ਅਰਥ ਭੇਦ ਅਤੇ ਨਿਰਣੈ' ਸਿਰਲੇਖ ਹੇਠ ਹਰ ਸ਼ਬਦ ਦੇ ਉਨ੍ਹਾਂ ਅਰਥਾਂ ਬਾਰੇ ਵਿਸਥਾਰ ਸਹਿਤ ਵਿਚਾਰ ਅੰਕਿਤ ਕੀਤੇ ਹਨ, ਜਿਨ੍ਹਾਂ ਬਾਰੇ ਟੀਕਾਕਾਰਾਂ ਵਿਚ ਮਤਭੇਦ ਹਨ। ਨਵੀਂ ਖੋਜ ਤੇ ਯੁਕਤੀਆਂ ਦੁਆਰਾ ਉਨ੍ਹਾਂ ਬਹੁਤੇ ਅਰਥਾਂ 'ਚੋਂ ਇਕ ਅਰਥ ਦਾ ਨਿਰਣਾ ਕੀਤਾ ਗਿਆ ਹੈ, ਜੋ ਪਾਠਕਾਂ ਲਈ ਬੇਹੱਦ ਲਾਹੇਵੰਦ ਹੈ।

12 ਆਪਣੇ ਵੱਲੋਂ ਕੀਤੇ ਅਰਥਾਂ ਦੀ ਪੁਸ਼ਟੀ ਲਈ ਹੋਰ ਅੱਡ ਅੱਡ ਥਾਵਾਂ ਤੇ ਗੁਰਬਾਣੀ ਦੇ ਪ੍ਰਮਾਣ ਇਕੱਤਰ ਕਰਕੇ ਪਾਠਕਾਂ ਦੀ ਚੰਗੀ ਤਰ੍ਹਾਂ ਤਸੱਲੀ ਕਰਵਾਈ ਗਈ ਹੈ।[78]

ਇਸ ਤਰ੍ਹਾਂ ਆਪਾਂ ਵੇਖ ਸਕਦੇ ਹਾਂ ਕਿ ਗੁਰਬਾਣੀ ਦੀ ਵਿਆਖਿਆ ਕਰਦਿਆਂ ਸਭ ਤੋਂ ਪਹਿਲਾਂ ਸ਼ਬਦ ਦਾ ਮੂਲ ਪਾਠ ਦੇਣ ਉਪਰੰਤ ਇਸ ਦੇ ਉਚਾਰਨ ਸੰਬੰਧੀ ਸੇਧ ਦਿੰਦੇ ਹਨ ਫਿਰ ਬਿੰਦੀ ਰਹਿੱਤ ਅਤੇ ਬਿੰਦੀ ਸਹਿਤ ਉਚਾਰਨ ਸੇਧ ਬਾਰੇ ਦਸਿਆ ਗਿਆ ਹੈ। ਇਸ ਤੋਂ ਬਾਅਦ ਸ਼ਬਦ ਵਿਚ ਆਏ ਔਖੇ ਪਦਾਂ ਦੇ ਅਰਥ ਦੇ ਕੇ ਵਿਸ਼ਰਾਮ ਸੰਬੰਧੀ ਚਾਨਣਾ ਪਾਇਆ ਗਿਆ ਹੈ। ਅਗੇ ਸ਼ਬਦ ਦੇ ਅਰਥ ਨੂੰ ਪ੍ਰਸਤੁਤ ਕਰਕੇ

[78] ਗਿਆਨੀ ਹਰਬੰਸ ਸਿੰਘ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਦਰਸ਼ਨ ਨਿਰਣੈ ਸਟੀਕ, ਪੋਥੀ ਪਹਿਲੀ, ਪੰਨੇ 16-17

ਜੇਕਰ ਇਸ ਦੇ ਅਰਥ ਸੰਬੰਧੀ ਟੀਕਾਕਾਰਾਂ ਦੇ ਭੇਦ ਹਨ ਤਾਂ ਉਨ੍ਹਾਂ ਬਾਰੇ ਵੇਰਵਾ ਦੇ ਕੇ ਗੁਰਬਾਣੀ ਸਿਧਾਂਤ ਅਨੁਸਾਰ ਵੱਖ-ਵੱਖ ਤੁਕਾਂ ਦੇ ਹਵਾਲੇ ਲੈ ਕੇ ਅਰਥ ਸਬੰਧੀ ਨਿਰਣਾ ਕੀਤਾ ਗਿਆ ਹੈ। ਅੰਤ ਵਿਚ ਸ਼ਬਦ ਦਾ ਸਾਰੰਸ਼ ਅਤੇ ਸਿਧਾਂਤ ਪੇਸ਼ ਕੀਤਾ ਗਿਆ ਹੈ। ਗਿਆਨੀ ਜੀ ਦੀ ਕੀਤੀ ਵਿਆਖਿਆਕਾਰੀ ਦੇ ਜੋ ਲੱਛਣ ਪ੍ਰਮੁੱਖ ਰੂਪ ਵਿਚ ਦ੍ਰਿਸਟੀਗੋਚਰ ਹੋਏ ਹਨ ਉਹ ਹੇਠ ਵਿਖੇ ਅਨੁਸਾਰ ਹੈ:-

**11.1 ਉਥਾਨਕਾ**

**11.2 ਸਹਿਜ ਵਿਆਖਿਆ**

**11.3 ਵਿਆਕਰਨ**

**11.4 ਉਚਾਰਨ ਸੋਧ**

**11.5 ਤੁਲਨਾਤਮਕ ਵਿਆਖਿਆ**

**11.6 ਗੁਰਮਤਿ ਸੰਕਲਪ/ਸਿਧਾਂਤ**

**11.1 ਉਥਾਨਕਾ**

ਗੁਰਬਾਣੀ ਦੀ ਵਿਆਖਿਆ ਕਰਦਿਆਂ ਸੰਬੰਧਿਤ ਸ਼ਬਦ ਦੀ ਉਥਾਨਕਾ ਦੇਣ ਵਾਲੀ ਪ੍ਰਕਿਰਿਆ ਪਰੰਪਰਾਗਤ ਵਿਆਖਿਆਕਾਰਾਂ ਤੋਂ ਚਲੀ ਆ ਰਹੀ ਹੈ ਬੇਸ਼ਕ ਗਿਆਨੀ ਜੀ ਨਵੀਨ ਵਿਆਖਿਆਕਾਰ ਹਨ ਪਰ ਉਹ ਵੀ ਇਸ ਵਿਧੀ ਨੂੰ ਨਹੀਂ ਤਿਆਗਦੇ, ਪਰੰਪਰਾਗਤ ਵਿਦਵਾਨਾਂ ਵਾਂਗ ਹਰ ਸ਼ਬਦ ਦੀ ਉਥਾਨਕਾ ਵੀ ਨਹੀਂ ਦਿੰਦੇ ਬਲਕਿ ਇਤਿਹਾਸਕ ਪਿਠ-ਭੂਮੀ ਵਾਲੇ ਸ਼ਬਦਾਂ ਦੀ ਉਥਾਨਕਾ ਹੀ ਦਿੰਦੇ ਹਨ ਅਤੇ ਨਾਲ ਹੀ ਮਨ ਘੜਤ ਉਥਾਨਕਾ ਜਾਂ ਸਾਖੀਆਂ ਤੋਂ ਉਹ ਸਿਖ ਪੰਥ ਨੂੰ ਸੁਚੇਤ ਵੀ ਕਰਦੇ ਹਨ। 'ਸਿਰੀ ਰਾਗੁ ਮਹਲਾ ੧॥ ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ॥ ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ'॥ ਸ਼ਬਦ ਦੀ ਉਥਾਨਕਾ ਬਾਰੇ ਦਸਦੇ ਹਨ-

ਉਦਹਾਰਨ:

ਇਸ ਸ਼ਬਦ ਦੀਆਂ ਰਹਾਉ ਵਾਲੀਆਂ ਪੰਕਤੀਆਂ ਵਿਚ 'ਬਾਬਾ' ਪਦ ਵੇਖ ਕੇ ਸਾਖੀਕਾਰਾਂ ਨੇ ਇਸ ਸ਼ਬਦ ਦਾ ਉਚਾਰਨ ਪਿਤਾ ਕਾਲੂ ਜੀ ਪ੍ਰਤੀ ਹੋਣਾ ਕਲਪ ਦਿਤਾ ਹੈ ਜੋ ਕਿ ਠੀਕ ਨਹੀਂ ਹੈ। ਗੁਰਬਾਣੀ ਵਿਚ

'ਬਾਬਾ' ਪਦ ਵਰਤੋਂ ਕਈ ਹੋਰ ਸ਼ਬਦਾਂ ਵਿਚ ਵੀ ਕੀਤੀ ਹੋਈ ਮਿਲਦੀ ਹੈ ਫਿਰ ਕੀ ਉਥੇ ਵੀ ਇਹ ਸਮਝਾਂਗੇ ਕਿ ਗੁਰਦੇਵ ਜੀ ਆਪਣੇ ਪਿਤਾ ਨੂੰ ਉਪਦੇਸ਼ ਦੇ ਰਹੇ ਹਨ? ਇਹ ਠੀਕ ਹੈ ਕਿ 'ਬਾਬਾ' ਪਦ ਦੇ ਅਰਥ, ਪਿਤਾ, ਬਾਪ, ਦਾਦਾ ਆਦਿ ਹਨ ਅਤੇ ਭਾਈ ਗੁਰਦਾਸ ਜੀ ਨੇ 'ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲਿ ਰਾਖੀ ਮੇਰੀ' ਦੇ ਭਾਵਾਂ ਨੂੰ ਵਿਆਖਦੇ ਹੋਏ 'ਜ਼ਾਹਰ ਪੀਰ ਜਗਤ ਗੁਰ ਬਾਬਾ' ਪਦ ਗਰੂ ਨਾਨਕ ਦੇਵ ਜੀ ਲਈ ਵੀ ਵਰਤਿਆ ਹੈ ਪਰ ਸ਼ਬਦ ਦੇ ਵਿਸ਼ਾ-ਵਸਤੂ ਅਨੁਸਾਰ ਹੀ ਅਰਥ ਕਰਨੇ ਯੋਗ ਹਨ। ਗੁਰਬਾਣੀ ਵਿਚ ਇਸ ਪਦ ਦੀ ਵਰਤੋਂ ਖਾਸ ਕਰਕੇ ਸੰਬੋਧਨ ਰੂਪ ਵਿਚ ਹੀ ਮਿਲਦੀ ਹੈ ਅਤੇ ਅਰਥ ਹੁੰਦੇ ਹਨ 'ਹੇ ਅਕਾਲ ਪੁਰਖ!।'[79]

**11.2 ਸਹਿਜ ਵਿਆਖਿਆ**

ਗਿਆਨੀ ਹਰਬੰਸ ਸਿੰਘ ਗੁਰਬਾਣੀ ਦੀ ਵਿਆਖਿਆ ਕਰਦਿਆਂ ਹੋਇਆਂ ਇਸ ਪ੍ਰਣਾਲੀ ਨੂੰ ਖਾਸ ਤੌਰ 'ਤੇ ਵਰਤਦੇ ਹਨ ਗੁਰਬਾਣੀ ਦੇ ਅਰਥ ਅਤੇ ਕਈ ਵਾਰ ਨਿਰਣੈ ਕਰਨ ਵੇਲੇ ਉਹ ਗੁਰਬਾਣੀ ਦੀਆਂ ਪੰਕਤੀਆਂ ਨੂੰ ਪਹਿਲਾਂ ਵਿਆਕਰਨਕ ਨਿਯਮਾ ਅਨੁਸਾਰ ਅਰਥ ਕਰਦੇ ਹਨ ਅਤੇ ਫਿਰ ਉਨ੍ਹਾਂ ਦੇ ਅਰਥ ਹੋਰ ਸਪਸ਼ਟ ਕਰਨ ਲਈ ਗੁਰਬਾਣੀ ਵਿਚੋਂ ਅਨੇਕਾਂ ਉਦਾਹਰਨਾਂ ਵੀ ਦੇ ਕੇ ਸਮਝਾਉਣ ਦਾ ਜਤਨ ਕਰਦੇ ਹਨ।

ਉਦਹਾਰਨ:

ਰਾਗ ਆਸਾ ਦਾ ਸ਼ਬਦ ਸਲੋਕ ਮ: ੧॥ ਹਉ ਵਿਚਿ ਆਇਆ, ਹਉ ਵਿਚਿ ਗਇਆ॥ ਹਉ ਵਿਚਿ ਜੰਮਿਆ, ਹਉ ਵਿਚ ਮੁਆ॥ ਦਾ ਵਿਸਥਾਰ ਇੰਨਾ ਕਰਦੇ ਹਨ ਕਿ ਇਸ ਸ਼ਬਦ ਦੀ ਵਿਆਖਿਆ ਅਰਥ ਭੇਦ ਅਤੇ ਨਿਰਣੈ ਕਰਦਿਆਂ ਹੋਇਆਂ ਬਾਰਾਂ(12) ਅੰਗਾਂ ਦੋ ਸੌ ਅਠ ਤੋਂ ਦੋ ਸੌ ਉੱਨੀ (208-219) ਤੱਕ ਗਿਣਤੀ ਜਾ ਪਹੁੰਚੀ ਹੈ।[80] ਇਸ ਪ੍ਰਕਾਰ ਉਹ ਸਾਰੀ ਵਿਆਖਿਆ ਕਰਦੇ ਹਨ।

**11.3 ਵਿਆਕਰਨ**

---

[79] ਉਪਰੋਕਤ ਵਰਣਿਤ, ਪੰਨਾ 250

[80] ਉਪਰੋਕਤ ਵਰਣਿਤ, ਪੋਥੀ ਛੇਵੀਂ, ਪੰਨੇ 208-219

ਗਿਆਨੀ ਜੀ ਦੁਆਰਾ ਗੁਰਬਾਣੀ ਦੀ ਵਿਆਖਿਆ ਲਈ ਗੁਰਬਾਣੀ ਵਿਆਕਰਨ ਦੀ ਸੁਚੱਜੇ ਢੰਗ ਨਾਲ ਵਰਤੋਂ ਕੀਤੀ ਗਈ ਹੈ। ਇਸ ਸੰਬੰਧੀ ਪਹਿਲਾਂ ਹੋ ਚੁੱਕੇ ਟੀਕਿਆਂ ਵਿਚ ਜਿਥੇ-ਕਿਤੇ ਵੀ ਵਿਆਕਰਨਕ ਨਿਯਮਾਂ ਦੀ ਉਲੰਘਣਾ ਹੋਈ ਹੈ ਉਸਨੂੰ ਸਪਸ਼ਟ ਰੂਪ ਵਿਚ ਬਿਆਨ ਕਰਕੇ ਅਰਥਾਂ ਨੂੰ ਗੁਰਬਾਣੀ ਵਿਆਕਰਨ ਦੇ ਨੇਮਾਂ ਅਨੁਸਾਰ ਹੀ ਕੀਤਾ ਗਿਆ ਹੈ ਖਾਸ ਤੌਰ ਤੇ ਕੁਝ ਥਾਵਾਂ 'ਤੇ ਪ੍ਰੋ. ਸਾਹਿਬ ਸਿੰਘ ਦੁਆਰਾ ਕੀਤੇ ਗਏ ਅਜਿਹੇ ਅਰਥਾਂ ਨੂੰ ਸਪਸ਼ਟ ਕਰਨ ਦੀਆਂ ਉਦਾਹਾਰਨਾਂ ਉਨ੍ਹਾਂ ਦੇ ਟੀਕੇ ਵਿਚੋਂ ਮਿਲ ਜਾਂਦੀਆਂ ਹਨ।[81]

### 11.4 ਉਚਾਰਨ ਸੇਧ

ਗਿਆਨੀ ਜੀ ਦੁਆਰਾ ਕੀਤੀ ਗੁਰਬਾਣੀ ਵਿਆਖਿਆਕਾਰੀ ਦਾ ਇਹ ਅਹਿਮ ਪਹਿਲੂ ਹੈ ਕਿ ਉਹ ਗੁਰਬਾਣੀ ਦੇ ਸ਼ਬਦਾਂ ਦਾ ਉਚਾਰਨ ਸੇਧ ਵੀ ਦਿੰਦੇ ਹਨ ਪਰ ਸਿੱਖ ਪੰਥ ਹਾਲੇ ਇਸ ਪਾਸੇ ਵੱਲ ਇਕ ਮੱਤ ਨਹੀਂ ਹੈ ਕਿਉਂਕਿ ਇਸ ਦਾ ਕਾਰਨ ਹੈ ਕਿ ਅੱਜ ਸਿੱਖ ਸਮਾਜ ਅਨੇਕਾਂ ਸੰਪ੍ਰਾਦਾਵਾਂ/ਜਥੇਬੰਦੀਆਂ ਵਿਚ ਵੰਡਿਆਂ ਜਾ ਚੁੱਕਾ ਹੈ। ਕੋਈ ਕਿਸੇ ਦੀ ਗੱਲ ਸੁਨਣ ਨੂੰ ਤਿਆਰ ਹੀ ਨਹੀਂ ਅਤੇ ਹਰ ਇਕ ਆਪਣਾ ਹੀ ਰਾਗ ਅਲਾਪ ਰਿਹਾ ਹੈ ਜਿਸ ਦਾ ਨੁਕਾਸਨ ਪੰਥ ਨੂੰ ਭੁਗਤਨਾ ਪੈ ਰਿਹਾ ਹੈ। ਇਥੇ ਗਿਆਨੀ ਜੀ ਨੇ ਭਰਪੂਰ ਕੋਸ਼ਿਸ਼ ਕੀਤੀ ਹੈ ਪਰ ਇਸ ਦਾ ਦੂਸਰਾ ਪਖ ਵੀ ਵੇਖਣਾ ਜਰੂਰੀ ਹੈ ਕਿ ਗੁਰਬਾਣੀ ਉਚਾਰਨ ਅਤੇ ਅਜੋਕੇ ਸਮੇਂ ਦੀ ਪੰਜਾਬੀ ਬੋਲੀ ਵਿਚ ਮੁਹਾਵਰੇ ਦਾ ਭਾਰੀ ਫ਼ਰਕ ਪੈ ਚੁੱਕਾ ਹੈ। ਗੁਰੂ ਕਾਲ ਵੇਲੇ ਦੀ ਪੰਜਾਬੀ ਵਿਚ ਸੰਬੰਧਕ ਵੱਖਰੇ ਤੌਰ ਤੇ ਨਹੀਂ ਸਨ ਪਰ ਅਜੋਕੀ ਪੰਜਾਬੀ ਵਿਚ ਸੰਬੰਧਕਾਂ ਦਾ ਰੂਪ ਬਦਲ ਚੁੱਕਿਆ ਹੈ, ਇਸੇ ਪ੍ਰਕਾਰ ਗੁਰੂ ਕਾਲ ਦੀ ਪੰਜਾਬੀ ਬੋਲੀ ਵਿਚ ਉਪਰ ਬਿੰਦੀ ਅਤੇ ਪੈਰ ਬਿੰਦੀ ਦੀ ਵਰਤੋਂ ਨਹੀਂ ਸੀ ਹੁੰਦੀ ਪਰ ਹੁਣ ਇਹ ਵਰਤਾਰਾ ਆਮ ਵੇਖਿਆ ਜਾ ਸਕਦਾ ਹੈ। ਇਸ ਲਈ ਇਸ ਪਖ ਨੂੰ ਵੀ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਗੁਰਬਾਣੀ ਦੇ ਮੂਲ ਪਾਠ ਨਾਲ ਛੇੜਛਾੜ ਨਾ ਕੀਤੀ ਜਾਵੇ ਤਾਂ ਹੀ ਠੀਕ ਹੈ ਨਹੀਂ ਤਾਂ ਇਸ ਦੇ ਨਤੀਜੇ ਸਾਰਥਕ ਨਹੀਂ ਹੋ ਸਕਦੇ।

[81] ਉਪਰੋਕਤ ਵਰਣਿਤ, ਪੋਥੀ ਦਸਵੀਂ, ਪੰਨਾ 55

ਉਚਾਰਨ ਸੇਧ ਦੇ ਨਾਲ ਹੀ ਵਿਸ਼ਰਾਮਾਂ ਦੀ ਸਪਸ਼ਟਤਾ ਲਈ ਕਾਮੇ (') ਦਾ ਚਿੰਨ੍ਹ ਵਰਤਿਆ ਗਿਆ ਹੈ। ਇਸ ਚਿੰਨ੍ਹ ਨੂੰ ਲਾਉਣ ਦਾ ਮੰਤਵ ਗੁਰਬਾਣੀ ਦੇ ਵਿਸ਼ਰਾਆਂ ਨੂੰ ਪੂਰਨ ਰੂਪ ਵਿਚ ਸਪਸ਼ਟ ਕਰਨਾ ਹੋ ਸਕਦਾ ਹੈ ਤਾਂ ਕਿ ਗਲਤ ਵਿਸ਼ਰਾਮਾਂ ਦੀ ਸੂਰਤ ਵਿਚ ਅਰਥਾਂ ਦੇ ਅਨਰਥ ਨਾ ਹੋਣ।

ਉਦਹਾਰਨ:

ਸਿਰੀ ਰਾਗੁ ਮਹਲਾ ॥੧॥ ਨਾਨਕ ਬੇੜੀ ਸਚ ਕੀ, ਤਰੀਐ ਗੁਰ ਵੀਚਾਰਿ॥ ਇਸ ਸ਼ਬਦ ਦਾ ਉਚਾਰਨ ਸੇਧ ਦਿੰਦਿਆਂ ਹੋਇਆਂ ਗਿਆਨੀ ਜੀ ਦਸਦੇ ਹਨ ਕਿ ਕਿਹੜੇ ਸ਼ਬਦ ਬਿੰਦੀ ਸਹਿਤ ਅਤੇ ਕਿਹੜੇ ਬਿੰਦੀ ਰਹਿੱਤ ਹਨ-

ਉਚਾਰਨ ਸੇਧ- ਬਿੰਦੀ ਸਹਿਤ: ਆਵਹਿਂ ਜਾਵਹੀਂ, ਮਿਲਾਵਹੀਂ, ਕਿਉਂ, ਜਿਉਂ, ਮੈਂ, ਦੇਖਉਂ, ਵਿਸਾਰੇਉਂ, ਪੇਉਂ, ਸਮੇਂਉਂ। ਬਿੰਦੀ ਰਹਿੱਤ: ਮਤੀ, ਸੰਤੋਖੀਆ।

ਫੁਟਕਲ: 'ਸੁਤਾਰਿ' ਜੁੜਵਾਂ ਸ਼ਬਦ ਨਹੀਂ ਜਿਵੇਂ ਕਿ ਕਈ ਸ਼ਬਦਾਂ ਦੇ ਆਦਿ ਵਿਚ 'ਸੁ' ਦੀ ਵਰਤੋਂ 'ਸ੍ਰੇਸ਼ਟ' ਦੇ ਅਰਥ ਦਿੰਦੀ ਹੈ। ਇਥੇ ਪਾਠ ਪਦਛੇਦ ਕਰਕੇ 'ਸਚੁ ਸੁ ਤਾਰਿ' ਕਰਨਾ ਹੈ।[82]

**11.5 ਤੁਲਨਾਤਮਕ ਵਿਆਖਿਆ**

ਗਿਆਨੀ ਜੀ ਨੇ ਗੁਰਬਾਣੀ ਵਿਆਖਿਆ ਲਈ ਤੁਲਨਾਤਮਕ ਵਿਧੀ ਦੀ ਵਰਤੋਂ ਵੀ ਕੀਤੀ ਹੈ। ਉਨ੍ਹਾਂ ਨੇ ਆਪਣੇ ਤੋਂ ਪਹਿਲਾਂ ਹੋ ਚੁੱਕੇ ਵਿਆਖਿਆਕਾਰਾਂ ਜਿਵੇਂ: ਪ੍ਰੋ. ਸਾਹਿਬ ਸਿੰਘ, ਪ੍ਰਿੰ. ਤੇਜਾ ਸਿੰਘ, ਭਾਈ ਵੀਰ ਸਿੰਘ, ਗਿਆਨੀ ਬਦਨ ਸਿੰਘ, ਪ੍ਰੋ. ਕਰਤਾਰ ਸਿੰਘ ਦਾਖਾ, ਗਿਆਨੀ ਸ਼ੇਰ ਸਿੰਘ, ਪੰ. ਤਾਰਾ ਸਿੰਘ ਨਿਰੋਤਮ, ਭਾਈ ਸੰਤੋਖ ਸਿੰਘ ਦੇ ਅਰਥ ਭੇਦਾਂ ਨੂੰ ਦੱਸ ਕੇ ਇਸ ਨੂੰ ਨਿਰਣਾਤਮਕ ਵਿਧੀ ਰਾਹੀਂ ਸਪਸ਼ਟ ਕਰਨ ਦਾ ਜਤਨ ਕੀਤਾ ਹੈ।

ਜਿਵੇਂ: ਅਰਥ ਭੇਦ ਅਤੇ ਨਿਰਣੈ

[82] ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨਾ 282

ਸਿਰੀ ਰਾਗੁ ਮਹਲਾ ॥੧॥ ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ॥ ਇਸ ਸ਼ਬਦ ਦੀ ਵਿਆਖਿਆ ਕਰਦੇ ਹੋਏ ਗਿਆਨੀ ਜੀ 'ਅਰਥ ਭੇਦ ਅਤੇ ਨਿਰਣੈ' ਗੁਰਮਤਿ ਅਨੁਸਾਰ ਸਹੀ ਅਰਥ ਕਰਨ ਦਾ ਜਤਨ ਕਰਦੇ ਹਨ ਅਤੇ ਬਾਕੀ ਵਿਆਖਿਆਕਾਰਾਂ ਦੇ ਕੀਤੇ ਹੋਏ ਅਰਥ ਵੀ ਨਾਲ ਦੇ ਰਹੇ ਹਨ।

ਉਦਹਾਰਨ ਵਜੋਂ

ਮਤੀ ਮਰਣੁ ਵਿਸਾਰਿਆ........

ਭਿੰਨ-ਭਿੰਨ ਅਰਥ—

1 ਤਿਸੁ ਮਦ ਮੈ ਬੁਧੀ (ਮਤੀ) ਮਸੱਤ ਹੋ ਰਹੀ ਹੈ। [ਫਰੀਦਕੋਟੀ ਸਟੀਕ ]

2 ਮਤਿਆਂ ਹੋਇਆਂ ਨੇ, ਮਸਤਿਆਂ ਹੋਇਆਂ ਨੇ...... ['ਸ਼ਬਦਾਰਥ']

3 ਮਸਤੀ ਕੋਈ ਜਿੰਦ ਨੇ ਮੌਤ ਭੁਲਾ ਦਿੱਤੀ ਹੈ। [ਪ੍ਰੋ. ਸਾਹਿਬ ਸਿੰਘ]

ਨਿਰਣੈ: ਇਥੇ 'ਮਤੀ' ਪਦ ਦਾ ਅਰਥ 'ਬੁਧੀ ਮਤਿਆਂ ਹੋਇਆਂ ਨੇ' ਕਰਨੇ ਠੀਕ ਨਹੀ ਹਨ। ਇਥੇ ਸਪਸ਼ਟ ਅਰਥ ਹਨ- '(ਅਮਲ ਦੇ ਗੋਲੋਲੇ ਦੀ) ਮਸਤੀ ਵਿਚ ਜੀਵ ਇਸਤ੍ਰੀ ਨੇ'। ਉਂਜ ਗੁਰਬਾਣੀ ਵਿਚ 'ਮਤੀ' ਪਦ ਦੇ ਅਰਥ 'ਮੱਤਾਂ' ਵੀ ਹਨ ਜਿਵੇਂ ਕਿ 'ਅਨਕਉ ਮਤੀ ਦੇ ਚਲੇ......' ਪਰ ਪਾਠਕਾਂ ਨੂੰ ਪ੍ਰਸੰਗਕ ਅਰਥ ਅਪਣਾਉਣੇ ਚਾਹੀਦੇ ਹਨ।

ਅ) ਜਿਤੁ ਸੇਵਿਐ ਸੁਖੁ ਪਾਈਐ, ਤੇਰੀ ਦਰਗਹ ਚਲੈ ਮਾਣੁ॥

ਪਹਿਲੀ ਅੱਧੀ ਪੰਕਤੀ ਦੇ ਅਰਥ ਸਪਸ਼ਟ ਹਨ ਪਰ ਦੂਜੀ ਅੱਧੀ ਪੰਕਤੀ ਵਿਚ 'ਤੇਰੀ' ਪਦ ਨੇ ਟੀਕਾਕਾਰਾਂ ਨੂੰ ਵੱਡੇ ਭੁਲੇਖੇ ਵਿਚ ਪਾ ਦਿਤਾ ਹੈ ਜਿਸ ਕਰਕੇ ਉਨ੍ਹਾਂ ਨੇ ਹੇਠ ਲਿਖੇ ਭਿੰਨ-ਭਿੰਨ ਅਰਥ ਕੀਤੇ ਹਨ-

1 ਜਿਸ ਦੇ ਸੇਵਨੇ ਕਰ ਪਰਮ ਸੁਖ ਪ੍ਰਾਪਤ ਹੋਵੈ ਔਰ ਪ੍ਰਮੇਸਰ ਕੀ ਦਰਗਾਹ ਮੇਂ ਤੇਰੀ ਮਾਨਤਾ ਚਲੇ ਭਾਵ ਜਸ ਪ੍ਰਵਿਰਤੇ।

[ਫਰੀਦਕੋਟੀ ਸਟੀਕ]

2 'ਸ਼ਬਦਾਰਥ' ਨੇ ਇਸ ਪੰਕਤੀ ਦੇ ਅਰਥ ਕੀਤੇ ਹੀ ਨਹੀਂ।

3 ਜਿਸ ਦਾ ਸਿਮਰਨ ਕੀਤਿਆਂ ਸੁਖ ਮਿਲਦਾ ਹੈ (ਤੇ ਅਰਦਾਸ ਕਰ ਕਿ ਹੇ ਪ੍ਰਭੂ ਆਪਣਾ ਨਾਮ ਦੇਹ ਜਿਸ ਕਰਕੇ ਤੇਰੀ ਹਜੂਰੀ ਵਿਚ ਆਦਰ ਮਿਲ ਸਕੇ) [ਪ੍ਰੋ. ਸਾਹਿਬ ਸਿੰਘ]

4 ਜਿਸ ਨੂੰ ਸੇਵਨ ਨਾਲ (ਏਥੇ) ਸੁਖ ਪਾਈਦਾ ਹੈ (ਤੇ ਹੇ ਹਰੀ!) ਤੇਰੀ ਦਰਗਾਹੇ ਮਾਣ ਨਾਲ ਜਾਈਦਾ ਹੈ। [ਭਾਈ ਵੀਰ ਸਿੰਘ] ਨਿਰਣੈ: ਰਹਾਉ ਦੀ ਪਹਿਲੀ ਪੰਕਤੀ ਵੱਲ ਵੇਖੀਏ ਤਾਂ ਬਿਲਕੁਲ ਸਪਸ਼ਟ ਹੈ ਕਿ ਹਰ ਵਾਕ ਹਰੀ ਨੂੰ ਸੰਬੋਧਨ ਰੂਪ ਵਿਚ ਨਹੀਂ ਸਗੋਂ ਮਨੁੱਖ ਨੂੰ ਉਪਦੇਸ਼ ਰੂਪ ਵਿਚ ਹੈ ਕਿਉਂਕਿ ਪਹਿਲਾਂ ਇਹ ਆਖਿਆ ਹੈ, ਕਿ ਹੇ ਮਨੁੱਖ! (ਉਸ) ਸਚੇ (ਪਰਮੇਸ਼ਰ) ਨੂੰ ਸਦੀਵੀ ਹੋਂਦ ਵਾਲਾ ਸਮਝ ਜਿਸ ਦੀ ਸੇਵਾ (ਭਗਤੀ) ਕਰਨ ਨਾਲ ਸੱਚਾ (ਸਦੀਵੀ) ਸੁਖ ਮਿਲਦਾ ਹੈ ਅਤੇ ਹੇ ਮਨੁੱਖ! ਤੇਰੀ ਕੀਤੀ ਹੋਈ ਸੇਵਾ, ਹਰੀ ਦੀ ਦਰਗਾਹ ਵਿਚ ਮਾਣ (ਆਦਰ) ਰੂਪ ਵਿਚ ਨਾਲ ਜਾਂਦੀ ਹੈ। ਸੋ ਇਥੇ 'ਤੇਰੀ' ਪਦ ਦਾ ਸੰਬੰਧ 'ਸੇਵਾ' ਨਾਲ ਹੈ, 'ਦਰਗਹ' ਪਦ ਨਾਲ ਨਹੀਂ।

ੲ) ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ॥

ਇਸ ਪੰਕਤੀ ਦੇ ਅਰਥਾਂ ਵਿਚ ਟੀਕਾਕਾਰਾਂ ਦਾ ਪਰਸਪਰ ਮੱਤਭੇਦ ਹੈ:-

1 ਨਾਮ ਦਾ ਜਪਣਾ ਔਰੁ ਜੋ ਭਲਿਆਈਆਂ ਕਰਨੀਆਂ ਹੈਨ, ਇਸੀ ਜਲ ਮੈਂ ਸਮਾਨ ਕਰਣਾ ਚਾਹੀਏ ਔਰੁ ਜੋ ਸੱਤ ਕਾ ਬੋਲਣਾ ਹੈ ਸੋ (ਪਰਮਲ) ਚੰਦਨ ਕੀ ਵਾਸ ਸੁਗੰਧੀ ਸਰੀਰ ਮੈਂ ਲਗਾ ਲਗਵਾਈਏ ਭਾਵ ਏਹ ਕਿ ਸਤਿਵਾਦੀ ਜਨੋਂ ਕੀ ਕੀਰਤੀ ਰੂਪ ਸੁਗੰਧੀ ਦੇਸ਼ ਦੇਸ਼ਾਂਤਰੋਂ ਮੇ ਫੈਲ ਜਾਂਦੀ ਹੈ। [ਫਰੀਦਕੋਟੀ ਸਟੀਕ]

2 ਪ੍ਰਭੂ ਦਾ ਨਾਮ ਤੇ ਸਿਫਤ-ਸਲਾਹ ਹੀ (ਮੂੰਹ ਉਜਲਾ ਕਰਨ ਲਈ) ਪਾਣੀ ਹੈ ਤੇ ਸਿਫਤ ਸਲਾਹ ਦੀ ਬਰਕਤ ਨਾਲ ਬਣਿਆ ਹੋਇਆ ਸੁੱਚਾ ਆਚਰਣ ਸਰੀਰ ਉਤੇ ਲਾਉਣ ਲਈ ਸੁਗੰਧੀ ਹੈ। [ਪ੍ਰੋ. ਸਾਹਿਬ ਸਿੰਘ ]

3 ਨਾਮ (ਨਾਲ) ਚੰਗਿਆਈਆਂ (ਨੇਕੀਆਂ) ਦਾ ਹੋਵੇ ਪਾਣੀ ਤੇ ਦਾਨ ਰੂਪੀ ਪਰਮਲ ਦੀ ਸੁਗੰਧੀ ਤਨ ਵਿਚ ਹੋਵੇ।

[ਭਾਈ ਵੀਰ ਸਿੰਘ ਜੀ]

ਨਿਰਣੈ: ਇਸ ਪੰਕਤੀ ਵਿਚ 'ਸਤੁ' ਪਦ ਦਾ ਅਰਥ 'ਦਾਨ' ਕਰਨਾ ਫੱਬਦਾ ਨਹੀਂ। ਹੋ ਸਕਦਾ ਹੈ ਕਿ ਪੁਰਾਤਨ ਟੀਕਾਕਾਰਾਂ ਨੇ ਤਿੰਨਾਂ ਚੀਜ਼ਾਂ ਦੇ ਸੰਗ੍ਰਹਿ 'ਨਾਮ ਦਾਨ ਇਸ਼ਨਾਨ' ਨੂੰ ਇਕੱਠਾ ਰਖਣ ਲਈ ਇਹ ਅਰਥ ਕੀਤੇ ਹੋਣ। ਜੇ ਵੀਚਾਰੀਏ ਤਾਂ 'ਚੰਗਿਆਈਆਂ' ਪਦ ਵਿਚ ਨਿਰਮਲ ਕਰਮ ਸਣੇ ਦਾਨ ਸਾਰੇ ਹੀ ਆ ਜਾਂਦੇ ਹਨ। ਇਥੇ 'ਸਤੁ' ਪਦ ਦੇ ਅਰਥ ਨਿਰਾ 'ਸਚੁ' ਕਰਨ ਨਾਲੋਂ 'ਸੱਚਾ ਸੁੱਚਾ ਆਚਰਨ' ਹੀ ਠੀਕ ਜਾਪਦੇ ਹਨ। ਗੁਰਦੇਵ ਜੀ ਪ੍ਰਮਾਰਥਕ ਇਸ਼ਨਾਨੀ ਨੂੰ ਇਹ ਸੋਧ ਦਿੰਦੇ ਹਨ ਕਿ ਉਹ ਅੰਮ੍ਰਿਤ ਵੇਲੇ

ਉਠ ਕੇ ਪਹਿਲਾਂ ਪ੍ਰਭੂ ਦਾ (ਸੱਚਾ) ਨਾਮ ਜਪੇ ਇਸ ਜਲ ਸਰੋਵਰ ਵਿਚ ਇਸ਼ਨਾਨ ਕਰੇ, ਫਿਰ ਕਿਰਤ-ਵਿਰਤ ਵਿਚ ਸੱਚ ਦੀ ਵਰਤੋਂ ਕਰੇ। ਏਦਾਂ ਦਾ ਇਸ਼ਨਾਨ ਤੇ ਵਰਤੋਂ-ਵਿਹਾਰ ਗੁਣਾਂ ਦੀਆਂ ਚੰਗਿਆਈਆਂ ਨੂੰ ਉਜਾਗਰ ਕਰੇਗਾ। ਆਚਰਣਕ ਚੰਗਿਆਈਆਂ ਦਾ ਸਤੁ (ਮਿੱਠਤ ਅਤੇ ਨਿਮਰਤਾ) ਸਭ ਨੂੰ ਵੱਡੀ ਸੁਗੰਧੀ ਹੈ, ਇਹੋ ਵਾਸ਼ਨਾ ਆਪਣੇ ਸਰੀਰ ਤੇ ਮਲੇ। ਇਸ ਤਰ੍ਹਾਂ ਦੇ ਇਸ਼ਨਾਨ ਨਾਲ ਮਨ ਤੋਂ ਜਨਮ ਜਨਮ ਦੀ ਲਗੀ ਮੈਲ ਉਤਰ ਜਾਂਦੀ ਹੈ ਤੇ ਆਤਮਿਕ ਜੀਵਨ ਸੁਗੰਧਤ ਹੋ ਜਾਂਦਾ ਹੈ। ਨਾਮ ਤੋਂ ਬਿਨਾਂ ਨਿਰੇ ਜਲ ਦੇ ਇਸ਼ਨਾਨ ਤੇ ਦਾਨ ਦੀ ਗੁਰਮਤਿ ਵਿਚ ਕੋਈ ਥਾਂ ਨਹੀਂ।[83]

**11.6 ਗੁਰਮਤਿ ਸੰਕਲਪ/ਸਿਧਾਂਤ**

ਗੁਰਬਾਣੀ ਦੀ ਤੁਲਨਾਤਮਕ ਵਿਆਖਿਆ ਤੋਂ ਇਲਾਵਾ ਗਿਆਨੀ ਜੀ ਨੇ ਆਪਣੀਆਂ ਰਚਨਾਵਾਂ ਵਿਚ ਗੁਰਬਾਣੀ ਵਿਚ ਆਏ ਮੁੱਖ ਸਿਧਾਂਤਾਂ/ਸੰਕਲਪਾਂ ਦੀ ਵਿਆਖਿਆ ਬੜੀ ਖ਼ੂਬਸੂਰਤੀ ਨਾਲ ਕੀਤੀ ਹੈ। ਉਹ ਇਹ ਵਿਆਖਿਆ ਗੁਰਮਤਿ ਦੀ ਰੌਸ਼ਨੀ ਵਿਚ ਕਰਦੇ ਹੋਏ ਵਿਆਖਿਆ ਵਿਸਥਾਰ ਕਰਦੇ ਹਨ।

**ਵਿਆਖਿਆ ਵੰਨਗੀ**

**ਗਉੜੀ ਮਹਲਾ ੫ ॥**

**ਜਾ ਕਉ ਤੁਮ ਭਏ ਸਮਰਥ ਅੰਗਾ ॥ ਤਾ ਕਉ ਕਛੁ ਨਾਹੀ ਕਾਲੰਗਾ ॥੧॥**

**ਮਾਧਉ ਜਾ ਕਉ ਹੈ ਆਸ ਤੁਮਾਰੀ ॥ ਤਾ ਕਉ ਕਛੁ ਨਾਹੀ ਸੰਸਾਰੀ ॥੧॥ ਰਹਾਉ ॥**

**ਜਾ ਕੈ ਹਿਰਦੈ ਠਾਕੁਰੁ ਹੋਇ ॥ ਤਾ ਕਉ ਸਹਸਾ ਨਾਹੀ ਕੋਇ ॥੨॥**

**ਜਾ ਕਉ ਤੁਮ ਦੀਨੀ ਪ੍ਰਭ ਧੀਰ ॥ ਤਾ ਕੈ ਨਿਕਟਿ ਨ ਆਵੈ ਪੀਰ ॥੩॥**

**ਕਹੁ ਨਾਨਕ ਮੈ ਸੋ ਗੁਰੁ ਪਾਇਆ ॥ ਪਾਰਬ੍ਰਹਮ ਪੂਰਨ ਦੇਖਾਇਆ ॥੪॥੪੧॥੧੧੦॥**

**ਉਚਾਰਨ ਸੇਧ**

ਬਿੰਦੀ ਸਹਿਤ: ਨਾਹੀਂ। ਬਿੰਦੀ ਰਹਿੱਤ: ਜਾ ਕਉ, ਤਾ ਕਉ, ਤਾ ਕੈ।

**ਪਦ-ਅਰਥ**

---

83 ਉਪਰੋਕਤ ਵਰਣਿਤ, ਪੋਥੀ ਪਹਿਲੀ, ਪੰਨੇ 256-57

ਸਮਰਥ= ਹੇ ਸ਼ਕਤੀਮਾਨ! ਅੰਗਾ=ਪਖੀ, ਸਹਾਇਕ। ਕਾਲੰਗਾ= ਕਲੰਕ, ਖੁਨਾਮੀ। ਸੰਸਾਰੀ= ਦੁਨੀਆਦਾਰੀ। ਸਹਸਾ= ਸੰਸਾ। ਧੀਰ= ਧੀਰਜ। ਪੀਰ =ਪੀੜਾ।

ਅਰਥ: ਹੇ ਸ਼ਕਤੀਵਾਨ (ਪ੍ਰਭੂ!) ਜਿਸ ਦੇ ਤੁਸੀਂ ਸਹਾਇਕ ਹੋ, ਉਸ ਨੂੰ ਕੋਈ ਕਲੰਕ ਨਹੀਂ (ਲਗ ਸਕਦਾ)।

ਹੇ ਮਾਧੋ! ਜਿਸ ਨੂੰ ਤੁਹਾਡੀ ਆਸ ਹੈ, ਉਸ ਨੂੰ ਦੁਨਿਆਵੀ (ਲੋਕਾਂ ਦੀ) ਕੋਈ (ਪਰਵਾਹ) ਨਹੀਂ ਹੈ। ਰਹਾਉ।

(ਹੇ ਭਾਈ!) ਜਿਸ ਦੇ ਹਿਰਦੇ ਵਿਚ ਮਾਲਕ (ਵਸਿਆ) ਹੁੰਦਾ ਹੈ, ਉਸ ਨੂੰ ਕੋਈ (ਕਿਸੇ ਕਿਸਮ ਦਾ) ਸੰਸਾ ਨਹੀਂ ਵਿਆਪਦਾ। ਹੇ ਪ੍ਰਭੂ! ਜਿਸ ਨੂੰ ਤੁਸਾਂ ਧੀਰਜ ਦਿੱਤੀ ਹੈ, ਉਸ ਦੇ ਨੇੜੇ (ਕਿਸੇ ਕਿਸਮ ਦੀ) ਪੀੜਾ ਨਹੀਂ ਆਉਂਦੀ।

ਨਾਨਕ ਆਖਦਾ ਹੈ (ਕਿ ਮੈਂ ਉਹ ਸ਼ਬਦ) ਗੁਰੂ ਪ੍ਰਾਪਤ ਕਰ ਲਿਆ ਹੈ (ਜਿਸ ਨੇ ਮੈਨੂੰ) ਪੂਰਨ ਪਾਰਬ੍ਰਹਮ ਵਿਖਾ ਦਿਤਾ ਹੈ (ਭਾਵ ਸਭ ਪਾਸੇ ਦਰਸ਼ਨ ਕਰਾ ਦਿਤੇ ਹਨ)।

**ਅਰਥ ਭੇਦ ਅਤੇ ਨਿਰਣੈ**

ਮਾਧਉ ਜਾ ਕਉ ਹੈ ਆਸ ਤੁਮਾਰੀ ॥ ਤਾ ਕਉ, ਕਛੁ ਨਾਹੀ ਸੰਸਾਰੀ ॥

ਇਸ ਪੰਕਤੀ ਵਿਚ 'ਸੰਸਾਰੀ' ਪਦ ਦੇ ਕਈ ਤਰ੍ਹਾਂ ਦੇ ਅਰਥ ਕੀਤੇ ਗਏ ਹਨ। ਜਿਵੇਂ ਕਿ

1 ਉਸ ਪੁਰਸ਼ ਤੋਂ ਸੰਸਾਰ ਪ੍ਰਾਪਤਿ ਕਰਨੇ ਵਾਲੇ ਕਰਮ ਕੁਝ ਨਹੀਂ ਕਰ ਸਕਤੇ। [ਫ. ਸ.]

2 ਸੰਸਾ, ਭਰਮ, ਤੌਖਲਾ।['ਸ਼ਬਦਾਰਥ']

3 ਉਸ ਨੂੰ ਕੁਝ ਸੰਸਾਰੀ (ਦੁੱਖ) ਨਹੀਂ ਲਗਦਾ।[ਪੰ. ਨਰੈਣ ਸਿੰਘ]

4 ਉਸ ਨੂੰ ਸੰਸਾਰੀ (ਲੋਕ) ਕੁਝ ਭੀ (ਖੇਦ) ਨਹੀਂ (ਦੇ ਸਕਦੇ)।[ਸੰ. ਪੋ.]

5 ਉਸ ਨੂੰ ਦੁਨੀਆ ਦੇ (ਲੋਕਾਂ ਦੀ ਸਹਾਇਤਾ) ਦੀ ਆਸ ਬਣਾਉਣ ਦੀ ਲੋੜ ਨਹੀਂ (ਰਹਿੰਦੀ)[ਦਰਪਣ]

6 ਸੰਸਾਰੀ-ਵਿ. ਸੰਸਾਰ ਨਾਲ ਸੰਬੰਧ ਰਖਣ ਵਾਲਾ ਦੁਨਿਆਵੀ, ਸੰਸਾਰਿਕ।

2 ਸੰਸਾਰ ਰਚਣ ਵਾਲਾ, ਰਜੋਗੁਣ (ਬ੍ਰਹਮਾ), 'ਇਕੁ ਸੰਸਾਰੀ ਇਕੁ ਭੰਡਾਰੀ'(ਜਪੁ)

ਗ੍ਰਹਿਸਤੀ 'ਨਾ ਅਉਧੂਤੀ ਨਾ ਸੰਸਾਰੀ' (ਰਾਮ. ਅ: ਮ: ੧ ਸੰਗਯਾ- ਸੰਸਾਰ ਕੀ ਰੀਤਿ, ਦੁਨੀਆਂ ਦੀ ਚਾਲ 'ਛੂਟਿ ਗਈ ਸੰਸਾਰੀ'(ਕੇਦ: ਕਬੀਰ) [ਮਹਾਨਕੋਸ਼]

**ਨਿਰਣੈ:**

ਇਹ ਰਹਾਉ ਵਾਲੀ ਪੰਕਤੀ ਹੈ। ਵਿਸ਼ਾ ਆਸ ਦਾ ਹੈ। ਜਿਸ ਨੂੰ ਪ੍ਰਭੂ ਦੀ ਆਸ ਹੋਵੇ ਉਸ ਨੂੰ ਸੰਸਾਰ ਨਾਲ ਸੰਬੰਧ ਰਖਣ ਵਾਲੇ ਲੋਕਾਂ ਅਥਵਾ ਲੋਕਾਚਾਰੀਆ ਦੀ ਪ੍ਰਵਾਹ ਨਹੀਂ ਹੁੰਦੀ। ਸੋ, 'ਸੰਸਾਰੀ' ਦੇ ਅਥਰ ਸੰਸਾ, ਸੰਸਾਰ ਰਚਣ ਵਾਲਾ ਆਦਿ ਕਰਨੇ ਠੀਕ ਨਹੀਂ ਹਨ। 'ਸੰਸਾਰੀ' ਦੇ ਅਰਥ ਦੁਨੀਆਦਾਰੀ, ਲੋਕਾਚਾਰੀ ਹੀ ਢੁਕਵੇਂ ਹਨ।

**ਸਾਰਾਂਸ਼ ਅਤੇ ਸਿਧਾਂਤ**

ਜਿਸ ਦਾ ਪਖ ਪੂਰਨ ਵਾਲਾ ਪ੍ਰਭੂ ਆਪ ਹੋਵੇ, ਜੇ ਉਸ ਉਤੇ ਕੋਈ ਮਨੁੱਖ ਕਿਸੇ ਪ੍ਰਕਾਰ ਦਾ ਦੋਸ਼ ਥੱਪਣਾ ਚਾਹੇ ਤਾਂ ਉਸ ਨੂੰ ਨਿਰਾਸ਼ਤਾ ਦਾ ਹੀ ਮੂੰਹ ਵੇਖਣਾ ਪੈਂਦਾ ਹੈ। ਬੱਸ, ਪ੍ਰਭੂ ਦੇ ਪਿਆਰਿਆਂ ਨੂੰ ਇਕ ਪ੍ਰਭੂ ਦੀ ਟੇਕ ਹੀ ਧੀਰਜ ਬਨ੍ਹਾਂਉਂਦੀ ਹੈ, ਜੋ ਸਾਰੇ ਦੁੱਖ ਦੂਰ ਕਰਨ ਵਾਲੀ ਹੁੰਦੀ ਹੈ।

**12) ਅਰਥ ਬੋਧ, ਸ੍ਰੀ ਗੁਰੂ ਗ੍ਰੰਥ ਸਾਹਿਬ (ਡਾ. ਰਤਨ ਸਿੰਘ ਜੱਗੀ)**

ਡਾ. ਰਤਨ ਸਿੰਘ ਜੱਗੀ ਦਾ ਜਨਮ 27 ਅਗਸੱਤ 1927 ਈ. ਨੂੰ ਪਿੰਡ ਕੇਬ ਜ਼ਿਲ੍ਹਾ ਕੈਂਬਲਪੁਰ ਪਾਕਿਸਤਾਨ ਵਿਖੇ ਮਾਤਾ ਨਾਨਕੀ ਦੇਵੀ ਅਤੇ ਪਿਤਾ ਲੋਚੀਦਾ ਮੱਲ ਦੇ ਘਰ ਹੋਇਆ। ਦਿੱਲੀ ਪੁਲੀਸ ਵਿਚ ਨੌਕਰੀ ਕਰਦੇ ਆਪ ਨੇ ਬੀ. ਏ. ਤੱਕ ਦੀ ਪੜ੍ਹਾਈ ਕੀਤੀ। ਐਮ. ਏ. ਕਰਨ ਉਪਰੰਤ ਹਿੰਦੂ ਕਾਲਜ ਸੋਨੀਪਤ ਅਤੇ ਸਰਕਾਰੀ ਕਾਲਜ ਹਿਸਾਰ ਵਿਖੇ ਲੈਕਚਰਾਰ ਦੇ ਤੌਰ 'ਤੇ ਕਾਰਜ ਕੀਤਾ। ਮੁੜ ਆਪ ਜੀ ਦੀ ਨਿਯੁਕਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਲੈਕਚਰਾਰ ਵਜੋਂ ਹੋਈ। ਇਥੇ ਹੀ ਆਪ ਪੰਜਾਬੀ ਸਾਹਿਤ ਵਿਭਾਗ ਵਿਚੋਂ ਪ੍ਰੋ. ਅਤੇ ਮੁਖੀ ਦੇ ਅਹੁਦੇ ਤੋਂ 1987 ਈ. ਵਿਚ ਸੇਵਾ ਮੁਕਤ ਹੋਏ। ਅਧਿਆਪਨ ਖੇਤਰ ਵਿਚ ਆਪ ਨੇ ਪੰਜਾਬੀ ਦੇ ਨਾਲ-ਨਾਲ ਹਿੰਦੀ ਅਤੇ ਅੰਗਰੇਜ਼ੀ ਵਿਚ ਵੀ ਲਿਖਣ ਦਾ ਕੰਮ ਕੀਤਾ। ਅਧਿਐਨ ਦੇ ਕਾਰਜ ਵਿਚ ਆਪ ਜੀ ਦੀਆਂ ਲਗਭਗ 60 ਕਿਤਾਬਾਂ ਹਨ। ਆਪ ਜੀ ਦੀਆਂ ਪੰਜਾਬੀ, ਇਤਿਹਾਸ ਨਾਲ ਸੰਬੰਧਤ ਪੁਸਤਕਾਂ-ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ, (ਪੰਜ ਭਾਗਾਂ) ਬਹੁਤ ਹੀ ਮਹੱਤਵਪੂਰਨ ਹਨ। ਕੋਸ਼ਕਾਰੀ ਦੇ ਖੇਤਰ ਵਿਚ ਵਾਰਾਂ ਭਾਈ ਗੁਰਦਾਸ, ਸ਼ਬਦ ਅਨੁਕ੍ਰਮਣਿਕਾ ਕੋਸ਼ ਅਤੇ ਗੁਰੂ ਗ੍ਰੰਥ ਵਿਸ਼ਵ ਕੋਸ਼ (ਦੋ ਭਾਗ) ਆਪ ਜੀ ਦਾ ਬਹੁਤ ਹੀ ਸ਼ਲਾਘਾ ਯੋਗ ਕਾਰਜ ਹੈ। ਆਪ ਜੀ ਨੇ ਸੰਪੂਰਨ ਗੁਰੂ ਗ੍ਰੰਥ ਸਾਹਿਬ ਦਾ ਟੀਕਾ, ਅਰਥ ਬੋਧ, ਸ੍ਰੀ ਗੁਰੂ ਗ੍ਰੰਥ ਸਾਹਿਬ (ਪੰਜ ਭਾਗ) ਅਤੇ ਭਾਵ

ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ (ਅੰਠ ਭਾਗ) ਵਿਚ ਤਿਆਰ ਕੀਤਾ। ਆਸਾ ਦੀ ਵਾਰ ਦਾ ਟੀਕਾ ਆਪ ਜੀ ਨੇ 1990 ਈ. ਵਿਚ ਕੀਤਾ। ਆਪ ਜੀ ਦੇ ਟੀਕੇ (ਅਰਥ ਬੋਧ) ਦੀ ਖਾਸੀਅਤ ਇਹ ਹੈ ਕਿ ਇਹ ਸਰਲ ਪੰਜਾਬੀ ਭਾਸ਼ਾ ਵਿਚ ਅਤੇ ਸੁਖੈਨ ਅਰਥਾਂ ਵਿਚ ਕੀਤਾ ਗਿਆ ਹੈ, ਜਿਸ ਨੂੰ ਪਾਠਕ ਅਤੇ ਵਿਦਿਆਰਥੀ ਬੜੀ ਆਸਾਨੀ ਨਾਲ ਸਮਝ ਸਕਦੇ ਹਨ। ਦੂਸਰਾ ਅਕਾਦਮਿਕ ਖੇਤਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਟੀਕਾ ਕਰਨ ਦਾ ਸਿਹਰਾ ਵੀ ਆਪ ਦੇ ਸਿਰ ਹੀ ਬਝਦਾ ਹੈ। ਇਨ੍ਹਾਂ ਤੋਂ ਪਹਿਲਾਂ ਅਕਾਦਮਿਕ ਖੇਤਰ ਵਿਚ ਕਿਸੇ ਨੇ ਵੀ ਇਸ ਕੰਮ ਨੂੰ ਹੱਥ ਨਹੀਂ ਪਾਇਆ। ਇਹ ਟੀਕਾ ਲਿਖਣ ਦਾ ਕਾਰਨ ਡਾ. ਸਾਹਿਬ ਆਪ ਹੀ ਟੀਕੇ ਦੀ ਭੂਮਿਕਾ ਵਿਚ ਲਿਖਦੇ ਹਨ- ਜਨਵਰੀ 2002 ਈ. ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ਮੈਨੂੰ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਪ੍ਰਾਜੈਕਟ ਡਾਇਰੈਕਟਰ ਨਿਯੁਕਤ ਕੀਤਾ ਗਿਆ ਤਾਂ ਜੋ ਲਗਭਗ 27 ਵਰ੍ਹਿਆਂ ਤੋਂ ਰੁਕੇ, ਚੱਲੇ ਆ ਰਹੇ ਕੰਮ ਨੂੰ ਫਿਰ ਤੋਂ ਅੱਗੇ ਤੋਰਿਆ ਜਾਏ ਇਹ ਕਾਰਜ ਭਾਰ ਸੰਭਾਲਣ ਤੇ ਗੁਰਬਾਣੀ ਵਿਚ ਵਰਤੀ ਸ਼ਬਦਾਵਲੀ ਦੇ ਸਹੀ ਪਰਿਪੇਖ ਵਿਚ ਅਰਥ ਨਿਰਧਾਰਿਤ ਕਰਨ ਦੀ ਸਮੱਸਿਆ ਨਾਲ ਜੂਝਣਾ ਪਿਆ। ਇਸ ਸੰਬੰਧੀ ਪਹਿਲਾਂ ਉਪਲੱਬਧ ਸਮੱਗਰੀ ਨੂੰ ਵਾਚਣਾ ਜ਼ਰੂਰੀ ਸੀ ਪਰ ਪੂਰਵਵਰਤੀ ਟੀਕਾਕਾਰਾਂ ਅਤੇ ਵਿਆਖਿਆਕਾਰਾਂ ਦੀਆਂ ਆਪਣੀਆਂ ਹੀ ਧਾਰਨਾਵਾਂ ਅਤੇ ਸੀਮਾਵਾਂ ਸਨ ਜਿਨ੍ਹਾਂ ਕਰਕੇ ਧਾਰਮਿਕ ਸੰਕਲਪਾਂ ਅਤੇ ਰਹੱਸਵਾਦੀ ਅਨੁਭੂਤੀਆਂ ਦੇ ਮਰਮ ਨੂੰ ਸਮਝਣਾ ਔਖਾ ਸੀ ਇਸ ਲਈ ਮੇਰੇ ਮਨ ਵਿਚ ਬਾਣੀ ਦੇ ਅਰਥ ਸਮਝਣ ਲਈ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਦਾ ਵਿਚਾਰ ਪੈਦਾ ਹੋਇਆ ਹਰ ਰੋਜ਼ ਇਕ ਪੰਨੇ ਦਾ ਟੀਕਾ ਕਰਨਾ ਸ਼ੁਰੂ ਕੀਤਾ ਉਸੇ ਨਿਰੰਤਰ ਸਾਧਨਾਂ ਦਾ ਸਾਕਾਰ ਰੂਪ ਆਪ ਦੇ ਸਾਹਮਣੇ ਹੈ।[84] ਅਰਥ ਬੋਧ, ਸ੍ਰੀ ਗੁਰੂ ਗ੍ਰੰਥ ਸਾਹਿਬ' ਟੀਕੇ ਵਿਚਲੀਆਂ ਵਿਸ਼ੇਸ਼ਤਾਵਾਂ ਡਾ. ਸਾਹਿਬ ਆਪ ਲਿਖਦੇ ਹਨ-

1 ਗੁਰਬਾਣੀ ਦਾ ਪਾਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ 'ਸ਼ਬਦਾਰਥ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' (ਅਠਵਾਂ ਸੰਸਕਰਣ) ਅਨੁਸਾਰ ਰੱਖਿਆ ਗਿਆ ਹੈ।

2 ਗੁਰਬਾਣੀ ਪਾਠ ਦੇ ਬਿਲਕੁਲ ਸਾਹਮਣੇ ਅਰਥ ਦਿੱਤੇ ਗਏ ਹਨ।

---

[84] ਡਾ. ਰਤਨ ਸਿੰਘ ਜੱਗੀ, ਅਰਥ-ਬੋਧ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਦੋ ਸ਼ਬਦ, ਪੰਨਾ 6

3 ਅਰਥਾਂ ਦਾ ਕ੍ਰਮ ਤੁਕਾਂ, ਪਦਿਆਂ, ਸਲੋਕਾਂ ਆਦਿ ਅਨੁਸਾਰੀ ਹੈ।

4 ਅਰਥ ਸਰਲ ਅਤੇ ਸਪਸ਼ਟ ਰੂਪ ਵਿਚ ਲਿਖੇ ਹਨ ਤਾਂ ਜੋ ਗੁਰਬਾਣੀ ਦੀ ਭਾਵਨਾ ਦਾ ਬੋਧ ਤੁਰੰਤ ਸੰਭਵ ਹੋ ਜਾਵੇ।

5 ਅਰਥਾਂ ਵਿਚ ਦਿੱਤੀਆਂ ਬਰੈਕਟਾਂ ਦੋ ਤਰ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਦੀਆਂ ਹਨ-

ੳ) ਬਰੈਕਟਾਂ ਅੰਦਰਲੇ ਸਾਧਾਰਨ ਟਾਈਪ ਵਾਲੇ ਸ਼ਬਦ ਮੇਰੇ ਵਲੋਂ ਪ੍ਰਸੰਗ-ਪੂਰਤੀ, ਵਾਕ-ਪੂਰਤੀ ਅਤੇ ਅਰਥ-ਸਪਸ਼ਟਤਾ ਲਈ ਲਿਖੇ ਹਨ।

ਅ) ਬਰੈਕਟਾਂ ਅੰਦਰਲੇ ਟੇਡੇ ਟਾਈਪ ਵਾਲੇ ਸ਼ਬਦ ਮੂਲ ਬਾਣੀ ਦੇ ਹਨ, ਜਿਨ੍ਹਾਂ ਦੇ ਅਰਥ ਉਨ੍ਹਾਂ ਤੋਂ ਪਹਿਲਾਂ ਲਿਖੇ ਹਨ। 6 ਆਮ ਆਉਣ ਵਾਲੇ ਸੰਕਲਪਿਤ ਸ਼ਬਦਾਂ ਦੇ ਬਾਰ ਬਾਰ ਅਰਥ ਕਰਨ ਨਾਲੋਂ ਉਨ੍ਹਾਂ ਦੀ ਅੰਤ ਉਤੇ ਅਰਥਾਵਲੀ ਦੇ ਦਿੱਤੀ ਹੈ।

7 ਅੰਗ੍ਰੇਜ਼ੀ ਅੰਕਾਂ ਵਾਲੇ ਪੰਨੇ ਟੀਕੇ ਦੇ ਹਨ ਅਤੇ ਗੁਰਮੁਖੀ ਅੰਕਾਂ ਵਾਲੇ ਪੰਨੇ ਗੁਰੂ ਗ੍ਰੰਥ ਸਾਹਿਬ ਦੇ ਹਨ।[85]

**ਵਿਆਖਿਆ ਵੰਨਗੀ (ਅਰਥ ਬੋਧ)**

**ਵਡਹੰਸੁ ਮਹਲਾ ੫ ॥**

**ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥ ਹਉ ਬਲਿਹਾਰੀ ਸਤਿਗੁਰ ਚਰਣਾ ॥੧॥**

**ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ ॥ ਮਨੁ ਜੀਵੈ ਪ੍ਰਭ ਨਾਮੁ ਚਿਤੇਰੇ ॥੧॥ ਰਹਾਉ ॥**

**ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥ ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥੨॥**

**ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥ ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥੩॥**

**ਤੁਮ ਮਿਹਰਵਾਨ ਦਾਸ ਹਮ ਦੀਨਾ ॥ ਨਾਨਕ ਸਾਹਿਬੁ ਭਰਪੁਰਿ ਲੀਣਾ ॥੪॥੨॥**

**ਅਰਥ**

ਉਹ ਸਮਾਂ ਧੰਨ ਹੈ, ਜਿਸ ਵਿਚ (ਪਰਮਾਤਮਾ ਦਾ) ਦਰਸਨ ਕਰੀਦਾ ਹੈ। ਮੈਂ (ਆਪਣੇ) ਸਤਿਗੁਰੂ ਦੇ ਚਰਣਾਂ ਤੋਂ ਬਲਿਹਾਰੀ ਹਾਂ।੧। ਹੇ ਜੀਵਨ ਦਾਨ ਦੇਣ ਵਾਲੇ ਮੇਰੇ ਪ੍ਰੀਤਮ ਪ੍ਰਭੂ! ਤੇਰਾ ਨਾਮ ਚੇਤੇ ਕਰਕੇ ਮੇਰਾ ਮਨ ਜੀਉਂਦਾ ਹੈ।੧। ਰਹਾਓ। ਤੇਰਾ ਸੱਚਾ ਮੰਤ੍ਰ (ਉਪਦੇਸ਼) ਤੇਰੀ ਅੰਮ੍ਰਿਤ ਬਾਣੀ ਹੈ। ਇਹ ਸੀਤਲ

[85] ਉਪਰੋਕਤ ਵਰਣਿਤ, ਭੂਮਿਕਾ

ਪੁਰਖ! ਤੇਰੀ ਦ੍ਰਿਸ਼ਟੀ ਸਭ ਕੁਝ ਜਾਨਣ ਵਾਲੀ ਹੈ।੨। ਹੇ ਤਖ਼ਤ ਉਤੇ ਬੈਠਣ ਵਾਲੇ ਤੇਰਾ ਹੁਕਮ ਸੱਚਾ ਹੈ। ਮੇਰਾ ਪ੍ਰਭ ਅਵਿਨਾਸ਼ੀ, ਆਉਣ ਜਾਣ (ਅਰਥਾਤ ਆਵਾਗਵਣ) ਤੋਂ ਮੁਕਤ ਹੈ।੩। (ਹੇ ਪ੍ਰਭੂ!) ਤੁਸੀਂ ਮੇਹਰਬਾਨ ਹੋ, ਅਸੀਂ ਨਿਮਾਣੇ ਤੁਹਾਡੇ ਦਾਸ ਹਾਂ। ਨਾਨਕ (ਦਾ ਕਥਨ ਹੈ ਕਿ) ਪ੍ਰਭੂ (ਸਭ ਵਿਚ) ਵਿਆਪਕ ਅਤੇ ਲੀਨ ਹੈ।

### 13) ਭਾਵ ਪ੍ਰਬੋਧਨੀ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ (ਡਾ. ਰਤਨ ਸਿੰਘ ਜੱਗੀ)

ਇਸ ਤੋਂ ਅੱਗੇ 'ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ' 2013 (ਅੱਠ ਭਾਗਾਂ), ਵਿਚ ਤਿਆਰ ਕੀਤਾ। ਇਸ ਟੀਕੇ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਸ਼ਬਦ ਦੇ ਪਦ-ਅਰਥ ਮੂਲ ਪਾਠ ਤੋਂ ਉਪਰੰਤ ਦਿਤੇ ਗਏ ਹਨ ਅਤੇ ਬਾਅਦ ਵਿਚ ਅਰਥ ਕੀਤੇ ਗਏ ਹਨ ਅਤੇ ਭਾਵਅਰਥ ਵੀ ਪੇਸ਼ ਕੀਤੇ ਗਏ ਹਨ। ਲੰਮੇਰੀਆਂ ਬਾਣੀਆਂ ਦੇ ਭਾਵਅਰਥ ਉਸ ਬਾਣੀ ਦੀ ਵਿਆਖਿਆ ਦੇ ਆਰੰਭ ਵਿਚ ਹੀ ਦੇ ਦਿੰਦੇ ਹਨ। ਜੇਕਰ ਕਿਸੇ ਬਾਣੀ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਹੋਵੇ ਜਾਂ ਕੁਝ ਹੋਰ ਵਿਚਾਰ ਹੋਵੇ ਤਾਂ ਵਿਸ਼ੇਸ਼ ਲਿਖਕੇ ਸ਼ਬਦ ਦੇ ਅੰਤ ਵਿਚ ਦਿੰਦੇ ਹਨ। ਇਸ ਤੋਂ ਇਲਾਵਾ ਇਸ ਟੀਕੇ ਵਿਚ ਖ਼ਾਸ ਖ਼ਾਸ ਸ਼ਬਦਾਂ ਦੀ ਉਥਾਨਕਾ ਵੀ ਦਿੰਦੇ ਹਨ।

ਟੀਕੇ ਦੀਆਂ ਵਿਸ਼ੇਸ਼ਤਾਵਾਂ ਡਾ. ਸਾਹਿਬ ਆਪ ਇਸ ਟੀਕੇ ਦੀ ਭੂਮਿਕਾ ਵਿਚ ਇਸ ਪ੍ਰਕਾਰ ਦਿੰਦੇ ਹਨ-

1 ਪ੍ਰਵੇਸ਼: ਰਾਗ ਅਥਵਾ ਬਾਣੀ ਦਾ ਪਰਿਚੈ।

2 ਪਦ-ਅਰਥ: ਔਖਿਆਂ ਸ਼ਬਦਾਂ ਦੇ ਅਰਥ ਅਤੇ ਭਾਸ਼ਿਕ ਪਿਛੋਕੜ। ਬਰੈਕਟਾਂ ਵਿਚ ਮੂਲ ਭਾਸ਼ਾ ਦੇ ਨਾਂ ਦੇ ਸੰਕੇਤ ਤੋਂ ਬਾਦ ਉਸ ਸ਼ਬਦ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਿਆ ਹੈ। ਜਿਨ੍ਹਾਂ ਸ਼ਬਦਾਂ ਦਾ ਸਰੂਪ ਜਾਂ ਵਰਤਨੀ ਮੂਲ ਵਰਗੀ ਹੈ, ਉਨ੍ਹਾਂ ਦੇ ਮੂਲ ਸਰੂਪ ਬਰੈਕਟਾਂ ਵਿਚ ਨਹੀਂ ਲਿਖੇ, ਪਰ ਜਿਥੇ ਲਗ ਮਾਤ੍ਰਾ ਜਾਂ ਵਰਤਨੀ ਦਾ ਅੰਤਰ ਹੈ, ਉਥੇ ਮੂਲ ਸ਼ਬਦ ਬਰੈਕਟਾਂ ਵਿਚ ਦਿੱਤੇ ਹਨ।

3 ਅਰਥ: ਬਾਣੀ ਦੇ ਸਰਲ ਅਰਥ।

4 ਭਾਵ-ਅਰਥ: ਬਾਣੀ/ਸ਼ਬਦ ਵਿਚ ਪ੍ਰਗਟਾਇਆ ਭਾਵ, ਉਦੇਸ਼, ਸਿਖਿਆ ਆਦਿ।

5 ਵਿਸ਼ੇਸ਼: ਕਿਸੇ ਸ਼ਬਦ ਬਾਰੇ ਕੋਈ ਵਿਸ਼ੇਸ਼ ਕਥਨ, ਹਵਾਲਾ, ਇਤਿਹਾਸਿਕ ਪਿਛੋਕੜ ਆਦਿ ਲਈ ਜਾਣਕਾਰੀ ਅੱਖਰ-ਕ੍ਰਮ ਅਨੁਸਾਰ ਅੰਤਿਕਾ ਵਿਚ ਦਰਜ ਹੈ।[86]

ਡਾ. ਸਾਹਿਬ ਦੁਆਰਾ ਕੀਤੇ ਇਸ ਟੀਕੇ ਵਿਚਲੇ ਵਿਸ਼ੇਸ਼ ਗੁਣ ਜੋ ਇਸ ਟੀਕੇ ਨੂੰ ਖਿੱਚ ਦਾ ਕੇਂਦਰ ਬਣਾਉਂਦੇ ਹਨ ਉਹ ਨਿਮਨ ਪ੍ਰਕਾਰ ਹਨ-

**13.1 ਉਥਾਨਕਾ/ਪ੍ਰਵੇਸ਼**

**13.2 ਪਦ-ਅਰਥ**

**13.3 ਅਰਥ**

**13.4 ਭਾਵ-ਅਰਥ**

**13.5 ਵਿਸ਼ੇਸ਼**

**13.1 ਉਥਾਨਕਾ/ਪ੍ਰਵੇਸ਼-**

ਡਾ. ਰਤਨ ਸਿੰਘ ਜੱਗੀ ਦੀ ਵਿਆਖਿਆਕਾਰੀ ਵਿਚ ਉਥਾਨਕਾ ਦੀ ਜਗਾ ਪ੍ਰਵੇਸ਼ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਇਹ ਜੁਗਤ ਸਿਰਫ ਉਨ੍ਹਾਂ ਥਾਵਾਂ ‘ਤੇ ਹੀ ਵਰਤੀ ਗਈ ਹੈ ਜਿਥੇ ਕੋਈ ਵਿਸ਼ੇਸ਼ ਬਾਣੀ ਜਾਂ ਲੰਮੇਰੀ ਬਾਣੀ ਆਉਂਦੀ ਹੈ।

ੳ- ਜਿਵੇਂ ਸਦੁ ਬਾਣੀ ਦਾ ਪ੍ਰਵੇਸ਼ ਦਿੰਦਿਆਂ ਲਿਖਦੇ ਹਨ- ‘ਰਾਮਕਲੀ ਰਾਗ ਵਿਚ ਸੰਕਲਿਤ ਬਾਬਾ ਸੁੰਦਰ ਦੀ ਇਹ ਇਕ ਸੰਖਿਪਤ ਰਚਨਾ ਹੈ। ਸਦ ਲੋਕ -ਗੀਤ ਜਾਂ ਕਾਵਿ -ਰੂਪ ਹੈ। ਇਸਦਾ ਛਾਬਦਿਕ ਅਰਥ ਹੈ ਆਵਾਜ਼ ਜਾਂ ਪੁਕਾਰ। ਜਦੋਂ ਕਿਸੇ ਵਿਛੜੇ ਹੋਏ ਵਿਅਕਤੀ ਨੂੰ ਸੰਬੋਧਨ ਕੀਤਾ ਜਾਂਦਾ ਹੈ ਤਾਂ ‘ਸਦ’ ਕਾਵਿ-ਰੂਪ ਨੂੰ ਭਾਵ-ਅਭਿਵਿਅਕਤੀ ਦਾ ਸਾਧਨ ਬਣਾਇਆ ਜਾਂਦਾ ਹੈ। ਇਸ ਲਈ ਛੰਦ ਦਾ ਕੋਈ ਨਿਸਚਿਤ ਵਿਧਾਨ ਨਹੀਂ ਹੁੰਦਾ, ਪਰ ਇਹ ਲੰਬੀ ਹੇਕ ਵਿਚ ਗਾਇਆ ਜਾਂਦਾ ਹੈ। ਇਸ ਵਿਚ ਕੁਲ ਛੇ ਪਦੇ ਹਨ ਅਤੇ ਹਰ ਪਦੇ ਵਿਚ ਛੇ ਚਰਣ ਹਨ। ਵਿਦਵਾਨਾਂ ਨੇ ਇਸ ਨੂੰ ‘ਹੁਲਾੱਸ’ ਛੰਦ-ਜਾਤ ਦਾ ਇਕ ਭੇਤ ਦਸਿਆ ਹੈ।

[86] ਡਾ. ਰਤਨ ਸਿੰਘ ਜੱਗੀ, ਭਾਵ ਪ੍ਰਬੋਧਨੀ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਭੂਮਿਕਾ, ਪੰਨਾ 10

ਇਸ ਵਿਚ ਦਸਿਆ ਗਿਆ ਹੈ ਕਿ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਗੁਰ-ਗੱਦੀ ਸੌਂਪਣ ਵੇਲੇ ਉਪਦੇਸ਼ ਦਿੱਤਾ ਸੀ- ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥[87]

ਅ. ਗਾਥਾ ਬਾਣੀ ਬਾਰੇ ਦਸਦੇ ਹਨ 'ਗਾਥਾ' ਦਾ ਇਥੇ ਭਾਵ ਹੈ ਉਹ ਭਾਸ਼ਾ ਜੋ ਸੰਸਕ੍ਰਿਤ ਦੇ ਸਮਾਨਅੰਤਰ ਪਾਲੀ ਅਤੇ ਪ੍ਰਾਕ੍ਰਿਤ ਦੇ ਸੰਯੋਗ ਨਾਲ ਬਣੀ ਸੀ ਅਤੇ ਜਿਸ ਵਿਚ ਮੁੱਢਲੇ ਸਿੱਧਾਂ, ਨਾਥਾਂ ਨੇ ਆਪਣੇ ਭਾਵ ਪ੍ਰਗਟਾਏ ਸਨ। ਵੈਰਾਗ-ਭਾਵ ਨਾਲ ਭਰਪੂਰ ਥੇਰ-ਗਾਥਾ ਅਤੇ ਸੁੰਦਰਤਾ ਦਾ ਚਿਤਰਣ ਕਰਨ ਵਾਲੀਆਂ ਥੇਰੀ-ਗਾਥਾਵਾਂ ਇਸੇ ਭਾਸ਼ਾ-ਸ਼ੈਲੀ ਵਿਚ ਰਚੀਆਂ ਗਈਆਂ ਸਨ। ਪ੍ਰਾਕ੍ਰਿਤ ਭਾਸ਼ਾ ਵਿਚ ਗਾਥਾਵਾਂ (ਕਥਾ-ਪ੍ਰਸੰਗ) ਲਿਖਣ ਦਾ ਬਹੁਤ ਰਿਵਾਜ ਸੀ। ਫਲਸਰੂਪ ਗਾਥਾ 'ਪ੍ਰਾਕਿਰਤ' ਦਾ ਸਮਾਨਾਰਥਕ ਸ਼ਬਦ ਬਣ ਗਿਆ। 'ਗਾਥਾ' ਇਤਿਹਾਸਕ ਕਥਾ-ਪ੍ਰਸੰਗ ਤੋਂ ਇਲਾਵਾ ਪ੍ਰਾਕ੍ਰਿਤ ਭਾਸ਼ਾ ਲਈ ਵੀ ਵਰਤਿਆ ਜਾਣ ਲਗਿਆ। ਬਾਅਦ ਵਿਚ ਜਿਸ ਛੰਦ ਵਿਚ ਗਾਥਾਵਾਂ ਦੀ ਰਚਨਾ ਹੁੰਦੀ ਸੀ, ਉਸ ਨੂੰ ਵੀ 'ਗਾਥਾ' ਕਿਹਾ ਜਾਣ ਲਗਿਆ। ਇਸ ਛੰਦ ਦੇ ਹੋਰ ਪਰਿਆਇਵਾਚੀ ਹਨ- ਆਰਯਾ,ਗਾਹਾ। ਇਹ ਸਿਰਲੇਖ ਵਿਚ ਵਰਤਿਆ ਗਿਆ 'ਗਾਥਾ' ਸ਼ਬਦ ਭਾਸ਼ਾ-ਵਾਚਕ ਹੈ ਜਿਸਦਾ ਇਕ ਨਾਮਾਂਤਰ 'ਸੰਸਕ੍ਰਿਤੀ' ਹੈ।

ਇਸ ਰਚਨਾ ਵਿਚ ਗੁਰੂ ਅਰਜਨ ਦੇਵ ਜੀ ਦੇ 24 ਪਦੇ ਹਨ ਜਿਨ੍ਹਾਂ ਵਿਚ ਦਸਿਆ ਗਿਆ ਹੈ ਕਿ ਮਨੁੱਖ ਸਰੀਰ ਦੀ ਸਫਲਤਾ ਸਾਧਸੰਗਤ ਵਿਚ ਜਾ ਕੇ ਹਰਿ-ਨਾਮ ਦੇ ਸਿਮਰਨ ਨਾਲ ਹੁੰਦੀ ਹੈ। ਨਾਮ ਸਿਮਰਨ ਨਾਲ ਵਿਕਾਰਾਂ ਤੋਂ ਬਿਰਤੀ ਹਟਦੀ ਹੈ ਅਤੇ ਜੀਵਨ ਸੁਖੀ ਬਣਦਾ ਹੈ। ਪ੍ਰਮਾਤਮਾ ਪ੍ਰਤੀ ਸ਼ਰਧਾ ਦੀ ਭਾਵਨਾ ਦਾ ਵਿਕਾਸ ਸਾਧ ਸੰਗਤ ਦੀ ਸਭ ਤੋਂ ਵੱਡੀ ਦੇਣ ਹੈ। ਸਾਧ ਸੰਗਤ ਦੁਆਰਾ ਸੁਧਰੇ ਹੋਏ ਸਾਧਕ ਕੇਵਲ ਆਪਣਾ ਅਧਿਆਤਮਿਕ ਭਵਿਸ਼ ਹੀ ਉਜਲਾ ਨਹੀਂ ਕਰਦੇ ਸਗੋਂ ਆਪਣੇ ਸੰਪਰਕ ਵਿਚ ਆਉਣ ਵਾਲੇ ਹੋਰ ਅਨੇਕਾਂ ਦਾ ਵੀ ਬੇੜਾ ਪਾਰ ਕਰਦੇ ਹਨ। ਗੁਰੂ ਜੀ ਅਨੁਸਾਰ ਅਜਿਹੇ ਸਾਧਕ ਫਿਰ ਆਵਾਗਵਣ ਦੇ ਚੱਕਰ ਵਿਚ ਨਹੀਂ ਪੈਂਦੇ-ਸੁਭ ਬਚਨ ਰਮਣੰ ਗਵਣੰ ਸਾਧ ਸੰਗੇਣ ਉਧਰਣਹ ॥ ਸੰਸਾਰ ਸਾਗਰੰ ਨਾਨਕ ਪੁਨਰਪਿ ਜਨਮ ਨ ਲਭਜਤੇ।[88]

---

[87] ਉਪਰੋਕਤ ਵਰਣਿਤ, ਪੋਥੀ ਪੰਜਵੀਂ, ਪੰਨਾ 2844

[88] ਉਪਰੋਕਤ ਵਰਣਿਤ, ਪੋਥੀ ਬਾਹਰਵੀਂ, ਪੰਨਾ 4181

### 13.2 ਪਦ-ਅਰਥ

ਪ੍ਰਵੇਸ਼ ਤੋਂ ਉਪਰੰਤ ਸ਼ਬਦ ਵਿਚ ਆਏ ਕਠਿਨ ਪਦਾਂ ਦੇ ਪਦ-ਅਰਥ ਨਿਰੁਕਤ ਰੂਪ ਵਿਚ ਡਾ. ਸਾਹਿਬ ਦਿੰਦੇ ਹਨ। ਇਸ ਦੌਰਾਨ ਉਹ ਸ਼ਬਦ ਦਾ ਰੂਟ ਵੀ ਦਸਦੇ ਹਨ ਕਿ ਇਹ ਸ਼ਬਦ ਕਿਸ ਭਾਸ਼ਾ ਵਿਚੋਂ ਆਇਆ ਹੈ? ਪਦ-ਅਰਥ ਦਾ ਨਮੂਨਾ ਅਗੇ ਵਿਆਖਿਆ ਵੰਨਗੀ ਵਿਚ ਵੇਖਿਆ ਜਾ ਸਕਦਾ ਹੈ।

### 13.3 ਅਰਥ

ਪਦ-ਅਰਥ ਤੋਂ ਬਾਅਦ ਪਾਠ ਦਾ ਅਰਥ ਸੰਖੇਪ, ਸਰਲ ਅਤੇ ਸਪਸ਼ਟ ਰੂਪ ਵਿਚ ਹੀ ਕਰਦੇ ਹਨ। ਅਰਥ ਕਰਦਿਆਂ ਸਰਲ ਪੰਜਾਬੀ ਭਾਸ਼ਾ ਵਰਤੀ ਗਈ ਹੈ ਜਿਸ ਨਾਲ ਜਿਗਿਆਸੂ ਅਤੇ ਪਾਠਕਾਂ ਨੂੰ ਆਸਾਨੀ ਰਹੇ।

### 13.4 ਭਾਵ ਅਰਥ

ਵਿਆਖਿਆ ਕਰਦਿਆਂ ਡਾ. ਸਾਹਿਬ ਸ਼ਬਦ/ਲੰਮੇਰੀਆਂ ਬਾਣੀਆਂ ਦਾ ਭਾਵ-ਅਰਥ ਵੀ ਪੇਸ਼ ਕਰਦੇ ਹਨ-ਗੁਰੂ ਤੇਗ਼ ਬਹਾਦਰ ਜੀ ਨੇ ਮਨੁੱਖ ਨੂੰ ਸਾਵਧਾਨ ਕੀਤਾ ਹੈ ਕਿ ਪ੍ਰਭੂ ਦੇ ਨਾਮ ਨੂੰ ਸਿਮਰੇ ਬਿਨਾਂ ਉਮਰ ਬੀਤਦੀ ਜਾ ਰਹੀ ਹੈ। ਇਸ ਤਰ੍ਹਾਂ ਮਨੁੱਖ ਜਨਮ ਵਿਅਰਥ ਵਿਚ ਨਸ਼ਟ ਹੋ ਜਾਣਾ ਹੈ। ਇਸ ਲਈ ਸੰਭਲ ਕੇ ਹਰਿ-ਭਗਤੀ ਵਿਚ ਮਗਨ ਹੋਣ ਦਾ ਜਤਨ ਕਰਨਾ ਚਾਹੀਦਾ ਹੈ।[89]

### 13.5 ਵਿਸ਼ੇਸ਼

ਡਾ. ਸਾਹਿਬ ਇਸ ਜੁਗਤ ਨੂੰ ਵੀ ਟੀਕੇ ਵਿਚ ਵੀ ਅਨੇਕਾਂ ਥਾਵਾਂ ‘ਤੇ ਵਰਤਦੇ ਹਨ- ਅੰਤਿਮ ਪਉੜੀ ਵਿਚ ਇਸ ਬਾਣੀ ਦਾ ਮਹਾਤਮ ਦਸਿਆ ਗਿਆ ਹੈ ਕਿ ਜੋ ਇਸ ਬਾਣੀ ਦਾ ਪਾਠ ਕਰਦਾ ਹੈ, ਇਸ ਨਾਲ ਜੁੜਦਾ ਹੈ, ਉਸ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ, ਦੁਖ ਦਰਦ ਦੂਰ ਹੋ ਜਾਂਦੇ ਹਨ। ਇਸ ਨੂੰ ਸੁਣਨ ਨਾਲ, ਕਥਨ ਕਰਨ ਨਾਲ, ਵਿਅਕਤੀ ਪਵਿੱਤਰ ਹੋ ਜਾਂਦਾ ਹੈ ਅਤੇ ਗੁਰੂ ਦੀ ਵਿਆਪਕਤਾ ਦਾ

[89] ਉਪਰੋਕਤ ਵਰਣਿਤ, ਪੋਥੀ ਪੰਜਵੀਂ, ਪੰਨਾ 2269

ਅਹਿਸਾਸ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਇਸ ਬਾਣੀ ਨੂੰ ਪੂਰੇ ਜਾਂ ਸੰਖਿਪਤ ਰੂਪ ਵਿਚ ਹਰ ਪ੍ਰਕਾਰ ਦੇ ਮਾਂਗਲਿਕ ਜਾਂ ਸੋਗੀ ਅਵਸਰ ਉਤੇ ਗਾਇਆ ਜਾਂਦਾ ਹੈ।[90]

**ਵਿਆਖਿਆ ਵੰਨਗੀ (ਭਾਵ ਪ੍ਰਬੋਧਨੀ ਟੀਕਾ)**

**ਸੂਹੀ ਮਹਲਾ ੫ ॥**

**ਉਮਕਿਓ ਹੀਉ ਮਿਲਨ ਪ੍ਰਭ ਤਾਈ ॥ ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥ ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥ ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ ॥੧॥ ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥ ਮਿਲੁ ਸਾਜਨ ਹਉ ਤੁਝੁ ਕੁਰਬਾਨੋ ॥੧॥ ਰਹਾਉ ॥ ਏਕਾ ਸੇਜ ਵਿਛੀ ਧਨ ਕੰਤਾ ॥ ਧਨ ਸੂਤੀ ਪਿਰੁ ਸਦ ਜਾਗੰਤਾ ॥ ਪੀਓ ਮਦਰੋ ਧਨ ਮਤਵੰਤਾ ॥ ਧਨ ਜਾਗੈ ਜੇ ਪਿਰੁ ਬੋਲੰਤਾ ॥੨॥ ਭਈ ਨਿਰਾਸੀ ਬਹੁਤੁ ਦਿਨ ਲਾਗੇ ॥ ਦੇਸ ਦਿਸੰਤਰ ਮੈ ਸਗਲੇ ਝਾਗੇ ॥ ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ ॥ ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ ॥੩॥ ਭਇਓ ਕ੍ਰਿਪਾਲੁ ਸੱਤਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥ ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥੪॥ ਜਹ ਦੇਖਾ ਤਹ ਪਿਰੁ ਹੈ ਭਾਈ ॥ ਖੋਲਿਓ ਕਪਾਟੁ ਤਾ ਮਨੁ ਠਹਰਾਈ ॥੧॥ ਰਹਾਉ ਦੂਜਾ ॥੫॥**

**ਪਦ-ਅਰਥ:**

ਉਮਕਿਓ-ਚਾਹ ਨਾਲ ਉੱਛਲ ਪਿਆ ਹੈ। ਹੀਉ-ਹਿਰਦਾ। ਸਦੇਸਰੋ-(ਸੰ. ਸੰਦੇਸ਼) ਸੁਨੇਹਾ। ਨਦਰਿ-(ਅ. ਨਜ਼ਰ) ਨਿਗਾਹ, ਦ੍ਰਿਸ਼ਟੀ। ਹੀਅਰੋ-ਹਿਰਦਾ। ਨਿਮਾਨੋ-ਨਿਮਾਣਾ, ਵਿਚਾਰਾਂ। ਜਾਗੰਤਾ-ਜਾਗਦਾ ਰਹਿੰਦਾ ਹੈ। ਮਦਰੋ-(ਸੰ. ਮਦਿਰਾ) ਸ਼ਰਾਬ। ਮਤਵੰਤਾ-ਮਸੱਤ। ਝਾਗੇ-ਫਿਰ ਲਏ, ਗਾਹ ਮਾਰੇ। ਸ਼ੀਂਗਾਰ-(ਸੰ.ਸ਼ਿੰਗਾਰ) ਸਾਜ-ਸਜਾਵਟ। ਸੁਹਾਇਆ-ਸੋਹਣੇ ਲਗਣ ਲਗ ਗਏ ਹਨ। ਕਪਾਟੁ-(ਸੰ. ਕਪਾਟ) ਕਿਵਾੜ। ਠਹਿਰਾਈ-ਸਥਿਰ ਹੋ ਗਿਆ ਹੈ।

**ਅਰਥ:**

ਪ੍ਰਭੂ ਨੂੰ ਮਿਲਣ ਲਈ (ਮੇਰਾ) ਹਿਰਦਾ ਚਾਹ ਨਾਲ ਓਛਲ ਪਿਆ ਹੈ। ਖੋਜਣ ਲਈ ਚੜ੍ਹ ਪਈ ਹਾਂ, (ਤਾਂ ਜੋ) ਪ੍ਰਭੂ- ਪ੍ਰੀਤਮ ਨੂੰ ਜਾ ਕੇ ਵੇਖਾਂ। (ਗੁਰੂ ਉਪਦੇਸ਼ ਦੁਆਰਾ) ਪ੍ਰੀਤਮ ਦੇ (ਆਉਣ ਦਾ) ਸੁਨੇਹਾ ਸੁਣ ਕੇ (ਮੈਂ ਹਿਰਦੇ ਰੂਪ) ਘਰ ਵਿਚ ਸੇਜ ਵਿਛਾਈ ਹੈ, (ਪਰ) ਫਿਰ ਫਿਰ ਕੇ (ਪਰਤ) ਆਈ ਹਾਂ, ਤਾਂ ਵੀ

---

[90] ਉਪਰੋਕਤ ਵਰਣਿਤ, ਪੋਥੀ ਛੇਵੀਂ, ਪੰਨਾ 2843

(ਪ੍ਰੀਤਮ) ਨਜ਼ਰ ਨਹੀਂ ਪਏ ਹਨ।੧। ਕਿਸ ਤਰ੍ਹਾਂ (ਮੇਰਾ) ਨਿਮਾਣਾ ਹਿਰਦਾ ਧੀਰਜ ਧਾਰਨ ਕਰੇ? ਹੇ! ਸਾਜਨ (ਮੈਨੂੰ) ਮਿਲ, ਮੈਂ ਤੇਰੇ ਤੋਂ ਕੁਰਬਾਨ (ਜਾਂਦੀ ਹਾਂ) ।੧। ਰਹਾਉ। ਜੀਵ-ਇਸੱਤਰੀ ਅਤੇ ਪ੍ਰਭੂ-ਪਤੀ ਲਈ (ਇਸੱਤਰੀ ਦੇ ਹਿਰਦੇ ਵਿਚ) ਇਕੋ ਸੇਜ ਵਿਛੀ ਹੋਈ ਹੈ। (ਪਰ) ਇਸੱਤਰੀ (ਸਦਾ ਮਾਇਆ ਦੇ ਮੋਹ ਦੀ ਨੀਂਦਰ ਵਿਚ) ਸੁੱਤੀ ਰਹਿੰਦੀ ਹੈ ਅਤੇ ਪ੍ਰਭੂ-ਪਤੀ ਸਦਾ ਜਾਗਦਾ ਰਹਿੰਦਾ ਹੈ। (ਮਾਇਆਵੀ ਮੋਹ ਦੀ) ਸ਼ਰਾਬ ਪੀ ਕੇ ਇਸੱਤਰੀ ਮਸੱਤ ਹੋ ਗਈ ਹੈ। ਇਸੱਤਰੀ ਤਾਂ ਹੀ ਜਾਗ ਸਕਦੀ ਹੈ ਜੇ ਪਤੀ ਬੁਲਾਉਂਦਾ ਹੋਵੇ।2। (ਉਡੀਕ ਵਿਚ) ਬਹੁਤ ਦਿਨ ਬੀਤ ਜਾਣ ਕਾਰਣ ਨਿਰਾਸ ਹੋ ਗਈ ਹਾਂ। (ਪਤੀ ਨੂੰ ਲੱਭਣ ਲਈ) ਮੈਂ ਸਾਰੇ ਦੇਸ਼ ਦੇਸਾਂਤਰ ਫਿਰ ਲਏ ਹਨ। (ਪ੍ਰਭੂ-ਪਤੀ ਦੇ) ਚਰਨ ਛੋਹੇ ਬਿਨਾਂ ਮੈਂ ਛਿਣ ਭਰ ਲਈ ਰਹਿ ਨਹੀਂ ਸਕਦੀ। (ਜੇ) ਪ੍ਰਭੂ ਕਿਰਪਾਲੂ ਹੋਵੇ (ਤਾਂ) ਚੰਗੇ ਭਾਗਾਂ ਕਰਕੇ ਮਿਲ ਪੈਂਦਾ ਹੈ।੩। (ਪ੍ਰਭੂ ਨੇ) ਕ੍ਰਿਪਾਲੂ ਹੋ ਕੇ ਸਤਿਸੰਗਤ ਵਿਚ ਮਿਲਾ ਦਿੱਤਾ ਹੈ। (ਮਨ ਦਾ) ਸਾੜ ਖਤਮ ਹੋ ਗਿਆ ਹੈ, (ਹਿਰਦੇ ਰੂਪ) ਘਰ ਵਿਚ ਹੀ ਪ੍ਰਭੂ-ਪਤੀ ਪਾ ਲਿਆ ਹੈ। ਹੁਣ ਸਾਰੇ ਸ਼ਿੰਗਾਰ ਮੈਨੂੰ ਸੋਹਣੇ ਲਗਣ ਲਗ ਗਏ ਹਨ। ਨਾਨਕ ਦਾ ਕਥਨ ਹੈ ਕਿ ਗੁਰੂ ਨੇ ਭਰਮ ਨੂੰ ਦੂਰ ਕਰ ਦਿੱਤਾ ਹੈ।੪। ਹੇ ਭਾਈ! (ਹੁਣ ਮੈਂ) ਜਿਧਰ ਵੇਖਦਾ ਹਾਂ, ਉਥੇ ਪ੍ਰਭੂ (ਮੌਜੂਦ) ਹੈ। (ਜਦ) ਗੁਰੂ ਨੇ (ਭਰਮ ਜਾਂ ਅਗਿਆਨ ਦਾ) ਕਿਵਾੜ ਖੋਲ ਦਿੱਤਾ, ਤਾਂ ਮਨ ਸਥਿਰ ਹੋ ਗਿਆ।1੧। ਰਹਾਉ ਦੂਜਾ।੫।

ਭਾਵ-ਅਰਥ: ਭਾਵ ਜਗਿਆਸੂ ਦੇ ਮਨ ਵਿਚ ਪ੍ਰਭੂ ਨੂੰ ਮਿਲਣ ਦੀ ਚਾਹ ਪੈਦਾ ਹੁੰਦੀ ਹੈ, ਪਰ ਮਾਇਆਵੀ ਭਰਮ ਕਰਕੇ ਪ੍ਰਭੂ ਨਾਲ ਮੇਲ ਨਹੀਂ ਹੁੰਦਾ, ਭਾਵੇਂ ਪ੍ਰਭੂ ਹਿਰਦੇ ਵਿਚ ਹੀ ਵਸ ਰਿਹਾ ਹੈ। ਜਦੋਂ ਗੁਰੂ ਭਰਮ ਨੂੰ ਮਿਟਾ ਦਿੰਦਾ ਹੈ ਤਾਂ ਪ੍ਰਭੂ ਆਪ ਹੀ ਬੁਲਾ ਕੇ ਸੰਯੋਗ ਦਾ ਆਨੰਦ ਪ੍ਰਦਾਨ ਕਰਦਾ ਹੈ।

### 14) ਗੁਰਬਾਣੀ ਅਰਥ ਭੰਡਾਰ, ਸ੍ਰੀ ਗੁਰੂ ਗ੍ਰੰਥ ਸਾਹਿਬ (ਸੰਤ ਹਰੀ ਸਿੰਘ ਰੰਧਾਵਾ)

ਸੰਤ ਹਰੀ ਸਿੰਘ ਜੀ ਸੰਪ੍ਰਦਾਇ ਵਿਦਵਾਨਾਂ ਦੀ ਸ੍ਰੇਣੀ ਦੇ ਵਿਦਵਾਨ ਹਨ। ਸੰਤ ਜੀ ਦਾ ਜਨਮ 10-09-1947 ਈ. ਨੂੰ ਪਿੰਡ ਰੰਧਾਵਾ ਜ਼ਿਲ੍ਹਾ ਸਰਹਿੰਦ ਹੁਣ (ਫ਼ਤਿਹਗੜ੍ਹ ਸਾਹਿਬ) ਵਿਖੇ ਮਾਤਾ ਨਰਾਤੀ ਕੌਰ ਪਿਤਾ ਸਰਦਾਰ ਪੂਰਨ ਸਿੰਘ ਦੇ ਘਰ ਹੋਇਆ ਪਰ ਜਨਮ ਤੋਂ ਪਹਿਲਾਂ ਹੀ ਪਿਤਾ ਜੀ ਅਕਾਲ ਚਲਾਣਾ ਕਰ ਗਏ। ਸੰਤ ਜੀ ਦੁਨਿਆਵੀ ਵਿਦਿਆ ਤਾਂ ਭਾਵੇਂ ਪ੍ਰਾਇਮਰੀ ਤੱਕ ਹੀ ਪੜ੍ਹੇ ਪਰ ਗੁਰਮਤਿ ਦੀ ਵਿਦਿਆ ਨੇ ਸੰਤ

ਜੀ ਨੂੰ ਸਿੱਖ ਪੰਥ ਵਿਚ ਬਹੁਤ ਸਤਿਕਾਰ ਦਿਵਾਇਆ। ਗੁਰਮਤਿ ਦੀ ਜਾਗ ਸੰਤ ਜੀ ਨੂੰ ਉਨ੍ਹਾਂ ਦੇ ਨਾਨਕੇ ਪਰਿਵਾਰ ਵੱਲੋਂ ਮਾਮਾ ਰਘਵੀਰ ਸਿੰਘ ਅਤੇ ਮਾਤਾ ਜੀ ਤੋਂ ਮਿਲੀ। ਆਪ ਜੀ ਨੇ ਲਗਭਗ 7 ਸਾਲ ਦੀ ਉਮਰ ਵਿਚ ਅੰਮ੍ਰਿਤ ਪਾਨ ਕਰ ਲਿਆ। ਮੁਢਲੀ ਗੁਰਮਤਿ ਵਿਦਿਆ ਚਲੇਲੇ ਵਾਲੇ ਸੰਤਾਂ ਪਾਸੋਂ ਪ੍ਰਾਪਤ ਕੀਤੀ ਉਪਰੰਤ ਦਮਦਮੀ ਟਕਸਾਲ ਦੇ ਬਾਰਵੇਂ ਮੁਖੀ ਸੰਤ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੇ ਵਿਦਿਆਰਥੀ ਸੰਤ ਇੰਦਰਜੀਤ ਸਿੰਘ ਪਾਸੋਂ ਪ੍ਰਾਪਤ ਕੀਤੀ। ਵੇਦਾਂਤ ਸੰਨਿਆਸੀ ਆਤਮਾਨੰਦ ਮਹਾਤਮਾ ਜੀ ਪਾਸੋਂ ਪੜ੍ਹੇ। ਸੰਤ ਇੰਦਰਜੀਤ ਸਿੰਘ ਪਾਸ ਰਹਿੰਦਿਆਂ ਟਕਸਾਲ ਵਿਚ ਪੜ੍ਹਾਏ ਜਾਣ ਵਾਲੇ ਸਾਰੇ ਗ੍ਰੰਥ,- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਅਰਥਾਂ ਸਮੇਤ, ਸ੍ਰੀ ਦਸਮ ਗ੍ਰੰਥ ਸਾਹਿਬ ਦੀ ਸੰਥਿਆ, ਵਾਰਾਂ ਭਾਈ ਗੁਰਦਾਸ, ਗਜ਼ਲਾਂ ਭਾਈ ਨੰਦ ਲਾਲ, ਸ੍ਰੀ ਨਾਨਕ ਪ੍ਰਕਾਸ਼, ਸ੍ਰੀ ਸੂਰਜ ਪ੍ਰਕਾਸ਼, ਅਧਿਆਤਮ ਪ੍ਰਕਾਸ਼, ਵਿਚਾਰ ਮਾਲਾ, ਵਿਚਾਰ ਸਾਗਰ, ਪ੍ਰਬੋਧ ਚੰਦਰ ਨਾਟਕ ਆਦਿ ਦਾ ਅਧਿਐਨ ਕੀਤਾ।

ਗੁਰਮਤਿ ਵਿਦਿਆ ਦੀ ਪ੍ਰਾਪਤੀ ਤੋਂ ਬਾਅਦ ਗੁਰਮਤਿ ਪ੍ਰਚਾਰ 1971 ਈ. ਵਿਚ ਸ਼ੁਰੂ ਕੀਤਾ ਪਰ ਨਾਲ-ਨਾਲ ਆਪਣੀ ਖੇਤੀਬਾੜੀ ਦਾ ਕਾਰਜ ਵੀ ਕਰਦੇ ਰਹੇ। ਇਕ ਪ੍ਰਬੰਧਕ/ਜਥੇਬੰਦਕ ਰੂਪ ਵਿਚ 1 ਜਨਵਰੀ 1981 ਈ. ਤੋਂ ਲੁਧਿਆਣੇ ਦੇ ਪਿੰਡ ਕੁਹਾੜਾ ਜੰਡਾਲੀ ਤੋਂ ਪ੍ਰਚਾਰ ਦਾ ਕਾਰਜ ਆਰੰਭ ਕੀਤਾ। ਗੁਰਬਾਣੀ ਗੁਰਮਤਿ ਦੇ ਪ੍ਰਚਾਰ ਦੌਰਾਨ ਬਾਬਾ ਜੀ ਲਗਭਗ ਹਰ ਦੇਸ਼ ਵਿਚ ਪਹੁੰਚੇ, ਜਿਥੇ ਪੰਜਾਬੀਆਂ/ਸਿੱਖਾਂ ਦੀ ਵਸੋਂ ਹੈ।

ਜੇਕਰ ਮਾਨ ਸਨਮਾਨ ਦੀ ਗੱਲ ਕਰੀਏ ਤਾਂ ਸਿੱਖ ਪੰਥ ਦੇ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ, ਤਖ਼ਤ ਹਜ਼ੂਰ ਸਾਹਿਬ, ਦਮਦਮਾ ਸਾਹਿਬ ਤੋਂ ਇਸ ਸਟੀਕ ਨੂੰ ਤਿਆਰ ਕਰਨ ਤੇ ਮਾਨ ਸਨਮਾਨ ਮਿਲਿਆ ਇਸ ਤੋਂ ਇਲਾਵਾ ਵਿਦੇਸ਼ਾਂ ਵਿਚ ਆਪ ਜੀ ਨੂੰ ਗੋਲਡ ਮੈਡਲ ਪਾ ਕੇ ਸਨਮਾਨਿਤ ਕੀਤਾ ਗਿਆ। ਜਥੇ ਵਿਚ ਵਿਚਰਦਿਆਂ ਸੰਤ ਜੀ ਨੇ 6 ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਕਥਾ ਕੀਤੀ ਅਤੇ ਪਿੰਡਾਂ, ਨਗਰਾਂ, ਸ਼ਹਿਰਾਂ ਵਿਚ ਪ੍ਰਚਾਰ ਦੌਰਾਨ ਅੰਮ੍ਰਿਤ ਸੰਚਾਰ ਕਰਦਿਆਂ ਪੰਜਾਂ ਪਿਆਰਿਆਂ ਦੀ ਸੇਵਾ ਵੀ ਨਿਭਾਈ। ਜਥੇ ਰੰਧਾਵੇ ਤੋਂ ਅਨੇਕਾਂ ਹੀ ਵਿਦਿਆਰਥੀ ਗੁਰਮਤਿ ਦੀ ਵਿਦਿਆ ਲੈ ਕੇ ਅਜ ਕਲ੍ਹ ਸਿੱਖ ਪੰਥ ਦੇ

ਮਹਾਨ ਤਖ਼ਤਾਂ 'ਤੇ ਇਤਿਹਾਸਕ ਅਸਥਾਨਾਂ 'ਤੇ ਸੇਵਾ ਨਿਭਾ ਰਹੇ ਹਨ ਅਤੇ ਬੇਅੰਤ ਸਿੰਘ ਵਿਦੇਸ਼ਾਂ ਵਿਚ ਗੁਰਸਿੱਖੀ ਦਾ ਪ੍ਰਚਾਰ ਕਰ ਰਹੇ ਹਨ।

ਜੇਕਰ ਗੁਰਮਤਿ ਸਾਹਿਤ ਦੀ ਗੱਲ ਕਰੀਏ ਤਾਂ ਸੰਤ ਜੀ ਨੇ ਸਭ ਤੋਂ ਪਹਿਲਾਂ ਗੁਰਵਾਕ ਚਾਨਣ (ਦੋ ਭਾਗਾਂ) ਵਿਚ ਅਤੇ ਗੁਰਪ੍ਰਕਰਨ ਚਾਨਣ ਜਿਸ ਵਿਚ ਦਸ ਗੁਰੂ ਸਾਹਿਬਾਨ ਜੀ ਦੇ ਪਾਵਨ ਪ੍ਰਕਾਸ਼ ਪੁਰਬ, ਗੁਰਤਾਗੱਦੀ ਦਿਵਸ, ਜੋਤੀ ਜੋਤ ਦਿਵਸ ਦਾ ਪ੍ਰਕਰਨ ਸਿੱਖ ਧਰਮ ਦੇ ਗੌਣ ਸਰੋਤਾਂ ਦੇ ਆਧਾਰਿਤ ਅੰਕਿਤ ਕੀਤਾ ਗਿਆ ਹੈ। ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਮਪੂਰਣ ਸਟੀਕ, ਗੁਰਬਾਣੀ ਅਰਥ ਭੰਡਾਰ 12 ਭਾਗਾਂ ਦੇ ਵਿਚ ਤਿਆਰ ਕੀਤਾ। ਇਸ ਸਟੀਕ ਵਿਚ ਵਿਆਖਿਆਕਾਰੀ ਸੰਪ੍ਰਦਾਈ ਵਿਧੀ ਵਾਲੀ ਹੀ ਹੈ। ਇਸ ਟੀਕੇ ਦੇ ਲਿਖਣ ਬਾਰੇ ਸੰਤ ਜੀ ਦਸਦੇ ਹਨ ਕਿ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੁਆਰਾ ਕੀਤੀ ਕਥਾ ਦੀ ਰਿਕਾਰਡਿੰਗ ਅਤੇ ਉਨ੍ਹਾਂ ਮਹਾਂਪਰਖਾਂ ਦੁਆਰਾ ਲਿਖਾਈ ਹੋਈ ਕਥਾ[91] ਦੇ ਆਧਾਰ 'ਤੇ ਹੀ ਇਹ ਟੀਕਾ ਤਿਆਰ ਕੀਤਾ ਗਿਆ ਹੈ ਤਾਂ ਕਿ ਜੋ ਕਥਾ ਸੰਤ ਗੁਰਬਚਨ ਸਿੰਘ ਜੀ ਕਰਦੇ ਹੁੰਦੇ ਸਨ ਉਹ ਸੰਗਤਾਂ ਤਕ ਹੂ-ਬ-ਹੂ ਪਹੰਚ ਸਕੇ।

ਟੀਕਾ ਲਿਖਣ ਦੇ ਕਾਰਨ ਸੰਤ ਜੀ ਦਸਦੇ ਹਨ ਕਿ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂ ਵਾਲੇ ਜੋ ਗੁਰਬਾਣੀ ਦੇ ਅਰਥ ਕਰਦੇ ਸਨ ਉਨ੍ਹਾਂ ਅਰਥਾਂ ਨੂੰ ਲਿਖਤੀ ਰੂਪ ਦੇ ਕੇ ਸੰਗਤਾਂ ਦੇ ਸਾਹਮਣੇ ਲਿਆਉਣਾ ਅਤੇ ਟਕਸਾਲ ਵੱਲੋਂ ਸਟੀਕ ਤਿਆਰ ਕਰਨ ਦੀ ਸੇਵਾ ਬਾਬਾ ਠਾਕੁਰ ਸਿੰਘ ਜੀ ਵਲੋਂ ਲਾਈ ਗਈ ਸੀ ਨੂੰ ਪੂਰਾ ਕਰਨਾ। ਇਸ ਪ੍ਰਕਾਰ ਗੁਰਬਾਣੀ ਵਿਆਖਿਆਕਾਰੀ ਕਰਦਿਆਂ ਜੋ-ਜੋ ਜੁਗਤਾਂ ਸੰਤ ਜੀ ਵਰਤਦੇ ਹਨ ਉਹ ਹੇਠ ਲਿਖੇ ਅਨੁਸਾਰ ਹੈ-

**14.1 ਮੂਲਮੰਤਰ ਵਿਆਖਿਆ**

**14.2 ਉਥਾਨਕਾ**

**14.3 ਉਚਾਰਨ ਸੇਧ**

---

[91] ਗੁਰਬਾਣੀ ਦੇ ਪ੍ਰਯਾਏ ਜੋ 10 ਪੋਥੀਆਂ ਵਿਚ ਸਨ, ਨੂੰ ਗਿਆਨੀ ਨਿਰੰਜਨ ਸਿੰਘ ਵੈਦ, ਬਾਬਾ ਦਯਾ ਸਿੰਘ ਜੀ ਦਿੱਲੀ ਵਾਲੇ ਹਰਿਆਣੇ ਤੋਂ ਗਿਆਨੀ ਦੀਦਾਰ ਸਿੰਘ ਦੀ ਪਾਸੋਂ ਲੈ ਕੇ ਆਏ। (ਨਿਜੀ ਮੁਲਾਕਾਤ)

**14.4 ਪਦ-ਅਰਥ**

**14.5 ਬਹੁ-ਅਰਥ**

**14.6 ਸਾਖੀ ਪ੍ਰਮਾਣ**

**14.7 ਰਾਗ ਮਾਲਾ ਬਾਰੇ ਵਿਚਾਰ**

## 14.1 ਮੂਲਮੰਤਰ ਵਿਆਖਿਆ

ਮੂਲ ਮੰਤਰ ਦੀ ਵਿਆਖਿਆ ਕਰਦਿਆਂ ਸੰਤ ਜੀ ਬਹੁਤ ਵਿਸਥਾਰ ਕਰਦੇ ਹਨ। ਇਹ ਵਿਸਥਾਰ ਲਗਭਗ 30 ਪੰਨਿਆਂ ਤੱਕ ਕੀਤਾ ਗਿਆ ਹੈ। ਮੂਲ ਮੰਤਰ ਦੇ 7 ਅਰਥ ਵੀ ਕੀਤੇ ਗਏ ਹਨ। ਜਿਸ ਨੂੰ ਅਲੱਗ- ਅਲੱਗ ਨਾਂ ਦਿਤੇ ਗਏ ਹਨ। ਜਿਵੇਂ ਅਰਥ ਨੰਬਰ ਦੂਸਰਾ, ਅਰਥ ਨੰਬਰ ਤੀਸਰਾ, ਅਰਥ ਨੰ: (ਫਲ ਅਰਥ), ਅਰਥ ਨੰ: (ਅਤੀ ਵਿਆਪਤੀ ਦੋਸ਼ ਅਰਥ), ਅਰਥ ਨੰ: (ਅਨੁਬੰਧਕ ਅਰਥ), ਅਰਥ ਨੰ: (ਹੇਤਕ ਅਰਥ- ਅਭਿਆਸ ਵਾਸਤੇ)। ਮੂਲ ਮੰਤਰ ਦੀ ਵਿਆਖਿਆ ਕਰਦਿਆਂ ਪ੍ਰਸ਼ਨੋਤਰੀ ਜੁਗਤ ਨੂੰ ਵੀ ਵਰਤਦੇ ਹਨ।

## 14.2 ਉਥਾਨਕਾ

ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਕਰਦਿਆਂ ਸੰਤ ਜੀ ਉਥਾਨਕਾ ਦੀ ਵਰਤੋਂ ਕਰਦੇ ਹਨ। ਇਹ ਉਥਾਨਕਾ ਦੇਣ ਦਾ ਮੁੱਖ ਮਨੋਰਥ ਸੰਗਤਾ ਨੂੰ ਗੁਰੂ ਨਾਲ ਜੋੜਨਾ ਹੈ। ਸੰਤ ਜੀ ਇਤਿਹਾਸਕ ਸ਼ਬਦਾਂ ਦੀ ਉਥਾਨਕਾ ਨੂੰ ਭਾਵਨਾ ਅਧੀਨ (ਗੁਰਮਤਿ ਭਾਉ) ਦੇ ਰੂਪ ਵਿਚ ਪੇਸ਼ ਕਰਦੇ ਹਨ।

ਉਦਹਾਰਨ:

ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ॥ ਇਸ ਸ਼ਬਦ ਦੀ ਉਥਾਨਕਾ ਨਿਮਨ ਰੂਪ ਵਿਚ ਪੇਸ਼ ਕਰਦੇ ਹਨ- ਇਸ ਪਾਵਨ ਪਵਿੱਤਰ ਸ਼ਬਦ ਰਾਹੀਂ ਸਤਿਗੁਰੂ ਜੀ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਸਿੱਖ ਸਗਤਾਂ ਨੂੰ ਪਾਵਨ ਉਪਦੇਸ਼ ਬਖ਼ਸ਼ ਰਹੇ ਹਨ, ਜਿਥੇ ਕਈ ਪਰਮਾਤਮਾ ਨੂੰ ਮਿਲਣ ਦੇ ਚਾਹਵਾਨ ਸਾਧੂ-ਮਹਾਂਪੁਰਸ਼ ਇਸਤ੍ਰੀਆਂ ਵਾਲੇ ਬਸੱਤਰ ਪਾ ਕੇ ਆਪਣਾ ਆਪ ਸਹੁ ਸੁਹਾਗਣ ਨਾਂ ਰਖਵਾ ਕੇ ਸਤਿਗੁਰੂ ਜੀ ਕੋਲ ਆ ਜਾਂਦੇ ਤੇ ਸਤਿਗੁਰਾਂ ਨੂੰ ਤਰ੍ਹਾਂ-ਤਰ੍ਹਾਂ ਦੇ ਪ੍ਰਸ਼ਨ ਕਰਦੇ ਤੇ ਸਤਿਗੁਰੂ ਜੀ ਸਾਰਿਆਂ ਨੂੰ ਯਥਾਯੋਗ

ਉਤਰ ਦੇ ਕਰਕੇ ਸਿੱਧੇ ਰਸਤੇ ਪਾਉਂਦੇ ਇਕ ਦਿਨ ਸਿੱਖਾਂ ਨੇ ਪੁਛਿਆ ਕਿ ਸਤਿਗੁਰੂ ਜੀ! ਕੀ ਇਸ ਤਰ੍ਹਾਂ ਇਸਤ੍ਰੀਆਂ ਦਾ ਵੇਸ ਧਾਰਨ ਕਰਕੇ ਪਤੀ ਪਰਮੇਸ਼ਰ ਦਾ ਹਿਰਦੇ ਵਿਚ ਪ੍ਰੇਮ ਪੈਦਾ ਹੋ ਜਾਂਦਾ ਹੈ।[92]

### 14.3 ਉਚਾਰਨ ਸੇਧ

ਵਿਆਖਿਆਕਾਰੀ ਦਾ ਕਾਰਜ ਕਰਦਿਆਂ ਸੰਤ ਜੀ ਗੁਰਬਾਣੀ ਦੇ ਮੂਲ ਪਾਠ ਦੇ ਥਲੇ ਹੀ ਪਾਠ ਉਚਾਰਨ ਬਾਰੇ ਵੀ ਸੇਧ ਦਿੰਦੇ ਹਨ ਕਿ ਕਿਹੜਾ ਪਾਠ ਅਧਕ ਸਹਿਤ ਕਰਨਾ ਹੈ ਜਾਂ ਕਿਹੜਾ ਪਾਠ ਪੋਲਾ ਕਰਨਾ ਹੈ ਬਾਰੇ ਜਾਣਕਾਰੀ ਦਿੱਤੀ ਹੈ।

ਉਦਹਾਰਨ:

ੳ. (**ਅੱਲਹੁ** ਅੱਧਕ ਸਹਿਤ ਉਚਾਰ)।[93]

ਅ. (**ਅਨ** ਪੋਲਾ ਬੋਲੋ)।[94]

### 14.4 ਪਦ-ਅਰਥ

ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਕਰਦਿਆਂ ਸੰਤ ਜੀ ਇਕ-ਇਕ ਪੰਕਤੀ ਦੀ ਵਿਆਖਿਆ ਕਰਦਿਆਂ ਉਸ ਪੰਕਤੀ ਵਿਚ ਆਏ ਕਠਿਨ ਪਦਾਂ ਦੇ ਪਦ-ਅਰਥ ਵੀ ਨਾਲ ਹੀ ਪੇਸ਼ ਕਰਦੇ ਹਨ।

### 14.5 ਬਹੁ-ਅਰਥ

ਵਿਆਖਿਆ ਕਰਦੇ ਹੋਏ ਸੰਤ ਜੀ ਇਕ ਪੰਕਤੀ ਜਾਂ ਸ਼ਬਦ ਦੇ ਇਕ ਤੋਂ ਵਧ ਅਰਥ ਕਰਦੇ ਹਨ, ਕਿਤੇ-ਕਿਤੇ 4-4 ਜਾਂ ਇਸ ਤੋਂ ਵੀ ਵਧ ਅਰਥ ਕਰਦੇ ਹਨ। ਇਸ ਦੇ ਨਾਲ ਹੀ ਉਹ ਅੰਤਰੀਵ ਅਰਥ ਵੀ ਕਰਦੇ ਹਨ।

### 14.6 ਸਾਖੀ ਪ੍ਰਮਾਣ

---

92 ਉਪਰੋਕਤ ਵਰਣਿਤ, ਪੋਥੀ ਦੂਜੀ, ਪੰਨਾ 17

93 ਉਪਰੋਕਤ ਵਰਣਿਤ, ਪੋਥੀ ਦੂਜੀ, ਪੰਨਾ 12

94 ਉਪਰੋਕਤ ਵਰਣਿਤ, ਪੋਥੀ ਦੂਜੀ, ਪੰਨਾ 41

ਸੰਪ੍ਰਦਾਈ ਟੀਕਿਆਂ ਵਿਚ ਸਾਖੀਆਂ ਬਹੁ ਗਿਣਤੀ ਵਿਚ ਵਰਤੀਆਂ ਜਾਂਦੀਆਂ ਹਨ, ਇਹ ਸਾਖੀਆਂ ਦੇਣ ਦਾ ਭਾਵ ਪਾਠਕਾਂ ਨੂੰ ਗੁਰਬਾਣੀ ਦੇ ਗੂੜ ਰਹੱਸ ਅਤੇ ਇਤਿਹਾਸਕ ਪਾਤਰਾਂ ਬਾਰੇ ਜਾਣੂ ਕਰਾਉਣਾ ਹੈ। ਸਾਖੀਆਂ ਬਾਰੇ ਤਤਕਰਾ ਵੀ ਆਰੰਭ ਵਿਚ ਸ਼ਬਦਾਂ ਦੇ ਤਤਕਰੇ ਤੋਂ ਬਾਅਦ ਹੀ ਦਿੰਦੇ ਹਨ। ਇਸ ਟੀਕੇ ਵਿਚ ਮੁੱਖ ਰੂਪ ਵਿਚ ਦੋ ਤਰ੍ਹਾਂ ਦੀਆਂ ਸਾਖੀਆਂ ਮਿਲਦੀਆਂ ਹਨ। ਇਕ ਇਤਿਹਾਸਕ ਅਤੇ ਦੂਸਰਾ ਗੁਰਮਤਿ ਭਾਉ ਅਧੀਨ ਅੰਕਿਤ ਕੀਤੀਆਂ ਗਈਆਂ ਹਨ।

**14.7 ਰਾਗ ਮਾਲਾ ਵਿਚਾਰ**

ਗੁਰਬਾਣੀ ਵਿਆਖਿਆ ਕਰਦਿਆਂ ਰਾਗ ਮਾਲਾ ਬਾਰੇ, ਟੀਕੇ ਦੀ 12 ਵੀਂ ਪੋਥੀ ਵਿਚ ਵਿਸਥਾਰ ਪੂਰਵਕ ਜਾਣਕਾਰੀ ਪੋਥੀ ਦੇ ਪੰਨਾ ਨੰਬਰ 727 ਤੋਂ ਲੈ ਕੇ 754 ਤਕ ਦਿੱਤੀ ਗਈ ਹੈ। ਇਸ ਵਿਚ ਰਾਗ ਮਾਲਾ ਬਾਰੇ ਪਾਏ ਗਏ ਸ਼ੰਕਿਆਂ ਦੀ ਨਵਿਰਤੀ ਕੀਤੀ ਗਈ ਹੈ।

**ਵਿਆਖਿਆ ਵੰਨਗੀ**

ਗਉੜੀ ਮਹਲਾ ੧ ਦਖਣੀ ॥

**ਉਥਾਨਕਾ**: ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਚ ਬਿਰਾਜਮਾਨ ਸਨ ਤਾਂ ਉਸ ਵੇਲੇ ਦੱਖਣ ਦੇਸ਼ ਦੀ ਸੰਗਤ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਆਈ। ਸੰਗਤ ਨੇ ਉਪਦੇਸ਼ ਦੀ ਜਾਚਨਾ ਕੀਤੀ ਤਾਂ ਗੁਰੂ ਸਾਹਿਬ ਜੀ ਨੇ ਇਹ (ਗਉੜੀ ਦਖਣੀ) ਸ਼ਬਦ ਦੁਆਰਾ ਉਪਦੇਸ਼ ਬਖਸ਼ਿਸ਼ ਕੀਤਾ।

(ਗਉੜੀ ੧੩ ਪ੍ਰਕਾਰ ਦੀ ਹੈ। ਨੌਂ ਪ੍ਰਕਾਰ ਦੀ ਪ੍ਰਗਟ ਤੇ ਚਾਰ ਪ੍ਰਕਾਰ ਦੀ ਗੁਪਤ ਰੂਪ ਵਿਚ ਇਸ਼ਾਰਾ ਹੈ। ਜਿਵੇਂ : "ਗਉੜੀ ਭੀ ਸੋਰਠਿ ਭੀ"। ਜਿਸ ਦਾ ਸਾਰਾ ਵੇਰਵਾ ਰਾਗ ਦੇ ਮੁਢ ਵਿਚ ਦੇ ਆਏ ਹਾਂ।)

ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥ (ਸਦ ਪੋਲਾ ਬੋਲੋ)

ਜੋ ਪੁਰਖ ਪੂਰੇ ਗੁਰਾਂ ਤੋਂ ਨਾਮ ਦਾ ਉਪਦੇਸ਼ ਸ਼ਰਧਾ ਅਤੇ ਵਿਸ਼ਵਾਸ ਰੂਪ ਸੁਣਿ= ਕੰਨਾਂ ਨਾਲ ਸੁਣਿ= ਸ੍ਰਵਣ ਕਰਕੇ ਬੂਝੈ= ਸਮਝਦਾ ਹੈ ਤੇ ਫੇਰ ਨਾਓ= ਨਾਮ ਦਾ ਮਾਨੈ= ਮੰਨਣ ਕਰਦਾ ਹੈ। ਤਾਂ =ਉਸ ਕੈ=ਦੇ ਉੱਪਰੋਂ ਮੈਂ ਸਦਾ= ਸਦਾ ਬਲਿਹਾਰੇ= ਕੁਰਬਾਨ ਜਾਉ= ਜਾਂਦਾ ਹਾਂ।

**ਆਪਿ ਭੁਲਾਏ ਠਉਰ ਨ ਠਾਉ ॥ ਤੂੰ ਸਮਝਾਵਹਿ ਮੇਲਿ ਮਿਲਾਉ ॥੧॥**

ਇਹ ਪਰਮੇਸ਼ਰ! ਜਿਸ ਨੂੰ ਤੂੰ ਆਪ ਅਗਿਆਨ ਦਾ ਪਰਦਾ ਪਾ ਕੇ ਨਿਜ ਸਰੂਪ ਵੱਲੋਂ ਭੁਲਾਇ= ਭੁੱਲਾ ਦਿੰਦਾ ਹੈ, ਉਸ ਨੂੰ ਲੋਕ ਪ੍ਰਲੋਕ ਵਿਚ ਠਉਰ= ਥਾਂ ਥਾਉ= ਟਿਕਾਣਾ ਨ= ਨਹੀਂ ਮਿਲਦਾ। ਜਿਸ ਨੂੰ ਤੂੰ ਪੂਰੇ ਗੁਰਾਂ

ਦੁਆਰਾ ਸਮਝਾਵਹਿ= ਸਮਝਾ ਦੇਵੇ, ਉਸ ਨੂੰ ਤੂੰ ਆਪਣੇ ਸਰੂਪ ਦੇ ਮੇਲ ਵਿਚ ਮਿਲਾਉ= ਮਿਲਾ ਲੈਂਦਾ ਹੈ॥੧॥

**ਨਾਮੁ ਮਿਲੈ ਚਲੈ ਮੈ ਨਾਲਿ ॥ ਬਿਨੁ ਨਾਵੈ ਬਾਧੀ ਸਭ ਕਾਲਿ ॥੧॥ ਰਹਾਉ ॥**

ਹੇ ਪਰਮੇਸਰ! ਮੈਂ ਤੇਰੇ ਚਰਨਾਂ ਕੋਲੋਂ ਇਹੋ ਯਾਚਨਾ ਕਰਦਾ ਹਾਂ ਕਿ ਮੈਨੂੰ ਤੇਰਾ ਅੰਮ੍ਰਿਤ ਨਾਮ ਮਿਲੇ, ਜੋ ਪਰਲੋਕ ਵਿਚ ਰੱਖਿਆ ਕਰਨ ਲਈ ਮੈਂ =ਮੇਰੇ ਨਾਲਿ= ਸਾਥ ਚਲੈ= ਚਲੇਗਾ। ਤੇਰੇ ਨਾਵੈ= ਨਾਮ ਤੋਂ ਬਿਨੁ= ਬਗ਼ੈਰ ਸਭ= ਸਾਰੀ ਸ੍ਰਿਸਟੀ ਜਮਕਾਲ ਨੇ ਬਾਦੀ= ਬੰਨ੍ਹੀ ਹੋਈ ਹੈ॥੧॥ ਰਹਾਉ॥

**ਖੇਤੀ ਵਣਜੁ ਨਾਵੈ ਕੀ ਓਟ ॥ ਪਾਪੁ ਪੁੰਨੁ ਬੀਜ ਕੀ ਪੋਟ ॥**

ਹੇ ਪ੍ਰਮੇਸ਼ਰ! ਮੈਨੂੰ ਆਪਣੇ ਨਾਵੈ= ਨਾਮ ਕੀ= ਦੀ ਓਟ= ਟੇਕ ਦੇਵੋ ਤਾਂ ਜੋ ਇਹੋ ਮੇਰੀ ਖੇਤੀ ਤੇ ਵਣਜੁ= ਵਪਾਰ ਬਣੇ ਵਾ:

ਜਿਨ੍ਹਾਂ ਨੇ ਖੇਤੀ, ਵਣਜੁ= ਵਪਾਰ ਆਦਿ ਦੁਨਿਆਵੀ ਕੰਮਾਂ ਵਿਚ ਖੱਚਤ ਹੋ ਕੇ ਪ੍ਰਮੇਸ਼ਰ ਦੇ ਨਾਵੈ= ਨਾਮ ਕੀ= ਦੀ ਤਰਫੋਂ ਓਟ= ਓਹਲਾ ਕਰ ਲਿਆ ਹੈ। ਅਤੇ ਉਹ ਜੀਵ ਪਾਪ ਪੁੰਨ ਦੁਆਰਾ ਜੰਮਣ ਮਰਨ ਦੇ ਬੀਜ ਕੀ= ਦੀ ਪੋਟ= ਪੰਡ ਨੂੰ ਸਿਰ ਤੇ ਚੁੱਕੀ ਫਿਰਦੇ ਹਨ।

**ਕਾਮੁ ਕ੍ਰੋਧੁ ਜੀਅ ਮਹਿ ਚੋਟ ॥ ਨਾਮੁ ਵਿਸਾਰਿ ਚਲੇ ਮਨਿ ਖੋਟ ॥੨॥**

ਕਾਮ ਕ੍ਰੋਧ ਆਦਿ ਵਿਕਾਰ ਉਨ੍ਹਾਂ ਦੇ ਜੀਅ= ਹਿਰਦੇ ਮਹਿ= ਵਿਚ ਚੋਟ= ਸੱਟਾਂ ਮਾਰਦੇ ਹਨ ਭਾਵ ਜਦੋਂ ਮਨ ਦੀ ਬਿਰਤੀ ਇਸੱਤਰੀ ਜਾਂ ਪੁਰਸ਼ ਨੂੰ ਵਿਸ਼ੇ ਅਧੀਨ ਹੋ ਕੇ ਚਿਤਵਨੀ ਕਰਦੀ ਹੈ ਤਾਂ ਕਾਮ ਚੋਟਾਂ ਮਾਰਦਾ ਹੈ ਤੇ ਜਦੋਂ ਤੀਕਸ਼ਣ ਬਿਰਤੀ ਕਰਕੇ ਵੈਰੀ ਨੂੰ ਚੇਤੇ ਕਰਦਾ ਹੈ ਤਾਂ ਕ੍ਰੋਧ ਚੋਟਾਂ ਮਾਰਦਾ ਹੈ। ਉਹ ਪਰਮੇਸ਼ਰ ਦੇ ਨਾਮ ਨੂੰ ਵਿਸਾਰਿ= ਭੁੱਲਾ ਕੇ ਮਨ ਵਿਚ ਵਿਕਾਰਾਂ ਦੀ ਖੋਟ= ਬੁਰਿਆਈ ਲੈ ਕੇ ਦੁਨੀਆਂ ਤੋਂ ਕੂਚ ਕਰਕੇ ਪ੍ਰਲੋਕ ਨੂੰ ਚੱਲੇ ਹਨ॥੨॥

**ਸਾਚੇ ਗੁਰ ਕੀ ਸਾਚੀ ਸੀਖ ॥ ਤਨੁ ਮਨੁ ਸੀਤਲੁ ਸਾਚੁ ਪਰੀਖ ॥**

ਜਿਨ੍ਹਾਂ ਗੁਰਮੁਖਾਂ ਨੇ ਸਾਚੇ= ਸੱਚੇ ਗੁਰ ਕੀ= ਦੀ ਸਾਚੀ=ਸੱਚੀ ਸੀਖ= ਸਿੱਖਿਆ ਨੂੰ ਧਾਰਨ ਕੀਤਾ ਹੈ। ਉਨ੍ਹਾਂ ਦਾ ਤਨ ਮਨ ਸੀਤਲੁ= ਸ਼ਾਂਤ ਹੋ ਗਿਆ ਹੈ ਤੇ ਉਨ੍ਹਾਂ ਨੂੰ ਸੱਚ ਸਰੂਪ ਦੀ ਪਰੀਖ=ਪਰਖਣਾ ਹੋ ਗਈ ਹੈ **ਵਾ:** ਉਨ੍ਹਾਂ ਨੇ ਸਾਚੁ= ਸੱਚੇ ਨਾਮ ਨੂੰ ਹਿਰਦੇ ਵਿਚ ਪਰੀਖ=ਪਰੋਸਣਾ ਕੀਤਾ ਹੈ।

**ਜਲ ਪੁਰਾਇਨਿ ਰਸ ਕਮਲ ਪਰੀਖ ॥ ਸਬਦਿ ਰਤੇ ਮੀਠੇ ਰਸ ਈਖ ॥੩॥**

ਉਨ੍ਹਾਂ ਦੀ ਪਰੀਖ=ਪਰਖਣਾ ਇਹ ਹੈ ਕਿ ਜਿਵੇਂ ਰਸ= ਪਾਣੀ ਵਿਚ ਕਮਲ ਤੇ ਜਲ= ਪਾਣੀ ਵਿਚ ਪੁਰਾਨਿਇ=ਚੌਪੱਤੀ' ਨਿਰਲੇਪ ਰਹਿੰਦੀ ਹੈ, ਇਸੇ ਪ੍ਰਕਾਰ ਗੁਰਮੁਖ ਜਨ ਮਾਇਆ ਵਿਚ ਰਹਿੰਦੇ ਹੋਏ ਵੀ ਮਾਇਆ ਤੋਂ ਨਿਰਲੇਪ ਰਹਿੰਦੇ ਹਨ **ਵਾ** ਉਹ ਸੰਸਾਰ ਵਿਚ ਇਉਂ ਨਿਰਲੇਪ ਰਹਿੰਦੇ ਹਨ ਜਿਵੇਂ ਪਾਣੀ ਵਿਚ

ਚਾਹਪੱਤੀ ਤੇ ਰਸ= ਪਾਣੀ ਵਿਚ ਕਮਲ ਦੀ ਨਿਰਲੇਪ ਰਹਿਣ ਰੂਪ ਪਰਖ ਹੁੰਦੀ ਹੈ। ਉਹ ਗੁਰਮੁਖ ਜਨ ਗੁਰੂ ਸ਼ਬਦ ਵਿਚ= ਰਤੇ= ਰੰਗੇ ਹਨ ਅਤੇ ਈਖ= ਗੰਨੇ ਦੇ ਰਸ ਨਾਲੋਂ ਮਿੱਠੇ ਬਚਨ ਬੋਲਦੇ ਹਨ **ਵਾ** ਉਨ੍ਹਾਂ ਦੀ ਰਸਨਾ ਗੰਨੇ ਦੇ ਮਿੱਠੇ ਰਸ ਵਾਂਗੂੰ ਨਾਮ ਰਸ ਵਿਚ ਤਦਾਕਾਰ ਰਹਿੰਦੀ ਹੈ॥੩॥

**ਪ੍ਰਸ਼ਨ:** ਹੈ ਸੱਤਗੁਰੂ ਜੀ! ਇਹ ਜੀਵ ਸੰਸਾਰ ਵਿਚ ਕਿਵੇਂ ਆਇਆ ਹੈ?

**ਗੁਰ ਉਤਰ**

**ਹੁਕਮਿ ਸੰਜੋਗੀ ਗੜਿ ਦਸ ਦੁਆਰ ॥ ਪੰਚ ਵਸਹਿ ਮਿਲਿ ਜੋਤਿ ਅਪਾਰ ॥**

ਪੂਰਬਲੇ ਕੀਤੇ ਕਰਮਾਂ ਦੇ ਸੰਯੋਗ ਨਾਲ ਜਦੋਂ ਵਾਹਿਗੁਰੂ ਦਾ ਹੁਕਮ ਹੋਇਆ ਤਦੋਂ ਜੀਵ ਦਾ ਦਸੇ ਦੁਆਰਿਆਂ ਵਾਲਾ ਸਰੀਰ ਰੂਪੀ ਗੜ੍ਹਿ=ਕਿਲ੍ਹਾ ਘੜ ਦਿਤਾ। ਅਪਾਰ= ਪਾਰਾਵਾਰ ਤੋਂ ਰਹਿੱਤ ਪ੍ਰਮੇਸ਼ਰ ਦੀ ਚੇਤਨਾ ਸੱਤਾ ਰੂਪ ਜੋਤ ਨਾਲ ਮਿਲ ਕੇ ਇਸ ਜੀਵ ਦੇ ਵਿਚ ਪੰਚ= ਪੰਜ ਤੱਤ (ਪ੍ਰਾਣ) ਵਸਹਿ= ਵੱਸਦੇ ਭਾਵ ਹਰਕਤ ਕਰਦੇ ਹਨ।

**ਅਥਵਾ** ਜੋ ਗੁਰਮੁਖ ਵਾਹਿਗੁਰੂ ਦੇ ਹੁਕਮ ਦੇ ਸੰਜੋਗੀ ਹੋਏ ਹਨ, ਉਨ੍ਹਾਂ ਨੇ ਇਸ ਸਰੀਰ ਰੂਪੀ ਕਿਲੇ ਨੂੰ ਵੱਸ ਵਿਚ ਕਰ ਲਿਆ ਹੈ। ਅਤੇ ਉਨ੍ਹਾਂ ਦੇ ਹਿਰਦੇ ਵਿਚ ਪੰਚ= ਪੰਜ (ਸੱਤ, ਸੰਤੋਖ, ਦਇਆ, ਧਰਮ, ਵਿਚਾਰ) ਆਦਿ ਸ਼ੁਭ ਗੁਣ ਵੱਸਦੇ ਹਨ, ਇਨ੍ਹਾਂ ਗੁਣਾਂ ਕਰਕੇ ਉਹ ਅਪਾਰ= ਪਾਰਾਵਾਰ ਤੋਂ ਰਹਿੱਤ ਜੋਤਿ= ਜੋਤੀ ਸਰੂਪ ਪਰਮੇਸ਼ਰ ਵਿਚ ਮਿਲ ਜਾਂਦੇ ਹਨ।

**ਅਥਵਾ** ਜੋ ਜੋਗੀ ਜਨ ਗੁਰੂ ਦੇ ਹੁਕਮ ਦੇ ਸੰਜੋਗੀ ਹੋਏ ਹਨ, ਉਹ ਦਸਮ ਦੁਵਾਰ ਰੂਪੀ ਕਿਲ੍ਹੇ ਵਿਚ ਪਹੁੰਚ ਜਾਂਦੇ ਹਨ। ਅਤੇ ਪੰਜਾਂ ਪੁਰਾਣਾ ਨੂੰ ਵੱਸ ਵਿਚ ਕਰਕੇ ਅਪਾਰ ਜੋਤੀ ਵਿਚ ਮਿਲ ਜਾਣਾ ਸਮਝਦੇ ਹਨ।

**ਆਪਿ ਤੁਲੈ ਆਪੇ ਵਣਜਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੫॥** (ਤੁਲੈ ਪੋਲਾ ਬੋਲਣਾ)

ਉਹ ਗੁਰਮੁਖ ਜਨ ਫੇਰ ਐਸਾ ਨਿਸ਼ਚਾ ਕਰਦੇ ਹਨ ਕਿ ਉਹ ਪਰਮੇਸ਼ਰ ਆਪ ਹੀ ਤੁਲੈ= ਤੋਲਣ ਵਾਲਾ ਗੁਰੂ ਰੂਪ ਹੈ ਅਤੇ ਆਪੇ= ਆਪ ਹੀ ਜਗਿਆਸੂ ਰੂਪ ਵਣਜਾਰਾ ਹੈ **ਵਾ:** ਆਪ ਹੀ ਗੁਰਮਤਿ ਦੀ ਤੱਕੜੀ ਤੇ ਤੋਲਣ ਵਾਲਾ ਹੋ ਕੇ ਤੋਲਦਾ ਹੈ ਤੇ ਆਪ ਹੀ ਸ਼ੁਭ ਗੁਣਾਂ ਦਾ ਵਣਜ ਕਰਾਉਣ ਵਾਲਾ ਅਧਿਕਾਰੀ ਰੂਪ ਵਣਜਾਰਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹੀ ਪਰਮੇਸ਼ਰ ਗੁਰਾਂ ਦੁਆਰਾ ਨਾਮ ਦੀ ਦਾਤ ਦੇ ਕੇ ਗੁਰਮੁਖ ਜਨਾਂ ਦੇ ਜੀਵਨ ਨੂੰ ਸੰਵਾਰਨਹਾਰ= ਸਵਾਰਨ ਵਾਲਾ ਹੈ॥੪॥੫॥

**ਦੂਸਰਾ ਅਰਥ**

**ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥**

ਜੋ ਗੁਰਮੁਖ ਜਨ ਗੁਰਾਂ ਤੋਂ ਬੂਝੇ= ਪੁੱਛ ਕੇ ਸ਼ਰਧਾ ਤੇ ਵਿਸ਼ਵਾਸ ਰੂਪੀ ਸੁਣਿ= ਕੰਨਾਂ ਦੁਆਰਾ ਨਾਮ ਨੂੰ ਸੁਣਿ= ਸ੍ਰਵਣ ਕਰਕੇ ਨਾਮ ਦਾ ਮਾਨੈ= ਮੰਨਣ ਕਰਦੇ ਹਨ। ਤਾ= ਉਨ੍ਹਾਂ ਕੈ= ਦੇ ਉੱਪਰੋਂ ਮੈਂ ਸਦ=ਸਦਾ ਬਲਿਹਾਰੈ= ਕੁਰਬਾਨ ਜਾਉ= ਜਾਂਦਾ ਹਾਂ।

**ਆਪਿ ਭੁਲਾਏ ਠਉਰ ਨ ਠਾਉ ॥ ਤੂੰ ਸਮਝਾਵਹਿ ਮੇਲਿ ਮਿਲਾਉ ॥੧॥**

ਜੋ ਅਗਿਆਨ ਕਰਕੇ ਆਪਣੇ ਸਰੂਪ ਨੂੰ ਭੁਲਾ ਦਿੰਦੇ ਹਨ, ਉਨ੍ਹਾਂ ਨੂੰ ਨਾ ਇਸ ਲੋਕ ਵਿਚ ਤੁਰੀਆ ਪਦ ਰੂਪੀ ਥਾਂ ਪ੍ਰਾਪਤ ਹੁੰਦੀ ਹੈ ਅਤੇ ਨਾ ਪ੍ਰਲੋਕ ਵਿਚ ਸੱਚਖੰਡ ਰੂਪੀ ਥਾਂ ਪ੍ਰਾਪਤ ਹੁੰਦੀ ਹੈ। ਹੇ ਵਾਹਿਗੁਰੂ! ਜੇਕਰ ਤੂੰ ਕਿਰਪਾ ਕਰ ਕੇ ਸਮਝਾ ਦੇਵੇਂ ਤਾਂ ਗੁਰੂ ਸ਼ਬਦ ਦੇ ਮੇਲ ਵਿਚ ਮਿਲ ਕੇ ਉਨ੍ਹਾਂ ਦਾ ਤੇਰੇ ਸਰੂਪ ਨਾਲ ਮਿਲਾਉ= ਮਿਲਾਪ ਹੁੰਦਾ ਹੈ॥ ੧ ॥

**ਨਾਮੁ ਮਿਲੈ ਚਲੈ ਮੈ ਨਾਲਿ ॥ ਬਿਨੁ ਨਾਵੈ ਬਾਧੀ ਸਭ ਕਾਲਿ ॥੧॥ ਰਹਾਉ ॥**

ਜਦੋਂ ਤੇਰਾ ਨਾਮ ਮਿਲੈ= ਮਿਲ ਜਾਵੇ ਤਾਂ ਮੇਰੀ ਬਿਰਤੀ ਸੰਸਾਰਾਕਾਰ ਤੋਂ ਹੱਟ ਕੇ ਬ੍ਰਹਮਾ ਕਾਰ ਹੋ ਕੇ ਮੇਰੇ ਨਾਲ ਚੱਲੇਗੀ **ਵਾ:** ਇਹ ਨਾਮ ਮੇਰੇ ਨਾਲ ਲੋਕ ਪ੍ਰਲੋਕ ਵਿਚ ਹਰ ਥਾਂ ਸਾਥ ਚੱਲੇਗਾ। ਨਾਮ ਤੋਂ ਬਿਨਾਂ ਇਹ ਸਾਰੀ ਸ੍ਰਿਸ਼ਟੀ ਹੀ ਭੂਤ, ਭਵਿੱਖ, ਵਰਤਮਾਨ ਕਾਲਿ ਸਮੇਂ ਦੀ **ਵਾ** ਜਾਗ੍ਰਤ, ਸੁਪਨ, ਸੁਖੁਪਤ ਅਵਸਥਾ ਰੂਪ ਸਮੇਂ ਦੀ ਬੰਨੀ ਹੋਈ ਹੈ॥੧॥ ਰਹਾਉ ॥

**ਖੇਤੀ ਵਣਜੁ ਨਾਵੈ ਕੀ ਓਟ ॥ ਪਾਪੁ ਪੁੰਨੁ ਬੀਜ ਕੀ ਪੋਟ ॥**

ਗੁਰਮੁਖ ਜਨਾਂ ਨੇ ਤੇਰੇ ਨਾਮ ਦੀ ਓਟ =ਟੇਕ ਨੂੰ ਹੀ ਖੇਤੀ ਦੇ ਵਣਜੁ= ਵਾਪਾਰ ਕਰਨਾ ਸਮਝਿਆ ਹੋਇਆ ਹੈ। ਜੋ ਜੰਮਣ ਮਰਣ ਰੂਪ ਬੀਜ ਦੀ ਪੋਟਲੀ ਦਾ ਕਾਰਨ ਪਾਪ ਪੁੰਨ ਸੀ, ਉਹ ਗੁਰਮੁਖ ਜਨਾਂ ਨੇ ਪੁੱਟ ਦਿੱਤਾ।

**ਕਾਮੁ ਕ੍ਰੋਧੁ ਜੀਅ ਮਹਿ ਚੋਟ ॥ ਨਾਮੁ ਵਿਸਾਰਿ ਚਲੇ ਮਨਿ ਖੋਟ ॥੨॥**

ਕਾਮ ਕ੍ਰੋਧ ਆਦਿ ਵਿਕਾਰਾਂ ਨੂੰ ਸਮ ਦਮ ਆਦਿ ਸਾਧਨਾ **ਵਾ** ਕਾਮ ਨੂੰ ਵਸਤੁ, ਵੀਚਾਰ ਤੇ ਕ੍ਰੋਧ ਨੂੰ ਸ਼ਾਂਤੀ ਰੂਪੀ ਚੋਟ ਮਾਰ ਕੇ ਜੀਅ= ਹਿਰਦੇ ਮਹਿ= ਵਿਚੋਂ ਬਾਹਰ ਕੱਢ ਦਿੱਤਾ ਹੈ। ਉਹ ਗੁਰਮੁਖ ਜਨ ਨਾਮ ਨੂੰ ਜਪਦੇ ਹੋਏ ਮਨ ਵਿਚਲੀਆਂ ਖੋਟ= ਬੁਰਾਈਆਂ ਨੂੰ ਵਿਸਾਰ ਭਾਵ ਬੁਰਾਈਆਂ ਨੂੰ ਕੱਢ ਕੇ ਵਾਹਿਗੁਰੂ ਦੇ ਭਾਣੇ ਅਨੁਸਾਰ ਚੱਲਦੇ ਹਨ॥੨॥

**ਸਾਚੇ ਗੁਰ ਕੀ ਸਾਚੀ ਸੀਖ ॥ ਤਨੁ ਮਨੁ ਸੀਤਲੁ ਸਾਚੁ ਪਰੀਖ ॥**

ਓਹ ਸਾਚੇ=ਸੱਚੇ ਗੁਰੂ ਸਾਹਿਬ ਜੀ ਦੀ ਸੱਚੀ ਸਿੱਖਿਆ ਨੂੰ ਪ੍ਰਾਪਤ ਕਰਦੇ ਹਨ। ਗੁਰਮੁਖ ਜਨਾਂ ਨੇ ਸਾਚ=ਸੱਚ ਸਰੂਪ ਨੂੰ ਪਰੀਖ= ਪਰਖਿਆ ਹੈ, ਜਿਸ ਕਰਕੇ ਉਨ੍ਹਾਂ ਦਾ ਮਨ ਵਾਸ਼ਨਾਵਾਂ ਤੇ ਤਨ ਵਿਸ਼ਿਆਂ ਵੱਲੋਂ ਸੀਤਲਿ= ਸ਼ਾਂਤ ਹੋ ਗਿਆ ਹੈ।

**ਜਲ ਪੁਰਾਇਨਿ ਰਸ ਕਮਲ ਪਰੀਖ ॥ ਸਬਦਿ ਰਤੇ ਮੀਠੇ ਰਸ ਈਖ ॥੩॥**

ਉਹ ਦੁਨੀਆ ਦੇ ਪਦਾਰਥਾਂ ਵੱਲੋਂ ਇਵੇਂ ਨਿਰਲੇਪ ਰਹਿੰਦੇ ਹਨ, ਜਿਵੇਂ ਜਲ= ਪਾਣੀ ਵਿਚ ਪੁਰਾਇਨਿ= ਚੌਪੱਤੀ ਨਿਰਲੇਪ ਰਹਿੰਦੀ ਅਤੇ ਸਵਰਗ, ਬ੍ਰਹਮ ਲੋਕ ਦੇ ਪਦਾਰਥਾਂ ਵੱਲੋਂ ਇਵੇਂ ਨਿਰਲੇਪ ਰਹਿੰਦੇ ਹਨ ਜਿਵੇਂ ਰਸ= ਪਾਣੀ ਵਿਚ ਕਮਲ ਦੀ ਪਰਖ ਹੁੰਦੀ ਹੈ ਭਾਵ ਕਮਲ ਪਾਣੀ ਦੀਆਂ ਅਨੇਕਾਂ ਲਹਿਰਾਂ ਆਉਣ

ਕਰਕੇ ਪਾਣੀ ਨਾਲ ਭਿੱਜਦਾ ਨਹੀਂ। ਉਹ ਗੁਰਾਂ ਦੇ ਸ਼ਬਦਿ= ਉਪਦੇਸ਼ ਵਿਚ ਰੱਤੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਈਖ= ਗੰਨੇ ਦੇ ਰਸ ਨਾਲੋਂ ਵੀ ਮਿੱਠਾ ਬ੍ਰਹਮਾਨੰਦ ਦਾ ਰਸ ਪ੍ਰਾਪਤ ਹੁੰਦਾ ਹੈ।॥੩॥

**ਹੁਕਮਿ ਸੰਜੋਗੀ ਗੜਿ ਦਸ ਦੁਆਰ ॥ ਪੰਚ ਵਸਹਿ ਮਿਲਿ ਜੋਤਿ ਅਪਾਰ ॥**

ਉਹ ਗੁਰਮੁਖ ਜਨਾਂ ਨੇ ਗੁਰੂ ਹੁਕਮ ਦੇ ਸੰਜੋਗੀ ਹੋ ਕੇ ਦਸਾਂ ਦੁਆਰਿਆਂ ਵਾਲੇ ਸਰੀਰ ਵਿਚਲੇ ਮਨ ਨੂੰ ਗੜਿ= ਘੜ ਕੇ ਵੱਸ ਵਿਚ ਕਰ ਲਿਆ ਹੈ। ਉਹ ਗੁਰਮੁਖ ਜਨ ਅਪਾਰ ਰੂਪ ਜੋਤ ਸਰੂਪ ਵਿਚ ਮਿਲ ਕੇ ਪੰਚ= ਚੇਤਨ ਬ੍ਰਹਮ ਦੇ ਵਿਚ ਅਭੇਦ ਹੋਣ ਰੂਪ ਵੱਸਦੇ ਹਨ।

**ਆਪਿ ਤੁਲੈ ਆਪੇ ਵਣਜਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੫॥**

ਉਨ੍ਹਾਂ ਗੁਰਮੁਖ ਜਨਾਂ ਦੀ ਬ੍ਰਹਮ ਦ੍ਰਿਸ਼ਟੀ ਹੋ ਜਾਂਦੀ ਹੈ ਉਹ ਇਹੋ ਜਾਣਦੇ ਹਨ ਕਿ ਪਰਮੇਸ਼ਰ ਆਪ ਹੀ ਸਿੱਖ ਰੂਪ ਹੋ ਕੇ ਤਨ ਮਨ ਧਨ ਦੇ ਕੇ ਗੁਰਾਂ ਦੀ ਵਿਚਾਰ ਰੂਪੀ ਤੱਕੜੀ ਤੇ ਤੁਲੈ=ਤੁਲਦਾ ਹੈ ਅਤੇ ਆਪ ਹੀ ਸਰੂਪ ਦੀ ਪ੍ਰਾਪਤੀ ਵਾਲਾ ਅਧਿਕਾਰੀ ਰੂਪ ਵਣਜਾਰਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ! ਸਾਰੇ ਜੀਵਾਂ ਦੇ ਜੀਵਨ ਨੂੰ ਪਰਮੇਸ਼ਰ ਦਾ ਨਾਮ ਹੀ ਸੰਵਾਰਨ ਵਾਲਾ ਹੈ। ਅਰਥਾਤ ਜੋ ਨਾਮ ਵਿਚ ਸੁਰਤ ਜੋੜਦੇ ਹਨ ਉਨ੍ਹਾਂ ਦਾ ਜੀਵਨ ਸੰਵਰ ਜਾਂਦਾ ਹੈ॥੪॥੫॥

ਅਖੀਰ ਵਿਚ ਇਹੋ ਹੀ ਕਹਿਆ ਜਾ ਸਕਦਾ ਹੈ ਕਿ ਗੁਰਬਾਣੀ ਵਿਆਖਿਆਕਾਰੀ ਦੇ ਇਤਿਹਾਸਕ ਪਿਛੋਕੜ ਨੂੰ ਵੇਖਦਿਆਂ ਇਸ ਕਾਰਜ ਦੀ ਜਟਿਲਤਾ ਦਾ ਅਨੁਮਾਨ ਤਾਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਸ ਲਈ ਮੇਰੇ ਵੱਲੋਂ ਇਕ ਜਤਨ ਕਰਦਿਆਂ ਇਸ ਸਮੁੱਚੇ ਕਾਰਜ ਨੂੰ ਸੰਬੰਧਤ ਵਿਆਖਿਆਕਾਰ ਦੀਆਂ ਵਿਆਖਿਆਤਮਕ ਜੁਗਤਾਂ ਨੂੰ ਪਾਠਕਾਂ ਦੀ ਸਮਝਗੋਚਰੇ ਕਰਨ ਹਿੱਤ ਇਕ ਜਗ੍ਹਾ ਇਕੱਠਾ ਕਰਨਾ ਸੀ। ਤਾਂ ਕਿ ਗੁਰਬਾਣੀ ਪਾਠਕ, ਖੋਜਾਰਥੀ ਗੁਰਬਾਣੀ ਵਿਆਖਿਆਕਾਰੀ ਦੇ ਪਿਛੋਕੜ ਤੋਂ ਵਰਤਮਾਨ ਤੱਕ ਦੀ ਸਮੁੱਚੀ ਜਾਣਕਾਰੀ ਬਾਰੇ ਲਾਭ ਪ੍ਰਾਪਤ ਕਰ ਸਕਣ।

# ਅਧਿਆਇ ਚੌਥਾ

## ਪ੍ਰਿੰ. ਤੇਜਾ ਸਿੰਘ ਦਾ ਗੁਰਮਤਿ ਵਿਆਖਿਆ ਵਿਚ ਯੋਗਦਾਨ

ਸਿੱਖ ਰਾਜ ਦੇ ਖ਼ਤਮ ਹੋਣ ਨਾਲ ਹੀ ਗੁਰਦੁਆਰਿਆਂ ਤੇ ਕਾਬਜ਼ ਮਹੰਤ ਆਜ਼ਾਦ ਹੋ ਗਏ ਅਤੇ ਉਨ੍ਹਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿਜੀ ਜਾਇਦਾਤ ਦੇ ਰੂਪ ਵਿਚ ਵਰਤਣਾ ਸ਼ੁਰੂ ਕਰ ਦਿਤਾ। ਪੁਜਾਰੀਆਂ ਅਤੇ ਮਹੰਤਾਂ ਦੇ ਗਲਤ ਪ੍ਰਚਾਰ ਕਾਰਨ ਸਿੱਖ ਧਰਮ ਵਿਚ ਅਨੇਕਾਂ ਵਹਿਮ, ਭਰਮ, ਭੁਲੇਖੇ, ਜਿਨ੍ਹਾਂ ਤੋਂ ਗੁਰੂ ਸਾਹਿਬਾਨ ਨੇ ਕੱਢਿਆ ਸੀ, ਸਿੱਖ ਉਨ੍ਹਾਂ ਵਿਚ ਹੀ ਪੈ ਗਏ, ਦੂਸਰਾ ਅੰਗਰੇਜ਼ਾਂ ਦੁਆਰਾ ਪੰਜਾਬ ਵਿਚ ਆਪਣਾ ਰਾਜ ਕਾਇਮ ਕਰਨ ਲਈ ਈਸਾਈ ਮੱਤ ਦੇ ਪ੍ਰਚਾਰ ਕਾਰਨ ਅਨੇਕਾਂ ਭਾਰਤੀ ਲੋਕਾਂ ਦੁਆਰਾ ਇਸਾਈ ਧਰਮ ਨੂੰ ਗ੍ਰਹਿਣ ਕਰ ਲੈਣਾ, ਜਿਨ੍ਹਾਂ ਵਿਚ ਸਿੱਖ ਵੀ ਸ਼ਾਮਿਲ ਸਨ, ਨੇ ਮੁਖੀ ਸਿੱਖਾਂ ਨੂੰ ਝੰਜੋੜ ਕੇ ਰੱਖ ਦਿਤਾ। ਪੰਥ ਉੱਤੇ ਪਈ ਐਸੀ ਬਿਪਤਾ ਨੂੰ ਦੂਰ ਕਰਨ, ਸਿੱਖ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ, ਸਿੱਖੀ ਦਾ ਪ੍ਰਚਾਰ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ 10 ਅਕਤੂਬਰ 1873 ਈਸਵੀ ਨੂੰ ਸ. ਠਾਕੁਰ ਸਿੰਘ ਸੰਧਾਵਾਲੀਆ, ਪ੍ਰੋਫੈਸਰ ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਸ. ਮਈਆ ਸਿੰਘ ਅਤੇ ਸ. ਜਵਾਹਰ ਸਿੰਘ ਦੇ ਯਤਨਾ ਸਦਕਾ 'ਸਿੰਘ ਸਭਾ ਲਹਿਰ' ਦੀ ਸਥਾਪਨਾ ਹੋਈ। ਸਿੰਘ ਸਭਾ ਲਹਿਰ ਨੇ ਗੁਰਮਤਿ ਮਰਯਾਦਾ ਅਨੁਸਾਰ ਗੁਰੂ ਉਪਦੇਸ਼ਾਂ ਰਾਹੀਂ ਪੰਥ ਵਿਚ ਆ ਰਹੀਆਂ ਕੁਰੀਤੀਆਂ ਨੂੰ ਦੂਰ ਕਰਨ ਵਿਚ ਸ਼ਲਾਘਾਯੋਗ ਕੰਮ ਕੀਤਾ। ਇਸ ਦਾ ਸਿੱਟਾ ਇਹ ਨਿਕਲਿਆ ਕਿ ਥੋੜ੍ਹੇ ਹੀ ਸਮੇਂ ਵਿਚ ਅਨੇਕਾਂ ਗੁਣੀ-ਗਿਆਨੀ, ਨਿਰਮਲੇ, ਉਦਾਸੀ, ਸਿੱਖ ਚਿੰਤਕ ਅਤੇ ਵਿਦਵਾਨ ਇਸ ਲਹਿਰ ਨਾਲ ਜੁੜ ਗਏ। ਸਿੰਘ ਸਭਾ ਲਹਿਰ ਦੇ ਮੁਢਲੇ ਵਿਦਵਾਨ ਤਾਂ 19ਵੀਂ ਸਦੀ ਦੇ ਅਖ਼ੀਰ ਤੱਕ ਅਕਾਲ ਚਲਾਣਾ ਕਰ ਗਏ ਪਰ ਇਸੇ ਸਮੇਂ ਦੌਰਾਨ ਉਭਰਦੇ ਵਿਦਵਾਨਾਂ ਵਿਚ ਭਾਈ ਵੀਰ ਸਿੰਘ, ਪ੍ਰੋ. ਸਾਹਿਬ ਸਿੰਘ ਆਦਿ ਨੇ ਸਿੰਘ ਸਭਾ ਲਹਿਰ ਦੇ ਉਦੇਸ਼ ਨੂੰ ਅਗੇ ਤੋਰਦਿਆਂ ਸਿੱਖੀ ਦੇ ਪ੍ਰਚਾਰ ਅਤੇ ਪਾਸਾਰ ਵਿਚ ਅਹਿਮ ਯੋਗਦਾਨ ਪਾਇਆ। ਖ਼ਾਸ ਕਰਕੇ ਗੁਰਬਾਣੀ ਦੇ ਸਹੀ ਵਿਆਕਰਨ ਆਧਾਰਿਤ ਇਕ ਪੰਕਤੀ/ਸ਼ਬਦ ਦਾ ਇਕੋ ਅਰਥ ਨਿਰਧਾਰਤ ਕਰਨ ਅਤੇ ਬੇਲੋੜੀਆਂ ਸਾਖੀਆਂ ਤੇ ਬਹੁ ਵਿਸਥਾਰ ਦੀ ਥਾਂ ਕੇਵਲ ਸ਼ਬਦ ਦੀ ਵਿਚਾਰ ਨੂੰ ਕੇਂਦਰੀ ਰੂਪ ਦੇਣਾ ਅਤੇ

ਗੁਰਬਾਣੀ ਵਿਚਲੀ ਵਿਚਾਰਧਾਰਕ ਏਕਤਾ ਨੂੰ ਸਮਝਦਿਆਂ ਅਰਥ ਕਰਨੇ ਆਦਿ ਬਾਰੇ ਵਿਸ਼ੇਸ਼ ਧਿਆਨ ਦਿੱਤਾ। ਸਿੰਘ ਸਭਾ ਲਹਿਰ ਦੇ ਵਿਦਵਾਨਾਂ ਦੀ ਇਸ ਲੜੀ ਵਿਚ ਪ੍ਰਿੰ. ਤੇਜਾ ਸਿੰਘ ਪ੍ਰਮੁੱਖ ਸਨ, ਦਾ ਨਾਂ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿਚ ਲਿਖਿਆ ਗਿਆ ਹੈ ਜਿਨ੍ਹਾਂ ਨੇ ਗੁਰਬਾਣੀ ਵਿਆਖਿਆਕਾਰੀ ਦਾ ਮਹਾਨ ਕਾਰਜ ਪੱਛਮੀ ਟੋਨ 'ਤੇ ਆਧਾਰਿਤ ਕਰਦਿਆਂ ਸਭ ਤੋਂ ਪਹਿਲਾਂ ਵਿਆਕਰਨਕ ਨੇਮਾਂ ਨੂੰ ਵਰਤਦਿਆਂ ਸ਼ਬਦ ਦੇ ਇਕੋ ਅਰਥ ਨੂੰ ਪ੍ਰਵਾਨ ਕੀਤਾ।

'ਸਿੰਘ ਸਭਾ ਲਹਿਰ' ਦੇ ਪ੍ਰਭਾਵ ਅਧੀਨ ਪ੍ਰਿੰ. ਤੇਜਾ ਸਿੰਘ ਦੁਆਰਾ ਕੀਤੀ ਗੁਰਮਤਿ ਵਿਆਖਿਆਕਾਰੀ ਨੂੰ ਸਮਝਣ ਦਾ ਜਤਨ ਕਰਦਿਆਂ ਉਨ੍ਹਾਂ ਦੁਆਰਾ ਕੀਤੀ ਵਿਆਖਿਆਕਾਰੀ ਵਿਚਲੀਆਂ ਵਿਸ਼ੇਸ਼ਤਾਵਾਂ ਨੂੰ ਸਮਝਦਿਆਂ ਉਕਤ ਵਿਆਖਿਆਕਾਰੀ ਨੂੰ ਦੋ ਭਾਗਾਂ ਵਿਚ ਵੰਡ ਕੇ ਪੇਸ਼ ਕੀਤਾ ਗਿਆ ਹੈ।

**1 ਗੁਰਬਾਣੀ ਵਿਆਖਿਆਕਾਰੀ**

**2 ਗੁਰਮਤਿ ਸੰਕਲਪ/ਸਿਧਾਂਤ**

ਗੁਰਬਾਣੀ ਵਿਆਖਿਆਕਾਰੀ ਵਿਚ ਪ੍ਰਿੰ. ਤੇਜਾ ਸਿੰਘ ਦੁਆਰਾ ਕੀਤਾ ਗਿਆ ਮਹਾਨ ਕਾਰਜ 'ਸ਼ਬਦਾਰਥ' (ਚਾਰ ਭਾਗ), ਆਸਾ ਦੀ ਵਾਰ ਟੀਕਾ ਅਤੇ ਜਪੁਜੀ ਟੀਕੇ ਨੂੰ ਆਧਾਰ ਬਣਾ ਕੇ ਉਨ੍ਹਾਂ ਦੀ ਗੁਰਬਾਣੀ ਵਿਆਖਿਆਕਾਰੀ ਬਾਰੇ ਵਿਗਿਆਨਕ ਪਹੁੰਚ ਨੂੰ ਪੇਸ਼ ਕੀਤਾ ਜਾਵੇਗਾ ਅਤੇ ਦੂਸਰੇ ਹਿੱਸੇ ਵਿਚ ਗੁਰਬਾਣੀ ਵਿਆਖਿਆਕਾਰੀ ਨਾਲ ਸੰਬੰਧਤ ਸੰਕਲਪ ਜਿਵੇਂ- ਨਾਮ, ਵਾਹਿਗੁਰੂ, ਹੁਕਮ, ਹਉਮੈ, ਨੇਤਿਕਤਾ, ਸੇਵਾ, ਸਤਿਸੰਗਤਿ ਆਦਿ ਬਾਰੇ ਪ੍ਰਿੰ. ਤੇਜਾ ਸਿੰਘ ਦੁਆਰਾ ਕੀਤੀ ਗਈ ਗੁਰਬਾਣੀ ਵਿਆਖਿਆਕਾਰੀ ਵਿਚੋਂ ਉਦਹਾਰਨਾਂ ਲੈ ਕੇ ਪੇਸ਼ ਕੀਤਾ ਗਿਆ ਜਾਵੇਗਾ।

**1 ਗੁਰਬਾਣੀ ਵਿਆਖਿਆਕਾਰੀ**

ਪ੍ਰਿੰ. ਸਾਹਿਬ ਨੇ ਗੁਰਬਾਣੀ ਵਿਆਖਿਆਕਾਰੀ ਅਤੇ ਗੁਰਮਤਿ ਵਿਆਖਿਆਕਾਰੀ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਆਪ ਜੀ ਨੇ 'ਜਪੁਜੀ' ਦੇ ਅੰਗ੍ਰਜੀ ਵਿਚ ਕੀਤੇ ਟੀਕੇ ਤੋਂ ਟੀਕਾਕਾਰੀ ਦੀ ਸ਼ੁਰੂਆਤ ਕੀਤੀ। ਉਪਰੰਤ ਆਸਾ ਦੀ ਵਾਰ ਦਾ ਟੀਕਾ ਅਤੇ ਸੁਖਮਨੀ ਸਾਹਿਬ ਦਾ ਟੀਕਾ ਅੰਗ੍ਰਜੀ, ਵਿਚ ਫਿਰ ਜਪੁਜੀ ਤੇ ਆਸਾ ਦੀ ਵਾਰ ਦੇ ਟੀਕੇ ਨੂੰ ਪੰਜਾਬੀ ਵਿਚ ਅਨੁਵਾਦ ਕਰਕੇ ਵੀ ਪ੍ਰਕਾਸ਼ਿਤ ਕੀਤਾ। ਉਨ੍ਹਾਂ

ਵਿਚ ਉਦਾਸੀ, ਨਿਰਮਲਾ, ਗਿਆਨੀ ਤੇ ਸਿੰਘ ਸਭਾਈ ਟੀਕਾ ਸੰਪਰਦਾਵਾਂ ਦਾ ਸੁਮੇਲ ਹੈ ਪਰ ਉਹ ਇਨ੍ਹਾਂ ਰੂੜ੍ਹੀਆਂ ਤੋਂ ਬਹੁਤ ਭਿੰਨ ਵੀ ਹਨ ਤੇ ਵਿਸ਼ੇਸ਼ ਵੀ।[1] 'ਸ਼ਬਦਾਰਥ' ਸ੍ਰੀ ਗੁਰੂ ਗ੍ਰੰਥ ਸਾਹਿਬ ਵਡ ਆਕਾਰ ਦੀ ਰਚਨਾ ਨੂੰ ਬੜੀ ਮਿਹਨਤ ਨਾਲ ਸੰਪੂਰਨ ਕੀਤਾ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜੀ ਵਿਚ ਟੀਕਾ ਵੀ ਆਰੰਭ ਕਰ ਦਿਤਾ ਸੀ ਪਰ ਉਹ ਸਿਰਫ਼ ਮਾਝ ਰਾਗ ਤੱਕ ਹੀ ਕਰ ਸਕੇ। ਫਿਰ ਅਕਾਲ ਪੁਰਖ ਦਾ ਬੁਲਾਵਾ ਆਉਣ ਕਾਰਨ ਫ਼ਾਨੀ ਸੰਸਾਰ ਨੂੰ ਅਲਵਿਦਾ ਕਰ ਗਏ ਜਿਸ ਕਾਰਣ ਉਹ ਟੀਕਾ ਸੰਪੂਰਨ ਨਹੀਂ ਹੋ ਸਕਿਆ। ਬਾਅਦ ਵਿਚ ਇਸ ਅਧੂਰੇ ਟੀਕੇ ਨੂੰ, ਜਿਸ ਦਾ ਨਾਂ ਹੈ (The Holly Grant) ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ। ਇਸ ਵਿਚ ਗੁਰਬਾਣੀ ਦੇ ਅਰਥ ਕਰਦਿਆਂ ਇਕ ਖਾਸ ਕਲਾ ਵਰਤੀ ਗਈ ਜੋ ਆਮ ਵੇਖਣ ਨੂੰ ਨਹੀਂ ਮਿਲਦੀ ਉਹ ਇਹ ਹੈ ਕਿ ਇਸ ਵਿਚ ਲੇਖਕ ਦੁਆਰਾ ਸ਼ਬਦਾਂ ਦੇ ਅਰਥਾਂ ਦਾ ਅਨੁਵਾਦ ਕਰਨ ਦੀ ਥਾਂ, ਗੁਰਬਾਣੀ ਦੇ ਮੂਲ ਪਾਠ ਨੂੰ ਆਪਣੇ ਧੁਰ ਅੰਦਰ ਲਿਜਾ ਕੇ ਉਸ ਵਿਚੋਂ ਅੰਗ੍ਰਜੀ ਦੇ ਮੁਹਾਵਰੇ ਰਾਹੀਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਗਈ ਹੈ। ਪ੍ਰਿੰਸੀਪਲ ਤੇਜਾ ਸਿੰਘ ਜੀ ਦੇ ਟੀਕਿਆਂ ਵਿਚ ਪਹਿਲੀ ਵਾਰੀ ਜਾਪਦਾ ਹੈ ਕਿ ਗੁਰੂ ਗ੍ਰੰਥ ਦੀ ਬਾਣੀ ਸਮੁੱਚੇ ਜੀਵਨ ਲਈ ਲਿਖੀ ਗਈ ਸੀ ਕੇਵਲ ਮਨੁੱਖ ਦੀ ਧਾਰਮਿਕ ਬਿਰਤੀ ਲਈ ਨਹੀਂ।[2] ਆਪ ਦੀ ਟੀਕਾਕਾਰੀ ਪਿੱਛੇ ਬੜਾ ਵਿਸ਼ਾਲ ਅਧਿਐਨ ਕੰਮ ਕਰ ਰਿਹਾ ਹੈ। ਇਹ ਅਧਿਐਨ ਸੰਸਾਰ ਦੇ ਇਤਿਹਾਸ ਤੇ ਮਿਥਿਹਾਸ ਦਾ ਹੈ, ਅੰਗਰੇਜ਼ੀ ਤੇ ਫਾਰਸੀ ਸਾਹਿਤ ਦਾ ਹੈ, ਪੰਜਾਬੀ ਤੇ ਹੋਰ ਬੋਲੀਆਂ ਦਾ ਹੈ, ਸੰਸਾਰ ਫ਼ਲਸਫ਼ੇ ਤੇ ਭਾਰਤੀ ਧਰਮ ਗ੍ਰੰਥਾਂ ਦਾ ਹੈ, ਗਿਆਨ ਤੇ ਵਿਗਿਆਨ ਦਾ ਲਿਸ਼ਕਾਰਾ ਪ੍ਰਿੰਸੀਪਲ ਤੇਜਾ ਸਿੰਘ ਦੇ ਟੀਕਿਆਂ ਵਿਚ ਹੈ।[3]

ਵਿਆਖਿਆਕਾਰੀ ਦੇ ਸਮੁੱਚੇ ਕਾਰਜ ਵਿਚੋਂ 'ਸ਼ਬਦਾਰਥ' ਸ੍ਰੀ ਗੁਰੂ ਗ੍ਰੰਥ ਸਾਹਿਬ ਅਤਿ ਮਹੱਤਵਪੂਰਨ ਦਰਜੇ ਦਾ ਕਾਰਜ ਹੈ। ਜਿਸ ਨੂੰ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਪ੍ਰਿੰ. ਤੇਜਾ ਸਿੰਘ ਜੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਬੜੀ ਖੂਬਸੂਰਤੀ ਨਾਲ ਤਿਆਰ ਕੀਤਾ ਜੋ ਅਜੋਕੇ ਸਮੇਂ ਵੀ

---

[1] ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 324

[2] ਉਪਰੋਕਤ ਵਰਣਿਤ, ਪੰਨਾ 325

[3] ਉਪਰੋਕਤ ਵਰਣਿਤ, 325

ਖੋਜਾਰਥੀਆਂ ਅਤੇ ਗੁਰਬਾਣੀ ਪ੍ਰੇਮੀਆਂ ਸੱਜਣਾਂ ਲਈ ਹਵਾਲਾ ਗ੍ਰੰਥ ਦਾ ਕੰਮ ਦਿੰਦਾ ਹੈ। 'ਸ਼ਬਦਾਰਥ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਿਆਰੀ ਵਿਚ ਭਾਵੇਂ ਤਿੰਨ ਪ੍ਰਮੁੱਖ ਵਿਦਵਾਨ ਸੱਜਣਾਂ- ਪ੍ਰਿੰ. ਤੇਜਾ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ ਅਤੇ ਪ੍ਰੋ. ਨਰਾਇਣ ਸਿੰਘ ਦਾ ਯੋਗਦਾਨ ਹੈ, ਪਰ ਅਸਲ ਤੇ ਵਡੇਰਾ ਕਾਰਜ ਪ੍ਰਿੰ. ਤੇਜਾ ਸਿੰਘ ਦਾ ਹੀ ਹੈ। 'ਸ਼ਬਦਾਰਥ' ਨੂੰ ਪ੍ਰਿੰ. ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਨੇ 'ਗੁਰ ਸੇਵਕ ਸਭਾ' ਦੇ ਰੂਪ ਵਿਚ ਸੰਗਠਤ ਹੋ ਕੇ ਸਿਰੇ ਚਾੜ੍ਹਿਆ। 29 ਦਸੰਬਰ, 1933 ਈ. ਨੂੰ ਪ੍ਰਿੰ. ਤੇਜਾ ਸਿੰਘ, ਪ੍ਰੋ. ਨਰਾਇਣ ਸਿੰਘ, ਪ੍ਰਿੰ. ਨਿਰੰਜਨ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ ਆਦਿ ਨੇ ਮਿਲ ਕੇ 'ਗੁਰ ਸੇਵਕ ਸਭਾ' ਦੀ ਸਥਾਪਨਾ ਕੀਤੀ। ਇਸ ਦਾ ਮੁਖ ਮੰਤਵ ਆਪਣਾ ਸੁਧਾਰ ਕਰਨਾ ਅਤੇ ਥਾਂ-ਥਾਂ ਫਿਰ ਕੇ ਸਿਖਾਂ ਅੰਦਰ ਆਪਣਾ ਸ਼ਖਸੀ ਜੀਵਨ ਸੁਧਾਰ ਕੇ ਪੰਥਕ ਜੀਵਨ ਵਿਚ ਪਵਿਤਰਤਾ ਅਤੇ ਨਿਸ਼ਕਾਮ ਸੇਵਾ ਦਾ ਭਾਵ ਪੈਦਾ ਕਰਨਾ ਸੀ।[4]

ਪਹਿਲੀ ਵਾਰ 'ਸ਼ਬਦਾਰਥ' ਦੀਆਂ ਚਾਰੇ ਪੋਥੀਆਂ ਦਾ ਪ੍ਰਕਾਸ਼ਨ ਲਾਹੌਰ ਵਿਖੇ 1936-41 ਈ. ਦਰਮਿਆਨ ਹੋਇਆ। ਪਹਿਲੇ ਐਡੀਸ਼ਨ ਦੀਆਂ ਚਾਰੇ ਪੋਥੀਆਂ ਕ੍ਰਮਵਾਰ ਭਾਗ I- ਨਵੰਬਰ 1936, II- ਦਸੰਬਰ 1937, III-ਜੁਲਾਈ 1939 ਅਤੇ IV- ਸਤੰਬਰ 1941 ਈ. ਨੂੰ 'ਗੁਰ ਸੇਵਕ ਸਭਾ' ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ। ਦੂਜੀ ਵਾਰ 'ਸ਼ਬਦਾਰਥ' ਦਾ ਪਹਿਲਾ ਤੇ ਦੂਜਾ ਭਾਗ ''ਸ਼ਬਦਾਰਥ' ਗੁਰਬਾਣੀ ਟ੍ਰਸਟ' ਲਾਹੌਰ ਦੁਆਰਾ ਕ੍ਰਮਵਾਰ ਅਗਸਤ 1944 ਅਤੇ ਫਰਵਰੀ 1945 ਈ. ਵਿਚ ਛਾਪੇ ਗਏ। ਭਾਗ ਤੀਜਾ ਤੇ ਚੌਥਾ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਨੇ ਦਸੰਬਰ 1956 ਤੇ ਅਪ੍ਰੈਲ 1957 ਈ. ਵਿਚ ਛਾਪੇ। ਉਦੋਂ ਤੋਂ ਵਰਤਮਾਨ ਸਮੇਂ ਤੱਕ ਇਸ ਨੂੰ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਛਾਪਦੀ ਆ ਰਹੀ ਹੈ। ਹੁਣ (2018) ਤੱਕ ਇਹ ਲਗਪਗ 40 ਵਾਰ, ਲੱਖਾਂ ਦੀ ਗਿਣਤੀ ਵਿਚ ਛਪ ਚੁਕਿਆ ਹੈ। ਪਰ ਹੁਣ ਇਸ 'ਸ਼ਬਦਾਰਥ' ਨੂੰ ਛਾਪਣ ਦੀ ਖੁਦ-ਮੁਖ਼ਤਿਆਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੁਝ ਨਿਜੀ ਸੰਸਥਾਵਾਂ ਨੂੰ ਦੇ ਦਿੱਤੀ ਹੈ ਜੋ ਗੁਰਬਾਣੀ ਦੇ ਪ੍ਰਚਾਰ ਹਿੱਤ ਤਾਂ ਠੀਕ ਹੈ ਪਰ ਆਉਣ ਵਾਲੇ ਸਮੇਂ ਵਿਚ 'ਸ਼ਬਦਾਰਥ' ਦੀ ਪ੍ਰਮਾਣਿਕਤਾ 'ਤੇ ਸਵਾਲ ਖੜ੍ਹਾ ਹੋ ਸਕਦਾ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਪਾਠ ਦੀ

---

[4] ਪ੍ਰਿੰ. ਤੇਜਾ ਸਿੰਘ, ਆਰਸੀ, ਪੰਨਾ 60

ਸੁਧਾਈ, ਅਰਥਾਂ, ਟੂਕਾਂ ਵਿਚ ਹੋਈ ਪ੍ਰਿੰਟ ਦੀ ਗਲਤੀ ਨੂੰ ਸੋਧਨ ਦਾ ਕੋਈ ਹੀਆ ਨਹੀਂ ਕਰਦਾ ਜੋ ਆਉਣ ਵਾਲੇ ਸਮੇਂ ਵਿਚ ਬਹੁਤ ਨੁਕਸਾਨਦਾਇਕ ਹੋ ਸਕਦਾ ਹੈ।

'ਸ਼ਬਦਾਰਥ' ਦੀ ਵਿਉਂਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 1430 ਪੰਨਿਆਂ ਦੇ ਪ੍ਰਮਾਣਿਕ ਸਰੂਪ ਨੂੰ ਚਾਰ ਭਾਗਾਂ ਵਿਚ ਵੰਡ ਕੇ ਸਿਰੇ ਚਾੜ੍ਹਿਆ ਗਿਆ ਹੈ ਅਤੇ ਚਾਰੇ ਭਾਗਾਂ ਦੀ ਲਗਪਗ ਸਮਤਲ ਵੰਡ ਇਸ ਤਰ੍ਹਾਂ ਹੈ:

(1) ਪੋਥੀ ਪਹਿਲੀ, ਪੰਨੇ ੧-੩੪੬

(2) ਪੋਥੀ ਦੂਜੀ ਵਿਚ ਪੰਨੇ ੩੪੭ ਤੋਂ ੭੨੭

(3) ਪੋਥੀ ਤੀਜੀ, ਪੰਨੇ ੭੨੮-੧੧੦੬

(4) ਪੋਥੀ ਚੌਥੀ ਵਿਚ, ਪੰਨੇ ੧੧੦੭ ਤੋਂ ੧੪੩੦ ਤੱਕ।

ਚਾਰੇ ਪੋਥੀਆਂ ਵਿਚ 'ਪਾਠ' ਸ਼ਬਦਾਂ (ਪਦਾਂ) ਨੂੰ ਨਖੇੜ ਕੇ ਛਾਪਿਆ ਗਿਆ ਹੈ ਭਾਵ 'ਲੜੀਵਾਰ' ਦੀ ਥਾਂ ਪਾਠ 'ਪਦ-ਛੇਦ' ਹੈ। ਮੂਲ-ਪਾਠ ਪੋਥੀ ਦੇ ਖੱਬੇ ਪਾਸੇ ਵੱਲ ਹੈ ਤੇ ਸੱਜੇ ਪਾਸੇ ਉਸਦੇ ਸ਼ਬਦ-ਅਰਥ ਹਨ। ਹਰੇਕ ਪੰਨੇ ਦੀ ਤਰਤੀਬ ਮੂਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆਂ ਅਨੁਸਾਰ ਹੈ। ਜੋ ਅੰਕ (ਪੰਨਾ) 'ਪਾਠ' ਦਾ ਹੈ, ਉਹੀ ਸ਼ਬਦ-ਅਰਥਾਂ ਦਾ ਰੱਖਿਆ ਗਿਆ ਹੈ। ਇਸ ਤਰ੍ਹਾਂ ਇਕ ਪੰਨੇ ਦੇ ਸਾਰੇ ਔਖੇ ਸ਼ਬਦਾਂ ਦੇ ਅਰਥ ਉਸੇ ਪੰਨੇ ਉਤੇ ਸੱਜੇ ਪਾਸੇ ਆ ਗਏ ਹਨ। ਸ਼ਬਦ-ਅਰਥ ਦੇਣ ਸਮੇਂ ਟਿੱਪਣੀਆਂ ਦੇ ਦੋ ਭਾਗ ਕੀਤੇ ਗਏ ਹਨ, ਜਿਨ੍ਹਾਂ ਨੂੰ ਪ੍ਰਿੰ. ਤੇਜਾ ਸਿੰਘ ਨੇ 'ਨੋਟਾਂ' (ਟਿੱਪਣੀਆਂ) ਅਤੇ 'ਫੁਟ ਨੋਟਾਂ' (ਪਦ-ਟਿੱਪਣੀਆਂ) ਦਾ ਨਾਂ ਦਿਤਾ ਹੈ।

'ਸ਼ਬਦਾਰਥ' ਵਿਚ ਵਰਤੇ ਚਿੰਨ੍ਹ

*

†

‡

§

¶

::

+

•

()

[]

ਇਨ੍ਹਾਂ ਚਿੰਨ੍ਹਾਂ ਰਾਹੀਂ ਹੀ ਪ੍ਰਿੰ. ਸਾਹਿਬ 'ਸ਼ਬਦਾਰਥ' ਵਿਚ ਨੋਟਾਂ (ਟਿੱਪਣੀਆਂ) ਦੀ ਵਰਤੋਂ ਕਰਦੇ ਹਨ। ਇਨ੍ਹਾਂ ਨੋਟਾਂ (ਟਿੱਪਣੀਆਂ) ਦੁਆਰਾ ਹੀ ਲਗਭਗ ਸਾਰੀ ਵਿਆਖਿਆਕਾਰੀ ਦਾ ਕਾਰਜ ਕਰਦੇ ਹਨ ਕਿਉਂਕਿ ਇਨ੍ਹਾਂ ਨੋਟਾਂ (ਟਿੱਪਣੀਆਂ) ਦੁਆਰਾ ਹੀ ਉਹ ਵਿਚਾਰਧੀਨ ਸ਼ਬਦ ਦਾ ਪਿਛਲੇ ਸ਼ਬਦ ਜਾਂ ਇਕ ਗੁਰੂ ਸਾਹਿਬ ਦੇ ਇਕ ਰਾਗ ਵਿਚ ਆਏ ਸਾਰੇ ਸ਼ਬਦਾਂ ਨਾਲ ਸੰਬੰਧ ਕਾਇਮ ਕਰਦੇ ਹਨ ਅਤੇ ਇਸੇ ਦੁਆਰਾ ਸ਼ਬਦ ਦੀ ਉਥਾਨਕਾ ਵੀ ਦਿੰਦੇ ਹਨ। ਸ਼ਬਦ ਦਾ ਭਾਵ ਅਰਥ ਜਾਂ ਸਮੁੱਚੇ ਸ਼ਬਦਾਂ ਦਾ ਭਾਵ ਅਰਥ, ਵਿਆਕਰਨਕ ਨਿਯਮ, ਵਿਆਖਿਆ ਲਈ ਕਰਾਸ ਰੈਫਰੈਂਸ ਅਤੇ ਪਾਠ ਅੰਤਰ ਬਾਰੇ ਵੀ ਜਾਣਕਾਰੀ ਇਨ੍ਹਾਂ ਨੋਟਾਂ ਦੁਆਰਾ ਹੀ ਦਿੱਤੀ ਗਈ ਹੈ। ਇਕ ਚਿੰਨ੍ਹ ਨੂੰ ਇਕ ਪੰਨੇ 'ਤੇ ਕੇਵਲ ਇਕ ਵਾਰ ਹੀ ਵਰਤਿਆ ਗਿਆ ਹੈ ਦੂਸਰਾ ਇਨ੍ਹਾਂ ਨੂੰ ਲਗਾਤਾਰਤਾ ਵਿਚ ਵੀ ਰਖਕੇ ਵਰਤਿਆ ਗਿਆ ਤਾਂ ਜੋਂ ਪਾਠਕ ਨੂੰ ਪੜ੍ਹਨ ਵਕਤ ਕੋਈ ਸਮੱਸਿਆ ਨਾ ਆਵੇ ਭਾਵ ਪਹਿਲੇ ਚਿੰਨ੍ਹ ਵਜੋਂ * ਨੂੰ ਲਿਆ ਹੈ। ਇਹ ਹਰ ਪੰਨੇ (ਪੰਨਾ) 'ਤੇ ਪਹਿਲੇ ਚਿੰਨ੍ਹ ਵਜੋ਼ ਹੀ ਸਥਾਪਤ ਹੈ। ਦੂਸਰੇ ਸਥਾਨ 'ਤੇ † ਅਤੇ ਤੀਸਰੇ ਸਥਾਨ 'ਤੇ ‡ ਨੂੰ ਰੱਖਿਆ ਗਿਆ ਹੈ ਇਸੇ ਤਰ੍ਹਾਂ ਬਾਕੀ ਦੇ ਚਿੰਨ੍ਹ ਵੀ ਵਰਤੇ ਗਏ ਹਨ। ਇਸ ਸ਼ਬਦਾਰਥ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਇਸ ਵਿਚ ਗੁਰਬਾਣੀ ਦੇ ਅਰਥ ਚੰਗੇ ਪੜ੍ਹੇ ਲਿਖੇ ਤੇ ਸੁਲਝੇ ਵਿਦਵਾਨਾਂ ਨੇ ਕੀਤੇ ਹਨ ਜੋ ਸਹੀ ਵਸਤੂ ਸਥਿਤੀ ਨੂੰ ਸਮਝਣ ਵਿਚ ਕਾਫੀ ਸਹਾਇਕ ਹਨ ਦੂਜੇ ਇਸ ਦੇ ਛਪਣ ਨਾਲ ਗੁਰਬਾਣੀ ਵਿਚ ਰੁਚੀ ਰੱਖਣ ਵਾਲੇ

ਜਗਿਆਸੂਆਂ ਨੂੰ ਸੁਵਿਧਾ ਪੂਰਵਕ ਅਰਥ ਉਪਲਬਧ ਹੋ ਸਕੇ ਹਨ ਇਸ ਸ਼ਬਦਾਰਥ ਦੇ ਅਰਥਾਂ ਤੱਕ ਪਹੁੰਚ ਅਕਾਦਮਿਕ ਹੈ ਅਤੇ ਗ੍ਰੰਥੀ ਵਿਆਖਿਆਕਾਰਾਂ ਦੀ ਪਰੰਪਰਾਵਾਦੀ ਸ਼ੈਲੀ ਤੋਂ ਮੁਕਤ ਹੈ।[5]

**ਵਿਆਖਿਆਕਾਰੀ ਦੀਆਂ ਵਿਸ਼ੇਸ਼ਤਾਵਾਂ/ ਲੱਛਣ:-**

'ਸ਼ਬਦਾਰਥ' ਬਾਰੇ ਜਾਣ-ਪਛਾਣ ਤੋਂ ਬਾਅਦ ਪ੍ਰਿੰ. ਸਾਹਿਬ ਦੀ ਗੁਰਬਾਣੀ ਵਿਆਖਿਆਕਾਰੀ ਦੇ ਲੱਛਣਾਂ ਨੂੰ ਸਮਝਣ ਦਾ ਜਤਨ ਕਰਦੇ ਹਾਂ:

**1.1 ਵਿਚਾਰਧਾਰਕ ਏਕਤਾ**

**1.2 ਉਥਾਨਕਾ**

**1.3 ਸਹਿਜ ਵਿਆਖਿਆ**

**1.4 ਮੂਲ ਮੰਤ੍ਰ ਤੋਂ ਅਗਵਾਈ**

**1.5 ਪ੍ਰਸ਼ਨੋਤਰੀ**

**1.6 ਭਾਵ ਅਰਥ**

**1.7 ਵਿਆਕਰਨ**

**1.8 ਬਾਣੀ-ਸਿਰਲੇਖਾਂ ਦੀ ਵਿਆਖਿਆ**

**1.9 ਪਰਿਭਾਸ਼ਕ ਸ਼ਬਦਾਂ/ਸੰਕਲਪਾਂ ਦੀ ਵਿਆਖਿਆ**

**1.10 ਹੋਰਨਾਂ ਗ੍ਰੰਥਾਂ ਵਿਚੋਂ ਪ੍ਰਮਾਣ**

**1.11 ਪਰਤਵਾਂ ਹਵਾਲਾ (ਕਰਾਸ ਰੈਫਰੈਂਸ)**

**1.12 ਪਾਠ ਅੰਤਰ**

**1.13 ਪੈਰ ਅੱਖਰ ਜਾਂ ਲਵਕਵੇਂ ਅਖਰ**

**1.14 ਉਚਾਰਨ ਸੰਬੰਧੀ**

**1.15 ਭਾਸ਼ਾਈ ਗਿਆਨ**

ਉਕਤ ਵਿਸ਼ੇਸ਼ਤਾਵਾਂ ਬਾਰੇ ਪ੍ਰਿੰ. ਸਾਹਿਬ ਦੀ ਗੁਰਬਾਣੀ ਵਿਆਖਿਆਕਾਰੀ ਵਿਚੋਂ ਵਿਸਥਾਰ ਪੂਰਵਕ ਸਮਝਣ ਦੀ ਕੋਸ਼ਿਸ਼ ਕਰਦੇ ਹਾਂ-

[5] ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਪੰਨਾ 192

## 1.1 ਵਿਚਾਰਧਾਰਕ ਏਕਤਾ

'ਸ਼ਬਦਾਰਥ' ਭੂਮਿਕਾ ਵਿਚ 'ਵਿਚਾਰਧਾਰਕ ਏਕਤਾ' ਲਈ 'ਖਿਆਲ ਦੀ ਲੜੀ' ਵਾਕੰਸ਼ ਵਰਤਿਆ ਗਿਆ ਹੈ। 'ਸ਼ਬਦਾਰਥ' ਦੀ ਇਸ ਵਿਆਖਿਆ-ਦ੍ਰਿਸ਼ਟੀ ਤੋਂ ਇਹ ਵਿਚਾਰ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਸਮੁੱਚੀ ਬਾਣੀ ਵਿਚ ਇਕ ਸਾਂਝ ਹੈ, ਕੋਈ ਵਿਰੋਧ ਨਹੀਂ। ਬਾਣੀ ਦੇ ਕਿਸੇ ਇਕਾਂਗੀ ਜਾਂ ਖੰਡਾਰਥ ਦੀ ਥਾਂ, ਸਮੁੱਚਤਾ ਦੇ ਸੰਦਰਭ ਨੂੰ ਸਾਹਮਣੇ ਰਖਣਾ ਜਰੂਰੀ ਹੈ। ਗੁਰਬਾਣੀ ਵਿਆਖਿਆ ਨੂੰ ਸਮਝਣ ਵਾਸਤੇ ਇਹ ਸਭ ਤੋਂ ਸੁੰਦਰ ਨੁਕਤਾ ਹੈ। ਕੇਵਲ ਇਕ ਤੁਕ ਨੂੰ ਲੈ ਕੇ ਕੀਤੀ ਵਿਆਖਿਆ ਸਾਰਥਕ ਸਿਧ ਨਹੀਂ ਹੋ ਸਕਦੀ। ਇਸ ਲਈ ਪ੍ਰਿੰ. ਸਾਹਿਬ ਵਿਆਖਿਆ ਕਰਦਿਆਂ ਸੰਬੰਧਤ ਸ਼ਬਦ ਦੇ ਨਾਲ-ਨਾਲ ਉਸ ਤੋਂ ਪਹਿਲਾਂ ਅਤੇ ਬਾਅਦ ਵਿਚ ਆਉਣ ਵਾਲੇ ਸ਼ਬਦ ਦਾ ਭਾਵ ਅਰਥ ਵੀ ਨਾਲ ਹੀ ਪੇਸ਼ ਕਰਦੇ ਹਨ।

ਉਦਹਾਰਨ:

ੳ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 348 ਤੋਂ 357 ਤੱਕ ਗੁਰੂ ਨਾਨਕ ਬਾਣੀ ਦੇ 30 ਸ਼ਬਦਾਂ 'ਚੋਂ ਪਹਿਲੇ ਸ਼ਬਦ 'ਸੁਣਿ ਵਡਾ ਆਖੈ ਸਭ ਕੋਈ' ਅਤੇ ਆਖਰੀ ਸ਼ਬਦ 'ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ' ਦੀ ਵਿਆਖਿਆ ਕਰਨ ਤੋਂ ਪਹਿਲਾਂ ਟੂਕ ਰੂਪ ਵਿਚ ਦਸਦੇ ਹਨ।
ਇਨ੍ਹਾਂ ਤੀਹਾਂ ਸ਼ਬਦਾਂ ਵਿਚ ਮਨ ਨੂੰ ਇਕ ਵਾਹਿਗੁਰੂ ਦੀ ਉਸਤਤਿ ਕਰਨ ਵੱਲ ਪ੍ਰੇਰਿਆ ਹੈ।[6]

ਅ. ਇਸੇ ਤਰਾਂ ਪੰਨਾ 408 'ਤੇ ਸ਼ਬਦ 'ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ' ਤੋਂ 409 ਪੰਨੇ ਤੱਕ ਸ਼ਬਦ 'ਹਰਖ ਸੋਗ ਬੈਰਾਗ ਅਨੰਦੀ ਖੇਲੁ ਰੀ ਦਿਖਾਇਓ' ਗੁਰੂ ਅਰਜਨ ਦੇਵ ਜੀ ਦੇ ਆਏ ਪੰਜ ਸ਼ਬਦਾਂ ਦੀ ਵਿਆਖਿਆ ਕਰਨ ਤੋਂ ਪਹਿਲਾਂ ਵਿਚਾਰਧਾਰਾਕ ਏਕਤਾ ਦਾ ਨਮੂਨਾ ਵੇਖਿਆ ਜਾ ਸਕਦਾ ਹੈ। ਇਨ੍ਹਾਂ ਪੰਜਾਂ ਸ਼ਬਦਾਂ ਵਿਚ ਗੁਰੂ ਜੀ ਪਹਿਲਾਂ ਇਕ ਅੰਬੁਜ ਸੰਸਾਰੀ ਦੀ ਵਿਅਰਥ ਜ਼ਿੰਦਗੀ ਦਾ ਨਕਸ਼ਾ ਖਿੱਚਦੇ ਹਨ, ਜਿਸ ਨੂੰ ਵੇਖ ਕੇ ਮਨ ਦ੍ਰਵ ਜਾਂਦਾ ਹੈ ਤੇ ਮਨੁੱਖ ਹਰੀ-ਕਿਰਤਿ ਵਿਚ ਲੱਗ ਪੈਂਦਾ ਹੈ (ਦੇਖੋ ਤੁਕ- ਐਸੋ ਜਗੁ ਮੋਹਿ ਗੁਰਿ ਦਿਖਾਇਓ)। ਫਿਰ ਹਰੀ-ਕਿਰਤ ਵਿਚ ਲੱਗੇ ਦਾ ਨਕਸ਼ਾ ਖਿੱਚਦੇ ਹਨ। ਤੀਜੇ

---

[6] ਪ੍ਰਿੰ. ਤੇਜਾ ਸਿੰਘ, ਸ਼ਬਦਾਰਥ, ਪੰਨਾ 348

ਤੇ ਚੌਥੇ ਸ਼ਬਦ ਵਿਚ ਦਸਦੇ ਹਨ ਕਿ ਮਨੁੱਖ ਕਿਵੇਂ ਹਰੀ-ਕਿਰਤ ਵਿਚ ਜੁੜ ਸਕਦਾ ਹੈ। ਪੰਜਵੇਂ ਵਿਚ ਦਸਦੇ ਹਨ ਕਿ ਇਹ ਵਾਹਿਗੁਰੂ ਦੀ ਆਪਣੀ ਅਨੰਦੀ ਖੇਡ ਹੈ ਕਿ ਕਿਸੇ ਨੂੰ ਅਪ-ਕਿਰਤ ਵਿਚ ਰੱਖਦਾ ਹੈ ਤੇ ਕਿਸੇ ਨੂੰ ਹਰੀ-ਕਿਰਤ ਵਿਚ ਲਾ ਦਿੰਦਾ ਹੈ।[7]

**1.2 ਉਥਾਨਕਾ**

ਬੇਸ਼ਕ ਪ੍ਰਿੰ. ਤੇਜਾ ਸਿੰਘ ਦੁਆਰਾ ਕੀਤੀ ਵਿਆਖਿਆਕਾਰੀ ਨੂੰ ਸਿੰਘ ਸਭਾ ਲਹਿਰ ਦੀ ਵਿਆਖਿਆਕਾਰੀ ਜਾਂ ਨਵੀਨ ਵਿਆਖਿਆਕਾਰੀ ਦਾ ਨਾਮ ਦਿਤਾ ਜਾਂਦਾ ਹੈ ਪਰ ਫਿਰ ਵੀ ਉਨ੍ਹਾਂ ਦੀ ਵਿਆਖਿਆਕਾਰੀ ਵਿਚ ਕੁਝ-ਨਾ-ਕੁਝ ਲੱਛਣ ਪਰੰਪਰਾ ਜਾਂ ਸੰਪ੍ਰਦਾਇ ਵਾਲੇ ਵੀ ਨਜ਼ਰ ਆ ਜਾਂਦੇ ਹਨ। ਉਨ੍ਹਾਂ ਨੇ ਗੁਰਬਾਣੀ ਦੇ ਹਰ ਇਕ ਸ਼ਬਦ ਨੂੰ ਇਸ ਪ੍ਰਸੰਗ ਵਿਚ ਨਹੀਂ ਰੱਖਿਆ। ਇਹ ਉਥਾਂਨਕਾਵਾਂ ਬਹੁਤ ਹੀ ਸੰਖੇਪ ਰੂਪ ਵਿਚ ਦਿੰਦੇ ਹਨ, ਬੇਲੋੜੀਆਂ ਜਾਂ ਮਨਘੜਤ ਉਥਾਨਕਾਵਾਂ ਤੋਂ ਗੁਰੇਜ ਕਰਦਿਆਂ ਕੇਵਲ ਇਤਿਹਾਸ ਨਾਲ ਸੰਬੰਧਿਤ ਸ਼ਬਦਾਂ ਦੀ ਹੀ ਉਥਾਨਕਾ ਦਿੱਤੀ ਗਈ ਹੈ।

ਉਦਹਾਰਨ:

ਗੁਰੂ ਅਰਜਨ ਦੇਵ ਜੀ ਦੀ ਸੋਰਠਿ ਰਾਗ ਦੀ ਰਚਨਾ ਬਾਰੇ ਦਸਦੇ ਹਨ-

ੳ. ਇਨ੍ਹਾਂ ਤੀਹਾਂ ਸ਼ਬਦਾਂ ਵਿਚ ਵੀ ਮਜਮੂਨ ਉਤਲਾ ਹੀ ਹੈ, ਹਰੀ ਤੇ ਗੁਰੂ ਦੇ ਮਿਲਾਪ ਉੱਤੇ ਖੁਸ਼ੀ ਤੇ ਧੰਨਵਾਦ। ਇਨ੍ਹਾਂ ਵਿਚ ਵੀ ਵਡਾਲੀ ਤੋਂ ਵਾਪਸ ਸ੍ਰੀ ਅੰਮ੍ਰਿਤਸਰ ਜੀ ਆਉਣ, ਹਰਿਮੰਦਰ ਸਾਹਿਬ ਅਤੇ ਸਰੋਵਰ ਦੀ ਪੂਰਨਤਾ ਦੀ ਖੁਸ਼ੀ ਅਤੇ ਸ੍ਰੀ ਹਰਗੋਬਿੰਦ ਸਾਹਿਬ ਜੀ ਦੇ ਬੀਮਾਰੀ ਤੋਂ ਉੱਠਣ ਲਈ ਧੰਨਵਾਦ ਦਾ ਜ਼ਿਕਰ ਹੈ। ਇਨ੍ਹਾਂ ਸਾਕਿਆਂ ਦੇ ਸੰਬੰਧ ਵਿਚ ਇਹ ਤੁਕਾਂ ਖਾਸ ਧਿਆਨ ਯੋਗ ਹਨ : 'ਸੋ ਘਰੁ ਦਯਿ ਵਸਾਇਆ', 'ਬੇਦਨ ਸਤਿਗੁਰਿ ਆਪਿ ਗਵਾਈ', 'ਤਾਪੁ ਗਵਾਇਆ ਗੁਰਿ ਪੂਰੇ', 'ਇਹੋ ਲਹੁੜਾ ਗੁਰੂ

[7] ਉਪਰੋਕਤ ਵਰਣਿਤ, ਪੰਨਾ 408

ਉਬਾਰਿਆ', 'ਸੀਤਲਾ ਠਾਕਿ ਰਹਾਈ', 'ਮਿਲਿ ਕੁਸਲ ਸੇਤੀ ਘਰਿ ਘਰੇ ਆਏ', 'ਸੁਖ ਸਾਂਦਿ ਘਰਿ ਆਇਆ', 'ਘਰਿ ਸਹੀ ਸਲਾਮਤਿ ਆਏ', 'ਸੁਖ ਸਾਂਦਿ ਫਿਰਿ ਆਏ', ਜਿਣਿ ਘਰਿ ਆਏ ਸੋਭਾ ਸੇਤੀ।[8]

ਅ. ਬਾਰਹਮਾਹ ਤੁਖਾਰੀ ਗੁਰੂ ਨਾਨਕ ਸਾਹਿਬ ਦੀ ਰਚਨਾ ਬਾਰੇ ਪ੍ਰਿੰ. ਸਾਹਿਬ ਉਥਾਨਕਾ ਰੂਪ ਵਿਚ ਇਸ ਬਾਣੀ ਬਾਰੇ ਲਿਖਦੇ ਹਨ-'ਇਹ ਬਾਣੀ ਗੁਰੂ ਨਾਨਕ ਸਾਹਿਬ ਦੀ ਅੰਤਿਮ ਰਚਨਾ ਹੈ, ਜੋ ਗੁਰੂ ਜੀ ਆਪਣੇ ਜੋਤੀ ਜੋਤ ਸਮਾਉਣ ਵੇਲੇ ਸ੍ਰੀ ਕਰਤਾਰਪੁਰ ਵਿਚ ਉਚਾਰਨ ਕੀਤੀ। ਵਾਹਿਗੁਰੂ ਵੱਲੋਂ ਸੱਦਾ ਆਉਣ ਵੇਲੇ ਇਉਂ ਮਹਿਸੂਸ ਕਰਦੇ ਹਨ, ਜਿਵੇਂ ਪੇਕੇ ਘਰ ਰਹਿੰਦੀ ਇਸਤਰੀ ਆਪਣੇ ਪਤੀ ਨੂੰ ਮਿਲਣ ਲਈ ਤਿਆਰ ਹੁੰਦੀ ਹੈ। ਪਹਿਲਾਂ ਬਿਰਹੋਂ ਦਾ ਭਾਵ ਜਾਗਦਾ ਹੈ ਅਤੇ 'ਪ੍ਰਿਅ ਬਾਝੁ ਦੁਹੇਲੀ' ਮਹਿਸੂਸ ਕਰਦੀ ਹੋਈ ਪ੍ਰਿਉ ਪ੍ਰਿਉ ਕਰਦੀ ਪਤੀ ਦਾ ਰਾਹ ਤੱਕਦੀ ਹੈ। ਨਾਲ-ਨਾਲ ਉਸ ਦੇ ਮਿੱਠੇ ਮਿੱਠੇ ਗੁਣ ਯਾਦ ਕਰਦੀ ਹੋਈ ਮੇਲ ਦੀ ਤਾਂਘ ਦੱਸਦੀ ਹੈ। ਜਦ ਇਹ ਤਾਂਘ ਪੂਰੀ ਹੁੰਦੀ ਦਿਸਦੀ ਹੈ ਅਤੇ ਆਪਣੇ ਪਤੀ ਦੇ ਮੇਲ ਦੀ ਉਮੈਦ ਬਝਦੀ ਹੈ, ਤਾਂ ਆਪਣੀਆਂ ਅੱਖਾਂ ਅੱਗੇ ਆਪਣੇ ਪੇਕੇ ਘਰ ਦੀਆਂ ਝਾਕੀਆਂ ਇਕ ਇਕ ਕਰਕੇ ਆਉਂਦੀਆਂ ਹਨ ਅਤੇ ਪਤੀ ਵਿਛੋੜੇ ਦਾ ਸੱਲ ਦੁਆਉਂਦੀਆਂ ਹਨ। ਬਿਰਹੋਂ ਦੀਆਂ ਤੜਪਾਂ ਤੋਂ ਸ਼ੁਰੂ ਹੋ ਕੇ ਅੰਤ ਮੇਲ ਦੇ ਆਨੰਦ ਤੱਕ ਦਾ ਬੜਾ ਸੁੰਦਰ ਤੇ ਦਿਲ ਖਿੱਚਵਾਂ ਵਰਣਨ ਹੈ ਤੇ ਆਮ ਮਨੁੱਖਾਂ ਅੰਦਰ ਵੀ ਪਿਆਰ ਜਗਾਉਣ ਦੀ ਸਮਰੱਥਾ ਰੱਖਦਾ ਹੈ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਭਾਵੇਂ ਗੁਰੂ ਜੀ ਸ੍ਰੀ ਕਰਤਾਰਪੁਰ ਵਿਚ ਆਪਣੀਆਂ ਅੱਖਾਂ ਮੀਟਦੇ ਹਨ ਪਰ ਜਿਹੜੇ ਨਜ਼ਾਰੇ ਅੱਖਾਂ ਅੱਗੇ ਲਿਆਉਂਦੇ ਹਨ, ਉਹ ਨਨਕਾਣਾ ਸਾਹਿਬ ਦੇ ਹਨ, ਜਿਥੇ ਬਚਪਨ ਗੁਜ਼ਾਰਿਆ ਸੀ ਅਤੇ ਇਥੇ ਪਸ਼ੂ ਚਾਰਦਿਆਂ ਕੜਕਦੀ ਦੁਪਹਿਰ ਵੇਲੇ ਕਿਧਰੇ ਲੰਮੇ ਪਿਆਂ 'ਟੀਡੁ ਲਵੈ ਮੰਝਿ ਬਾਰੇ' ਸੁਣਿਆ ਸੀ। ਅੱਧੀ ਸਦੀ ਮਗਰੋਂ ਚੇਤੇ ਆ ਰਿਹਾ ਹੈ ਕਿ ਹੁਣ ਮੇਰੀ ਜਨਮ ਭੂਮੀ 'ਬਾਰ' ਵਿਚ ਵਣ ਦਾ ਰੁੱਖ ਫੁੱਲਿਆ ਹੋਣਾ ਹੈ, ਹੁਣ ਉਥੇ ਲੰਮੇ ਲੰਮੇ ਘਾਹਾਂ ਨੇ ਬੁੰਬਲ ਕੱਢੇ ਹੋਣੇ ਨੇ। ਪਹਿਲੇ ਚਾਰ ਛੰਦਾਂ ਵਿਚ ਵਿਛੋੜੇ ਤੇ ਫਿਰ ਮੇਲ ਨੂੰ ਸਾਧਾਰਨ ਢੰਗ ਨਾਲ ਥੋੜ੍ਹੇ ਸ਼ਬਦਾਂ ਵਿਚ ਅਦਾ ਕੀਤਾ

[8] ਉਪਰੋਕਤ ਵਰਣਿਤ, ਪੰਨਾਂ 625

ਹੈ, ਫਿਰ ਵਿਸਥਾਰ ਨਾਲ ਬਾਰਾਂ ਮਹੀਨਿਆਂ ਰਾਹੀਂ ਬਿਆਨ ਕੀਤਾ ਹੈ, ਅੰਤ ਦਾ ਛੰਦ ਸਮੁੱਚੀ ਵਿਚਾਰ ਹੈ ਜੋ ਮਿਲਾਪ ਦੀ ਤਸਵੀਰ ਹੈ।[9]

### 1.3 ਸਹਿਜ ਵਿਆਖਿਆ

ਹੋਰਨਾਂ ਵਿਆਖਿਆਕਾਰਾਂ ਵਾਂਗ ਪ੍ਰਿੰ. ਸਾਹਿਬ ਵੀ ਗੁਰਬਾਣੀ ਦੀ ਵਿਆਖਿਆ ਕਰਦਿਆਂ ਗੁਰਬਾਣੀ ਵਿਚੋਂ ਹੀ ਪ੍ਰਮਾਣ ਦੇਣ ਦੀ ਵਿਧੀ ਨੂੰ ਅਪਣਾਉਂਦੇ ਹਨ ਜਿਸ ਨੂੰ ਡਾ. ਤਾਰਨ ਸਿੰਘ ਸਹਿਜ ਵਿਆਖਿਆ ਦਾ ਨਾਂ ਦਿੰਦੇ ਹਨ। ਇਸ ਵਿਧੀ ਨੂੰ ਪ੍ਰਿੰ. ਸਾਹਿਬ ਨੇ ਬਾਖੂਬੀ ਨਿਭਾਇਆ ਹੈ। ਵਿਆਖਿਆ ਕਰਦਿਆਂ ਪ੍ਰਿੰ. ਸਾਹਿਬ ਨੇ ਸੰਬੰਧਿਤ ਸ਼ਬਦ ਵਿਚਲੇ ਸਿਧਾਂਤ/ਸੰਕਲਪ/ਵਿਚਾਰ ਨੂੰ ਹੋਰ ਸਪੱਸ਼ਟ ਕਰਨ ਹਿਤ ਗੁਰਬਾਣੀ ਵਿਚੋਂ ਪ੍ਰਮਾਣਾਂ ਦੀ ਵਰਤੋਂ ਕੀਤੀ ਹੈ। 'ਸ਼ਬਦਾਰਥ' ਵਿਚ ਲਗਭਗ 585 ਹਵਾਲੇ ਗੁਰਬਾਣੀ ਵਿਚੋਂ ਲਏ ਗਏ ਹਨ।[10] ਸਹਿਜ ਵਿਆਖਿਆ ਬਾਰੇ ਪ੍ਰਿੰ. ਤੇਜਾ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 729 ਤੇ ਉਚਾਰਨ ਕੀਤਾ ਹੋਇਆ ਸ਼ਬਦ 'ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ' ਬਾਰੇ ਲਿਖਦੇ ਹਨ:-

ੳ.'ਇਹ ਸ਼ਬਦ ਪੰਨਾ 794 ਉੱਤੇ ਦਿੱਤੇ ਬਾਬਾ ਫਰੀਦ ਜੀ ਦੇ ਦੂਜੇ ਸ਼ਬਦ (ਬੇੜਾ ਬੰਧਿ ਨ ਸਕਿਓ) ਦੇ ਉਤਰ ਵਿਚ ਉਚਾਰਨ ਹੋਇਆ। ਫ਼ਰੀਦ ਜੀ ਦੇ ਸ਼ਬਦ ਵਿਚ ਕੁਝ ਨਿਰਾਸ਼ਤਾ ਜਿਹੀ ਸੀ। ਉਸ ਵਿਚ ਬੇੜੇ ਦੇ ਨਾ ਬੰਨ੍ਹਣ ਦਾ ਜ਼ਿਕਰ ਹੈ, ਇਸ ਵਿਚ ਬੇੜੇ ਦੇ ਬੰਨ੍ਹਣ ਦੀ ਜਾਂਚ ਦੱਸੀ ਹੈ। ਉਥੇ ਸਰਵਰ ਦੇ ਉਛਲਣ ਕਰਕੇ ਤਰਨਾ ਔਖਾ ਦੱਸਿਆ ਹੈ, ਇਸ ਵਿਚ ਦੱਸਿਆ ਹੈ ਕਿ ਕਿਵੇਂ ਸਰਵਰ ਉੱਛਲਦਾ ਹੀ ਨਹੀਂ ਤੇ ਰਸਤਾ ਲੰਘਣ ਦਾ ਸੌਖਾ ਹੋ ਜਾਂਦਾ ਹੈ। ਕਸੁੰਭੇ ਦੇ ਕੱਚੇ ਰੰਗ ਦੇ ਮੁਕਾਬਲੇ ਤੇ ਮਜੀਠ ਦਾ ਪੱਕਾ ਰੰਗ ਅਤੇ ਮਾਲਕ ਦੇ ਕਰੜੇ ਬੋਲਾਂ ਦੇ ਮੁਕਾਬਲੇ ਤੇ 'ਸਹ ਕੇ ਅੰਮ੍ਰਿਤ ਬੋਲਾ' ਆਉਂਦੇ ਹਨ। ਉਥੇ 'ਹੰਸ ਚਲਸੀ ਡੁੰਮਣਾ ਅਹਿਤਨੁ ਢੇਰੀ ਥੀਸੀ' ਦਾ ਉਦਾਸ ਕਰਨ ਵਾਲਾ ਵਾਕ ਸੀ; 'ਇਥੇ ਆਵਾਗਉਣ ਨਿਵਾਰਿਆ' ਅਤੇ 'ਮੇਲੇਗਾ ਸੋਈ' ਵਰਗੇ ਢਾਰਸ ਬਣਾਉਣ ਵਾਲੇ ਵਾਕ ਹਨ।[11]

---

[9] ਉਪਰੋਕਤ ਵਰਣਿਤ, ਪੰਨਾ 1107

[10] ਡਾ. ਗੁਰਮੇਲ ਸਿੰਘ, ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ:ਇਤਿਹਾਸ ਅਤੇ ਮੁਲੰਕਣ, ਪੰਨਾ 35

[11] ਪ੍ਰਿੰ. ਤੇਜਾ ਸਿੰਘ, ਸ਼ਬਦਾਰਥ, ਪੰਨਾ 729

ਅ. 'ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ' ਸ਼ਬਦ ਦੀ ਵਿਆਖਿਆ ਕਰਦੇ ਹੋਏ ਭਾਈ ਗੁਰਦਾਸ ਜੀ ਅਤੇ ਗੁਰਬਾਣੀ ਦੀਆਂ ਪੰਕਤੀਆਂ ਲੈ ਕੇ ਅਰਥ ਨੂੰ ਹੋਰ ਸਪੱਸ਼ਟ ਕਰਨ ਦਾ ਜਤਨ ਕਰਦੇ ਹਨ। 'ਇਸ ਛੰਤ ਵਿਚ ਚਾਰ ਯੁੱਗ ਲੈ ਕੇ ਹਰ ਇਕ ਦਾ ਆਪੋ ਆਪਣਾ ਵੱਖਰਾ ਪ੍ਰਭਾਵ ਦੱਸਿਆ ਹੈ। ਅੰਤ ਕਲਯੁਗ ਦੀ ਖਾਸ ਖੂਬੀ ਦੱਸੀ ਹੈ ਕਿ ਇਹ ਹਰਿ-ਕਿਰਤਿ ਦੀ ਰੁਤਿ ਹੈ, ਇਸ ਵਿਚ ਪੂਰੇ ਗੁਰੂ ਨੇ ਨਾਮ ਜਪਣ ਦਾ ਗੁਣ ਪ੍ਰਗਟ ਕੀਤਾ ਹੈ। 'ਕਲਿਜੁਗਿ ਨਾਵੈ ਕੀ ਵਡਿਆਈ' (ਭਾਈ ਗੁਰਦਾਸ 1/16) ਕਲਿ ਕੇਵਲ ਨਾਮ ਅਧਾਰ' (ਰਵਿਦਾਸ ਗਉੜੀ)। ਦੇਖੋ ਮਾਰੂ ਸੋਲਹੇ ਮ: 1, ਪੰਨਾ 1023-24, ਅਤੇ ਰਾਮਕਲੀ ਮ: 3, ਘਰੁ 1, ਪੰਨਾ 880।[12]

### 1.4 ਮੂਲਮੰਤ੍ਰ ਤੋਂ ਅਗਵਾਈ

ਇਹ ਸੱਚ ਹੈ ਕਿ ਮੂਲਮੰਤ੍ਰ ਦੀ ਵਿਆਖਿਆ ਜਪੁਜੀ ਹੈ ਅਤੇ ਜਪੁਜੀ ਦੀ ਵਿਆਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਮੂਲਮੰਤ੍ਰ ਵਿਚ ਅਕਾਲ ਪੁਰਖ ਦੀ ਉਸਤਤ, ਮਹਿਮਾ, ਵਡਿਆਈ ਤੋਂ ਇਲਾਵਾ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਬਾਰੇ ਵੀ ਗਲ ਕੀਤੀ ਗਈ ਹੈ। ਇਸ ਲਈ ਬਹੁਤੇ ਵਿਦਵਾਨ ਸ਼ਬਦਾਂ ਦੇ ਵਿਰੋਧਾਭਾਸ ਪੈਦਾ ਹੋ ਜਾਣ ਦੀ ਸੂਰਤ ਵਿਚ ਮੂਲਮੰਤ੍ਰ ਤੋਂ ਹੀ ਅਗਵਾਈ ਲੈਣ ਨੂੰ ਕਹਿੰਦੇ ਹਨ। ਇਹ ਵਾਰਤਕ ਰਚਨਾ ਸਿੱਖੀ ਦਾ 'ਮੂਲ ਮੰਤਰ' ਹੈ; ਅਰਥਾਤ ਇਸ ਵਿਚ ਉਹ ਬੁਨਿਆਦੀ ਗੱਲਾਂ ਦੱਸੀਆਂ ਹੋਈਆਂ ਹਨ, ਜਿਨ੍ਹਾਂ ਉਤੇ ਸਿਖ ਧਰਮ ਦੇ ਨੇਮਾਂ ਦੀ ਨੀਂਹ ਰਖੀ ਗਈ ਹੈ। ਇਹ ਨੀਂਹ ਵਾਹਿਗੁਰੂ ਹਸਤੀ ਦੀ ਹੈ, ਜਿਸ ਦਾ ਸਰੂਪ ਇਨ੍ਹਾਂ ਲਫਜਾਂ ਵਿਚ ਦਿਤਾ ਹੋਇਆ ਹੈ।[13]

### 1.5 ਪ੍ਰਸ਼ਨੋਤਰੀ

ਗੁਰਬਾਣੀ ਵਿਆਖਿਆਕਾਰੀ ਵਿਚ ਇਹ ਵਿਧਾ ਗਿਆਨੀ ਮਨੀ ਸਿੰਘ (ਸਿਧਾਂਤਕ ਸਟੀਕ) ਨੂੰ ਛੱਡਕੇ ਕਿਸੇ ਵੀ ਵਿਆਖਿਆਕਾਰ ਨੇ ਸਪੱਸ਼ਟ ਰੂਪ ਵਿਚ ਨਹੀਂ ਵਰਤੀ ਬਲਕਿ ਚਲ ਰਹੇ ਪ੍ਰਕਰਣ ਵਿਚ

---

[12] ਉਪਰੋਕਤ ਵਰਣਿਤ, ਪੰਨਾ 445

[13] ਉਪਰੋਕਤ ਵਰਣਿਤ, ਪੰਨਾ 1

ਸੁਭਾਵਕ ਵਰਤੋਂ ਕੀਤੀ ਮਿਲਦੀ ਹੈ ਪਰ ਇਸ ਨੂੰ ਵੱਖਰੀ ਜੁਗਤ ਵਜੋਂ ਨਹੀਂ ਵਰਤਿਆ ਗਿਆ। ਪ੍ਰਿੰ. ਸਾਹਿਬ ਵੀ ਇਸ ਪ੍ਰਕਾਰ ਦੇ ਵਿਆਖਿਆਕਾਰਾਂ ਵਿਚ ਆਉਂਦੇ ਹਨ ਜੋ ਕਿ ਸੁਤੇ ਸਿਧ ਇਸ ਜੁਗਤ ਨੂੰ ਵਰਤਦੇ ਹਨ। ਉਨ੍ਹਾਂ ਦੀ ਵਿਆਖਿਆਕਾਰੀ ਦੇ ਕਾਰਜ ਵਿਚੋਂ 2 ਉਦਾਹਰਨਾਂ ਵੇਖੀਆਂ ਜਾ ਸਕਦੀਆਂ ਹਨ।

ਉਦਹਾਰਨ:

ੳ. ਸੂਹੀ ਰਾਗੁ ਵਿਚ ਆਏ ਸ਼ਬਦ 'ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ' ਇਸ ਸ਼ਬਦ ਵਿਚ ਪ੍ਰਸ਼ਨ ਕਰਦੇ ਹਨ ਅਤੇ ਉਤਰ ਵੀ ਨਾਲ ਹੀ ਦਿੰਦੇ ਹਨ:- ਪਹਿਲਾਂ 'ਇਹ ਹਰੀ-ਨਾਮ ਕੀ ਹੈ? ਇਹ ਹਰੀ ਦਾ ਪਿਆਰ ਹੈ: 'ਹਰਿ ਭਗਤਿ ਹਰਿ ਕਾ ਪਿਆਰ ਹੈ' (ਸ੍ਰੀ ਰਾਗ ਮ. ੩) ਦੂਜੇ ਭਾਵ ਵਾਲੇ ਮਨੁਖਾਂ ਨੂੰ ਇਹ ਨਹੀਂ ਮਿਲਦਾ ਹੈ। ਇਹ ਤਾਂ ਨਿਸ਼ਚੇ ਵਾਲਿਆਂ ਨੂੰ ਗੁਰੂ ਤੋ਼ ਮਿਲਦਾ ਹੈ।[14]

ਅ. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 566 'ਤੇ ਇਸੇ ਪ੍ਰਕਾਰ ਦਾ ਇਕ ਹੋਰ ਨਮੂਨਾ ਵੇਖਿਆ ਜਾ ਸਕਦਾ ਹੈ:- 'ਇਹ ਨਾਮ ਕਿਵੇਂ ਜਪੀਏ? ਪਹਿਲੋਂ ਹਰੀ ਦੀ ਆਪਣੀ ਮੇਹਰ ਹੋਵੇ ਤਾਂ ਜਪਿਆ ਜਾਂਦਾ ਹੈ।[15]

**1.6 ਭਾਵ-ਅਰਥ**

ਗੁਰਬਾਣੀ ਦੀ ਵਿਆਖਿਆ ਕਰਦਿਆਂ ਇਕ ਜਾਂ ਇਕ ਤੋਂ ਵਧ ਸ਼ਬਦਾਂ ਦਾ ਭਾਵ-ਅਰਥ ਜਾਂ ਸਮੁੱਚਾ ਭਾਵ-ਅਰਥ (ਸਾਰ) ਇਕੱਠਾ ਵੀ ਪੇਸ਼ ਕਰ ਦਿੰਦੇ ਹਨ।

ਉਦਹਾਰਨ:

ੳ. ਪਹਿਰੇ ਬਾਣੀ ਦਾ ਭਾਵ-ਅਰਥ ਲਿਖਦਿਆਂ ਪ੍ਰਿੰ. ਤੇਜਾ ਸਿੰਘ ਲਿਖਦੇ ਹਨ 'ਇਸ ਬਾਣੀ ਵਿਚ ਮਨੁੱਖ ਨੂੰ ਵਣਜਾਰਾ ਕਰਕੇ ਸੰਬੋਧਨ ਕੀਤਾ ਹੈ, ਜੋ ਰਾਤ ਕਿਧਰੇ ਪ੍ਰਦੇਸ਼ ਵਿਚ ਕੱਢਦਾ ਹੈ ਅਤੇ ਆਪਣੇ

[14] ਉਪਰੋਕਤ ਵਰਣਿਤ, ਪੰਨਾ 731

[15] ਉਪਰੋਕਤ ਵਰਣਿਤ, ਪੰਨਾ 566

ਵਖਰ ਦੀ ਸੰਭਾਲ ਲਈ ਰਾਤ ਦਾ ਇਕ ਇਕ ਪਹਿਰ ਅੱਖਾਂ ਵਿਚੋਂ ਕੱਢ ਦਿੰਦਾ ਹੈ। ਮਨੁੱਖਾ ਜੀਵਨ ਨੂੰ ਰਾਤ ਕਿਹਾ ਹੈ ਅਤੇ ਬਾਲਪਣ ਆਦਿ ਚਾਰ ਅਵਸਥਾ ਨੂੰ ਚਾਰ ਪਹਿਰੇ ਆਖਿਆ ਹੈ।[16]

ਅ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪੰਨਾ 729 ਤੋਂ 730 ਦਰਮਿਆਨ ਗੁਰੂ ਨਾਨਕ ਦੇਵ ਜੀ ਦੇ ਪੰਜ ਸ਼ਬਦ ਪਹਿਲਾ ਸ਼ਬਦ 'ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ' ਤੋਂ ਅਗਲੇ ਪੰਜ ਸ਼ਬਦ ਆਖਰੀ ਸ਼ਬਦ 'ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ' ਇਨ੍ਹਾਂ ਸ਼ਬਦਾਂ ਦਾ ਇਕੱਠਾ ਭਾਵ-ਅਰਥ ਦਿੰਦਿਆਂ ਹੋਇਆ ਪ੍ਰਿੰ. ਸਾਹਿਬ ਲਿਖਦੇ ਹਨ 'ਇਨ੍ਹਾਂ ਪੰਜਾਂ ਸ਼ਬਦਾਂ ਦਾ ਭਾਵ ਇਹ ਹੈ ਕਿ ਪਾਖੰਡ ਕਰਮ ਛੱਡ ਕੇ ਨਾਮ ਵੱਲ ਲਿਜਾਣ ਵਾਲੇ ਕਰਮ ਕਰਨੇ ਚਾਹੀਦੇ ਹਨ। ਇਨ੍ਹਾਂ ਕਰਮਾਂ ਵਿਚੋਂ ਮੁੱਖ ਕਰਮ ਭਾਓ ਜਾਂ ਪ੍ਰੇਮ ਹੈ।[17]

**1.7 ਵਿਆਕਰਨ:**

ਸਿੱਖ ਪੰਥ ਵਿਚ ਗੁਰਬਾਣੀ ਨੂੰ ਵਿਆਕਰਨਕ ਨਿਯਮਾਂ ਨਾਲ ਪੜ੍ਹਨ ਅਤੇ ਸਮਝਣ ਦੀ ਸੂਝ ਸਭ ਤੋਂ ਪਹਿਲਾਂ ਪ੍ਰਿੰ. ਤੇਜਾ ਸਿੰਘ ਨੂੰ ਹੀ ਹੋਈ ਸੀ। ਪ੍ਰਿੰ. ਸਾਹਿਬ ਦੀ ਵਿਆਖਿਆਕਾਰੀ ਦਾ ਇਕ ਅਹਿਮ ਲੱਛਣ ਵਿਆਕਰਨ ਹੈ। ਉਨ੍ਹਾਂ ਦਾ ਮਤ ਹੈ ਕਿ ਗੁਰਬਾਣੀ ਕਿਸੇ ਨਾ ਕਿਸੇ ਨਿਯਮ ਵਿਚ ਲਿਖੀ ਗਈ ਹੈ ਇਹ ਬੇਤਰਤੀਬੀ ਰਚਨਾ ਨਹੀਂ ਹੈ, ਇਸ ਵਿਚ ਵਰਤੀਆਂ ਲਗਾਂ ਮਾਤਰਾਵਾਂ ਖਾਸ ਅਰਥ ਰੱਖਦੀਆਂ ਹਨ। 'ਆਮ ਲੋਕਾਂ ਦਾ ਖਿਆਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦਾਂ ਦੇ ਅੰਤ ਵਿਚ ਲੱਗੀਆਂ ਹੋਈਆਂ ਸਿਹਾਰੀਆਂ ਬਿਹਾਰੀਆਂ ਦਾ ਕੋਈ ਖਾਸ ਅਰਥ ਨਹੀਂ ਹੁੰਦਾ, ਐਵੇਂ ਹੀ ਲੱਗੀਆਂ ਹੁੰਦੀਆਂ ਹਨ। ਪਰ ਜੇ ਖੋਜ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਲਗਾਂ ਮਾਤਰਾਂ ਕਿਸੇ ਨਾ ਕਿਸੇ ਨੇਮ ਅਨੁਸਾਰ ਲਗੀਆਂ ਹੋਈਆਂ ਹਨ, ਅਤੇ ਆਪਣੀ ਆਪਣੀ ਥਾਂ ਤੇ ਵਿਸ਼ੇਸ਼ ਅਰਥ ਰਖਦੀਆਂ ਹਨ। ਇਸ ਭੇਦ ਦੇ ਨਾ ਜਾਨਣ ਤੋਂ ਕਈ ਘਾਟੇ ਪੈਦਾ ਹੋ ਰਹੇ ਹਨ। ਸਾਧਾਰਨ ਮਨੁੱਖਾਂ ਪਾਸੋਂ ਬਾਣੀ ਦੇ ਪਾਠ ਕਰਨ ਵਿਚ ਬਹੁਤ ਭੁੱਲਾਂ ਹੋ ਜਾਂਦੀਆਂ ਹਨ। ਛਾਪੇਖਾਨਿਆਂ ਵਿਚ ਬਾਣੀ ਦੀ ਅਸ਼ੁੱਧ ਛਪਾਈ ਹੁੰਦੀ ਹੈ।[18] ਇਸ ਲਈ ਇਹ ਅਤਿ ਜਰੂਰੀ ਹੈ ਕਿ ਗੁਰਬਾਣੀ

---

[16] ਉਪਰੋਕਤ ਵਰਣਿਤ, ਪੰਨਾ 74

[17] ਉਪਰੋਕਤ ਵਰਣਿਤ, ਪੰਨਾ 729

[18] ਪ੍ਰਿੰ. ਤੇਜਾ ਸਿੰਘ, ਸ਼ਬਦਾਂਤਿਕ ਲਗਾਂ ਮਾਤਰਾ ਦੇ ਗੁਝੇ ਭੇਦ, ਪੰਨਾ 5

ਦੀ ਇਸ ਨਿਯਮਾਵਲੀ ਨੂੰ ਸਮਝਿਆ ਜਾਵੇ ਅਤੇ ਸੋਚ ਸਮਝ ਕੇ ਹੀ ਗੁਰਬਾਣੀ ਦਾ ਉਚਾਰਨ ਵੀ ਕੀਤਾ ਜਾਵੇ। ਇਸ ਘਾਟੇ ਨੂੰ ਵਿਚਾਰ ਕੇ ਚਿਰਾਂ ਦੀ ਖੋਜ ਕਰਨ ਤੋਂ ਜਤਨ ਫੁਰਿਆ ਕਿ ਬਾਣੀ ਵਿਚੋਂ ਸਿਹਾਰੀ ਬਿਹਾਰੀ ਦੇ ਅਸੂਲ ਲੱਭੀਏ। ਇਕੋ ਹੀ ਸ਼ਬਦ ਦੇ ਕਈ ਲਗਾਂ ਮਾਤਰਾਂ ਨਾਲ ਵਰਤੀਣ ਤੋਂ ਸ਼ੰਕਾ ਫੁਰੀ ਕੇ ਵੇਖੀਏ ਭਿੰਨ ਭਿੰਨ ਰੂਪ ਬਦਲਣ ਨਾਲ ਅਰਥਾਂ ਵਿਚ ਕੀ ਭੇਦ ਆ ਜਾਂਦਾ ਹੈ। ਬਹੁਤ ਸਾਰੀਆਂ ਮਿਸਾਲਾਂ ਇਕੱਠੀਆਂ ਕਰਨ ਤੋਂ ਪਤਾ ਲੱਗਾ ਕਿ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਗਾਂ ਮਾਤਰਾਂ ਦੇ ਬੱਝਵੇਂ ਨੇਮ ਹਨ, ਜੋ ਇਕ ਸਾਰ ਵਰਤੇ ਗਏ ਹਨ, ਅਤੇ ਜਿਨ੍ਹਾਂ ਦੀ ਪੜਤਾਲ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕੱਲਤ ਕਰਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਿਦਵਤਾ ਦਾ ਇਕ ਨਵਾਂ ਸਬੂਤ ਮਿਲਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾ ਕੇਵਲ ਆਪਣੀ ਅਤੇ ਪਿਛਲੇ ਗੁਰੂ ਸਾਹਿਬਾਨ ਦੀ ਰਚੀ ਬਾਣੀ ਵਿਚ ਇਹ ਨੇਮ ਵਰਤੇ ਹਨ, ਸਗੋਂ ਹੋਰ ਭਗਤਾਂ ਅਤੇ ਭੱਟਾਂ ਦੀ ਜੋ ਬਾਣੀ ਚੜ੍ਹਾਈ ਹੈ ਉਸ ਦੀ ਲਿਖਤ ਭੀ ਉਸੇ ਰੀਤੀ ਨਾਲ ਕੀਤੀ ਹੈ[19] ਵਿਆਕਰਨ ਨਿਯਮਾਵਲੀ ਦੇ ਮੌਲਿਕ ਨਿਯਮ ਜਿਨ੍ਹਾਂ ਦੀ ਖੋਜ ਪ੍ਰਿੰ. ਤੇਜਾ ਸਿੰਘ ਨੇ ਕਈ ਸਾਲਾਂ ਦੀ ਸਖ਼ਤ ਮਿਹਨਤ ਤੋਂ ਬਾਅਦ ਗੁਰਬਾਣੀ ਲਗਾਂ ਮਾਤਰਾਂ ਦੇ ਗੁਝੇ ਭੇਦ ਕਿਤਾਬ ਲਿਖੀ ਜਿਸ ਨੂੰ ਆਧਾਰ ਬਣਾ ਕੇ ਹੀ ਆਪ ਜੀ ਨੇ 1919 ਈਸਵੀ ਵਿਚ ਜਪੁਜੀ ਦਾ ਟੀਕਾ ਤਿਆਰ ਕੀਤਾ। ਆਪ ਨੇ ਟੀਕਾ ਤੇ ਵਿਆਖਿਆ ਵਿਆਕਰਣਕ ਨਿਯਮਾ ਅਨੁਸਾਰ ਕੀਤੇ ਹਨ। ਆਪ ਦੇ ਛਪੇ ਦੋ ਟੀਕਿਆਂ ਅਤੇ 'ਸ਼ਬਦਾਰਥ' ਵਿਚ ਗੁਰਬਾਣੀ ਦੀਆਂ 'ਲਗਾਂ ਮਾਤਰਾਂ ਦੇ ਗੁੱਝੇ ਭੇਦ' ਦਸੇ ਹੋਏ ਹਨ।[20]

ਗੁਰਬਾਣੀ ਵਿਆਕਰਨ ਦੀ ਖੋਜ ਬਾਰੇ ਭਾਵੇਂ ਦੋਵੇਂ ਹੀ (ਪ੍ਰੋ. ਸਾਹਿਬ ਸਿੰਘ ਤੇ ਪ੍ਰਿੰ. ਤੇਜਾ ਸਿੰਘ) ਸਿੱਖ ਪੰਥ ਦੇ ਮਹਾਨ ਵਿਦਵਾਨਾਂ ਨੇ ਲਗਭਗ ਇਕੋ ਸਮੇਂ ਹੀ ਕਾਰਜ ਆਰੰਭ ਕੀਤਾ ਸੀ ਪਰ ਪ੍ਰੋ. ਸਾਹਿਬ ਸਿੰਘ ਲਿਖਦੇ ਹਨ ਕਿ ਜਦੋਂ ਮੈਂ ਵਿਆਕਰਣ ਦੀ ਨਿਯਮਾਵਲੀ ਬਾਰੇ ਸੋਚ ਰਿਹਾ ਸਾਂ ਉਸ ਵੇਲੇ ਤੇਜਾ ਸਿੰਘ ਇਹ ਕੰਮ ਕਰ ਰਹੇ ਸਨ। 'ਮੈਂ (ਪ੍ਰੋ. ਸਾਹਿਬ ਸਿੰਘ) ਸਰਦਾਰ ਜੋਧ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਵਿਆਕਰਣ ਅਨੁਸਾਰ ਗੁਰਬਾਣੀ ਦੇ ਅਰਥ ਸਮਝਣ ਵਿਚ ਸਹਾਇਤਾ ਤੇ ਅਗਵਾਈ ਕਰੋ। ਉਨ੍ਹਾਂ ਉੱਤਰ

---

[19] ਉਪਰੋਕਤ ਵਰਣਿਤ,ਪੰਨੇ 5-6

[20] ਡਾ. ਤਾਰਨ ਸਿੰਘ, ਉਪਰੋਕਤ ਵਰਣਿਤ, ਪੰਨਾ 329

ਦਿੱਤਾ ਕਿ ਇਹ ਜਤਨ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫੈਸਰ ਤੇਜਾ ਸਿੰਘ ਜੀ ਕਰ ਰਹੇ ਹਨ।[21] ਪ੍ਰਿੰ. ਤੇਜਾ ਸਿੰਘ ਦੁਆਰਾ ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਕਰਦਿਆਂ ਵਿਆਕਰਨ ਜੁਗਤ ਨੂੰ ਵਰਤਦਿਆਂ ਗੁਰਬਾਣੀ ਦੇ ਅਰਥਾਂ ਦੇ ਅਨਰਥ ਹੋਣ ਤੋਂ ਸਿੱਖ ਪੰਥ ਨੂੰ ਸੁਚੇਤ ਵੀ ਕੀਤਾ ਹੈ।

ਉਦਹਾਰਨ:

ੳ. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 347 'ਤੇ ਆਏ ਸ਼ਬਦ 'ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ' ਵਿਚ ਆਏ ਸ਼ਬਦ/ਪਦ 'ਸੁਰਗੁ' ਅਤੇ 'ਮਛੁ' ਦੇ ਵਿਆਕਰਨਕ ਅਰਥ ਕਰਦੇ ਹੋਏ ਲਿਖਦੇ ਹਨ: ਇਥੇ 'ਸੁਰਗੁ' ਤੇ 'ਮਛੁ' ਦੇ ਅੰਤ ਔਂਕੜ ਹੋਣ ਕਰਕੇ ਅਰਥ 'ਸੁਰਗਾਂ ਤੇ ਮਾਤ ਲੋਕ ਦੀਆਂ ਮੋਹਣੀਆਂ' ਨਹੀਂ ਹੋ ਸਕਦਾ। ਨੇਮਾਂ ਅਨੁਸਾਰ ਸਹੀ ਅਰਥ ਇਹ ਹੋਵੇਗਾ: ਤੈਨੂੰ ਮੋਹਣੀਆਂ, ਜੋ ਮਨ ਨੂੰ ਮੋਹਦੀਆਂ ਹਨ, ਗਾਉਂਦੀਆਂ ਹਨ, ਅਤੇ ਤੈਨੂੰ ਸੁਰਗ, ਮਾਤ ਲੋਕ ਅਤੇ ਪਤਾਲ ਗਾਉਂਦੇ ਹਨ।[22]

ਅ. ਰਾਮਕਲੀ ਸਦੁ ਬਾਣੀ ਵਿਚੋਂ 'ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ' ਸ਼ਬਦ ਦੇ ਅਰਥ ਕਰਦਿਆਂ ਪ੍ਰਿੰ. ਤੇਜਾ ਸਿੰਘ ਵਿਆਕਰਨਕ ਨਿਯਮਾਂ ਨੂੰ ਵਰਤਦੇ ਹਨ " ਵਾਹਿਗੁਰੂ ਦੇ (ਦੇਖੋ ਪੰ. 358, ਨੋਟ 17)। ਵਾਹਿਗੁਰੂ ਦੇ ਪੰਡਤਾਂ (ਸੰਤ-ਜਨਾਂ) ਨੂੰ ਸੱਦਣਾ ਜਿਹੜੇ ਆ ਕੇ ਹਰੀ-ਕਥਾ ਰੂਪ ਪੁਰਾਣ ਪੜ੍ਹਨ। ਦੇਖੋ ਨੇਮ 4 । ਜੇ 'ਕੇਸੋ ਗੋਪਾਲ' ਨਾਮੇ ਪੰਡਤ ਨੂੰ ਸੱਦਣਾ ਅਰਥ ਹੁੰਦਾ, ਤਾਂ 'ਗੋਪਾਲ' ਅਤੇ 'ਪੰਡਿਤ' ਦੇ ਅੰਤ ਔਂਕੜ ਹੁੰਦਾ। (ਨੇਮ 25 ਅਨੁਸਾਰ) ਅਤੇ 'ਪੜਹਿ' ਦੀ ਥਾਂ 'ਪੜੈ' ਹੁੰਦਾ।[23]

### 1.8 ਬਾਣੀ-ਸਿਰਲੇਖਾਂ ਦੀ ਵਿਆਖਿਆ

ਪ੍ਰਿੰ. ਤੇਜਾ ਸਿੰਘ ਜੀ ਨੇ ਗੁਰਬਾਣੀ ਵਿਆਖਿਆ ਕਰਦਿਆਂ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸ਼ਬਦਾਰਥ) ਵਿਚੋਂ ਸਿਰਲੇਖਾਂ ਦੀ ਵਿਆਖਿਆ ਕਰਨ ਦਾ ਵੀ ਭਰਪੂਰ ਜਤਨ ਕੀਤਾ। ਇਨ੍ਹਾਂ ਸਿਰਲੇਖਾਂ

[21] ਅਭਿਨੰਦਨ ਗ੍ਰੰਥ, ਸ਼ਰਧਾਂਜਲੀ ਤੇ ਪ੍ਰਭਾਵ, ਪੰਨਾ 27

[22] ਸ਼ਬਦਾਰਥ, ਪੰਨਾ 347

[23] ਉਪਰੋਕਤ ਵਰਣਿਤ, ਪੰਨਾ 923/19

ਵਿਚੋਂ ਬਾਣੀ ਦੇ ਨਾਮ, ਗੁਰਬਾਣੀ ਦੇ ਸੰਗੀਤਕ, ਸੰਪਾਦਕੀ ਸੰਕੇਤ, ਅਤੇ ਬਾਣੀਕਾਰਾਂ ਬਾਰੇ ਸੂਚਨਾ/ਵਿਆਖਿਆ ਮਿਲਦੀ ਹੈ।

ਉਦਹਾਰਨ:

ੳ. ਸਦ ਬਾਣੀ ਦੇ ਸਿਰਲੇਖ ਦੀ ਵਿਆਖਿਆ ਕਰਦਿਆਂ ਲਿਖਦੇ ਹਨ- ('ਸਦੁ ਸ਼ਬਦ ਦਾ ਅਰਥ ਹੈ- ਸੱਦਾ, ਮਰਨ ਦਾ ਬੁਲਾਵਾ) ਇਥੇ 'ਸਦੁ' ਬਾਣੀ ਦਾ ਸਿਰਲੇਖ ਹੈ। ਇਸ ਵਿਚ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਵਣ ਦੇ ਸਮੇਂ ਦਾ ਵਰਣਨ ਹੈ ਜੋ ਬਾਬਾ ਸੁੰਦਰ ਜੀ (ਜੋ ਉਸ ਵੇਲੇ ਮੌਜੂਦ ਸਨ) ਕਰ ਰਹੇ ਹਨ। ਗੁਰੂ ਜੀ ਦਾ ਸਿੱਖ ਸੰਗਤਾਂ ਤਾਈਂ ਅੰਤਲਾ ਉਪਦੇਸ਼ ਬਾਬਾ ਸੁੰਦਰ ਜੀ ਦੀ ਜੁਬਾਨੀ ਹੈ। ਬਾਬਾ ਸੁੰਦਰ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਪੜੋਤੇ (ਮੋਹਰੀ ਜੀ ਦੇ ਪੋਤਰੇ ਅਤੇ ਆਨੰਦ ਜੀ ਦੇ ਸਪੁੱਤਰ) ਸਨ। ਜਿਵੇਂ ਅਨੰਦ ਸਾਹਿਬ ਤਿਵੇਂ ਇਸ 'ਸਦੁ' ਦਾ ਭਾਵ ਕੋਈ ਇਤਿਹਾਸਕ ਗੱਲ ਦੱਸਣ ਦਾ ਨਹੀਂ ਬਲਕਿ ਉਥੇ ਖੁਸ਼ੀ ਅਤੇ ਇਥੇ ਗਮੀ ਦੇ ਮੌਕੇ ਉਤੇ ਗੁਰਬਾਣੀ ਵਰਤਣ ਦਾ ਉਦੇਸ਼ ਦਿੱਤਾ ਹੈ। ਭਾਵ ਦੋਹਾਂ ਦਾ ਬਾਣੀ ਦੀ ਮਹੱਤਤਾ ਹੈ।[24]

ਅ. ਇਸੇ ਪ੍ਰਕਾਰ 'ਓਅੰਕਾਰੁ' ਬਾਣੀ ਦੇ ਸਿਰਲੇਖ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ:- ਦੱਖਣੀ ਤਰਜ਼ ਦੀ ਰਾਮਕਲੀ, ਜਿਵੇਂ ਪ੍ਰਭਾਤੀ ਦੱਖਣੀ, ਵਡਹੰਸ ਦੱਖਣੀ, ਬਿਲਾਵੱਲ ਦੱਖਣੀ, ਮਾਰੂ ਦੱਖਣੀ। ਇਸੇ ਤਰ੍ਹਾਂ ਪੂਰਬੀ ਢੰਗ ਦੀ ਗਉੜੀ ਜਾਂ ਮਲਵਈ ਰੰਗ ਦੀ ਗਉੜੀ ਜਿਸ ਨੂੰ 'ਗਉੜੀ ਮਾਲਵਾ' ਕਰਕੇ ਲਿਖਿਆ ਹੈ। 'ਦੱਖਣੀ' ਲਫ਼ਜ਼ ਦਾ ਰਾਗ ਰਾਮਕਲੀ ਨਾਲ ਸੰਬੰਧ ਹੈ, 'ਓਅੰਕਾਰ' ਨਾਲ ਨਹੀਂ। ਕਈਆਂ ਬੀੜਾਂ ਵਿਚ ਪਾਠ ਵੀ ਦੱਖਣੀ ਓਅੰਕਾਰ ਜਾਂ ਨਿਰਾ ਓਅੰਕਾਰੁ ਹੈ। ਓਅੰਕਾਰ ਬਾਣੀ ਦਾ ਨਾਮ ਹੈ, ਕਿਉਂਕਿ ਇਸ ਬਾਣੀ ਵਿਚ ਹਰੀ-ਓਅੰਕਾਰ ਦਾ ਜ਼ਿਕਰ ਆਉਂਦਾ ਹੈ। ਇਹ ਬਾਣੀ ਬਵੰਜਾ ਅੱਖਰ ਲੈ ਕੇ ਪੱਟੀ ਦੀ ਤਰਜ਼ ਤੇ ਲਿਖੀ ਗਈ ਹੈ। ਮੁਹਾਰਨੀ ਵਿਚ ਪਹਿਲਾਂ 'ਓਅੰ ਸਿਧਙ ਇਈ ਊਊ ਰੀਰੀ ਲੀਲੀ' ਬੋਲਦੇ ਹਨ।

---

[24] ਉਪਰੋਕਤ ਵਰਣਿਤ, ਪੰਨਾ 923

ਇਥੇ ਭੀ ਉਵੇਂ ਕੀਤਾ ਗਿਆ ਹੈ। ਅੰਤ ਵਿਚ 'ਪਟੀ' ਵੀ ਆਉਂਦਾ ਹੈ। ਇਹ ਬਾਣੀ ਬਨਾਰਸ ਵਿਚ ਚਤਰ ਦਾਸ ਆਦਿ ਪਾਂਡਿਆਂ ਨੂੰ ਸੁਣਾਈ ਗਈ।[25]

### 1.9 ਪਰਿਭਾਸ਼ਕ ਸ਼ਬਦਾਂ/ਸੰਕਲਪਾਂ ਦੀ ਵਿਆਖਿਆ

'ਸ਼ਬਦਾਰਥ' ਵਿਚ ਪਰਿਭਾਸ਼ਕ ਸ਼ਬਦਾਂ/ਸੰਕਲਪਾਂ, ਜਿਵੇਂ: ਸਿਧ, ਨਾਥ, ਜੋਗ, ਗੋਰਖ, ਮੁੰਦਾ, ਖਿੰਥਾ, ਸਹਜ, ਨਾਦ, ਧੁਨਿ, ਸੁੰਨ, ਵੇਦ, ਪੁਰਾਣ, ਨਰਕ, ਸਵਰਗ, ਚਿਤ, ਗੁਪਤ, ਕੁਰਾਨ, ਅਲਾਹ, ਪਾਕ, ਪੀਰ, ਰੋਜਾ, ਹਕ, ਬੈਰਾਗੀ, ਆਈ, ਸੰਨਿਆਸੀ, ਨੌਂ ਨਿਧੀਆਂ, ਅਠਾਰਾਂ ਸਿਧੀਆਂ, ਛੇ ਸਾਸ਼ਤਰ, ਚਾਰ ਪਾਪ, ਨੌਂ ਗੋਲਕਾਂ, ਚੁਰਾਸੀ ਆਸਣ, ਚੌਦਾਂ ਪੁਰੀਆਂ, ਚੌਦਾਂ ਥਿਤਾਂ ਆਦਿ ਗੁਰਮਤਿ ਸੰਕਲਪਾਂ ਦੀ ਮੌਲਿਕ ਪਰਿਭਾਸ਼ਕ ਸ਼ਬਦਾਵਲੀ ਜਿਵੇਂ: ਨਾਮ, ਮਿਹਰ, ਵਿਸਮਾਦ, ਗੁਰਮੁਖਿ, ਹੁਕਮ, ਪਾਪ, ਪੁੰਨ, ਕਰਮ, ਗੁਰੂ, ਮੁਕਤੀ, ਸਚਖੰਡਿ, ਸਤਿਸੰਗਤਿ ਆਦਿ ਨੂੰ ਪਰਿਭਾਸ਼ਤ ਕੀਤਾ ਗਿਆ ਹੈ। ਇਥੇ ਇਨ੍ਹਾਂ ਦੋਹਾਂ ਨੂੰ ਅਲੱਗ-ਅਲੱਗ ਨਾਂ ਦੇ ਕੇ ਇਨ੍ਹਾਂ ਵਿਚਲੀਆਂ 2-2 ਉਦਾਹਰਨਾਂ ਲੈਨੇ ਹਾਂ:-

#### 1.9.1 ਗੈਰ ਗੁਰਮਤਿ ਪ੍ਰਭਾਸ਼ਕ ਸ਼ਬਦਾਵਲੀ

ੳ. ਅਠਾਰਾਂ ਸਿੱਧੀਆਂ-

'ਅਠਾਰਾਂ ਸਿਧੀਆਂ ਜਾਂ ਕਰਾਮਾਤੀ ਸ਼ਕਤੀਆਂ। ਉਹ ਇਹ ਹਨ: ਅਣਿਮਾ (ਦੂਜੇ ਦਾ ਰੂਪ ਹੋ ਜਾਣਾ), ਮਹਿਮਾ (ਦੇਹ ਨੂੰ ਵੱਡਾ ਕਰ ਲੈਣਾ), ਲਗਿਮਾ (ਦੇਹ ਨੂੰ ਛੋਟਾ ਕਰ ਲੈਣਾ), ਗਰਿਮਾ (ਭਾਰੀ ਹੋ ਜਾਣਾ), ਪ੍ਰਾਪਤੀ (ਮਨਇਛਤ ਭੋਗਾਂ ਦੀ ਪ੍ਰਾਪਤੀ)। ਪਰਕਾਮਿਯ (ਹੋਰਨਾਂ ਦੇ ਮਨ ਦੀ ਜਾਨ ਲੈਣੀ), ਇਸ਼ਿਤਾ (ਇੱਛਾ ਅਨੁਸਾਰ ਸਭ ਨੂੰ ਪ੍ਰੇਰਨਾ), ਵਸ਼ਿਤਾ (ਸਭ ਨੂੰ ਕਾਬੂ ਕਰ ਲੈਣਾ), ਅਨੁਰਮਿ (ਭੁੱਖ ਤੇਹ ਦਾ ਨਾ ਹੋਣਾ), ਦੂਰ ਸਰਵਣ (ਦੂਰੋਂ ਗੱਲ ਸੁਣ ਲੈਣੀ), ਦੂਰਦਰਸ਼ਨ (ਦੂਰ ਦੇ ਨਜ਼ਾਰੇ ਦੇਖ ਲੈਣੇ), ਮਨੋਵੇਗ (ਖਿਆਲ ਦੀ ਰਫ਼ਤਾਰ ਨਾਲ ਛੇਤੀ ਜਾਣਾ), ਕਾਮਰੂਪ (ਮਨਿਇਛਤ ਰੂਪ ਧਾਰਨਾ), ਪਰਕਾਏ ਪ੍ਰਵੇਸ਼ (ਦੂਜੇ ਦੀ ਦੇਹ ਵਿਚ ਪ੍ਰਵੇਸ਼), ਸਵਛੰਦ ਮ੍ਰਿਤੂ (ਜਦੋਂ ਚਾਹੇ ਮਰਨਾ), ਸੁਰਕ੍ਰੀੜਾ (ਦੇਵਤਿਆਂ ਨਾਲ ਰਲ ਕੇ ਮੌਜਾਂ

---

[25] ਉਪਰੋਕਤ ਵਰਣਿਤ, ਪੰਨਾ 929

ਕਰਨੀਆਂ), ਸੰਕਲਪ ਸਿੱਧੀ (ਜੋ ਚਾਹੁਣਾ, ਸੌ ਪੂਰਾ ਹੋਣਾ), ਅਪ੍ਰਿਤਹਤਗਤਿ (ਬਿਨਾਂ ਰੋਕ ਹਰ ਥਾਂ ਜਾ ਸਕਣਾ)'[26]

ਅ. ਛੇ ਸ਼ਾਸਤਰ-

ਛੀ ਸ਼ਾਸਤਰ (ਸਾਂਖ, ਨਿਆਏ; ਵੈਸ਼ੇਸ਼ਿਕ, ਮੀਮਾਨਸਾ, ਯੋਗ ਅਤੇ ਵੇਦਾਂਤ) ਹਨ, ਛੀ ਹੀ ਇਨ੍ਹਾਂ ਦੇ ਚਲਾਉਣ ਵਾਲੇ (ਕਪਿਲ, ਗੌਤਮ, ਕਨਾਦ, ਜੈਮਨੀ, ਪਤੰਜਲੀ, ਵਿਆਸ) ਅਤੇ ਛੀ ਹੀ ਉਨ੍ਹਾਂ ਉਨ੍ਹਾਂ ਦੇ ਸਿਧਾਂਤ ਹਨ; ਪਰ ਇਨ੍ਹਾਂ ਸਾਰਿਆਂ ਗੁਰੂਆਂ ਦਾ ਮੂਲ ਗੁਰੂ ਵਾਹਿਗੁਰੂ ਇਕੋ ਹੈ, ਕੇਵਲ ਉਸ ਨੇ ਆਪਣੇ ਭਾਵਾਂ ਦਾ ਪ੍ਰਕਾਸ਼ ਕਈ ਰੂਪਾਂ ਵਿਚ ਕੀਤਾ ਹੋਇਆ ਹੈ। ਤੂੰ ਭਾਈ ! ਉਹ ਸ਼ਾਸਤਰ ਜਾਂ ਸਿਧਾਂਤ ਮੰਨ, ਜਿਸ ਵਿਚ ਕਰਤੇ ਦੀ ਸਿਫ਼ਤ ਹੁੰਦੀ ਹੋਵੇ ਇਸੇ ਵਿਚ ਤੇਰੀ ਉੱਚਤਾ ਜਾਂ ਭਲਿਆਈ ਹੈ।[27]

### 1.9.2 ਗੁਰਮਤਿ ਸੰਕਲਪਾਂ ਦੀ ਪਰਿਭਾਸ਼ਕ ਸ਼ਬਦਾਵਲੀ

ੳ. ਹੁਕਮ-

ਹੁਕਮ ਦਾ ਵਾਸਾ ਮਨੁੱਖ ਦੇ ਅੰਦਰ ਦੱਸ ਕੇ ਹੁਣ ਹੁਕਮ ਦਾ ਪਸਾਰਾ ਰਚਨਾ ਵਿਚ ਦਸਦੇ ਹਨ। ਸ੍ਰਿਸ਼ਟੀ ਦੇ ਸਮੁੱਚੇ ਇਤਿਹਾਸ ਉੱਤੇ ਨਜ਼ਰ ਮਾਰ ਕੇ ਦਸਦੇ ਹਨ ਕਿ ਸ਼ੁਰੂ ਤੋਂ ਰੱਬ ਦਾ ਹੁਕਮ ਸ੍ਰਿਸ਼ਟੀ ਦੀ ਬਣਤਰ, ਇਹਦੇ ਜੀਵਾਂ ਦੀ ਸਰੀਰਕ ਅਤੇ ਆਤਮਕ ਉਸਾਰੀ ਅਤੇ ਉਨ੍ਹਾਂ ਦੀ ਗਤੀ ਬਣਾਉਣ ਵਿਚ ਕੰਮ ਕਰਦਾ ਆਇਆ ਹੈ। ਪਿੱਛੇ ਦੱਸਿਆ ਸੀ ਕਿ ਰੱਬ ਦਾ ਹੁਕਮ ਮਨੁੱਖ ਦੇ ਦਿਲ ਅਤੇ ਕੁਦਰਤ ਦੇ ਅੰਦਰ ਵਰਤ ਰਿਹਾ ਹੈ। ਹੁਣ ਦਸਦੇ ਹਨ ਕਿ ਏਸ ਰੱਬੀ ਪ੍ਰਵੇਸ਼ ਨੂੰ ਸਾਰੇ ਲੋਕ ਇਕੋ ਜਿਹਾ ਨਹੀਂ ਦੇਖ ਸਕਦੇ, ਭਾਵੇਂ ਇਸ ਜਤਨ ਵਿਚ ਲੱਗਿਆਂ ਉਨ੍ਹਾਂ ਨੇ ਆਪੋ ਆਪਣੀ ਸਮਝ ਅਨੁਸਾਰ ਉਸ ਦੀ ਹੋਂਦ ਦੀਆਂ ਕੁਝ ਝਾਕੀਆਂ ਦਿੱਤੀਆਂ ਹਨ।[28]

---

[26] ਉਪਰੋਕਤ ਵਰਣਿਤ, ਪੰਨਾ 390

[27] ਉਪਰੋਕਤ ਵਰਣਿਤ, ਪੰਨਾ 12/34

[28] ਉਪਰੋਕਤ ਵਰਣਿਤ, ਪੰਨਾ 1

ਅ. ਹਉਮੈ-

ਹਉਮੇ ਕਰਕੇ ਹੀ ਸਾਰੀ ਗਿਣਤੀ ਮਿਣਤੀ ਹੈ; ਅਰਥਾਤ ਮਨੁੱਖ ਜਦ ਤੱਕ ਹਉਮੈ ਵਿਚ ਹੁੰਦਾ ਹੈ, ਤਦ ਤੋੜੀ ਇਹ ਗਿਣਤੀਆਂ ਕਰਦਾ ਰਹਿੰਦਾ ਹੈ ਕਿ ਇਹ ਕੰਮ ਮੈਂ ਕੀਤਾ; ਇਹ ਦਾਤ ਮੈਂ ਦਿੱਤੀ, ਇਸ ਕਰਕੇ ਉਹ 'ਹਰਿ ਇਕੋ ਦਾਤਾ ਵਰਤਦਾ' ਨੂੰ ਭੁੱਲ ਜਾਂਦਾ ਹੈ, ਉਹ ਨਹੀਂ ਖਿਆਲਦਾ, ਕਿ 'ਜੀਓ ਪਿੰਡੁ ਸਭੁ ਤਿਸਦਾ ਤਿਸੇ ਦਾ ਆਧਾਰੁ' ਹੈ, ਇਸ ਲਈ ਇਨ੍ਹਾਂ ਗਿਣਤੀਆਂ ਮਿਣਤੀਆਂ ਵਿਚ ਪੈ ਕੇ ਆਪਣੇ ਆਪ ਨੂੰ ਕਲੇਸ਼ ਦਿੰਦਾ ਰਹਿੰਦਾ ਹੈ।[29]

## 1.10 ਹੋਰਨਾਂ ਗ੍ਰੰਥਾ ਵਿਚੋਂ ਪ੍ਰਮਾਣ

ਪ੍ਰਿੰ. ਤੇਜਾ ਸਿੰਘ ਨੇ ਗੁਰਬਾਣੀ ਵਿਆਖਿਆ ਕਰਦਿਆਂ ਗੁਰਬਾਣੀ ਵਿਚਲੇ ਇਤਿਹਾਸਕ, ਪਰਿਭਾਸ਼ਕ, ਸੰਗੀਤਕ, ਜਾਂ ਉਹ ਸ਼ਬਦ ਜੋ ਸਾਧਾਰਨ ਪਾਠਕ ਜਾਂ ਜਿਗਿਆਸੂਆਂ ਦੀ ਸਮਝ ਤੋਂ ਦੂਰ ਦੀ ਗੱਲ ਸੀ, ਬਾਰੇ ਵਿਸਥਾਰ ਕਰਨ ਦੀ ਲੋੜ ਨੂੰ ਸਮਝਦਿਆਂ ਹੋਰਨਾਂ ਗ੍ਰੰਥਾਂ ਵਿਚੋਂ ਵੀ ਹਵਾਲੇ ਲਏ ਹਨ ਤਾਂ ਜੋ ਵਿਆਖਿਆ ਦੇ ਹਰ ਪਹਿਲੂ ਬਾਰੇ ਠੋਸ ਜਾਣਕਾਰੀ ਪਾਠਕਾਂ ਤੱਕ ਪਹੁੰਚ ਸਕੇ।

ਉਦਹਾਰਨ:

ੳ. 'ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ' ਪੰਗਤੀ ਵਿਚ 'ਇਕੀਹ' ਪਦ ਦਾ ਅਰਥ ਕਰਦਿਆਂ ਹੋਇਆਂ ਪ੍ਰਿੰ. ਤੇਜਾ ਸਿੰਘ ਦਸਦੇ ਹਨ '*7* ਦਾਦਕੇ; *7* ਨਾਨਕੇ, *7* ਸਹੁਰੇ, ਘਰ ਦੇ ਸੰਬੰਧੀ, ਭਾਵ ਸਾਰੇ ਸਾਕ ਸੰਬੰਧੀ। 'ਨਿਸ ਪਾਪ ਪ੍ਰਹਿਲਾਦ! ਤੇਰਾ ਪਿਤਾ, ਤੇਰੇ 21 ਵਡਿੱਕਿਆਂ ਸਮੇਤ, ਤਰ ਗਿਆ ਕਿਉਂਕਿ, ਹੇ ਭਲੇ ਪੁਰਸ਼! ਤੇਰੇ ਜਿਹਾ ਕੋਲ ਉਧਾਰਨ ਵਾਲਾ ਉਸ ਦੇ ਘਰ ਪੈਦਾ ਹੋਇਆ'। (ਸ੍ਰੀ ਮਦਭਾਗਵਤ)।[30]

---

[29] ਉਪਰੋਕਤ ਵਰਣਿਤ, ਪੰਨਾ 36

[30] ਉਪਰੋਕਤ ਵਰਣਿਤ, ਪੰਨਾ 1133, ਫੁਟਨੋਟ 21

### 1.11 ਪਰਤਵਾਂ ਹਵਾਲਾ (ਕਰਾਸ ਰੈਫਰੈਂਸ)

ਪ੍ਰਿੰ. ਤੇਜਾ ਸਿੰਘ ਦੁਆਰਾ 'ਸ਼ਬਦਾਰਥ' ਦੇ ਕਿਸੇ ਸਿਰਲੇਖ ਜਾਂ ਕਿਸੇ ਬਾਣੀਕਾਰ ਬਾਰੇ ਜਾਂ ਕਿਸੇ ਸ਼ਬਦ ਦੀ ਵਿਆਖਿਆ ਦੇ ਕਿਸੇ ਦੂਸਰੇ ਸ਼ਬਦ ਨਾਲ ਅਰਥ ਮਿਲਦੇ ਹਨ ਤਾਂ ਉਹਦੇ ਲਈ ਕਰਾਸ ਰੈਫਰੈਂਸ ਦੀ ਵਰਤੋਂ ਕਰਦੇ ਹਨ।

ਉਦਹਾਰਨ:

ੳ. ਜਿਵੇਂ ਪੰਨਾ 794 ਰਾਗ ਸੂਹੀ ਬਾਣੀ ਸੇਖ ਫਰੀਦ ਜੀ ਕੀ ਇਥੇ ਫ਼ਰੀਦ ਜੀ ਲਈ 'ਦੇਖੋ ਪੰਨਾ 729 ਦਾ ਫੁਟ ਨੋਟ ‡।[31]

ਅ. 775 ਪੰਨਾ ਦੇ 'ਸੂਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ' ਸ਼ਬਦ ਦੇ ਅਰਥ ਲਈ ਕਰਾਸ ਰੈਫਰੈਂਸ ਦਿੰਦੇ ਹਨ ਦੇਖੋ ਪੰਨਾ 482 ਨੋਟ 8।[32]

### 1.12 ਪਾਠ ਅੰਤਰ

ਪ੍ਰਿੰ. ਤੇਜਾ ਸਿੰਘ 'ਸ਼ਬਦਾਰਥ' ਦੀ ਰਚਨਾ ਕਰਦੇ ਹੋਏ ਅਲੱਗ-ਅਲੱਗ ਬੀੜਾਂ (ਸਰੂਪਾਂ) ਵਿਚ ਆਏ ਪਾਠ ਅੰਤਰਾਂ ਬਾਰੇ ਵੀ ਚਾਨਣਾ ਪਾਉਂਦੇ ਹਨ।

ਉਦਹਾਰਨ:

ੳ. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 783 ਤੇ 'ਸੰਤ ਭਗਤ ਹਰਿ ਨਾਮੁ ਅਰਾਧਿਹਿ ਕਟੀਐ ਜਮ ਕੀ ਫਾਸੀ ਰਾਮ' ਇਸ ਪੰਗਤੀ ਵਿਚ ਆਇਆ ਸ਼ਬਦ 'ਜੰਮ' ਬਾਰੇ ਦਸਦੇ ਹਨ ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਪਾਠ 'ਜਾਮ' ਹੈ।[33]

---

[31] ਉਪਰੋਕਤ ਵਰਣਿਤ, ਪੰਨਾ 794

[32] ਉਪਰੋਕਤ ਵਰਣਿਤ, ਪੰਨਾ 775

[33] ਉਪਰੋਕਤ ਵਰਣਿਤ, ਪੰਨਾ 783

ਅ. 1052 ਪੰਨਾ ਤੇ 'ਆਪੇ ਕਰਤਾ ਸਭੁ ਜਿਸੁ ਕਰਣਾ' ਇਸ ਸ਼ਬਦ ਦੇ ਬਾਰੇ ਲਿਖਦੇ ਹਨ ਕੇ ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਇਥੇ ਨਾ 'ਮਹਲਾ' ਦਿੱਤਾ ਹੈ ਤੇ ਨਾ ਹੀ ਅੰਕ 3।[34]

ੲ. 1089 ਪੰਨਾ ਤੇ 'ਗੁਰ ਪੂਛਿ ਤੁਮ ਕਰਹੁ ਬੀਚਾਰੁ' ਇਸ ਪੰਗਤੀ ਬਾਰੇ ਜੋ ਕਿ ਵਿਆਖਿਆ ਲੜੀ ਦੇ ਫੁੱਟ ਨੋਟ ਨੰਬਰ 24 (ਚੌਵੀ) ਤੇ ਦਰਜ ਹੈ, ਅਰਥ ਕਰਦਿਆਂ ਹੋਇਆਂ ਪ੍ਰਿੰ. ਸਾਹਿਬ ਲਿਖਦੇ ਹਨ (ਧਰਤੀ ਜਿਸ ਦੇ ਹੱਥ ਵਿਚ ਹੈ) ਵਾਹਿਗੁਰੂ। ਕਈਆਂ ਬੀੜਾਂ ਵਿਚ 'ਸਾਰਿੰਗਪਾਣੁ' ਦੇ ਮੁਕਾਬਲੇ ਪਿਛਲੀ ਤੁੱਕ ਦੇ ਅੰਤ ਬਖਾਣੁ, ਆਇਆ ਹੈ ਬੀਚਾਰੁ ਦੀ ਥਾਂ।[35]

ਸ. 1263 ਪੰਨਾ ਤੇ 'ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ' ਸ਼ਬਦ ਬਾਰੇ ਲਿਖਦੇ ਹਨ ('ਕੇਵਲ ਇਥੇ ਹੀ, ਜਾਂ ਇਸੇ ਰਾਗ ਦੀ ਵਾਰ, ਪੌੜੀ ੧੧ ਵੀਂ ਦੇ ਦੂਜੇ ਸਲੋਕ ਵਿਚ ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ 'ਮਲਾਰੁ' ਦੇ ਰਾਰੇ ਨਾਲ ਅਉਂਕੜ ਆਇਆ ਹੈ, ਹੋਰ ਕਿਧਰੇ ਨਹੀਂ)।[36]

### 1.13 ਪੈਰ ਅੱਖਰ ਜਾਂ ਲਟਕਵੇਂ ਅੱਖਰ

ਪੈਰ ਅੱਖਰ ਜਾਂ ਲਟਕਵੇਂ ਅੱਖਰ ਬਾਰੇ ਵਿਚਾਰ ਕਰਦਿਆਂ ਪ੍ਰਿੰ. ਤੇਜਾ ਸਿੰਘ ਨੇ ਖੋਜ ਭਰਪੂਰ ਜਾਣਕਾਰੀ ਪਾਠਕਾਂ ਹਿਤ 'ਸ਼ਬਦਾਰਥ' ਵਿਚ ਵਰਤੀ ਹੈ।

ਉਦਹਾਰਨ:

ੳ. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 393 ਤੇ ਆਸਾ ਮਹਲਾ ੫ ਪੰਚਪਦਾ 'ਜਿਹ ਪੈਡੈ ਲੂਟੀ ਪਨਿਹਾਰੀ ਸੋ ਮਾਰਗੁ ਸੰਤਨ ਦੂਰਾਰੀ' ਇਥੇ ਪੰਚਦੇ ਦੇ ਪੈਰ ਵਿਚ ੧॥ ਅੱਖਰ ਗਿਣਤੀ ਵਾਲਾ ਲਗਾ ਹੋਇਆ ਹੈ। ਇਸ ਬਾਰੇ ਪ੍ਰਿੰ. ਸਾਹਿਬ ਵਿਚਾਰ ਦਸਦੇ ਹਨ 'ਇਸ ਲਫ਼ਜ਼ ਦੇ ਹੇਠਾਂ ਛੋਟਾ ਅੰਕ '੧' ਆਉਣ ਤੋਂ ਭਾਵ

[34] ਉਪਰੋਕਤ ਵਰਣਿਤ, ਪੰਨਾ 1052

[35] ਉਪਰੋਕਤ ਵਰਣਿਤ, ਪੰਨਾ 1189

[36] ਉਪਰੋਕਤ ਵਰਣਿਤ, ਪੰਨਾ 1263

ਹੈ ਕਿ ਇਥੇ ਇਕ ਪੰਚਪਦਾ ਦਿੱਤਾ ਹੈ। ਅੱਗੇ ਜਾ ਕੇ ਦੁਪਦਾ '੧' ਲਿਖਿਆ ਹੈ। ਦੁਪਦਾ ਦੇ ਹੇਠਾਂ '੧' ਅੰਕ ਦਿੰਦੇ ਤਾਂ ਭੀ ਭਾਵ ਉਹੋ ਹੁੰਦਾ।[37]

### 1.14 ਉਚਾਰਨ ਸੰਬੰਧੀ

ਉਚਾਰਨ ਸਬੰਧੀ ਆਪਣੇ ਵਿਚਾਰ ਦਿੰਦਿਆਂ ਹੋਇਆਂ ਪ੍ਰਿੰ. ਸਾਹਿਬ ਵਿਆਖਿਆ ਕਰਦੇ ਨਾਲੋ ਨਾਲ ਉਚਾਰਨ ਸੇਧ ਵੀ ਦਿੰਦੇ ਹਨ।

ਉਦਹਾਰਨ:

ੳ. 'ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ' ਬਾਰੇ ਦਸਦੇ ਹਨ (ਸੰ. ਵਿਸ਼ਲੀ+ਪਤਿ, ਸੁਦਰਸ਼ਨੀ ਦਾ ਪਤੀ, ਵਿਭਚਾਰਨ ਇਸਤ੍ਰੀ ਦਾ ਖਾਂਉਦ। ਇਥੇ 'ਬਿਖ ਲੀਪਤਿ' ਪਾਠ ਨਹੀਂ ਹੋ ਸਕਦਾ, ਕਿਉਂਕਿ ਲੀਪਤ ਦੇ ਅੰਤ ਸਿਹਾਰੀ ਵਾਲਾ ਤਤਾ ਹੈ, ਜਿਸ ਕਰਕੇ ਅਰਥ 'ਲਿਪੇ ਹੋਏ' ਨਹੀਂ ਹੋ ਸਕਦੇ) ਮੰਦੇ ਚਾਲ ਚੱਲਣ ਵਾਲੀ ਇਸਤਰੀ ਦਾ ਪਤੀ, ਜਿਸ ਨੂੰ ਆਪਣੀ ਮੱਤ ਅਨੁਸਾਰ ਨਹੀਂ ਚੱਲਣਾ ਮਿਲਦਾ ਤੇ ਉਹ ਭੈੜੀ ਔਰਤ ਦੇ ਆਖੇ ਲੱਗ ਕੇ ਪਿਆ ਖਰਾਬੀਆਂ ਕਰਦਾ ਹੈ। ਸ਼ਰਾਬੀ ਨੂੰ ਮਾੜੀ ਔਰਤ ਦਾ ਖਾਂਉਦ ਇਸ ਲਈ ਕਿਹਾ ਹੈ ਕਿ ਨਸ਼ੇ ਵਿਚ ਜੋ ਕੁਝ ਉਹ ਕਰਦਾ ਹੈ, ਉਹ ਉਸ ਦੀ ਆਪਣੀ ਮੱਤ ਅਨੁਸਾਰ ਨਹੀਂ ਹੁੰਦਾ; ਸਗੋਂ ਨਸ਼ੇ ਉਤੇ ਸਵਾਰ ਹੋਇਆ ਕਰਦਾ ਹੈ।[38]

ਅ. 604-5 ਪੰਨਾ ਦੇ ਪਾਠ ਨੂੰ ਸੋਰਠ ਮਹਲਾ ੪ ਚੌਥਾ, ਜੋ ਕਿ ਅੱਖਰਾਂ ਵਿਚ ਲਿਖਿਆ ਹੋਇਆ ਹੈ। ਉਸ ਬਾਰੇ ਲਿਖਦੇ ਹਨ ਇਸ ਤੋਂ ਪਤਾ ਲਗਦਾ ਹੈ ਕਿ ਮਹਲਾ ਨਾਲ ਜੋ ਪੰਨਾ ੪ ਦਿੱਤਾ ਹੈ, ਉਸ ਨੂੰ ਚੌਥਾ ਕਰਕੇ ਪੜ੍ਹਨਾ ਹੈ ਚਾਰ ਨਹੀਂ ਪੜ੍ਹਨਾ। ਇਸੇ ਤਰ੍ਹਾਂ ਦੇਖੋ ਪੰਨਾ 582 ਵਾਲੇ ਸਿਰਲੇਖ ਵਿਚ 'ਮਹਲਾ ੩' ਨੂੰ ਦੁਹਰਾ ਕੇ 'ਮਹਲਾ ਤੀਜਾ' ਲਿਖਿਆ ਹੈ।[39]

---

[37] ਉਪਰੋਕਤ ਵਰਣਿਤ, ਪੰਨਾ 393

[38] ਉਪਰੋਕਤ ਵਰਣਿਤ, ਪੰਨਾ 399

[39] ਉਪਰੋਕਤ ਵਰਣਿਤ, ਪੰਨਾ 605

**1.15 ਭਾਸ਼ਾਈ ਗਿਆਨ**

ਪ੍ਰਿੰ. ਤੇਜਾ ਸਿੰਘ ਦੀ ਸ਼ਖ਼ਸੀਅਤ ਬਾਰੇ ਕੋਈ ਭੁਲੇਖਾ ਨਹੀਂ ਉਹ ਬਹੁਤ ਉੱਚ ਕੋਟੀ ਦੇ ਵਿਦਵਾਨ ਸਨ ਪੰਜਾਬੀ ਸਾਹਿਤ, ਗੁਰਮਤਿ ਸਾਹਿਤ, ਇੰਗਲਿਸ਼ ਸਾਹਿਤ ਦੇ ਗਿਆਤਾ ਵੀ ਸਨ। ਪ੍ਰਿੰ. ਸਾਹਿਬ ਇਕ ਕਵੀ, ਇਕ ਆਲੋਚਕ, ਇਕ ਵਿਆਖਿਆਕਾਰ, ਇਕ ਟੀਕਾਕਾਰ ਤੇ ਚੰਗੇ ਅਧਿਆਪਕ ਵੀ ਸਨ। ਟੀਕਾਕਾਰ ਜਾਂ ਵਿਆਖਿਆਕਾਰ ਹੋਣ ਦੇ ਨਾਤੇ ਸੰਬੰਧਤ ਨੂੰ ਭਾਸ਼ਾ ਦੇ ਹਰ ਪੱਖ ਤੋਂ ਗਿਆਨ ਹੋਣਾ ਅਤੀ ਜ਼ਰੂਰੀ ਹੈ। ਪ੍ਰਿੰ. ਤੇਜਾ ਸਿੰਘ ਇਸ ਪੱਖ ਤੋਂ ਨਿਪੁੰਨ ਵਿਦਵਾਨ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਭਾਸ਼ਾਈ ਗਿਆਨ ਬਾਰੇ 'ਸ਼ਬਦਾਰਥ' ਵਿਚ ਅਨੇਕਾਂ ਹੀ ਉਦਾਹਰਨਾਂ ਵੇਖੀਆਂ ਜਾ ਸਕਦੀਆਂ ਹਨ-

ੳ. ਆਸਾ ਰਾਗ ਵਿਚ 397 ਪੰਨਾ ਤੇ ਪ੍ਰਿੰ. ਤੇਜਾ ਸਿੰਘ 'ਆਸਾ ਮਹਲਾ ੫ ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ' ਇਸ ਸ਼ਬਦ ਦੀ ਭਾਸ਼ਾ ਬਾਰੇ ਟੂਕ ਦੇ ਕੇ ਲਿਖਦੇ ਹਨ, ਕਿ ਇਨ੍ਹਾਂ ਤਿੰਨ੍ਹਾਂ ਸ਼ਬਦਾਂ ਵਿਚ ਪੱਛਮੀ ਪੰਜਾਬ ਦੇ ਬਹੁਤ ਸਾਰੇ ਲਫ਼ਜ਼ ਵਰਤੇ ਹਨ- ਸਾਈਂ, ਭੋਰੀ, ਮੈਂਡਾ, ਹਬੁ, ਵੰਞਾ, ਧਣੀ, ਪਸੰਧੇ, ਮੁਸ਼ਤਾਕ, ਹਿਕੋ (ਇਕੋ), ਮੂੰ! ਅੱਗੇ ਜਾ ਕੇ ਹੋਰਨਾਂ ਕਈਆਂ ਵਿਚ ਵੀ ਇਸੇ ਤਰ੍ਹਾਂ ਦੇ ਲਫ਼ਜ਼ ਮਿਲਦੇ ਹਨ।[40]

ਅ. 'ਇਕਨ੍ਹਾਂ ਪੈਰਣ ਸਿਰ ਖੁਰ ਪਾਟੇ ਇਕਨ੍ਹਾਂ ਵਾਸੁ ਮਸਾਣੀ' ਪੰਕਤੀ ਵਿਚ ਆਏ ਸ਼ਬਦ ਪੈਰਨ ਦਾ ਅਰਥ ਕਰਦਿਆਂ ਹੋਇਆਂ ਇਸ ਸ਼ਬਦ ਦੀ ਵਿਉਂਤਪਤੀ ਵੀ ਦਿੰਦੇ ਹੋਏ ਲਿਖਦੇ ਹਨ ('ਫ਼ਾਰਸੀ ਪੈਰਾਹਨ) ਲੰਮਾ ਕੁੜਤਾ; ਬੁਰਕਾ। ਇਥੇ ਬੁਰਕੇ ਪਾਟਣ ਤੋਂ ਭਾਵ ਮੁਸਲਮਾਨ ਇਸਤਰੀਆਂ ਦੀ ਬੇਪੱਤੀ ਹੈ।[41]

ੲ. ਗੁਰਬਾਣੀ ਵਿਚ ਆਏ ਸ਼ਬਦ ਕਾਫੀ ਬਾਰੇ ਦਸਦੇ ਹਨ:-'ਅਸਲ ਵਿਚ ਕਾਫ਼ੀ ਪੰਜਾਬ ਦੇ ਦਖਣ-ਪੱਛਮ ਵੱਲੋਂ ਆਈ, ਜਿਧਰੋਂ ਸੂਫੀ ਮਤ ਤੇ ਫ਼ਕੀਰ ਲੋਕ ਆਏ। ਇਹ ਸੂਫ਼ੀ ਫ਼ਕੀਰਾਂ ਦੀਆਂ ਮਜਲਸਾਂ ਦੀ ਜੰਮ-ਪਲ ਹੈ। ਇਹ ਕੋਈ ਖਾਸ ਰਾਗ ਨਹੀਂ, ਅਤੇ ਨਾਂ ਛੰਦਾਬੰਦੀ ਦੀ ਕੋਈ ਖਾਸ ਜਾਤ ਹੈ, ਜਿਸ ਦੀਆਂ ਮਾਤ੍ਰਾਂ ਦੇ ਰੂਪ ਕਿਸੇ ਨੇ ਹੇਠਾਂ ਬੰਨ੍ਹੀਆਂ ਜਾ ਸਕਦੀਆਂ ਹੋਣ। ਕਾਫ਼ੀ ਦਾ ਮਹਿਨਾ ਵਾਰ ਵਾਰ ਆਉਣਾ ਹੈ। ਜਦ

---

[40] ਉਪਰੋਕਤ ਵਰਣਿਤ, ਪੰਨਾ 397

[41] ਉਪਰੋਕਤ ਵਰਣਿਤ, ਪੰਨਾ 418

ਸੂਫੀ ਫਕੀਰ ਪ੍ਰੇਮ-ਰਸ ਭਰੇ ਪਦ ਗਾਉਣ ਲਈ ਅਖਾੜਾ ਰਚਦੇ ਹਨ, ਤਾਂ ਇਕ ਮੁਖੀਆ ਅਗੇ ਅਗੇ ਉਚੀ ਸੁਰ ਨਾਲ ਰੱਬ ਦੇ ਪਿਆਰ ਵਿਚ ਕੁਝ ਗਾਉਂਦਾ ਹੈ ਤੇ ਬਾਕੀ ਦੇ ਸਿਰ ਹਿਲਾ ਹਿਲਾ ਕੇ ਤਾਲ ਦਿੰਦੇ ਰਹਿੰਦੇ ਹਨ, ਪਰ ਜਦੋਂ ਬੰਦ ਦੀ ਅੰਤਲੀ ਸਤਰ ਆਉਂਦੀ ਹੈ ਤਾਂ ਸਾਰੇ ਰਲ ਕੇ ਉਸ ਨੂੰ ਗਾਉਂਦੇ ਹਨ।[42]

**2 ਗੁਰਮਤਿ ਸੰਕਲਪ/ਸਿਧਾਂਤ**

ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਕਰਦਿਆਂ ਪ੍ਰਿੰ. ਤੇਜਾ ਸਿੰਘ ਨੇ ਗੁਰਬਾਣੀ ਵਿਚ ਵਰਤੇ ਗੁਰਮਤਿ ਸੰਕਲਪ ਜਿਵੇਂ-ਪਰਮਸਤਾ, ਨਾਮ, ਹਉਮੈ, ਹੁਕਮ, ਸੰਗਤ, ਸੇਵਾ, ਆਦਿ ਦੀ ਵਿਆਖਿਆ ਗੁਰਮਤਿ ਦ੍ਰਿਸ਼ਟੀਕੋਣ ਤੋਂ ਕੀਤੀ ਹੈ। ਇਹ ਵਿਆਖਿਆ ਕਰਦਿਆਂ ਪ੍ਰਿੰ. ਸਾਹਿਬ ਗੁਰਮਤਿ ਭਾਵ ਨੂੰ ਵਧੇਰੇ ਸਪੱਸ਼ਟ ਕਰਨ ਦਾ ਜਤਨ ਕਰਦੇ ਹਨ। ਇਨ੍ਹਾਂ ਸੰਕਲਪਾਂ ਬਾਰੇ ਬਹੁਤਾ ਵਿਸਥਾਰ ਤਾਂ ਉਨ੍ਹਾਂ ਦੇ 'ਜਪੁਜੀ' ਅਤੇ 'ਆਸਾ ਦੀ ਵਾਰ' ਟੀਕਿਆਂ ਵਿਚੋਂ ਹੀ ਪ੍ਰਾਪਤ ਹੁੰਦਾ ਹੈ। ਇਸ ਦੇ ਮੁਕਾਬਲੇ 'ਸ਼ਬਦਾਰਥ' ਵਿਚ ਇਨ੍ਹਾਂ ਪੱਖਾਂ ਦਾ ਵਿਸਥਾਰ ਘੱਟ ਮਿਲਦਾ ਹੈ। ਉਸਦਾ ਕਾਰਣ ਇਹ ਵੀ ਹੋ ਸਕਦਾ ਹੈ ਕਿ 'ਸ਼ਬਦਾਰਥ' ਦੀ ਬਣਤਰ ਦੇ ਹਿਸਾਬ ਨਾਲ ਬਹੁਤਾ ਵਿਸਥਾਰ ਨਹੀਂ ਕੀਤਾ ਜਾ ਸਕਦਾ ਸੀ, ਕਿਉਂਕਿ 'ਸ਼ਬਦਾਰਥ' ਦੀ ਬਣਤਰ ਜੋ, ਪੰਨਾ (ਅੰਗ) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੈ ਉਹੋ ਹੀ 'ਸ਼ਬਦਾਰਥ' ਦਾ ਰੱਖ ਕੇ ਉਸੇ ਪੰਨੇ ਦੇ ਸਾਹਮਣੇ ਅਰਥ ਅਤੇ ਟਿੱਪਣੀਆਂ ਦੇ ਕੇ ਵਿਆਖਿਆ ਕੀਤੀ ਹੈ। ਇਸ ਲਈ ਉਸ ਪੰਨੇ (ਅੰਗ) ਨਾਲ ਸੰਬੰਧਤ ਵਿਆਖਿਆ ਵਿਸਥਾਰ ਵੀ ਉਸੇ ਪੰਨੇ (ਅੰਗ) 'ਤੇ ਹੀ ਕੀਤਾ ਗਿਆ ਹੈ, ਉਸ ਨੂੰ ਅਗਲੇ ਪੰਨੇ (ਅੰਗ) ਤੇ ਨਹੀਂ ਲਿਜਾ ਸਕਦੇ। ਇਥੇ ਇਹ ਵੀ ਧਿਆਨ ਵਿਚ ਰਹੇ ਕਿ ਇਥੇ ਗੁਰਮਤਿ ਸੰਕਲਪਾਂ ਦੀ ਵਿਆਖਿਆ ਨੂੰ, ਜੋ ਪ੍ਰਿੰ. ਸਾਹਿਬ ਨੇ ਗੁਰਬਾਣੀ ਅਨੁਸਾਰ ਆਪਣੇ ਵਿਚਾਰ ਪੇਸ਼ ਕੀਤੇ ਹਨ, ਬਾਰੇ ਵਿਸਥਾਰ ਸਹਿਤ ਸਮਝਣ ਦਾ ਜਤਨ ਕੀਤਾ ਗਿਆ ਹੈ। ਪ੍ਰਿੰ. ਸਾਹਿਬ ਦੀ ਗੁਰਬਾਣੀ ਵਿਆਖਿਆਕਾਰੀ ਅਤੇ ਟੀਕਾਕਾਰੀ ਵਿਚੋਂ ਜੋ ਗੁਰਮਤਿ ਸਿਧਾਂਤ ਦ੍ਰਿਸ਼ਟੀ ਗੋਚਰ ਹੁੰਦੇ ਹਨ ਉਹ ਨਿਮਨ ਪ੍ਰਕਾਰ ਹਨ-

**2.1 ਵਾਹਿਗੁਰੂ**

---

[42] ਡਾ. ਪਰਮਿੰਦਰ ਸਿੰਘ, ਪੰਜਾਬੀ ਸਮਾਲੋਚਨਾ ਸਿਧਾਂਤ ਤੇ ਸਰੂਪ, ਪੰਨਾ 11 (ਵਿਚ ਪ੍ਰਿੰ. ਤੇਜਾ ਸਿੰਘ ਦੇ ਲੇਖ 'ਪੰਜਾਬੀ ਕਾਫ਼ੀ' ਵਿਚੋਂ)

**2.2 ਨਾਮ**

**2.3 ਬਾਣੀ ਤੇ ਗੁਰੂ**

**2.4 ਸ੍ਰਿਸਟੀ**

**2.5 ਹੁਕਮ**

**2.6 ਹਉਮੈ**

**2.7 ਨੈਤਿਕਤਾ**

**2.8 ਸੰਗਤ**

**2.9 ਸੇਵਾ**

**2.10 ਲੰਗਰ**

ਉਕਤ ਸੰਕਲਪਾਂ ਬਾਰੇ ਜਾਣਕਾਰੀ ਪ੍ਰਿੰ. ਤੇਜਾ ਸਿੰਘ ਦੇ ਹਵਾਲੇ ਨਾਲ ਅਗੇ ਪੇਸ਼ ਕੀਤੀ ਜਾ ਰਹੀ ਹੈ-

**2.1 ਵਾਹਿਗੁਰੂ**

'ਵਾਹਿਗੁਰੂ' ਪਦ ਦਾ 'ਵਾਹ' ਫ਼ਾਰਸੀ ਭਾਸ਼ਾ ਦਾ ਹੈ ਅਤੇ 'ਗੁਰੂ' ਸੰਸਕ੍ਰਿਤ ਭਾਸ਼ਾ ਦਾ ਹੈ। ਇਉਂ ਇਹ ਸ਼ਬਦ ਦੋ ਭਾਸ਼ਾਵਾਂ ਦੇ ਸੁੰਦਰ ਮੇਲ ਦਾ ਨਮੂਨਾ ਹੈ। ਕਿਹਾ ਜਾ ਸਕਦਾ ਹੈ ਕਿ ਰੱਬ ਲਈ ਪ੍ਰਯੋਗ ਹੋਇਆ ਇਹ ਸ਼ਬਦ ਗੁਰਮਤਿ ਦਾ ਮੌਲਿਕ ਹੈ।[43] ਇਹ ਸ਼ਬਦ ਪਰਮ ਸੱਤਾ ਦਾ ਲਖਾਇਕ ਹੈ। ਜਿਸ ਨੂੰ ਟੀਕਾਕਾਰਾਂ, ਵਿਆਖਿਆਕਾਰਾਂ, ਖੋਜਾਰਥੀਆਂ ਨੇ ਅਨੇਕਾਂ ਨਾਵਾਂ ਨਾਲ ਸੰਬੋਧਨ ਕੀਤਾ ਹੈ। ਜਿਵੇਂ ਅਕਾਲ-ਪੁਰਖ, ਪਰਮ-ਪੁਰਖ, ਬ੍ਰਹਮ, ਹਰੀ, ਪ੍ਰਭੂ, ਪ੍ਰਮਾਤਮਾ, ਰੱਬ ਆਦਿ। ਪਰਮ ਸੱਤਾ ਦੇ ਸਰੂਪ ਬਾਰੇ ਭਾਰਤੀ ਸਾਹਿਤ ਵਿਚ ਦੋ ਰੂਪ ਪ੍ਰਤਿਪਾਦਿਤ ਹੁੰਦੇ ਹਨ, ਨਿਰਗੁਣ ਤੇ ਸਰਗੁਣ। ਇਨ੍ਹਾਂ ਦੋਹਾਂ ਰੂਪਾਂ ਨੂੰ ਸੰਕਲਪ ਵਜੋਂ ਲਿਆ ਜਾਂਦਾ ਹੈ ਪਰ ਜਿਆਦਾਤਰ ਗ੍ਰੰਥਾਂ ਵਿਚ ਨਿਰਗੁਣ ਬ੍ਰਹਮ ਦੀ ਹੀ ਵਿਚਾਰ ਕੀਤੀ ਜਾਂਦੀ ਹੈ। ਨਿਰਗੁਣ ਬ੍ਰਹਮ ਉਹ ਹੈ, ਜਿਸ ਨੂੰ ਕੇਵਲ ਤੇ ਕੇਵਲ ਅਧਿਆਤਮਕ ਅੱਖਾਂ ਨਾਲ ਹੀ ਵੇਖਿਆ ਜਾ ਸਕਦਾ ਹੈ। ਇਸ ਨੂੰ ਤਾਂ ਮਹਿਸੂਸ ਹੀ ਕੀਤਾ ਜਾ ਸਕਦਾ ਹੈ, ਬਿਆਨ ਨਹੀਂ।

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥[44]

---

[43] ਡਾ. ਗੁਰਸ਼ਰਨਜੀਤ ਸਿੰਘ, ਗੁਰਮਤਿ ਨਿਰਣਯ ਕੋਸ਼, ਪੰਨਾ 171

[44] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 334

ਇਹ ਉਹ ਅਜ਼ੀਮ ਸ਼ਕਤੀ ਦਾ ਨਾਮ ਹੈ, ਜੋ ਸਮੁੱਚੀ ਕਾਇਨਾਤ ਨੂੰ ਪਾਲ ਰਹੀ ਹੈ ਪਰ ਇਸ ਅਗੰਮੀ ਸ਼ਕਤੀ ਦਾ ਵਾਸ ਕਿੱਥੇ ਹੈ, ਇਸ ਬਾਰੇ ਸਾਰੇ ਧਰਮਾਂ ਵਿਚ ਅਲੱਗ-ਅਲੱਗ ਮੱਤ ਹਨ। ਕੋਈ ਉਸ ਵਾਹਿਗੁਰੂ ਨੂੰ ਕੁਦਰਤ ਵਿਚ ਤੱਕਦਾ ਹੈ ਅਤੇ ਕੋਈ ਧਰਤੀ ਤੋਂ ਦੂਰ ਕਿਧਰੇ ਦੂਰ ਸਤਵੇਂ ਆਸਮਾਨ 'ਤੇ ਆਸਣ ਲਗਾਈ ਬੈਠਾ ਦੁਨੀਆਂ ਦੀ ਕਾਰ ਵਿਹਾਰ ਚਲਾਉਂਣ ਵਾਲਾ ਮੰਨਦੇ ਹਨ। ਗੁਰਬਾਣੀ ਅਨੁਸਾਰ ਉਹ ਕੁਦਰਤ ਵਿਚ ਵਸਿਆ ਹੋਇਆ ਹੈ। ਉਸ ਦਾ ਰਚਨਹਾਰਾ ਹੈ ਅਤੇ ਸਮੇਟਣ ਵਾਲਾ ਵੀ ਉਹ ਆਪ ਹੀ ਹੈ। ਕੁਦਰਤ ਵਿਚ ਰਮਿਆ ਹੋ ਕੇ ਵੀ ਉਸ ਤੋਂ ਵੱਖਰਾ ਹੈ। ਵਧੇਰੇ ਵਿਸ਼ਾਲ ਤੇ ਸ਼ਕਤੀਸ਼ਾਲੀ ਹੈ।[45] ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਅਕਾਲਪੁਰਖ ਦੇ ਬੇਸ਼ੁਮਾਰ ਵਸਫ਼ਾਂ ਦਾ ਵੱਖ ਵੱਖ ਢੰਗਾਂ ਨਾਲ ਵਖਿਆਨ ਹੈ ਅਤੇ ਇਸ ਦੁਆਰਾ ਅਭਿਲਾਸ਼ੀ ਨੂੰ ਇਹ ਵੀ ਸਮਝਾਇਆ ਗਿਆ ਹੈ ਕਿ ਸਰਬ ਕਲਾ ਸੰਪੂਰਨ ਸਰਬ ਸ਼ਕਤੀਮਾਨ ਪਰਮਾਤਮਾ ਜੋ ਹਰ ਕਾਲ ਵਿਚ ਸੱਚ ਹੈ ਅਤੇ ਵਿਆਪਕ ਹੈ ਉਸ ਦੀ ਸ਼ਰਨ ਵਿਚ ਆਉਣ ਨਾਲ ਸਰੀਰਕ ਸੁਖ, ਆਤਮਿਕ ਆਨੰਦ ਅਤੇ ਸਰਬ ਸੰਤੋਖ ਵਾਲਾ ਜੀਵਨ ਪ੍ਰਦਾਨ ਹੁੰਦਾ ਹੈ।[46] ਪਰਮ ਸੱਤਾ ਦੇ ਸਰੂਪ ਦੀ ਵਿਆਖਿਆ, ਗੁਰਬਾਣੀ ਅਨੁਸਾਰ ਕਰਦਿਆਂ ਪ੍ਰਿੰ. ਤੇਜਾ ਸਿੰਘ ਨੇ 'ਵਾਹਿਗੁਰੂ' ਅਤੇ 'ਹਰੀ' ਪਦ ਦੀ ਵਰਤੋਂ ਕੀਤੀ ਹੈ ਅਤੇ ਇਸ ਸਰੂਪ ਨੂੰ ਪ੍ਰਮਾਤਮਾ ਦਾ ਲਖਾਇਕ ਵੀ ਮੰਨਿਆ ਹੈ। ਆਸਾ ਦੀ ਵਾਰ ਦਾ ਟੀਕਾ ਕਰਦਿਆਂ ਲਿਖਦੇ ਹਨ 'ਪਹਿਲਾਂ ਤਾਂ ਵਾਹਿਗੁਰੂ ਕਿਸੇ ਦਾ ਬਣਾਇਆ ਹੋਇਆ ਨਹੀਂ, 'ਸੈਭੰ' ਜਾਂ 'ਆਪਣੇ' ਆਪ ਤੋਂ ਹੈ। ਫਿਰ ਉਸ ਦੇ ਰੂਪ ਭਾਵੇਂ ਕਿਤਨੇ ਹੋਣ, ਉਹ ਹੈ ਇਕੋ ਹੀ। ਕਈਆਂ ਨੇ ਵਾਹਿਗੁਰੂ ਨੂੰ ਨਿਰਗੁਣ ਮੰਨਿਆਂ ਹੈ ਤੇ ਕਈਆਂ ਨੇ ਸਰਗੁਣ। ਪਰ ਗੁਰੂ ਜੀ ਨੇ ਇਹ ਦੋਵੇਂ ਹਾਲਾਤਾਂ ਇਕੋ ਹਸਤੀ ਦੀਆਂ ਦੱਸੀਆਂ ਹਨ।[47] ਗੁਰਬਾਣੀ ਅਨੁਸਾਰ ਉਹ ਨਿਰਗੁਣ ਵੀ ਹੈ ਤੇ ਸਰਗੁਣ ਵੀ।

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥[48]

---

[45] ਡਾ. ਸਰੂਪ ਸਿੰਘ ਅਲੱਗ, ਸੰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 7

[46] ਉਪਰੋਕਤ ਵਰਣਿਤ, ਪੰਨਾ 7

[47] ਪ੍ਰਿੰ. ਤੇਜਾ ਸਿੰਘ, ਆਸਾ ਦੀ ਵਾਰ, ਪੰਨਾ 15,

[48] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 290

**2.2 ਨਾਮ**

ਅਧਿਆਤਮਿਕ ਸਾਧਨਾ ਵਿਚ 'ਨਾਮ' ਪਰਮ-ਸਤਾ ਦਾ ਸੂਚਕ ਹੈ। ਇਸ ਰਾਹੀਂ 'ਨਾਮੀ' ਤੱਕ ਪਹੁੰਚਿਆ ਜਾ ਸਕਦਾ ਹੈ। ਨਾਮ-ਸਾਧਨਾ ਪਿੱਛੇ ਅੰਸ਼ ਤੋਂ ਅੰਸ਼ੀ ਤੱਕ ਪਹੁੰਚਣ ਦਾ ਸਿਧਾਂਤ ਕੰਮ ਕਰਦਾ ਹੈ। 'ਨਾਮ' ਤੋਂ ਭਾਵ ਹੈ ਉਹ ਸੰਗਿਆ ਜਿਸ ਰਾਹੀਂ ਕਿਸੇ ਵਸਤੂ, ਸਥਾਨ ਜਾਂ ਵਿਅਕਤੀ ਦਾ ਪ੍ਰੀਚੈ ਪ੍ਰਾਪਤ ਹੋਏ। ਸਾਧਾਰਨ ਅਰਥ ਵਿਚ ਇਸ ਦੀ ਵਰਤੋਂ ਕਿਸੇ ਵਸਤੂ ਆਦਿ ਦੇ ਗੁਣ, ਸੁਭਾਅ ਅਤੇ ਸਰੂਪ ਨੂੰ ਪ੍ਰਗਟ ਕਰਨ ਲਈ ਕੀਤੀ ਜਾਂਦੀ ਹੈ। ਇਸ ਬਿਰਤੀ ਅਧੀਨ ਪ੍ਰਮਾਤਮਾ ਦੇ ਕਈ ਨਾਮ ਰੱਖੇ ਗਏ ਹਨ।[49] ਆਮ ਤੌਰ 'ਤੇ ਨਾਮ ਸ਼ਬਦ ਕਿਸੇ ਜੀਵ, ਵਸਤੂ ਜਾਂ ਸਥਾਨ ਲਈ ਵਰਤਿਆ ਜਾਂਦਾ ਹੈ ਪ੍ਰੰਤੂ ਗੁਰਬਾਣੀ ਵਿਚ ਨਾਮ ਸ਼ਬਦ ਪਰਮਾਤਮਾ ਦਾ ਵਾਚਕ ਹੈ। ਪਰਮਾਤਮਾ ਦੇ ਕਰਮ ਅਤੇ ਗੁਣ ਨਾਮ, ਵਾਹਿਗੁਰੂ ਸਿਮਰਨ ਦੇ ਪ੍ਰਤੀਕ ਹਨ। ਪਰਮਾਤਮਾ ਦੇ ਬੇਅੰਤ ਗੁਣਾਂ ਦੀ ਉਸਤਤ ਸੰਸਾਰਕ ਜੀਵਾਂ ਲਈ ਨਾਮ ਸਿਮਰਨ ਬਣ ਜਾਂਦੀ ਹੈ। ਜਿਸ ਵਸਤੂ ਦਾ ਆਕਾਰ ਜਾਂ ਸ਼ਕਲ ਹੋਵੇ ਉਸ ਦਾ ਨਾਮ ਵੀ ਹੁੰਦਾ ਹੈ। ਪਰਮਾਤਮਾ, ਵਾਹਿਗੁਰੂ ਨਿਰਾਕਾਰ (ਨਿਰ+ਆਕਾਰ) ਹੈ, ਇਸ ਕਰਕੇ ਸੰਸਾਰਕ ਤੌਰ ਤੇ ਉਸ ਦਾ ਕੋਈ ਨਾਮ ਨਹੀਂ ਹੈ, ਪ੍ਰੰਤੂ ਇਨਸਾਨ ਨੇ ਉਸ ਨੂੰ ਸਿਮਰਨ ਵਾਸਤੇ ਉਸ ਦੇ ਇਲਾਹੀ ਗੁਣਾਂ ਅਤੇ ਕਰਮਾਂ ਅਨੁਸਾਰ ਨਾਮ ਰੱਖੇ ਹਨ। ਪਰਮਸਤਾ ਦੇ ਅਨੇਕਾਂ ਨਾਮ ਹਨ, ਅਨੇਕਾਂ ਰੂਪ ਹਨ ਜੋ ਬਿਆਨ ਨਹੀਂ ਕੀਤੇ ਜਾ ਸਕਦੇ।

ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥[50]

ਇਸੇ ਪ੍ਰਕਾਰ ਜਾਪੁ ਸਾਹਿਬ ਵਿਚ ਵੀ ਵਰਣਿਤ ਹੈ:-

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥
ਅਚਲ ਮੂਰਤਿ ਅਨਭਵ ਪ੍ਰਕਾਸ ਅਮਿਤੋਜ ਕਹਿਜੈ ॥

---

[49] ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਪੰਨਾ 1042

[50] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 358

ਕੋਟਿ ਇੰਦ੍ਰ ਇੰਦ੍ਰਾਣਿ ਸਾਹੁ ਸਾਹਾਣਿ ਗਣਿਜੈ ॥

ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ ॥

ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ ॥੧॥[51]

'ਵਾਹਿਗੁਰੂ' ਸ਼ਬਦ ਵਾਂਗ 'ਨਾਮ' ਸ਼ਬਦ ਦੀ ਵਰਤੋਂ ਵੀ ਪ੍ਰਿੰ. ਤੇਜਾ ਸਿੰਘ ਪਰਮ ਸੱਤਾ ਦੇ ਰੂਪ ਵਿਚ ਹੀ ਕਰਦੇ ਹਨ। ਉਨ੍ਹਾਂ ਦਾ ਮੱਤ ਹੈ ਕਿ ਨਾਮ ਕੇਵਲ ਵਾਹਿਗੁਰੂ ਦਾ ਲਖਾਇਕ ਹੀ ਨਹੀਂ ਬਲਕਿ ਉਸ ਪਰਮ ਸੱਤਾ ਲਈ ਵੀ ਵਰਤਿਆ ਗਿਆ ਹੈ। ਇਸ ਲਈ ਉਹ ਗੁਰਬਾਣੀ ਵਿਚੋਂ ਕੁਝ ਪੰਕਤੀਆਂ ਲੈਂਦੇ ਹਨ ਜਿਨ੍ਹਾਂ ਦਾ ਅਰਥ 'ਰੱਬ ਦਾ ਲਖਾਇਕ' ਹੀ ਬਣਦਾ ਹੈ।

ਨਾਮ ਕੇ ਧਾਰੇ ਸਗਲੇ ਜੰਤ ॥ (ਗਉੜੀ ਸੁਖਮਨੀ ਮਃ ੫ ਗੁਰੂ ਗ੍ਰੰਥ ਸਾਹਿਬ - ਪੰਨਾ ੨੮੪)

ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ ॥ (ਵਡਹੰਸ ਕੀ ਵਾਰ: ਮਃ ੪ ਗੁਰੂ ਗ੍ਰੰਥ ਸਾਹਿਬ - ਪੰਨਾ ੫੯੨)

ਦਰਸਨ ਨਾਮ ਕਉ ਮਨੁ ਆਛੈ ॥ (ਦੇਵਗੰਧਾਰੀ (ਮਃ ੫) ਗੁਰੂ ਗ੍ਰੰਥ ਸਾਹਿਬ - ਪੰਨਾ ੫੩੩)

ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥ (ਸਾਰੰਗ ਕੀ ਵਾਰ: (ਮਃ ੪) ਗੁਰੂ ਗ੍ਰੰਥ ਸਾਹਿਬ - ਪੰਨਾ ੧੨੪੨)

ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ ॥ (ਮਾਰੂ ਸੋਲਹੇ (ਮਃ ੫) ਗੁਰੂ ਗ੍ਰੰਥ ਸਾਹਿਬ - ਪੰਨਾ ੧੦੭੮

ਜਸ ਓਹੁ ਹੈ ਤਸ ਲਖੈ ਨ ਕੋਈ ॥ (ਭ. ਕਬੀਰ ਗੁਰੂ ਗ੍ਰੰਥ ਸਾਹਿਬ - ਪੰਨਾ ੩੪੦)

ਉਪਰੋਕਤ ਗੁਰਬਾਣੀ ਦੀਆਂ ਪੰਕਤੀਆਂ ਦੇ ਆਧਾਰ 'ਤੇ ਨਾਮ ਸ਼ਬਦ ਦੇ ਅਰਥ ਪਰਮਾਤਮਾ ਜਾਂ ਪਰਮ ਸੱਤਾ ਹੀ ਬਣਦਾ ਹੈ। ਉਹ ਨਾਮ ਕੀ ਹੈ? ਜੋ ਸਾਰੇ ਜੀਵ-ਜੰਤੂਆਂ ਨੂੰ, ਬ੍ਰਹਮੰਡ ਨੂੰ ਸਹਾਰਾ ਦੇ ਰਿਹਾ ਹੈ। ਜਾਂ ਨਾਮ ਜੋ ਮੈਲ ਰਹਿਤ ਹੈ ਸ਼ੁੱਧ ਸਰੂਪ ਹੈ ਉਹ ਨਾਲ ਕਿਵੇਂ ਹੈ? ਉਸ ਨੂੰ ਕਿਸ ਤਰ੍ਹਾਂ ਪ੍ਰਾਪਤ ਕੀਤਾ ਜਾਂਦਾ ਹੈ? ਇਸ ਤਰ੍ਹਾਂ ਇਹ ਸ਼ਬਦ ਜਿੱਥੇ ਨਾਮ ਸਿਮਰਨ ਨਾਲ ਸੰਬੰਧ ਰੱਖਦਾ ਹੈ ਉਥੇ ਪਰਮ ਸੱਤਾ ਦਾ ਵੀ ਲਖਾਇਕ ਹੈ। ਨਾਮ ਕਿਉਂਕਿ ਵਾਹਿਗੁਰੂ ਦਾ ਹੀ ਸਰੂਪ ਹੈ, ਇਸ ਲਈ ਪ੍ਰਿੰ. ਸਾਹਿਬ ਵਾਹਿਗੁਰੂ ਦੇ ਨਾਮ ਨੂੰ

[51] ਸ੍ਰੀ ਦਸਮ ਗ੍ਰੰਥ ਸਾਹਿਬ, ਪੰਨਾ 1

ਜਪਣ ਦੀ ਗੱਲ ਕਰਦੇ ਹੋਏ ਦਸਦੇ ਹਨ ਕਿ 'ਸ਼ੁਰੂ ਵਿਚ ਇਹ ਲਗਾਤਾਰ ਰਟਨ ਹੁੰਦਾ ਹੋਇਆ ਅਗਾਂਹ ਚੱਲ ਕੇ ਵਧੇਰੇ ਸੂਖਮ ਹੁੰਦਾ ਜਾਂਦਾ ਹੈ। ਨਾਮ ਦੇ ਆਧਾਰ 'ਤੇ ਭਗਤੀ ਕਰਦਾ ਹੋਇਆ ਮਨੁੱਖ ਨਿਯਮ, ਤਰਕ, ਬੋਧਿਕਤਾ, ਸ਼ਰਮ, ਕਰਮ ਦੇ ਖੰਡਾਂ ਵਿਚੋਂ ਲੰਘਦਾ ਹੈ।[52] ਨਾਮ ਜਪਣ ਦੀ ਮਹਿਮਾ ਬਾਰੇ ਪ੍ਰਿੰ ਸਾਹਿਬ ਗੁਰਬਾਣੀ ਦੇ ਹਵਾਲੇ ਨਾਲ ਆਸਾ ਦੀ ਵਾਰ ਵਿਚ ਦਸਦੇ ਹਨ 'ਜਦ ਮਨ ਕੀਰਤਨ, ਪਾਠ ਜਾਂ ਹੋਰ ਕਿਸੇ ਤਰ੍ਹਾਂ ਨਾਲ ਸਿਫ਼ਤ ਸਲਾਹ ਕਰਦਿਆਂ ਸੋਚਾਂ ਵਿਚਾਰਾਂ ਤੋਂ ਲੰਘ ਕੇ ਇਕ ਰੱਬ ਦੇ ਵਿਸਮਾਦ ਰੂਪ ਵਿਚ ਟਿਕ ਜਾਂਦਾ ਹੈ, ਤਾਂ ਕੁਝ ਚਿਰ ਲਈ ਮਨ ਵਿਚ ਇਕ ਸ਼ੁਕਰ ਦਾ ਫੁਰਨਾ ਰਹਿ ਜਾਂਦਾ ਹੈ, ਕਿ ਧੰਨ ਹੈ ਉਹ ਗੁਰੂ ਜਿਸ ਨੇ ਇਹੋ ਜਿਹੇ ਰੱਬ ਦਾ ਚਮਤਕਾਰਾ ਦੱਸਿਆ ਹੈ। ਉਸ ਵੇਲੇ ਆਪ ਮੁਹਾਰੇ ਮੂੰਹੋਂ 'ਵਾਹਿਗੁਰੂ ਵਾਹਿਗੁਰੂ' ਨਿਕਲਦਾ ਹੈ। ਅਸਲ ਵਿਚ ਇਹ ਮੋੜਵਾਂ ਸ਼ਬਦ ਗੁਰੂ ਤੋਂ (ਜੋ ਰੱਬ ਦਾ ਪਰਤੱਖ ਰੂਪ ਹੈ) ਬਲਿਹਾਰ ਜਾਣ ਦਾ ਵਾਚਕ ਹੈ। ਪਰ ਚੂੰਕਿ ਰੱਬ ਦੀ ਹਜ਼ੂਰੀ ਵਿਚ ਟਿਕਣ ਵੇਲੇ ਮੂੰਹੋਂ ਨਿਕਲਦਾ ਆਇਆ ਹੈ, ਇਸ ਲਈ ਰੱਬ ਲਈ ਵਰਤਿਆ ਜਾਂਦਾ ਹੈ।[53]

### 2.3 ਬਾਣੀ ਤੇ ਗੁਰੂ

ਸਿੱਖ ਧਰਮ ਵਿਚ 'ਗੁਰੂ' ਪਦ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਤੱਕ ਦਸ ਗੁਰੂ ਸਾਹਿਬਾਨ ਇਕ ਜੋਤ ਰੂਪ ਹਨ ਅਤੇ ਉਨ੍ਹਾਂ ਤੋਂ ਉਪਰੰਤ ਦਸਮ ਪਾਤਸ਼ਾਹ ਨੇ ਨਾਂਦੇੜ ਸਾਹਿਬ (ਹਜ਼ੂਰ ਸਾਹਿਬ) ਦੀ ਧਰਤੀ ਤੇ ਪੋਥੀ ਸਾਹਿਬ (ਗ੍ਰੰਥ ਸਾਹਿਬ) ਨੂੰ 'ਗੁਰੂ' ਦਾ ਦਰਜਾ ਦੇ ਕੇ ਸ਼ਬਦ ਨੂੰ ਗੁਰੂ ਰੂਪ ਵਿਚ ਉਜਾਗਰ ਕਰ ਦਿੱਤਾ ਅਤੇ ਕਿਹਾ

'ਸਭ ਸਿੱਖਨ ਕੋ ਬਚਨ ਹੈ ਗੁਰੂ ਮਾਨੀਅਹੁ ਗ੍ਰੰਥ।[54]

ਗੁਰੂ ਗੋਬਿੰਦ ਸਿੰਘ ਦੁਆਰਾ ਸਿੱਖਾਂ ਨੂੰ ਸ਼ਬਦ ਗੁਰੂ ਦੇ ਲੜ ਲਾ ਕੇ, ਸਿੱਖ ਧਰਮ ਵਿਚੋਂ ਦੇਹ ਪੂਜਾ ਦਾ ਹਮੇਸ਼ਾ-ਹਮੇਸ਼ਾ ਲਈ ਖਾਤਮਾ ਵੀ ਕਰ ਦਿੱਤਾ ਪਰ ਬਾਵਜੂਦ ਇਸਦੇ ਕੁਝ ਫ਼ਿਰਕੇ, ਜਿਵੇਂ ਨਾਮਧਾਰੀ,

---

[52] ਡਾ. ਰਵਿੰਦਰ ਸਿੰਘ ਸੰਧੂ, ਆਧੁਨਿਕ ਕਾਲ ਵਿਚ ਗੁਰਬਾਣੀ ਵਿਆਖਿਆ, ਪੰਨਾ 94

[53] ਪ੍ਰਿੰ. ਤੇਜਾ ਸਿੰਘ, ਉਪਰੋਕਤ ਵਰਣਿਤ, ਪੰਨਾ 21

[54] ਪ੍ਰੋ. ਪਿਆਰਾ ਸਿੰਘ ਪਦਮ, ਰਹਿਤਨਾਮੇ, ਪੰਨਾ 67

ਨਿਰੰਕਾਰੀ, ਰਾਧਾ ਸਵਾਮੀ ਸਿੱਖ ਧਰਮ ਦੀਆਂ ਸ਼ਾਖਾਵਾਂ ਹੋਣ ਦੇ ਬਾਵਜੂਦ ਵੀ ਦੇਹ ਪੂਜਾ ਨੂੰ ਪਹਿਲ ਦੇ ਰਹੇ ਹਨ। ਭਾਰਤੀ ਸੰਸਕ੍ਰਿਤੀ ਵਿਚ ਵੀ ਗੁਰੂ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਗੁਰੂ ਦਾ ਅਰਥ ਹੈ ਗਿਆਨ ਦੇਣ ਵਾਲਾ। ਜੋ ਅਗਿਆਨਤਾ ਦਾ ਅੰਧੇਰਾ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰਦਾ ਹੈ, ਉਹ ਗੁਰੂ ਹੈ।[55] ਗੁਰੂ ਉਹ ਹੈ ਜੋ ਅਧਿਆਤਮਕਤਾ ਦਾ ਗਿਆਨ ਕਰਵਾ ਦੇਵੇ। ਪ੍ਰਿੰਸੀਪਲ ਤੇਜਾ ਸਿੰਘ ਗੁਰੂ ਨੂੰ ਸਦੀਵੀ ਸੰਸਥਾ ਪ੍ਰਵਾਨ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਆਪ ਨੇ ਗੁਰੂ ਪ੍ਰਵਾਨ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਸਿਵਾ ਹੋਰ ਕੋਈ ਬਾਣੀ ਸਿੱਖ ਲਈ ਗੁਰੂ ਦਾ ਦਰਜਾ ਨਹੀਂ ਰੱਖਦੀ।[56] ਸਿੱਖ ਧਰਮ ਵਿਚ ਗੁਰੂ ਦਾ ਬੜਾ ਮਹਾਨ ਦਰਜਾ ਹੈ ਜਿਹੜਾ ਮਨੁੱਖ ਨੂੰ ਇਕ ਪਾਸੇ ਅਕਾਲ ਪੁਰਖ ਨਾਲ ਜੋੜਦਾ ਹੈ ਅਤੇ ਦੂਜੇ ਪਾਸੇ ਉਸ ਦੇ ਵਹਿਮਾਂ ਭਰਮਾਂ ਤੇ ਫੋਕਟ ਕਰਮਾਂ ਤੋਂ ਉਸ ਨੂੰ ਛੁਟਕਾਰਾ ਦਵਾ ਕੇ ਸਦਾਚਾਰਕ ਤੌਰ ਤੇ ਪ੍ਰਪੱਕ, ਧਾਰਮਿਕ ਤੌਰ ਤੇ ਪਵਿੱਤਰ ਅਤੇ ਸਮਾਜਿਕ ਤੌਰ ਤੇ ਮਰਿਆਦਾ-ਯੁਕਤ ਜੀਵਨ ਜੀਣ ਲਈ ਦ੍ਰਿੜ੍ਹ ਕਰਦਾ ਹੈ।[57]

ਪ੍ਰਿੰ. ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਨੂੰ ਹੀ ਗੁਰੂ ਰੂਪ ਪ੍ਰਵਾਨ ਕਰਦੇ ਹਨ ਪਰ ਉਨ੍ਹਾਂ ਦੁਆਰਾ The Holly Granth ਵਿਚ ਦਿੱਤੀ ਇਕ ਟੂਕ, ਉਨ੍ਹਾਂ ਦੀ ਅਤੇ ਸਿਖ ਪੰਥ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦੀ, ਇਥੇ ਉਹ ਹੋਰਨਾਂ ਮਤਾਂ ਦੇ ਭਗਤਾਂ ਦੀਆਂ ਬਾਣੀਆਂ ਨੂੰ ਗੁਰੂ ਰੂਪ ਵਿਚ ਪ੍ਰਵਾਨ ਨਹੀਂ ਕਰਦੇ ਬਲਕਿ ਇਹ ਕਹਿੰਦੇ ਹਨ ਕਿ ਇਹ ਬਾਣੀ ਗੁਰੂ ਜੀ ਨੇ ਤੁਲਨਾਤਮਕ ਅਧਿਐਨ ਲਈ ਅੰਕਿਤ ਕੀਤੀ ਹੈ।-

---

[55] ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 415

[56] ਡਾ. ਰਵਿੰਦਰ ਸਿੰਘ, ਉਪਰੋਕਤ ਵਰਣਿਤ, ਪੰਨਾ 94

[57] ਡਾ. ਸਰੂਪ ਸਿੰਘ ਅਲੱਗ, ਉਪਰੋਕਤ ਵਰਣਿਤ, ਪੰਨਾ 46

"My view is that these apparent contradication are not only consistent with the tolerent spirit of sikhisam but lend an additionnal charm to the Holly Granth wich includes them".[58]

ਇਸ ਟੂਕ ਤੋਂ ਇਲਾਵਾ ਹੋਰ ਕਿਤੇ ਵੀ ਉਨ੍ਹਾਂ ਦੀਆਂ ਗੁਰਮਤਿ ਲਿਖਤਾਂ, ਟੀਕਾਕਾਰੀ, ਵਿਆਖਿਆਕਾਰੀ ਵਿਚ ਐਸਾ ਪ੍ਰਤੀਤ ਨਹੀਂ ਹੁੰਦਾ ਕਿ ਗੁਰਮਤਿ ਦੇ ਬੁਨਿਆਦੀ ਸਿਧਾਂਤਾਂ ਨਾਲ ਛੇੜਛਾੜ ਕੀਤੀ ਹੋਵੇ। ਇਸ ਲਈ ਇਥੇ ਵੀ ਇਸ ਗੱਲ ਨੂੰ ਜ਼ਿਆਦਾ ਤਵੱਜੋਂ ਦੇਣ ਦੀ ਲੋੜ ਨਹੀਂ ਕਿਉਂਕਿ ਉਨ੍ਹਾਂ ਨੇ ਜੋ (The Holly Granth) ਦੀ ਭੂਮਿਕਾ ਲਿਖੀ ਸੀ, ਨੂੰ ਉਹ ਦੁਬਾਰਾ ਨਹੀਂ ਵੇਖ ਸਕੇ। ਬਾਵਜੂਦ ਇਸਦੇ ਉਹ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਰੂਪ ਹੀ ਮੰਨਦੇ ਹਨ।

## 2.4 ਸ੍ਰਿਸਟੀ

ਸ੍ਰਿਸ਼ਟੀ ਰਚਨਾ ਬਾਰੇ ਅਲੱਗ-ਅਲੱਗ ਮੱਤਾਂ ਦੇ ਅਲੱਗ-ਅਲੱਗ ਵਿਚਾਰ ਹਨ ਕਿ ਸ੍ਰਿਸ਼ਟੀ ਕਦੋਂ ਪੈਦਾ ਹੋਈ? ਕਿਵੇਂ ਪੈਦਾ ਹੋਈ? ਪੈਦਾ ਹੋਣ ਦਾ ਕਾਰਨ ਕੀ ਸੀ? ਆਦਿ। ਦੂਸਰਾ ਇਹ ਸ੍ਰਿਸ਼ਟੀ ਸੱਤ ਹੈ ਜਾਂ ਅਸੱਤ। ਇਸ ਬਾਰੇ ਵੀ ਅਨੇਕਾਂ ਮੱਤ ਹਨ। ਗੁਰਬਾਣੀ ਵਿਚ ਵੀ ਇਸ ਸੰਬੰਧ ਵਿਚ ਵਿਚਾਰ ਦ੍ਰਿਸ਼ਟੀ ਗੋਚਰ ਹੁੰਦੇ ਹਨ:-

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥[59] ਅਤੇ

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥[60]

ਵਾਹਿਗੁਰੂ ਦੀ ਹੋਂਦ ਕਰਕੇ ਸ੍ਰਿਸ਼ਟੀ ਸੱਚ ਰੂਪ ਹੈ, ਪਰ ਮਨੁੱਖੀ ਬਿਰਤੀ ਮੈਂ, ਮੇਰੀ ਕਾਰਨ ਇਹ ਜ਼ਹਿਰ ਰੂਪੀ ਹੋਈ ਪਈ ਹੈ। 'ਆਸ਼ਾ ਦੀ ਵਾਰ' ਟੀਕੇ ਵਿਚ ਲਿਖਦੇ ਹਨ 'ਉਹ ਸਤਿਨਾਮੁ ਹੈ। 'ਆਪ ਸਤਿ

[58] dr. Ratan Singh jaggi (edi.), Pri. Teja Singh (writer), The Holly Granth, introduction, page 17

[59] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463

[60] ਉਪਰੋਕਤ ਵਰਣਿਤ, ਪੰਨਾ 922

ਕੀਆ ਸਭੁ ਸਤਿ'। ਚੂੰਕਿ ਆਪ ਇਕ ਨਿਰੀ ਮਿਥੀ ਹੋਈ ਤਾਕਤ ਨਹੀਂ, ਸਗੋਂ ਇਕ ਹੋਂਦ ਵਾਲੀ ਹਸਤੀ ਹੈ, ਇਸ ਲਈ ਉਸ ਦੀ ਬਣਾਈ ਹੋਈ ਰਚਨਾ ਵੀ ਸੱਚੀਮੁੱਚੀ ਹੈ, ਕੋਈ ਨਿਰਾ ਵਹਿਮ ਜਾਂ ਮਾਇਆ ਦਾ ਪ੍ਰਛਾਵਾਂ ਨਹੀਂ।[61]

**2.5 ਹੁਕਮ**

ਹੁਕਮ ਜਾਂ ਰਜ਼ਾ ਦੋਵੇਂ ਫ਼ਾਰਸੀ ਭਾਸ਼ਾ ਦੇ ਸ਼ਬਦ ਹਨ। ਇਸ ਦਾ ਅਰਥ ਹੈ 'ਰੱਬੀ ਅਨੁਸ਼ਾਸਨ'। ਇਹ ਹਰ ਜੀਵ ਉੱਪਰ ਅਤੇ ਸਾਰੇ ਬ੍ਰਹਿਮੰਡ ਵਿਚ ਲਾਗੂ ਹੈ। ਇਸ ਦੀ ਉਲੰਘਣਾ ਕੋਈ ਨਹੀਂ ਕਰ ਸਕਦਾ। ਸਗੋਂ ਇਸ ਅਨੁਸਾਰੀ ਜੀਵਨ ਜਿਉਣ ਵਿਚ ਹੀ ਸਾਡਾ ਭਲਾ ਹੈ'।[62] ਪਰ ਡਾ. ਰਤਨ ਸਿੰਘ ਜੱਗੀ ਹੁਕਮ ਨੂੰ ਅਰਬੀ ਭਾਸ਼ਾ ਦਾ ਸ਼ਬਦ ਮੰਨਦੇ ਹੋਏ ਇਸ ਸ਼ਬਦ ਦੀ ਵਿਆਖਿਆ ਕਰਦੇ ਹੋਏ ਕਹਿੰਦੇ ਹਨ:- ਹੁਕਮ ਅਰਬੀ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਫੁਰਮਾਨ, ਆਗਿਆ, ਆਦੇਸ਼। ਅਗੇ ਹੋਰ ਵਿਸਥਾਰ ਕਰਦਿਆਂ ਦਸਦੇ ਹਨ- ਗੁਰਬਾਣੀ ਵਿਚ ਵਰਤੇ ਇਸ ਸ਼ਬਦ ਦੇ ਵਿਦਵਾਨਾਂ ਨੇ ਅਰਥ ਕਰਦੇ ਇਸ ਨੂੰ ਈਸ਼ਵਰੀ-ਇੱਛਾ, ਸ੍ਰਿਸ਼ਟੀ-ਵਿਧਾਨ, ਦੇਵੀ-ਵਿਧਾਨ ਆਦਿ ਕਿਹਾ ਹੈ।[63] ਜਪੁਜੀ ਵਿਚ 'ਹੁਕਮ' ਬਾਰੇ ਗੱਲ ਕਰਦਿਆਂ ਗੁਰੂ ਨਾਨਕ ਦੇਵ ਜੀ ਉਸ ਪਰਮਾਤਮਾ ਦੇ 'ਹੁਕਮ' ਨੂੰ ਸਦੀਵੀ ਅਟੱਲ ਮੰਨਦੇ ਹਨ ਅਤੇ ਕਹਿੰਦੇ ਹਨ ਕਿ ਉਸ ਪਰਮਾਤਮਾ ਦੇ ਹੁਕਮ ਵਿਚ ਹੀ ਭਾਵੇਂ ਸਾਰੇ ਆਕਾਰ ਸਾਕਾਰ ਹੋ ਰਹੇ ਹਨ ਪਰ ਉਹ ਹੁਕਮ ਕੀ ਹੈ? ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥[64]

ਗੁਰੂ ਜੀ ਅਨੁਸਾਰ ਹੁਕਮ ਅਕਥਨੀਯ ਹੈ ਭਾਵ ਕਥਨ ਤੋਂ ਰਹਿਤ ਹੈ, ਉਸ ਬਾਰੇ ਕੋਈ ਵੀ ਕਿਆਸਰਾਈਆਂ ਲਾਉਣੀਆਂ ਬੇਅਰਥ ਹੀ ਹਨ। ਸਗੋਂ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[65]

---

[61] ਪ੍ਰਿੰ. ਤੇਜਾ ਸਿੰਘ, ਉਪਰੋਕਤ ਵਰਣਿਤ, ਪੰਨਾ 22

[62] ਡਾ. ਗੁਰਸ਼ਰਨਜੀਤ ਸਿੰਘ, ਉਪਰੋਕਤ ਵਰਣਿਤ, ਪੰਨਾ 147

[63] ਡਾ. ਰਤਨ ਸਿੰਘ ਜੱਗੀ, ਉਪਰੋਕਤ ਵਰਣਿਤ, ਪੰਨਾ 1357

[64] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1

ਹੀ ਬਣ ਆਉਂਦਾ ਹੈ। ਹੁਕਮ, ਰਜ਼ਾ ਤੇ ਭਾਣਾ ਇਹ ਤਿੰਨੇ ਪਰਮਾਤਮਾ ਦੇ ਨਾਲ ਹੀ ਸੰਬੰਧ ਰਖਦੇ ਹਨ। ਇਨ੍ਹਾਂ ਦੀ ਸੋਝੀ ਗੁਰਸਿੱਖ ਨੂੰ ਨਾਮ ਬਾਣੀ ਦੇ ਅਭਿਆਸ ਕਰਨ ਨਾਲ ਹੀ ਆਉਂਦੀ ਹੈ। ਰਜਾ ਤੋਂ ਭਾਵ, ਜੋ ਉਸ ਵਾਹਿਗੁਰੂ ਦੀ ਮਰਜ਼ੀ ਹੈ। ਉਸ ਵਾਹਿਗੁਰੂ ਦੀ ਮਰਜ਼ੀ ਅਨੁਸਾਰ ਹੀ ਸਾਰਾ ਕੁਝ ਹੁੰਦਾ ਹੈ। ਤੇ ਰਜਾ ਵਿਚ ਜੋ ਕਰਨ ਦਾ ਆਦੇਸ਼ ਹੁੰਦਾ ਹੈ ਇਹ ਹੀ ਉਸ ਪਰਮ ਸੱਤਾ ਦਾ ਹੁਕਮ ਹੈ। ਹੁਕਮ ਅਟੱਲ ਹੈ। ਉਸ ਦੇ ਹੁਕਮ ਤੋਂ ਬਾਹਰ ਕੁਝ ਵੀ ਨਹੀਂ ਹੈ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥[66]

ਸਾਰੇ ਜੀਵ-ਜੰਤੂ ਉਸ ਦੇ ਹੁਕਮ ਵਿਚ ਹੀ ਹੈ, ਉਸ ਤੋਂ ਬਾਹਰ ਕੋਈ ਨਹੀਂ ਹੈ। ਜੇਕਰ ਓਸ ਦੇ ਹੁਕਮ ਨੂੰ ਜਾਣ ਲਿਆ ਜਾਵੇ ਤਾਂ ਫਿਰ ਹਉਮੈ ਦੀ ਗਲ ਨਹੀਂ ਰਹਿਗੀ।

ਇਸ ਲਈ ਪ੍ਰਿੰ. ਤੇਜਾ ਸਿੰਘ ਉਸ ਪ੍ਰਮਾਤਮਾ ਦੀ ਰਜ਼ਾ/ਹੁਕਮ ਵਿਚ ਚੱਲਣ ਨੂੰ ਹੀ ਕਹਿੰਦੇ ਹਨ। ਉਨ੍ਹਾਂ ਦਾ ਮੱਤ ਹੈ ਕਿ ਮਨੁੱਖ ਦਾ ਸੰਵਰਨਾ ਜਾਂ ਵਿਗੜਨਾ ਇਸ ਗੱਲ ਦੇ ਸਮਝਣ ਜਾਂ ਨਾ ਸਮਝਣ ਵਿਚ ਹੈ ਕਿ ਇਹ ਸੰਸਾਰ ਜੋ ਅਸੀਂ ਦੇਖ ਰਹੇ ਹਾਂ, ਆਪੇ ਚਲ ਰਿਹਾ ਹੈ ਜਾਂ ਇਸ ਨੂੰ ਚਲਾਉਣ ਵਾਲਾ ਇਕ ਭੰਨਣ-ਘੜਨ-ਸਮਰਥ ਮਾਲਕ ਹੈ, ਜੋ ਵਿਚ ਹੋ ਕੇ ਆਪਣਾ ਹੁਕਮ ਵਰਤਾ ਰਿਹਾ ਹੈ। ਸਭ ਕੁਝ ਉਸ ਵਾਹਿਗੁਰੂ ਦੇ ਹੱਥ ਵਿਚ ਹੈ 'ਵਾਹਿਗੁਰੂ ਇਸ ਜਗਤ ਵਿਚ ਨਿਰੀ ਇਕ ਕੁਦਰਤੀ ਤਾਕਤ ਵਾਕਰ ਨਹੀਂ ਪਸਰਿਆ ਹੋਇਆ, ਸਗੋਂ ਇਕ ਸੁਤੰਤਰ ਮਰਜ਼ੀ ਵਾਲਾ ਸਖ਼ਸ਼ੀਅਤ ਵਾਕਰ ਮਾਲਕ ਹੋ ਕੇ ਵਰਤ ਰਿਹਾ ਹੈ। ਮਨੁੱਖ ਦਾ ਵਿਗੜਨਾ ਸੰਵਰਨਾ, ਮੁਕਤ ਜਾਂ ਨਾਸ ਹੋਣਾ ਵਾਹਿਗੁਰੂ ਦੇ ਹੱਥ ਹੈ।[67] ਪ੍ਰਿੰ. ਸਾਹਿਬ ਕੁਦਰਤ ਨੂੰ ਹੀ ਪ੍ਰਮਾਤਮਾ ਦਾ ਰੂਪ ਮੰਨਦੇ ਹਨ ਪਰ ਉਹ ਨਾਲ ਇਹ ਵੀ ਕਹਿੰਦੇ ਹਨ ਕਿ ਕੁਦਰਤ ਤੋਂ ਇਲਾਵਾ ਵੀ ਉਹ ਸੁਤੰਤਰ ਹਸਤੀ ਵਾਲਾ ਹੈ 'ਇਹ ਮਰਯਾਦਾ ਨੂੰ 'ਕੁਦਰਤ' ਆਖਿਆ ਹੈ। ਇਹ ਕੁਦਰਤ ਰੱਬ ਤੋਂ ਵੱਖਰੀ

---

[65] ਉਪਰੋਕਤ ਵਰਣਿਤ, ਪੰਨਾ 1

[66] ਉਪਰੋਕਤ ਵਰਣਿਤ, ਪੰਨਾ 1

[67] ਪ੍ਰਿੰ. ਤੇਜਾ ਸਿੰਘ, ਉਪਰੋਕਤ ਵਰਣਿਤ, ਪੰਨਾ 26

ਨਹੀਂ, ਸਗੋਂ ਉਸ ਦੀ ਆਪਣੀ ਰਜ਼ਾ ਦਾ ਪ੍ਰਤੱਖ ਰੂਪ ਹੈ। ਉਸ ਦਾ ਕਾਦਰ ਅਤੇ ਕਰਤਾ ਹੈ। ਕੁਦਰਤ ਦੇ ਨੇਮ ਸਾਇੰਸਦਾਨਾਂ ਨੇ ਨਹੀਂ ਬਣਾਏ, ਸਗੋਂ ਰੱਬ ਦੀ ਰਜ਼ਾ ਦੇ ਵਹਿਣਾਂ ਦਾ ਨਾਂ ਕੁਦਰਤ ਦੇ ਨੇਮ ਹੈ। ਪਾਣੀ ਨਿਵਾਣ ਵੱਲ ਵਹਿੰਦਾ ਹੈ। ਇਹ ਨੇਮ ਸਾਇੰਸ ਦੇ ਖੋਜੀਆਂ ਨੇ ਨਹੀਂ ਬਣਾਇਆ, ਸਗੋਂ ਕਰਤਾਰ ਨੂੰ ਇਉਂ ਭਾਉਂਦਾ ਹੈ ਕਿ ਪਾਣੀ ਇਉਂ ਹੀ ਵਹੇ। ਇਹੋ ਜਿਹੇ ਨੇਮ ਅੰਨ੍ਹੇ-ਵਾਹ ਹੋ ਕੇ ਕੰਮ ਨਹੀਂ ਕਰਦੇ, ਸਗੋਂ ਸਮਝ ਬੂਝ ਕੇ ਵਰਤੀਜ ਰਹੇ ਹਨ।[68] ਗੁਰਮਤਿ ਦ੍ਰਿਸਟੀਕੋਣ ਤੋਂ ਹੁਕਮ ਸ਼ਬਦ ਆਪਣੇ ਆਪ ਵਿਚ ਬਹੁਤ ਵਡਾ ਹੈ ਕਿਉਂਕਿ ਇਸ ਸ਼ਬਦ ਰਾਹੀਂ ਪਰਮਾਤਮਾ ਦੀ ਅਪਾਰ ਸ਼ਕਤੀ ਅਗੇ ਆਪਣੇ ਆਪ ਨੂੰ ਸਮਰਪਿਤ ਕਰਨ ਦੀ ਭਾਵਨਾ ਨਿਹਿਤ ਹੈ। ਉਹ ਮਾਲਕ ਵੱਡਾ ਹੈ, ਉਸ ਦਾ ਹੁਕਮ ਅਟੱਲ ਹੈ, ਜੋ ਟਾਲਿਆ ਨਹੀਂ ਜਾ ਸਕਦਾ, ਇਸ ਲਈ ਉਸ ਦੀ ਰਜ਼ਾ ਵਿਚ ਚੱਲਣਾ ਹੀ ਮੁਨਾਸਿਫ਼ ਹੈ ਪਰ ਮਨੁੱਖੀ ਹਉਮੈ ਉਸ ਪ੍ਰਮਾਤਮਾ ਦੇ ਹੁਕਮ ਤੋਂ ਮੁਨਕਰ ਵੀ ਹੋ ਰਹੀ ਹੈ। ਹੁਕਮ ਬਾਰੇ ਸੋਝੀ ਸਾਨੂੰ ਬਾਣੀ ਦਿੰਦੀ ਹੈ। ਹੁਕਮ ਗੁਰੂ ਦੀ ਕਰਨੀ ਵਿਚ ਵਿਦਮਾਨ ਹੁੰਦਾ ਹੈ ਤੇ ਭਗਤੀ ਨਾਲ ਦ੍ਰਿੜ੍ਹ ਹੁੰਦਾ ਹੈ। ਸਿੱਖ ਦਾ ਜੀਵਨ ਹੁਕਮ ਨਾਲ ਬੱਝਿਆ ਹੋਇਆ ਹੈ।[69]

### 2.6 ਹਉਮੈ

'ਹਉ' ਦਾ ਭਾਵ 'ਮੈਂ' ਹੈ। ਮੈਂ (I-ness) ਮਨੁੱਖ ਦੇ ਸਾਰੇ ਬੰਧਨਾਂ ਦਾ ਮੁੱਖ ਕਾਰਨ ਹੈ। ਇਹ ਐਸੀ ਬਿਰਤੀ ਜੋ ਮਨੁੱਖ ਵਿਚ ਸਵਾਰਥ ਵਧਾਉਣ ਦੇ ਨਾਲ ਉਸ ਨੂੰ ਇਸ ਖੁਸ਼ਫਹਿਮੀ ਵਿਚ ਰੱਖਦੀ ਹੈ ਕਿ ਉਹ ਬਹੁਤ ਸਮਰੱਥ ਭਾਵ ਤਾਕਤਵਰ ਹੈ।[70] 'ਹਉਮੈ' ਸੰਸਕ੍ਰਿਤ ਦੇ 'ਅਹੰਕਾਰ' ਸ਼ਬਦ ਦੇ ਭਾਵ ਦਾ ਸੂਚਕ ਪੰਜਾਬੀ ਰੂਪਾਂਤਰ ਹੈ। ਇਸ ਨੂੰ ਸੰਸਕ੍ਰਿਤ ਦੇ 'ਅਹੰਮਤਿ' ਦਾ ਤਦਭਵ ਰੂਪ ਵੀ ਮੰਨਿਆ ਜਾਂਦਾ ਹੈ। ਇਹ 'ਹਉਂ' ਅਤੇ 'ਮੈਂ' ਦਾ ਸੰਯੁਕਤ ਜਾਂ ਸਮਸਤ ਸ਼ਬਦ ਹੈ।[71]

---

[68] ਪ੍ਰਿੰ. ਤੇਜਾ ਸਿੰਘ, ਉਪਰੋਕਤ ਵਰਣਿਤ, ਪੰਨਾ 32,

[69] ਡਾ. ਰਵਿੰਦਰ ਸਿੰਘ ਸੰਧੂ, ਉਪਰੋਕਤ ਵਰਣਿਤ, ਪੰਨਾ 95

[70] ਡਾ. ਗੁਰਸ਼ਰਨਜੀਤ ਸਿੰਘ, ਉਪਰੋਕਤ ਵਰਣਿਤ, ਪੰਨਾ 50

[71] ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 388

ਮੈਂ ਮੈਂ ਮੇਰੀ ਤੋਂ ਪੈਦਾ ਹੋਈ ਅਤੇ ਪਰਮਾਤਮਾ ਤੋਂ ਦੂਰ ਕਰਨ ਵਾਲੀ ਉਹ ਬਿਰਤੀ ਜੋ ਮਨੁੱਖ ਨੂੰ ਆਪਣੇ ਆਪੇ ਤੋਂ ਦੂਰ, ਦੁਨੀਆ ਦੇ ਉਨ੍ਹਾਂ ਮੰਡਲਾਂ ਵਿਚ ਲੈ ਜਾਂਦੀ ਹੈ ਜਿਥੇ ਜਾ ਕੇ ਉਹ ਆਪਣੇ ਆਪ ਨੂੰ ਸਭ ਤੋਂ ਵਡਾ 'ਤੇ ਦੂਜਿਆਂ ਨੂੰ ਛੋਟਾ ਸਿੱਧ ਕਰਦਾ ਹੈ, ਉਹ ਹਉਮੈ ਹੈ। ਗੁਰਬਾਣੀ ਵਿਚ ਇਸ ਨੂੰ ਰੋਗ ਵੀ ਕਿਹਾ ਤੇ ਦਾਰੂ ਵੀ ਕਿਹਾ ਹੈ। ਹਉਮੈ ਕਰਕੇ ਹੀ ਜੀਵ ਵਾਰ-ਵਾਰ ਜੂਨਾਂ ਵਿਚ ਪੈਂਦਾ ਹੈ। ਗੁਰਬਾਣੀ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਇਸ ਤੋਂ ਬਚਣ ਦਾ ਰਾਹ ਵੀ ਇਸੇ ਵਿਚ ਹੀ ਹੈ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥[72]

ਉਹ ਰੋਗ ਕਿਹੜਾ ਹੈ? ਦਾਰੂ ਕਿਹੜੀ ਹੈ? ਇਹ ਵਡਾ ਰੋਗ ਹੈ ਪਰ ਗੁਰੂ ਦੇ ਸ਼ਬਦ ਨੂੰ ਅੰਤਰ ਹਿਰਦੇ ਵਿਚ ਵਸਾਉਣ ਨਾਲ ਇਹ ਰੋਗ ਦੂਰ ਵੀ ਹੋ ਜਾਂਦਾ ਹੈ, ਹਉਮੈ ਦੀ ਕੰਧ ਟੁੱਟ ਜਾਂਦੀ ਹੈ। ਆਸਾ ਦੀ ਵਾਰ ਵਿਚ ਗੁਰੂ ਸਾਹਿਬ ਦਸਦੇ ਹਨ:-

ਹਉਮੈ ਬੂਝੈ ਤਾ ਦਰੁ ਸੂਝੈ ॥[73]

ਜੇਕਰ ਹਉਮੈ ਬਾਰੇ ਜਾਣ ਲਈਏ ਕਿ ਕਿਸ ਗੱਲ ਦੀ ਹਉਮੈ ਕਰੀ ਹੈ? ਇਸ ਜਾਨਣ ਨਾਲ ਹੀ ਗੁਰੂ ਦੇ ਦਰ ਘਰ ਦਾ ਪਤਾ ਲਗ ਸਕਦਾ ਹੈ ਪਰ ਇਸ ਗਿਆਨ ਤੋਂ ਹੀਣਾ ਮਨੁੱਖ ਤਾਂ ਖ਼ਰਾਬ ਹੀ ਹੋ ਰਿਹਾ ਹੈ। ਪ੍ਰਿੰ. ਸਾਹਿਬ ਇਸ ਬਾਰੇ 'ਆਸਾ ਦੀ ਵਾਰ' ਟੀਕੇ ਵਿਚ ਬਹੁਤ ਹੀ ਵਿਸਥਾਰ ਸਹਿਤ ਵਿਆਖਿਆ ਕਰਦੇ ਹਨ, ਕਿ ਹਉਮੈ ਕਿੰਨੇ ਪ੍ਰਕਾਰ ਦੀ ਹੈ? ਹਉਮੈ ਕਿਸ ਪ੍ਰਕਾਰ ਮਨੁੱਖ ਨੂੰ ਆਪਣੀ ਗ੍ਰਿਫ਼ਤ ਵਿਚ ਲੈਂਦੀ ਹੈ? ਉਹ ਦਸਦੇ ਹਨ-

'ਹਉਮੈ ਕਈ ਤਰ੍ਹਾਂ ਦੀ ਹੁੰਦੀ ਹੈ ਧਾਰਮਿਕ, ਇਖ਼ਲਾਕੀ, ਵਿੱਦਿਅਕ, ਕਰਮ ਕਾਂਡ ਤੇ ਭੇਖ ਵਾਲੀ, ਸਾਧਾਰਨ (ਰੁਪਏ ਪੈਸੇ, ਰੂਪ ਰੰਗ ਦੀ), ਉਚ-ਨੀਚ ਪਦਵੀ ਦੀ, ਜਾਤ ਪਾਤ ਅਤੇ ਇਹਦੇ ਨਾਲ ਸੰਬੰਧਤ ਭਰਮ ਰੂਪ ਕਰਮਾ (ਜਨੇਊ, ਸੁਚ-ਭਿਟ, ਸੂਤਕ ਆਦਿ) ਦੀ, ਅਤੇ ਲਿੰਗ ਵਚਨ ਦੀ।[74] ਸਭ ਤੋਂ ਪਹਿਲਾਂ

[72] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 466

[73] ਉਪਰੋਕਤ ਵਰਣਿਤ, ਪੰਨਾ 466

[74] ਪ੍ਰਿੰ. ਤੇਜਾ ਸਿੰਘ, ਉਪਰੋਕਤ ਵਰਣਿਤ, ਪੰਨਾ 44

ਧਾਰਮਿਕ ਹਉਮੈ ਦੀ ਗੱਲ ਕਰਦੇ ਹਨ ਕਿ ਧਾਰਮਿਕ ਹਉਮੈ ਉਹ ਹੈ, ਜੋ ਸੱਚੇ ਨਾਮ ਨੂੰ ਛੱਡ ਕੇ ਆਪਣੇ ਆਪਣੇ ਫ਼ਿਰਕੇ, ਮਜ਼ਹਬ, ਧਰਮ ਦੀ ਵਡੱਪਣ ਵਿਚ ਫਸੇ ਹੋਏ ਧਾਰਮਿਕ ਲੋਕ, ਜੋ ਦੂਸਰਿਆਂ ਧਰਮਾਂ ਅਤੇ ਜਾਤੀ ਦੇ ਲੋਕਾਂ ਨੂੰ ਆਪਣੇ ਤੋਂ ਨੀਵਾਂ ਸਮਝਦੇ ਹਨ, ਪ੍ਰਿੰ. ਸਾਹਿਬ ਇਸ ਗਲ ਦੀ ਨਿਖੇਧੀ ਕਰਦੇ ਹਨ ਅਤੇ ਇਸ ਹਉਮੈ ਤੋਂ ਬਚਣ ਲਈ ਗੁਰਵਾਕ ਅਨੁਸਾਰ ਦਸਦੇ ਹਨ 'ਇਸ ਦਾ ਇਲਾਜ ਇਹ ਹੈ ਕਿ ਮਨੁੱਖ ਸਭ ਧਰਮਾਂ ਦੇ ਅਸਲੀ ਮੂਲ 'ਸਚਨਾਮ' ਦਾ ਆਸਰਾ ਲਵੇ (ਸਗਲ ਮਤਾਂਤ ਕੇਵਲ ਹਰਿਨਾਮ) ਅਤੇ 'ਗੁਣਵੰਤੇ' ਜਿਸ ਮਜ੍ਹਬ ਵਿਚ ਵੀ ਮਿਲਣ, ਉਨ੍ਹਾਂ ਦੀ ਪਛਾਰੁ ਹੋ ਰਹੇ।[75] ਅਗੇ ਦਸਦੇ ਹਨ ਕਿ ਇਕ ਵਾਹਿਗੁਰੂ ਹੀ ਹੈ, ਜੋ ਹਉਮੈ ਤੋਂ ਬਚਾ ਸਕਦਾ ਹੈ। ਪਰ ਉਹ ਨਾਲ ਹੀ ਹਉਮੈ ਨੂੰ ਵੀ ਵਾਹਿਗੁਰੂ ਦਾ ਹੀ ਲਖਾਇਕ ਮੰਨਦੇ ਹਨ। ਸੰਸਾਰ ਤੇ ਜੋ ਵੀ ਚੰਗਾ ਮਾੜਾ ਕੰਮ ਹੋ ਰਿਹਾ ਹੈ, ਉਹ ਉਸ ਵਾਹਿਗੁਰੂ ਦੇ ਹੁਕਮ ਵਿਚ ਹੀ ਹੋ ਰਿਹਾ ਹੈ। ਮਨੁੱਖੀ ਹਉਮੈ ਜੀਵਨ ਵਿਚ ਪ੍ਰਗਟ ਕਈ ਤਰ੍ਹਾਂ ਹੁੰਦੀ ਹੈ, ਪਰ ਅਸਲੋਂ ਇਹ ਵੀ ਵਾਹਿਗੁਰੂ ਦੇ ਹੁਕਮ ਨਾਲ ਹੀ ਕੰਮ ਕਰਦੀ ਹੈ। ਹੁਕਮ ਅਨੁਸਾਰ ਹੀ ਉਪਜਦੀ ਹੈ। ਇਸ ਦੀ ਕੋਈ ਹਸਤੀ ਨਹੀਂ ਜਿਵੇਂ ਮਾਇਆ ਦੀ ਮੰਨੀ ਜਾਂਦੀ ਹੈ। ਇਹ ਭੁੱਲ ਹੈ। ਅਗਿਆਨਤਾ ਹੈ। ਪਰ ਹੈ ਹੁਕਮ ਵਿਚ ਹੀ। ਹਉਮੈ ਰੋਗ ਵੀ ਹੈ, ਦਾਰੂ ਵੀ ਹੈ। ਹਉਮੈ ਤੋਂ ਬਿਨਾਂ ਮਨੁੱਖੀ ਸਖਸ਼ੀਅਤ ਚੰਗੀ ਨਹੀਂ ਬਣ ਸਕਦੀ।[76]

ਗੁਰਬਾਣੀ ਅਨੁਸਾਰ ਮਨੁੱਖ ਨੂੰ ਪੰਜ ਚੋਰਾਂ (ਕਾਮ, ਕਰੋਧ, ਲੋਭ, ਮੋਹ, ਅਹੰਕਾਰ) ਨੇ ਘੇਰਿਆ ਹੋਇਆ ਹੈ। ਕੋਈ ਗੁਰਮੁਖ ਹੀ ਇਨ੍ਹਾਂ ਦੀ ਮਾਰ ਤੋਂ ਬਚ ਸਕਿਆ। ਗੁਰਬਾਣੀ ਵਿਚ ਇਨ੍ਹਾਂ ਨੂੰ ਵਸ ਕਰਨ ਦੀ ਗਲ ਕੀਤੀ ਗਈ ਹੈ ਖ਼ਤਮ ਕਰਨ ਦੀ ਨਹੀਂ। ਕਈ ਮਨੁੱਖ ਹਉਮੈ ਦੇ ਬੁਰੇ ਅਸਰ ਤੋਂ ਬਚਣ ਲਈ ਹਉਂ ਜਾਂ ਅਪਣੱਤ ਦੇ ਭਾਵ ਨੂੰ ਹੀ ਮਿਟਾਉਣ ਦਾ ਜਤਨ ਕਰਦੇ ਹਨ। ਇਉਂ ਕਰਨ ਨਾਲ ਬੁਰਾਈ ਤਾਂ ਅਸੰਭਵ ਹੋ ਸਕਦੀ ਹੈ, ਪਰ ਨਾਲ ਹੀ ਨੇਕੀ ਵੀ ਅਸੰਭਵ ਹੋ ਜਾਂਦੀ ਹੈ, ਕਿਉਂਕਿ ਅਸਲ ਵਿਚ ਇਹ ਅਪਣੱਤ ਦਾ ਭਾਵ ਹੀ ਹੈ ਜਿਸ ਕਰਕੇ ਮਨੁੱਖ ਸੱਚਾ ਜਾਂ ਕੂੜਾ ਹੁੰਦਾ ਅਤੇ ਪਾਪ ਪੁੰਨ ਦੀ ਵਿਚਾਰ ਕਰਦਾ ਹੈ, ਸਗੋਂ ਰੱਬ ਦੇ ਦਰ ਦੀ ਸੋਝੀ ਵੀ ਆਪੇ ਦੀ ਸੋਝੀ ਉੱਤੇ ਨਿਰਭਰ ਹੈ। ਇਸੇ ਅਪਣੱਤ ਦੇ ਭਾਵ ਨਾਲ ਮਨੁੱਖ ਦੀ ਆਪਣੀ ਜਾਤਿ

---

[75] ਉਪਰੋਕਤ ਵਰਣਿਤ, ਪੰਨਾ 45

[76] ਡਾ. ਤਾਰਨ ਸਿੰਘ, ਉਪਰੋਕਤ ਵਰਣਿਤ, ਪੰਨਾ 347

ਜਾਂ ਸ਼ਖ਼ਸੀਅਤ ਬਣਦੀ ਹੈ ਤੇ ਉਹ ਕਈ ਤਰ੍ਹਾਂ ਦੇ ਕੰਮਾਂ ਵਿਚ ਰੁਝਦਾ ਹੈ, ਨਹੀਂ ਤਾਂ ਜੇਕਰ ਆਪਣੀ ਵੱਖਰੀ ਹੋਂਦ ਦਾ ਭਾਵ ਹੀ ਮੇਟ ਦੇਈਏ ਤਾਂ ਸਾਡੇ ਵਿਚ ਕਿਸੇ ਕੰਮ ਦੇ ਕਰਨ ਲਈ ਰੁਚੀ ਜਾ ਉਤਸ਼ਾਹ ਹੀ ਨਾ ਰਹੇ। ਇਹ ਹਉਂ ਦੀ ਚੇਤਨਤਾ ਹੀ ਸਾਡੇ ਆਚਰਣ ਦੀ ਨੀਂਹ ਹੈ। ਹਉਂ ਦਾ ਭਾਵ ਕਿੱਥੋਂ ਪੈਦਾ ਹੁੰਦਾ ਹੈ? 'ਹਉਮੈ ਏਹੋ ਹੁਕਮ ਹੈ'। ਇਹ ਵਾਹਿਗੁਰੂ ਦਾ ਹੁਕਮ ਹੀ ਹੈ, ਜੋ ਸਾਡੇ ਅੰਦਰ ਵਰਤ ਕੇ ਹਉਂ ਦਾ ਭਾਵ ਪੈਦਾ ਕਰਦਾ ਹੈ ਤੇ ਸਾਨੂੰ ਆਵਾਗਉਣ ਦੇ ਗੇੜੇ ਕਢਾਂਦਾ ਹੈ। ਇਸ ਲਈ ਇਹ ਹਉਂ ਇਕ ਵੱਡਾ ਰੋਗ ਹੈ, ਪਰ ਦਾਰੂ ਵੀ ਇਸੇ ਵਿਚ ਰੱਖਿਆ ਹੋਇਆ ਹੈ; ਕਿਉਂਕਿ ਇਸੇ ਹਉਂ ਦੇ ਭਾਵ ਨੂੰ ਜਦ ਵਾਹਿਗੁਰੂ ਦੀ ਰਜਾ ਦੇ ਅਨੁਕੂਲ ਕਰ ਦਈਏ, ਤਾਂ ਇਸੇ ਹੀ ਰਾਹੀਂ ਪਾਪਾਂ ਵੱਲੋਂ ਮੋੜਾ ਖਾ ਕੇ ਚੰਗੇ ਕੰਮਾਂ ਵਿਚ ਜੁਟ ਜਾਈਦਾ ਹੈ। ਵਿਗੜੀ ਹੋਈ ਹਉਮੈ ਵਾਲਾ ਮਨੁੱਖ ਹੈਂਕੜ ਵਿਚ ਆ ਕੇ ਕੋਈ ਅਪਰਾਧ ਕਰ ਬੈਠਦਾ ਹੈ, ਪਰ ਜੇ ਓਹੀ ਰੱਬ ਦੀ ਰਜ਼ਾ ਨੂੰ ਮੰਨਣ ਵਾਲਾ ਹੋ ਜਾਵੇ, ਤਾਂ ਉਸ ਦੀ ਹਉਂ ਕਈ ਅਪਰਾਧਾਂ ਤੋਂ ਬਚਾਉਂਦੀ ਹੈ। ਜਿਵੇਂ ਇਕ ਪੜ੍ਹਿਆ ਹੋਇਆ ਹੋ ਕੇ ਇਹ ਮੰਦਾ ਕੰਮ ਕਿਉਂ ਕਰਾਂ? ਜਾਂ ਖਾਨਦਾਨੀ ਆਦਮੀ ਕਹੇ ਕਿ ਮੈਂ ਨਲੂਏ ਬਹਾਦਰ ਦੇ ਘਰਾਣੇ ਵਿਚ ਹੋ ਕਿ ਕਾਇਰਤਾ ਕਿਉਂ ਕਰਾਂ? ਜਾਂ ਇਕ ਸਿੱਖ ਕਹੇ ਕਿ ਮੈਂ ਨਿਥਾਂਵਿਆਂ ਦੇ ਥਾਂ ਗੁਰੂ ਦਾ ਸਿੱਖ ਹੋ ਕੇ ਗਰੀਬ ਮਾਰ ਕਿਉਂ ਕਰਾਂ? ਇਨ੍ਹਾਂ ਤਿੰਨਾਂ ਉਦਾਹਰਨਾਂ ਵਿਚ ਪਾਪਾਂ ਤੋਂ ਬਚਾਉਣ ਵਾਲਾ ਭਾਵ ਵਿਦਿਅਕ, ਖਾਨਦਾਨੀ ਅਤੇ ਧਾਰਮਿਕ ਹਉਂ ਜਾਂ ਅਪਣੱਤ ਹੈ, ਜੋ ਕਿਸੇ ਹੋਰ ਹਾਲਾਤ ਵਿਚ ਪਾਪ ਵੀ ਕਰਾ ਸਕਦੀ ਹੈ।[77] ਆਸਾ ਦੀ ਵਾਰ ਵਿਚ ਛੇਵੀਂ ਪਉੜੀ ਦਾ ਭਾਵ-ਅਰਥ ਦਸਦਿਆਂ ਹੋਇਆਂ ਕਹਿੰਦੇ ਹਨ ਕਿ ਹਉਮੈ ਕਈ ਤਰ੍ਹਾਂ ਦੀ ਹੁੰਦੀ ਹੈ 'ਸਭ ਤੋਂ ਵਧੀਕ ਖ਼ਤਰਨਾਕ ਧਾਰਮਿਕ ਹਉਮੈ ਹੈ, ਜਿਸ ਵਿਚ ਪੈ ਕੇ ਮਨੁੱਖ ਵੱਡੇ ਵੱਡੇ ਘੋਰ ਅਪਰਾਧ ਕਰਦਾ ਹੈ। ਇਹ ਬਹੁਤ ਖ਼ਤਰਨਾਕ ਇਸ ਲਈ ਹੈ ਕਿ ਇਸ ਹਉਮੈ ਵਾਲਾ ਮਨੁੱਖ ਦਿਲ ਵਿਚ ਭਾਵ ਚੰਗਾ ਰੱਖਦਾ ਹੈ। ਉਸ ਨੂੰ ਪਤਾ ਵੀ ਨਹੀਂ ਹੁੰਦਾ ਕਿ ਮੈਂ ਕੋਈ ਪਾਪ ਕਰ ਰਿਹਾ ਹਾਂ। ਧਰਮ ਦੇ ਨਾਂ ਉੱਤੇ ਜੋ ਪਾਪ ਲੋਕਾਂ ਨੇ ਆਪਣੇ ਮਨੁੱਖ ਭਰਾਵਾਂ ਨਾਲ ਕੀਤੇ ਹਨ, ਉਨ੍ਹਾਂ ਨਾਲ ਇਤਿਹਾਸ ਦੇ ਪੱਤਰੇ ਕਾਲੇ ਹੋਏ ਪਏ ਹਨ।

[77] ਪ੍ਰਿੰ. ਤੇਜਾ ਸਿੰਘ, ਉਪਰੋਕਤ ਵਰਣਿਤ, ਪੰਨਾ 49

ਚੂੰਕਿ ਇਸ ਕਿਸਮ ਦੀ ਹਉਮੈ ਮਨੁੱਖਾਂ ਵਿਚੋਂ ਬਹੁਤ ਔਖੀ ਨਿਕਲਦੀ ਹੈ, ਇਸ ਲਈ ਗੁਰੂ ਜੀ ਨੇ ਇਸ ਦਾ ਜ਼ਿਕਰ ਸਭ ਤੋਂ ਪਹਿਲਾਂ ਕੀਤਾ ਹੈ।[78]

**2.7 ਨੈਤਿਕਤਾ**

ਨੈਤਿਕਤਾ ਤੇ ਧਰਮ ਦਾ ਆਪਸ ਵਿਚ ਬਹੁਤ ਨੇੜੇ ਦਾ ਸੰਬੰਧ ਹੈ। ਧਰਮ ਵਿਅਕਤੀ ਅਤੇ ਸਮਾਜ ਦੇ ਨਿਯਮ ਘੜਦਾ ਹੈ, ਜਿਸ ਨਾਲ ਉਨ੍ਹਾਂ ਦਾ ਵਿਹਾਰ ਉਚਿਤ ਹੋ ਸਕੇ। ਸੋ, ਧਰਮ ਆਖਿਰ ਨੈਤਿਕਤਾ ਦਾ ਹੀ ਪਾਠ ਸਿਖਾਉਂਦਾ ਹੈ। ਪਰ ਜ਼ਰੂਰੀ ਨਹੀਂ ਕਿ ਸਾਰੇ ਧਰਮ ਇਕ ਹੀ ਨੈਤਿਕਤਾ ਦਸਦੇ ਹੋਣ। ਹਰ ਧਰਮ ਦਾ ਆਪਣਾ ਨੈਤਿਕ-ਸ਼ਾਸਤਰ ਹੁੰਦਾ ਹੈ।[79] ਸੰਸਾਰ ਵਿਚ ਪੈਦਾ ਹੋਏ ਧਰਮ ਅਤੇ ਉਨ੍ਹਾਂ ਦੇ ਸੰਗਠਨਾਂ ਨੇ ਨੈਤਿਕ ਗੁਣਾਂ ਦੀ ਆਧਾਰਸ਼ਿਲਾ 'ਤੇ ਸਦਾਚਾਰਕ ਮਨੁੱਖ ਬਣਾਉਣ ਦੇ ਅਨੇਕਾਂ ਜਤਨ ਆਰੰਭੇ ਕਿਉਂਕਿ ਸਦਾਚਾਰਕ ਗੁਣ ਹੀ ਮਨੁੱਖੀ ਜੀਵਨ ਦਾ ਆਧਾਰ ਹੁੰਦੇ ਹਨ। ਨੈਤਿਕਤਾ ਜਾਂ ਸਦਾਚਾਰ ਤੋਂ ਭਾਵ ਸ਼ੁਭ ਆਚਾਰ ਹੈ। ਨੈਤਿਕਤਾ ਨੂੰ ਆਚਾਰ-ਵਿਧਾਨ ਜਾਂ ਨੀਤੀ-ਸ਼ਾਸਤਰ ਵੀ ਆਖਿਆ ਜਾਂਦਾ ਹੈ'।[80]

ਮਹਾਨ ਕੋਸ਼ ਦੇ ਕਰਤਾ ਅਨੁਸਾਰ ਸਦਾਚਾਰ ਸ਼ਬਦ ਦੇ ਅਰਥ ਉੱਤਮ ਕਿਰਿਆ, ਨੇਕ ਚੱਲਣ, ਭਲਾ ਬਿਉਹਾਰ ਆਦਿ ਲਿਆ ਗਿਆ ਹੈ।[81] ਇਹ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਚੰਗਾ ਆਚਰਣ ਉੱਤਮ ਬਿਰਤੀ।[82] ਸਿੱਖ ਸਦਾਚਾਰਤਾ ਵਿਚ ਕਿਰਤ ਕਰਨ ਅਤੇ ਵੰਡ ਛਕਣ ਤੋਂ ਇਲਾਵਾ ਸੇਵਾ ਨੂੰ ਪ੍ਰਮੁੱਖਤਾ ਹਾਸਿਲ ਹੈ। ਇਸ ਤੋਂ ਇਲਾਵਾ ਗ੍ਰਹਿਸਤ ਨੂੰ ਵੀ ਪ੍ਰਮੁੱਖ ਥਾਂ ਪ੍ਰਾਪਤ ਹੈ। ਸੱਚ, ਦਇਆ, ਪ੍ਰੇਮ, ਬਰਾਬਰੀ, ਭਾਈਚਾਰਾ, ਸੰਤੋਖ, ਸਬਰ, ਕੁਰਬਾਨੀ, ਖਿਮਾਂ ਇਹ ਸਿੱਖ ਨੈਤਿਕਤਾ ਦੇ ਜ਼ਰੂਰੀ ਅੰਗ ਵੀ ਹਨ। ਇਕ ਆਦਰਸ਼ਕ ਸਿੱਖ ਦੀ ਸ਼ਖ਼ਸੀਅਤ ਵਿਚ ਇਨ੍ਹਾਂ ਗੁਣਾਂ ਦਾ ਹੋਣਾ ਜ਼ਰੂਰੀ ਦੱਸਿਆ ਗਿਆ ਹੈ। ਕਿਸੇ ਵੀ

---

78 ਪ੍ਰਿੰ. ਤੇਜਾ ਸਿੰਘ, ਉਪਰੋਕਤ ਵਰਣਿਤ, ਪੰਨਾ 6,

79 ਡਾ. ਗੁਰਸ਼ਰਨਜੀਤ ਸਿੰਘ, ਉਪਰੋਕਤ ਵਰਣਿਤ, ਪੰਨਾ 32

80 ਉਪਰੋਕਤ ਵਰਣਿਤ, ਪੰਨਾ 32

81 ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 151

82 ਡਾ. ਰਤਨ ਸਿੰਘ ਜੱਗੀ, ਉਪਰੋਕਤ ਵਰਣਿਤ, ਪੰਨਾ 141

ਧਰਮ ਵਿਚ ਮਨੁੱਖ ਦਾ ਧਰਮੀ ਹੋਣ ਤੋਂ ਜ਼ਿਆਦਾ ਜਰੂਰੀ ਹੈ ਨੈਤਿਕ ਹੋਣਾ। ਨੈਤਿਕ ਇਨਸਾਨ ਹੀ ਅਸਲੀ ਧਰਮੀ ਹੋ ਸਕਦਾ ਹੈ। ਸ਼ੁਭ ਗੁਣਾਂ ਤੋਂ ਸੱਖਣਾ ਮਨੁੱਖ ਧਰਮੀ ਹੋਣ ਦਾ ਭਰਮ ਤਾਂ ਪਾਲ ਸਕਦਾ ਹੈ ਪਰ ਅਸਲ ਵਿਚ ਉਹ ਧਰਮ ਤੋਂ ਕੋਹਾਂ ਦੂਰ ਹੀ ਹੁੰਦਾ ਹੈ। ਇਸ ਲਈ ਗੁਰੂ ਸਾਹਿਬ ਨੇ ਵੀ ਗੁਰਬਾਣੀ ਵਿਚ ਜਿੱਥੇ ਸਿੱਖ ਦੀ ਨਿੱਤ ਦੀ ਕਿਰਿਆ ਬਾਰੇ ਦੱਸਿਆ ਹੈ, ਉਥੇ ਸਿੱਖ ਰਹਿਤ ਮਰਿਆਦਾ ਅਨੁਸਾਰ ਸਿੱਖ ਦੇ ਯੋਗ ਤੇ ਅਯੋਗ ਕਰਮਾਂ ਬਾਰੇ ਵੀ ਸੁਚੇਤ ਕੀਤਾ ਹੈ। ਇਸ ਲਈ ਗੁਰੂ ਸਾਹਿਬ ਦਸਦੇ ਹਨ ਕਿ ਉਹ ਵਾਹਿਗੁਰੂ ਸੱਚਾ ਹੈ। ਪਵਿੱਤਰ ਹੈ। ਜਿੱਥੇ ਵੀ ਉਸ ਦਾ ਵਾਸਾ ਹੁੰਦਾ ਹੈ ਉਹ ਸੰਸਾਰ ਵੀ ਸੱਚਾ ਹੋ ਜਾਂਦਾ ਹੈ।

> ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥[83]
>
> ਉਸ ਪਰਮ ਹਸਤੀ ਦੀ ਜੋਤ ਸਾਰਿਆਂ ਜੀਵਾਂ ਵਿਚ ਹੈ।
>
> ਸਭ ਮਹਿ ਜੋਤਿ ਜੋਤਿ ਹੈ ਸੋਇ ॥
>
> ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥[84]

ਇਸ ਜੋਤ ਕਰਕੇ ਹੀ ਜੀਵ ਨੂੰ ਚੰਗੇ ਮਾੜੇ ਦਾ ਪਤਾ ਚਲਦਾ ਹੈ। ਪ੍ਰਿੰ. ਸਾਹਿਬ ਦਸਦੇ ਹਨ 'ਮਨੁੱਖ ਵਿਚ ਖ਼ਾਸ ਤੌਰ 'ਤੇ ਰੱਬ ਨੇ ਆਪਣੇ (ਨਾਮ ਰੂਪ) ਜੋਤ ਰੱਖੀ ਹੈ ਜੋ ਮੁਨਸਫ਼ ਹੋ ਕੇ ਕੰਮ ਕਰਦੀ ਹੈ ਅਤੇ ਨਾਲੋਂ ਨਾਲ ਨਖੇੜ ਕੇ ਦੱਸਦੀ ਹੈ ਕਿ ਇਹ ਸੱਚ ਹੈ, ਇਹ ਝੂਠ ਹੈ।[85]

## 2.8 ਸੰਗਤ

'ਸੰਗਤ' ਸ਼ਬਦ ਪਾਲੀ ਭਾਸ਼ਾ ਦੇ ਸ਼ਬਦ 'ਸੰਘ' ਦਾ ਪੰਜਾਬੀ ਅਤੇ ਵਿਕਸਤ ਰੂਪ ਹੈ। 'ਸੰਗਤ' ਤੋਂ ਭਾਵ ਸੰਗਠਨ ਜਾਂ ਜਥੇਬੰਦੀ ਹੈ। ਕਿਸੇ ਵੀ ਮੱਤ ਦੀ ਵਿਚਾਰਧਾਰਾ ਦੇ ਫੈਲਾਅ ਲਈ ਜਥੇਬੰਦੀ ਦੀ ਬਹੁਤ ਮਹੱਤਤਾ ਹੈ।[86] ਗੁਰਮਤਿ ਵਿਚ ਸੰਗਤ ਨੂੰ ਬਹੁਤ ਅਹਿਮੀਅਤ ਦਿੱਤੀ ਗਈ ਹੈ। ਜਗਤ ਗੁਰੂ, ਗੁਰੂ ਨਾਨਕ

---

[83] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 450

[84] ਉਪਰੋਕਤ ਵਰਣਿਤ, ਪੰਨਾ 13

[85] ਪ੍ਰਿੰ. ਤੇਜਾ ਸਿੰਘ, ਉਪਰੋਕਤ ਵਰਣਿਤ, ਪੰਨਾ 22

[86] ਡਾ. ਗੁਰਸ਼ਰਨਜੀਤ ਸਿੰਘ, ਉਪਰੋਕਤ ਵਰਣਿਤ, ਪੰਨਾ 48

ਦੇਵ ਜੀ ਆਪਣੀ ਪ੍ਰਚਾਰ ਫੇਰੀ ਦੌਰਾਨ ਜਿੱਥੇ ਜਿੱਥੇ ਵੀ ਗਏ, ਉਥੇ ਉਨ੍ਹਾਂ ਨੇ ਧਰਮਸਾਲ ਕਾਇਮ ਕੀਤੀ। ਧਰਮਸਾਲ ਤੋਂ ਭਾਵ ਗੁਰਦੁਆਰਾ ਹੀ ਹੈ। ਸਿੱਖ ਧਰਮ ਦੀ ਪਹਿਲੀ ਧਰਮਸ਼ਾਲਾ ਭਾਈ ਸੱਜਣ ਦੇ ਘਰ ਪਿੰਡ ਤੁਲੰਬਾ ਵਿਖੇ ਬਣੀ ਸੀ। ਇਨ੍ਹਾਂ ਧਰਮਸ਼ਾਲਾ ਵਿਚ ਗੁਰੂ ਜੀ ਨੇ ਜੁੜ ਮਿਲ ਕੇ ਸੰਗਤ ਰੂਪ ਵਿਚ ਪਰਮਾਤਮਾ ਦੇ ਨਾਮ ਸਿਮਰਨ ਕਰਨ ਬਾਰੇ ਜਨ ਮਾਨਸ ਨੂੰ ਦੱਸਿਆ। ਸੰਗਤ ਦਾ ਵਿਕਾਸ ਗੁਰੂ ਕਾਲ 'ਚ ਲਗਾਤਾਰ ਵੱਧਦਾ ਗਿਆ ਸੰਗਤ ਬਾਰੇ ਗੁਰਬਾਣੀ ਵਿਚ ਬਚਨ ਹਨ ਕਿ ਸੰਗਤ ਕੈਸੀ ਹੋਣੀ ਚਾਹੀਦੀ ਹੈ?

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥[87]

ਸੰਗਤ ਉਹ ਹੈ, ਜਿਥੇ ਕੇਵਲ ਉਸ ਪਰਮਾਤਮਾ ਦਾ ਨਾਮ ਹੀ ਲਿਆ ਜਾਵੇ। ਇਹ ਵਾਹਿਗੁਰੂ ਦਾ ਹੁਕਮ ਹੈ ਕਿ ਸੰਗਤ ਵਿਚ ਹੀ ਪ੍ਰਮਾਤਮਾ ਦਾ ਵਾਸਾ ਹੁੰਦਾ ਹੈ। ਸੰਗਤ ਕਰਨ ਦਾ ਬਹੁਤ ਲਾਭ ਹੈ। ਪ੍ਰਿੰ. ਸਾਹਿਬ ਵੀ ਸੰਗਤ ਦੇ ਸਿਧਾਂਤ ਨੂੰ ਗੁਰਬਾਣੀ ਨਾਲ ਜੋੜ ਕੇ ਵੇਖਦੇ ਹੋਏ ਦਸਦੇ ਹਨ ਕਿ 'ਗੁਰੂ ਜੀ ਵਿਚ ਦੋ ਚੀਜ਼ਾਂ ਸਨ, ਜਿਨ੍ਹਾਂ ਕਰਕੇ ਉਹ ਗੁਰੂ ਅਖਵਾਉਂਦੇ ਸਨ-ਇਕ ਬਾਣੀ ਤੇ ਦੂਜੀ ਸੰਗਤ; ਇਕ ਜੋਤ, ਦੂਜੀ ਜੁਗਤ ਜਾਂ ਸ਼ਖ਼ਸੀਅਤ। ਦਸਾਂ ਗੁਰੂ ਸਾਹਿਬਾਨ ਤੱਕ ਇਹ ਦੋਵੇਂ ਗੱਲਾਂ ਇਕੋ ਹਸਤੀ (ਗੁਰੂ) ਵਿਚ ਰਹਿੰਦੀਆਂ ਸਨ। ਹੁਣ ਜੋਤ ਰੂਪ (ਬਾਣੀ) ਜਥੇਬੰਦ ਹੋ ਕੇ ਗੁਰੂ ਪੰਥ ਦੀ ਸ਼ਕਲ ਵਿਚ ਸਥਾਪਨ ਕੀਤੀ ਗਈ ਅਤੇ ਜੁਗਤ ਰੂਪ 'ਸੰਗਤ' ਜਥੇਬੰਦ ਹੋ ਕੇ ਗੁਰੂ ਖ਼ਾਲਸਾ ਬਣ ਗਈ।[88]

**2.9 ਸੇਵਾ**

ਸੇਵਾ ਐਸਾ ਸਦਗੁਣ ਹੈ, ਜੋ ਸਾਨੂੰ ਦੂਜਿਆਂ ਲਈ ਜਿਊਣ ਦੀ ਪ੍ਰੇਰਨਾ ਦਿੰਦਾ ਹੈ। ਸੇਵਾ ਵਿਚ ਅਹੰਕਾਰ ਤਿਆਗ ਕੇ ਨਿਮਰਤਾ, ਦਇਆ, ਪ੍ਰੇਮ, ਕੁਰਬਾਨੀ ਦੇ ਗੁਣਾਂ ਸਦਕਾ ਦੂਜਿਆਂ ਦੇ ਕੰਮ ਆਉਣ ਨਾਲ ਆਨੰਦ ਦੀ ਅਨੁਭੂਤੀ ਹੁੰਦੀ ਹੈ।[89] ਸੇਵਾ ਤੋਂ ਭਾਵ ਹੈ ਖ਼ਿਦਮਤ ਅਥਵਾ ਟਹਿਲ। ਅਧਿਆਤਮਕ ਮਾਰਗ

---

[87] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 72

[88] ਪ੍ਰਿੰ. ਤੇਜਾ ਸਿੰਘ, ਸਿੱਖ ਧਰਮ, ਪੰਨਾ 74

[89] ਡਾ. ਗੁਰਸ਼ਰਨਜੀਤ ਸਿੰਘ, ਉਪਰੋਕਤ ਵਰਣਿਤ, ਪੰਨਾ 42

ਤੇ ਚੱਲਣ ਲਈ ਗੁਰੂ ਘਰ ਵਿਚ ਨਿਰ ਇੱਛਤ ਅਤੇ ਸ਼ਰਧਾ ਭਾਵਨਾ ਵਿਚ ਕੀਤੀ ਗਈ ਸੇਵਾ ਦੀ ਬੜੀ ਮਹਾਨਤਾ ਹੈ। ਸਿੱਖ ਧਰਮ-ਸਾਧਨਾ ਵਿਚ ਸੇਵਾ ਦਾ ਬਹੁਤ ਅਧਿਕ ਮਹੱਤਵ ਹੈ। ਸੰਸਕ੍ਰਿਤ ਭਾਸ਼ਾ ਦੇ ਇਸ ਸ਼ਬਦ ਨੂੰ 'ਭਗਤੀ' ਦਾ ਨਾਮਾਂਤਰ ਮੰਨਿਆ ਹੈ। ਇਹ ਸੱਚ ਮੁੱਚ ਇਕ ਨਿਸ਼ਕਾਮ ਸਾਧਨਾ ਹੈ। ਇਸ ਦਾ ਮਨੁੱਖਤਾ ਦੇ ਕਲਿਆਣ ਵਿਚ ਵਿਸ਼ੇਸ਼ ਮਹੱਤਵ ਹੈ। ਸੰਸਾਰ ਤੇ ਲਗਭਗ ਸਾਰੇ ਆਚਾਰ-ਸ਼ਾਸਤਰਾਂ ਅਤੇ ਧਾਰਮਿਕ ਗ੍ਰੰਥਾਂ ਵਿਚ ਸੇਵਾ ਦੀ ਗੱਲ ਹੋਈ ਮਿਲ ਜਾਂਦੀ ਹੈ। ਭਗਤੀ-ਮਾਰਗ ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ।[90] ਸੇਵਾ ਕਰਨ ਨਾਲ ਮਨ ਵਿਚ ਹਲੀਮੀ ਅਤੇ ਗਰੀਬੀ ਆਉਂਦੀ ਹੈ ਅਤੇ ਮਨ ਨਿਰਮਲ ਹੋ ਕੇ ਨਾਮ ਨਾਲ ਜੁੜਦਾ ਹੈ। ਗੁਰੂ ਸਾਹਿਬ ਦਸਦੇ ਹਨ ਕਿ ਸ਼ਰਧਾ ਭਾਵ ਨਾਲ ਕੀਤੀ ਸੇਵਾ ਹੀ ਪ੍ਰਭੂ ਦਰ ਤੇ ਪ੍ਰਵਾਨ ਹੁੰਦੀ ਹੈ।

### 2.10 ਲੰਗਰ

ਫ਼ਾਰਸੀ ਮੂਲ ਦੇ 'ਲੰਗਰ' ਦਾ ਸ਼ਾਬਦਿਕ ਅਰਥ ਹੈ ਉਹ ਥਾਂ ਜਿਥੇ ਗ਼ਰੀਬਾਂ/ਅਨਾਥਾਂ ਨੂੰ ਅੰਨ ਦਾ ਦਾਨ ਮਿਲੇ। ਇਸੇ ਦੇ ਅਰਥ-ਵਿਸਥਾਰ ਦੇ ਘੇਰੇ ਵਿਚ ਕਿਸੇ ਮਹਾਂਪੁਰਸ਼ ਵੱਲੋਂ ਆਪਣੇ ਆਸਰੇ ਵਿਚ ਰਹਿਣ ਵਾਲਿਆਂ ਜਾਂ ਅਨੁਯਾਈਆਂ, ਸਾਧਾਂ, ਫਕੀਰਾਂ ਅਤੇ ਜ਼ਰੂਰਤਮੰਦਾਂ ਲਈ ਜਨਤਕ ਪੱਧਰ 'ਤੇ ਖਾਣ ਪੀਣ ਦੀ ਵਿਵਸਥਾ ਨੂੰ ਵੀ 'ਲੰਗਰ' ਕਿਹਾ ਜਾਣ ਲੱਗਿਆ।[91] ਲੰਗਰ ਦੀ ਮਹਾਨਤਾ ਬਾਰੇ ਪ੍ਰਿੰ. ਸਾਹਿਬ ਦਸਦੇ ਹਨ ਕਿ 'ਜੇ ਅਸੀਂ ਚਾਹੁੰਦੇ ਹਾਂ ਕਿ ਛੂਤ-ਛਾਤ, ਨੀਚ ਊਚ ਦਾ ਭਾਵ ਅਸਲੀ ਅਰਥਾਂ ਵਿਚ ਦੂਰ ਹੋਵੇ, ਤਾਂ ਸਾਨੂੰ ਚਾਹੀਦਾ ਹੈ ਕਿ ਇਸ ਸਵਾਲ ਨੂੰ ਅੰਮ੍ਰਿਤ ਅਤੇ ਧਰਮ ਦੇ ਸਵਾਲਾਂ ਤੋਂ ਅੱਡ ਰੱਖੀਏ ਅਤੇ ਇਕ ਥਾਲੀ ਵਿਚ ਖਾਣ ਤੋਂ ਛੁੱਟ ਹਰ ਇਕ ਸਿੱਖ, ਅਸਿੱਖ, ਨੀਚ-ਊਚ ਨਾਲ ਇਕਠਾ ਬਹਿ ਕੇ ਖਾਣ-ਪੀਣ ਦਾ ਪਰਚਾਰ ਕਰੀਏ। ਇਹ ਭਰਮ ਹੈ ਕਿ ਲੋਕਾਂ ਵਿਚ ਸੁੱਚ-ਭਿੱਟ ਤਾਂ ਜਰੂਰੀ ਹੁੰਦੀ ਹੈ, ਪਰ ਅੰਮ੍ਰਿਤ ਧੋ ਕੇ ਦੂਰ ਕਰ

---

[90] ਡਾ. ਰਤਨ ਸਿੰਘ ਜੱਗੀ, ਉਪਰੋਕਤ ਵਰਣਿਤ, ਪੰਨਾ 331

[91] ਡਾ. ਰਤਨ ਸਿੰਘ ਜੱਗੀ, ਸਿਖ ਪੰਥ ਵਿਸ਼ਵਕੋਸ਼, ਪੰਨਾ 1567

ਦਿੰਦਾ ਹੈ। ਠੀਕ ਇਹ ਹੈ ਕਿ ਸੁੱਚ-ਭਿੱਟ, ਛੂਤ-ਛਾਤ ਦਾ ਮਸਲਾ ਇਕ ਵਹਿਮ ਹੈ। ਇਸ ਦਾ ਵੱਡਾ ਸਾਧਨ ਉਹ ਪੁਰਾਣਾ ਹਥਿਆਰ 'ਗੁਰੂ ਕਾ ਲੰਗਰ' ਵਰਤਣਾ ਚਾਹੀਦਾ ਹੈ।[92]

ਸਮੁੱਚੇ ਰੂਪ ਵਿਚ ਕਹਿਆ ਜਾ ਸਕਦਾ ਹੈ ਕਿ ਪ੍ਰਿੰ. ਤੇਜਾ ਸਿੰਘ ਦੁਆਰਾ ਕੀਤੀ ਗੁਰਬਾਣੀ ਅਤੇ ਗੁਰਮਤਿ ਵਿਆਖਿਆਕਾਰੀ ਜਿਥੇ ਸਿੰਘ ਸਭਾ ਲਹਿਰੇ ਦੇ ਮੁੱਖ ਉਦੇਸ਼ ਨੂੰ ਲੈ ਕੇ ਸਿਰਜੀ ਗਈ ਨਿਵੇਕਲੀ ਪਹਿਲ ਸੀ ਉਥੇ ਅਜੋਕੇ ਸਮੇਂ ਵੀ ਉਨ੍ਹਾਂ ਦੁਆਰਾ ਕੀਤੇ ਇਸ ਮਹਾਨ ਕਾਰਜ ਦੀ ਸਾਰਥਕਤਾ ਨਿਤ ਨਵੀਂ ਹੈ ਅਤੇ ਆਉਣ ਵਾਲੇ ਸਮਿਆਂ ਵਿਚ ਵੀ ਗੁਰਮਤਿ ਪ੍ਰੇਮੀਆਂ ਅਤੇ ਖੋਜਾਰਥੀਆਂ ਲਈ ਸਹਾਇਕ ਹੋਵੇਗੀ।

[92] ਪ੍ਰਿੰ. ਤੇਜਾ ਸਿੰਘ, ਉਪਰੋਕਤ ਵਰਣਿਤ, ਪੰਨਾ 79

## ਸਾਰ ਤੇ ਸਥਾਪਨਾਵਾਂ

ਕਿਸੇ ਵੀ ਧਰਮ ਚਿੰਤਕ ਦੇ ਚਿੰਤਨ ਜਾਂ ਜੀਵਨ ਪ੍ਰਾਪਤੀਆਂ ਅਤੇ ਅਧਿਐਨ ਅਧਿਆਪਨ ਦੇ ਖੇਤਰ ਵਿਚ ਪਾਏ ਯੋਗਦਾਨ ਨੂੰ ਵਾਚਣ ਦੇ ਜਤਨਾਂ ਵਿਚ ਭਾਵੇਂ ਕੋਈ ਵੀ ਜਤਨ ਸੰਪੂਰਨ ਨਹੀਂ ਮੰਨਿਆ ਜਾ ਸਕਦਾ ਪ੍ਰੰਤੂ 'ਆਪੁ ਆਪਨੀ ਬੁਧ ਹੈ ਜੇਤੀ' ਗੁਰਬਾਣੀ ਅਨੁਸਾਰ ਹਰ ਇਕ ਲੇਖਕ, ਬੁੱਧੀਜੀਵੀ ਅਤੇ ਖੋਜਾਰਥੀ ਵਿਆਪਤ ਤੱਥਾਂ ਦੇ ਆਧਾਰ 'ਤੇ ਆਪਣੇ-ਆਪਣੇ ਨਜ਼ਰੀਏ ਤੋਂ ਉਸ ਚਿੰਤਕ ਬਾਰੇ ਕੁਝ ਵਿਸ਼ੇਸ਼ ਨਤੀਜੇ ਪ੍ਰਾਪਤ ਕਰਕੇ ਪਾਠਕਾਂ ਦੇ ਸਨਮੁੱਖ ਰੱਖਣ ਦਾ ਜਤਨ ਕਰਦਾ ਹੈ। ਅਜਿਹੇ ਜਤਨਾਂ ਵਿਚ ਮੈਂ ਭਾਵੇਂ ਪ੍ਰਿੰ. ਤੇਜਾ ਸਿੰਘ ਨੂੰ ਗੁਰਬਾਣੀ ਅਤੇ ਗੁਰਮਤਿ ਸਾਹਿਤ ਦੇ ਗੂੜ੍ਹ ਅਤੇ ਗਹਿਰ ਗੰਭੀਰ ਚਿੰਤਕ ਅਤੇ ਵਿਆਖਿਆਕਾਰ ਵਜੋਂ ਆਧਾਰ ਬਣਾ ਕਾਰਜ ਲਈ ਚੁਣਿਆ ਹੈ ਪ੍ਰੰਤੂ ਉਨ੍ਹਾਂ ਦੀ ਵਿਆਖਿਆਕਾਰੀ ਦੇ ਨਾਲ-ਨਾਲ ਜਦ ਅਸੀਂ ਗੁਰਬਾਣੀ/ਗੁਰਮਤਿ ਵਿਆਖਿਆਕਾਰੀ ਦੇ ਪਿਛੋਕੜ/ਇਤਿਹਾਸ ਅਤੇ ਵਰਤਮਾਨ ਰੂਪਾਂ ਬਾਰੇ ਗੱਲ ਕਰਦੇ ਹਾਂ ਤਾਂ ਸਹਿਜ ਹੀ ਅਸੀਂ ਅਕਾਦਮਿਕਤਾ ਜਗਤ ਵਿਚ ਵਿਆਖਿਆਕਾਰੀ ਦੇ ਸਰੂਪ ਬਾਰੇ ਵੀ ਜਾਣ ਰਹੇ ਹੁੰਦੇ ਹਾਂ। ਹਥਲਾ ਖੋਜ ਕਾਰਜ ਅਕਾਦਮਿਕਤਾ ਦੇ ਸਮੁੰਦਰ ਵਿਚ ਭਾਵੇਂ ਬੂੰਦ ਦੇ ਸਮਾਨ ਹੀ ਮੰਨਿਆ ਜਾ ਸਕਦਾ ਹੈ ਪ੍ਰੰਤੂ ਫਿਰ ਵੀ ਸਾਡੀ ਕੋਸ਼ਿਸ਼ ਰਹੀ ਹੈ ਕਿ ਅਸੀਂ ਇਸ ਖੋਜ ਕਾਰਜ ਤੋਂ ਭਵਿੱਖਤ ਖੋਜ ਲਈ ਖੋਜਾਰਥੀਆਂ ਨੂੰ ਵੱਧ ਤੋਂ ਵੱਧ ਸੂਚਨਾਵਾਂ/ਲਾਭ ਪ੍ਰਾਪਤ ਹੋ ਸਕੇ। ਇਸ ਖੋਜ ਕਾਰਜ ਦੀ ਸੰਪੂਰਨਤਾ ਉਪਰੰਤ ਖੋਜ ਕਾਰਜ ਦੀ ਮਹੱਤਤਾ ਨੂੰ ਨਿਮਨ ਪੱਖਾਂ ਤੋਂ ਵਾਚਿਆ ਜਾ ਸਕਦਾ ਹੈ

1 ਖੋਜ ਦੇ ਖੇਤਰ ਵਿਚ ਪ੍ਰਿੰ. ਤੇਜਾ ਸਿੰਘ ਨਾਲ ਸਬੰਧਤ ਭਾਵੇਂ ਅਨੇਕਾਂ ਖੋਜ ਕਾਰਜ ਹੋ ਚੁੱਕੇ ਹਨ ਪ੍ਰੰਤੂ ਹਥਲਾ ਕਾਰਜ ਇਨ੍ਹਾਂ ਕਾਰਜਾਂ ਤੋਂ ਨਿਵੇਕਲਾ ਹੈ ਕਿਉਂਕਿ ਅਸੀਂ ਸਿਰਫ਼ ਉਨ੍ਹਾਂ ਦੇ ਜੀਵਨ ਵੇਰੇਵਿਆਂ ਤੱਕ ਹੀ ਸੀਮਤ ਨਹੀਂ ਰਹੇ ਸਗੋਂ ਹਰ ਖੇਤਰ ਜਿਵੇਂ- ਧਾਰਮਿਕ, ਅਕਾਦਮਿਕ, ਸਮਾਜਿਕ ਅਤੇ ਇਤਿਹਾਸਕ ਪੱਖਾਂ ਨੂੰ ਵੀ ਵਿਚਾਰਨ ਦੀ ਕੋਸ਼ਿਸ਼ ਕੀਤੀ ਹੈ।

2 ਪ੍ਰਿੰ. ਤੇਜਾ ਸਿੰਘ ਦਾ ਬਿੰਬ ਸਿੱਖ ਜਗਤ ਵਿਚ ਪ੍ਰਮਾਣਿਕ ਤੇ ਸੁਹਿਰਦ ਵਿਦਵਾਨ ਚਿੰਤਕ ਵਜੋਂ ਜਿਉਂਦੇ ਜੀ ਹੀ ਸਥਾਪਤ ਹੋ ਗਿਆ ਸੀ। ਉਨ੍ਹਾਂ ਦੀ ਵਿਦਵਤਾ ਨੂੰ ਉਜਾਗਰ ਕਰਨ ਦਾ ਜਤਨ ਕੀਤਾ ਗਿਆ ਹੈ।

3 ਇਸ ਕਾਰਜ ਦੁਆਰਾ ਗੁਰੂ ਨਾਨਕ ਦੇਵ ਤੋਂ ਹੁਣ ਤੱਕ ਹੋ ਚੁੱਕੀਆਂ ਵਿਆਖਿਆ ਪਰਪਾਰਟੀਆਂ ਦੀ ਸੂਚਨਾ ਇਕ ਥਾਂ ਉਪਲੱਬਧ ਹੋਈ ਹੈ।

4 ਗੁਰਬਾਣੀ/ਗੁਰਮਤਿ ਵਿਆਖਿਆ ਜਗਤ ਵਿਚ ਹੋਏ ਟੀਕਿਆਂ, ਭਾਸ਼ਯ, ਪਰਮਾਰਥ ਆਦਿ ਦੀ ਸੂਚੀ ਇਕ ਥਾਂ ਉਪਲਬਧ ਹੋਵੇਗੀ।

5 ਵਿਆਖਿਆਕਾਰੀ ਦੇ ਵੱਖ-ਵੱਖ ਪੜਾਅ ਵੱਖੋ ਵੱਖਰੇ ਵਿਦਵਾਨਾਂ ਦੇ ਵੱਖੋ ਵੱਖਰੇ ਸਮੇਂ ਹੋਏ ਟੀਕਿਆਂ ਅਨੁਸਾਰ ਉਨ੍ਹਾਂ ਵਿਚਲੀਆਂ ਵਿਸ਼ੇਸ਼ਤਾਵਾਂ ਨੂੰ ਪਾਠਕਾਂ ਦੇ ਸਨਮੁੱਖ ਰਖਿਆ ਗਿਆ ਹੈ

6 ਵਿਆਖਿਆਕਾਰੀ, ਵਿਆਖਿਆ-ਸ਼ਾਸਤਰ ਕੀ ਹੈ? ਇਸ ਬਾਰੇ ਪੱਛਮੀ ਤੇ ਪੂਰਬੀ ਵਿਆਖਿਆ ਪਧੱਤੀਆਂ ਵਿਚ ਅੰਤਰ ਅਤੇ ਸਮਾਨਤਾਵਾਂ ਨੂੰ ਵੇਖਿਆ ਗਿਆ ਹੈ।

7 ਵਿਆਖਿਆਕਾਰੀ ਦੀ ਆਰੰਭਤਾ ਦਾ ਪਿਛੋਕੜ, ਇਤਿਹਾਸ ਅਤੇ ਵਰਤਮਾਨ ਰੂਪ ਕੀ ਹੈ? ਬਾਰੇ ਵਿਸਥਾਰ ਸਹਿਤ ਵਿਚਾਰ ਕੀਤੀ ਗਈ ਹੈ।

8 'ਸ਼ਬਦਾਰਥ' ਬਾਰੇ ਇਸ ਦੀ ਆਰੰਭਤਾ ਤੋਂ ਮੌਜੂਦਾ ਪ੍ਰਕਾਸ਼ਨਾਵਾਂ ਬਾਰੇ ਸੂਚਨਾ 'ਗੁਰ ਸੇਵਕ ਸਭਾ' ਤੋਂ ਮੌਜੂਦਾ ਸਮੇਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਤੱਕ।

# ਪੁਸਤਕ ਸੂਚੀ

**ਟੀਕੇ**


ਸਾਹਿਬ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ** (ਦਸ ਭਾਗ), ਰਾਜ ਪਬਲਿਸ਼ਰਜ਼, ਜਲੰਧਰ, 1972.

ਹਰਬੰਸ ਸਿੰਘ (ਗਿਆਨੀ), **ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ** (14 ਭਾਗ), ਗੁਰਬਾਣੀ ਸੇਵਾ ਪ੍ਰਕਾਸ਼ਨ, ਪਟਿਆਲਾ, ਅਕਤੂਬਰ 2013.

ਹਰੀ ਸਿੰਘ ਰੰਧਾਵਾ (ਸੰਤ), **ਗੁਰਬਾਣੀ ਅਰਥ ਭੰਡਾਰ,** (ਬਾਰਾਂ ਭਾਗ), ਖ਼ਾਲਸਾ ਚੈਰੀਟੇਬਲ ਟ੍ਰਸਟ, 2016.

ਕ੍ਰਿਪਾਲ ਸਿੰਘ (ਸੰਤ), **ਸੰਪ੍ਰਦਾਈ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ** (ਦਸ ਭਾਗ), ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ 1994.

ਜੱਗੀ ਰਤਨ ਸਿੰਘ (ਡਾ.), **ਅਰਥ ਬੋਧ ਸ੍ਰੀ ਗੁਰੂ ਗ੍ਰੰਥ ਸਾਹਿਬ** (ਪੰਜ ਭਾਗ), ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ 2007.

ਉਹੀ, **ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ** (ਅੱਠ ਭਾਗ), ਪੰਜਾਬੀ ਯੂਨੀਵਰਸਿਟੀ, ਪਟਿਆਲਾ 2013.

ਤੇਜਾ ਸਿੰਘ (ਪ੍ਰਿੰ:), **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,** (ਚਾਰ ਭਾਗ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ 1979.

ਨਰੈਣ ਸਿੰਘ (ਗਿਆਨੀ) **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ** (ਦਸ ਭਾਗ), ਮਿਤੀਹੀਣ

ਨਰੋਤਮ ਤਾਰਾ ਸਿੰਘ, **ਗੁਰੁ ਭਾਵ ਦੀਪਕਾ**, ਨਿਰਮਲ ਆਸ਼ਰਮ ਰਿਸ਼ੀਕੇਸ਼, 2017.

ਨਿਹਾਲ ਸਿੰਘ ਸੂਰੀ (ਅਕਾਲੀ), **ਸ੍ਰੀ ਗੁਰਮਤਿ ਭਾਉ ਪ੍ਰਕਾਸ਼ਨੀ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ** (ਛੇ ਭਾਗ), 1930.

ਬਦਨ ਸਿੰਘ (ਗਿਆਨੀ), **ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟ ਵਾਲਾ ਟੀਕਾ),** ਭਾਸ਼ਾ

ਵਿਭਾਗ, ਪੰਜਾਬ, ਪਟਿਆਲਾ, 1992 .

ਬਿਸ਼ਨ ਸਿੰਘ (ਗਿਆਨੀ), **ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ,** (ਅੱਠ ਭਾਗ), 1929.

ਮਨੀ ਸਿੰਘ (ਗਿਆਨੀ), **ਸਿਧਾਂਤਕ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ** (ਅੱਠ ਭਾਗ), ਗਿਆਨੀ ਮਨੀ ਸਿੰਘ ਗੁਰਮਤਿ ਸਾਹਿਤ ਚੈਰੀਟੇਬਲ, ਟ੍ਰਸਟ, ਅੰਮ੍ਰਿਤਸਰ 2001.

ਵੀਰ ਸਿੰਘ (ਭਾਈ), **ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ** (ਸੱਤ ਪੋਥੀਆਂ), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2007.

**ਕੋਸ਼**

ਹਰਪ੍ਰੀਤ ਕੌਰ (ਸੰਪਾ.), **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਪ੍ਰੀਭਾਸ਼ਾਵਾਂ ਦਾ ਕੋਸ਼,** ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ 2003.

ਹਰਭਜਨ ਸਿੰਘ (ਡਾ.) (ਸੰਪਾ.), **ਸ੍ਰੀ ਗੁਰੂ ਗ੍ਰੰਥ ਕੋਸ਼,** ਪੰਜਾਬੀ ਯੂਨੀਵਰਸਿਟੀ, ਪਟਿਆਲਾ 2008.

ਗੁਰਚਰਨ ਸਿੰਘ (ਡਾ.) (ਸੰਪਾ.), **ਸ੍ਰੀ ਗੁਰੂ ਗ੍ਰੰਥ ਕੋਸ਼ (2 ਭਾਗ**), ਪੰਜਾਬੀ ਯੂਨੀਵਰਸਿਟੀ, ਪਟਿਆਲਾ 2002.

ਜੱਗੀ, ਰਤਨ ਸਿੰਘ (ਡਾ.), **ਗੁਰੂ ਗ੍ਰੰਥ ਵਿਸ਼ਵਕੋਸ਼ (2 ਭਾਗ),** ਪੰਜਾਬੀ ਯੂਨੀਵਰਸਿਟੀ, ਪਟਿਆਲਾ 2002.

ਨਰੋਤਮ, ਤਾਰਾ ਸਿੰਘ (ਪੰਡਿਤ), **ਗੁਰੂ ਗਿਰਾਰਥ ਕੋਸ਼,** ਪੰਜਾਬੀ ਯੂਨੀਵਰਸਿਟੀ, ਪਟਿਆਲਾ 2010.

ਨਾਭਾ, ਕਾਨ੍ਹ ਸਿੰਘ (ਭਾਈ), **ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼,** ਪਟਿਆਲਾ : ਭਾਸ਼ਾ ਵਿਭਾਗ, ਪੰਜਾਬ, 2011.

ਉਹੀ, **ਗੁਰੁਮਤ ਪ੍ਰਭਾਕਰ,** ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ 2005.

ਉਹੀ, **ਗੁਰੁਮਤ ਮਾਰਤੰਡ (2 ਭਾਗ),** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010.

ਪਦਮ, ਪਿਆਰਾ ਸਿੰਘ (ਪ੍ਰੋ:), **ਗੁਰਬਾਣੀ ਕੋਸ਼,** ਸਿੰਘ ਬ੍ਰਦਰਜ਼, ਅੰਮ੍ਰਿਤਸਰ 1960.

ਬਲਵੀਰ ਸਿੰਘ (ਡਾ.), **ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975.

Harbans Singh, (Prof.) (ed.), **The Encyclopaedia of Sikhism, (4 vols.),** Punjabi University, Patiala, 2002 (4th edn.).

**Oxford Dictionary of English**, Oxford University Press, 2005.

Sekhon, Gurkirpal Singh, **English-Punjabi Dictionary**, Punjabi University, Patiala, 2013.

**The New International Webster,s Compresheivesive Dictionary of The English Language**, Trident Press International, 1999.

**ਪੰਜਾਬੀ ਪੁਸਤਕਾਂ**

ਅਸ਼ੋਕ, ਸ਼ਮਸ਼ੇਰ ਸਿੰਘ, **ਸ੍ਰੋਮਣੀ ਕਮੇਟੀ ਦਾ 50 ਸਾਲਾ ਇਤਿਹਾਸ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2003.

ਅਮਰਜੀਤ ਸਿੰਘ (ਡਾ.) (ਸੰਪਾ.), **ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ ਕੁਝ ਦ੍ਰਿਸਟੀਕੋਣ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਅਮੋਲ, ਸ. ਸ., **ਪ੍ਰੋ. ਤੇਜਾ ਸਿੰਘ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਅਲੱਗ, ਸਰੂਪ ਸਿੰਘ (ਡਾ.), **ਸੰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ**, ਅਲੱਗ ਸ਼ਬਦ ਯੱਗ ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਲੁਧਿਆਣਾ, 2012.

ਆਹਲੂਵਾਲੀਆ, ਗੁਰਮੋਹਨ ਸਿੰਘ (ਡਾ.), **ਸੋਢੀ ਰਹਿ ਜੀ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

ਸੰਧੂ, ਰਵਿੰਦਰ ਸਿੰਘ (ਡਾ.), **ਆਧੁਨਿਕ ਕਾਲ ਵਿਚ ਗੁਰਬਾਣੀ ਵਿਆਖਿਆ,** ਲੋਕਗੀਤ ਪ੍ਰਕਾਸ਼ਨ, ਲੁਧਿਆਣਾ 2012.

ਸਰਬਜਿੰਦਰ ਸਿੰਘ (ਡਾ.) (ਸੰਪਾ.), **ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ (ਚਾਰ ਭਾਗ),** ਪੰਜਾਬੀ ਯੂਨੀਵਰਸਿਟੀ, ਪਟਿਆਲਾ 2011.

ਉਹੀ, **ਗੁਰੂ ਗ੍ਰੰਥ ਸਾਹਿਬ, ਸਰੂਪ ਤੇ ਵਿਚਾਰਧਾਰਾ,** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ,

2008.

ਸਾਹਿਬ ਸਿੰਘ, **ਆਦਿ ਬੀੜ ਬਾਰੇ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2014.

ਉਹੀ, **ਗੁਰਬਾਣੀ ਤੇ ਇਤਿਹਾਸ ਬਾਰੇ,** ਅੰਮ੍ਰਿਤਸਰ: ਸਿੰਘ ਬ੍ਰਦਰਜ਼, ਅੰਮ੍ਰਿਤਸਰ, 2014.

ਉਹੀ,, **ਗੁਰਬਾਣੀ ਵਿਆਕਰਣ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਸ਼ਾਨ, ਹਰਨਾਮ ਸਿੰਘ (ਡਾ.), **ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ,** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1994.

**ਸਿੱਖ ਰਹਿਤ ਮਰਯਾਦਾ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਮ੍ਰਿਤਸਰ, 2011.

ਸੁਰਿੰਦਰ ਸਿੰਘ ਸ਼ੇਰਗਿਲ, **ਪੰਡਤ ਤਾਰਾ ਸਿੰਘ ਨਰੋਤਮ ਜੀਵਨ ਤੇ ਰਚਨਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

ਸ਼ੇਰ ਸਿੰਘ (ਪ੍ਰੋ.), **ਗੁਰਮਤਿ ਦਰਸ਼ਨ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1992.

ਹਰਕੀਰਤ ਸਿੰਘ (ਡਾ.), **ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਕੱਕੜ, ਅਜੀਤ ਸਿੰਘ, (ਸੰਪਾ.), **ਪ੍ਰਮੁੱਖ ਪੂਰਬੀ ਸਾਹਿਤ ਚਿੰਤਕ**, ਭਾਸ਼ਾ ਵਿਭਾਗ, ਪੰਜਾਬ, 1999.

ਕੰਗ, ਗੁਲਜਾਰ ਸਿੰਘ, (ਡਾ.), **ਸ਼ਬਦ ਅਨੁਭਵ ਤੇ ਦਰਸ਼ਨ,** ਨਾਦ ਪ੍ਰਕਾਸ਼, ਸ੍ਰੀ ਅਮ੍ਰਿਤਸਰ, 2014.

ਕਿਰਪਾਲ ਸਿੰਘ (ਡਾ.) (ਸੰਪਾ.), **ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ,** ਪੰਜਾਬੀ ਯੂਨੀਵਰਸਿਟੀ ਪਟਿਆਲਾ, 1974.

ਗਿਲ, ਮਹਿੰਦਰ ਕੌਰ (ਡਾ.**), ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਕਲਾ,** ਐਮ.ਪੀ. ਪ੍ਰਕਾਸ਼ਨ, ਦਿੱਲੀ, 2007.

ਗੁਰਸ਼ਰਨਜੀਤ ਸਿੰਘ, (ਡਾ.) **ਗੁਰਮਤਿ ਨਿਰਣਯ ਕੋਸ਼,** ਸਿੱਖ ਯੂਨੀਵਰਸਿਟੀ ਪ੍ਰੈਸ, ਬੈਲਜੀਅਮ, 2004,

ਗੁਰਨੇਕ ਸਿੰਘ (ਡਾ.), **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਆਖਿਆ ਤੇ ਸੰਦੇਸ਼,** ਗੁਰਮਤਿ ਪ੍ਰਕਾਸ਼ਨ, ਪਟਿਆਲਾ,

2008.

ਗੁਰਮੇਲ ਸਿੰਘ (ਡਾ.), **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ:ਇਤਿਹਾਸ ਤੇ ਮੁਲਾਂਕਣ,** ਪੰਜਾਬੀ ਯੂਨੀਵਰਸਿਟੀ, ਪਟਿਆਲਾ 2016.

ਜਸਬੀਰ ਕੌਰ (ਡਾ.) (ਸੰਪਾ.), **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.

ਜੱਗੀ, ਰਤਨ ਸਿੰਘ (ਡਾ.), **ਸਿੱਖ ਪੰਥ ਵਿਸ਼ਵਕੋਸ਼, ਭਾਗ-ਦੂਜਾ (ਜਿ-ਵ),** ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005.

ਉਹੀ, **ਗੁਰੂ ਗ੍ਰੰਥ ਵਿਸ਼ਵਕੋਸ਼ (2 ਭਾਗ),** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਜੋਧ ਸਿੰਘ (ਭਾਈ), **ਗੁਰਮਤਿ ਨਿਰਣਯ,** ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003.

ਡੀ. ਪੀ. ਸਿੰਘ, **ਧਰਮ ਅਤੇ ਵਿਗਿਆਨ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2001.

ਢਿਲੋਂ, ਜਸਵਿੰਦਰ ਕੌਰ (ਡਾ.) (ਸੰਪਾ.), **ਗੁਰੂ ਗ੍ਰੰਥ ਸਾਹਿਬ ਦੇ ਵਿਵਿਧ ਪਰਿਪੇਖ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2004.

ਢਿਲੋਂ, ਬਲਵੰਤ ਸਿੰਘ (ਡਾ.) (ਸੰਪਾ.), **ਗੁਰਬਾਣੀ: ਵਿਆਖਿਆ ਅਤੇ ਵਿਆਖਿਆ ਸ਼ਾਸਤਰ,** ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, 2014.

ਤਾਰਨ ਸਿੰਘ (ਡਾ.), **ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,** ਪੰਜਾਬੀ ਯੂਨੀਵਰਸਿਟੀ, ਪਟਿਆਲਾ 1997.

ਤੇਜਾ ਸਿੰਘ (ਪ੍ਰਿੰ.), **ਸ਼ਬਦਾਂਤਿਕ ਲਗਾ ਮਾਤਰਾਂ ਦੇ ਗੁਝੇ ਭੇਦ,** ਲਾਹੌਰ ਬੁਕ ਸ਼ਾਪ, ਲੁਧਿਆਣਾ, 1949.

ਉਹੀ, (ਪ੍ਰਿੰ.) ਗੰਡਾ ਸਿੰਘ (ਡਾ.), **ਸਿੱਖ ਇਤਿਹਾਸ,** ਪੰਜਾਬੀ ਯੂਨੀਵਰਸਿਟੀ, ਪਟਿਆਲਾ 2013.

ਉਹੀ, ਨਾਨਕ ਸਿੰਘ, **ਸਿਲਵਰ ਜੁਬਲੀ ਬੁਕ,** ਵਜ਼ੀਰ ਹਿੰਦ ਪ੍ਰੈਸ, 1935.

ਉਹੀ, **ਆਸਾ ਦੀ ਵਾਰ ਟੀਕਾ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਮ੍ਰਿਤਸਰ, ਮਿਤੀਹੀਣ

ਉਹੀ, **ਆਰਸੀ,** ਪੰਜਾਬੀ ਯੂਨੀਵਰਸਿਟੀ ਪਟਿਆਲਾ, 2001.

ਉਹੀ, **ਸਿੱਖ ਸਭਿਆਚਾਰ ਅਤੇ ਹੋਰ ਧਾਰਮਿਕ ਲੇਖ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਮ੍ਰਿਤਸਰ, 2010.

ਉਹੀ, **ਸਿੱਖ ਧਰਮ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਮ੍ਰਿਤਸਰ, 2009.

ਉਹੀ, **ਜਪੁਜੀ ਟੀਕਾ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਮ੍ਰਿਤਸਰ, 2011.

ਦਰਸ਼ਨ ਸਿੰਘ (ਡਾ.), **ਭਾਈ ਗੁਰਦਾਸ: ਸਿਖੀ ਦੇ ਪਹਿਲੇ ਵਿਆਖਿਆਕਾਰ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਨਰੇਸ਼, (ਡਾ.), **ਸ਼ਖ਼ਸੀਅਤਾਂ,** ਨੈਸ਼ਨਲ ਬੁੱਕ ਟ੍ਰਸਟ, ਇੰਡੀਆ, ਦਿੱਲੀ, 2011.

ਪੰ. ਭਗਵਤ ਰਿਸਰਚ ਸਕਾਲਰ, **ਭਾਸ਼ਾ ਕਾ ਇਤਿਹਾਸ,** ਵਿਜੈ ਕੁਮਾਰ ਗੋਵਿੰਦ ਰਾਮ ਹਾਸਾਨੰਦ, ਦਿੱਲੀ, 2012.

ਪਦਮ, ਪਿਆਰਾ ਸਿੰਘ (ਪ੍ਰੋ.), ਰਹਿਤਨਾਮੇ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਉਹੀ, **ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਪਰਮਵੀਰ ਸਿੰਘ (ਡਾ.), **ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਤੇ ਵਿਚਾਰਧਾਰਾ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

ਪਰਮਿੰਦਰ ਸਿੰਘ (ਡਾ.), **ਪੰਜਾਬੀ ਸਮਾਲੋਚਨਾ ਸਿਧਾਂਤ ਤੇ ਸਰੂਪ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

ਪ੍ਰਿੰ. ਤੇਜਾ ਸਿੰਘ, **ਅਭਿਨੰਦਨ ਗ੍ਰੰਥ**, ਮਹਿਕਮਾ ਪੰਜਾਬੀ, ਪਟਿਆਲਾ, 1956.

ਪ੍ਰੇਮ ਸਿੰਘ ਪ੍ਰੇਮ, **ਸਾਗਰ ਨੀਰ ਅਥਾਹ,** ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟਬੁਕ ਬੋਰਡ, ਚੰਡੀਗੜ, 1995.

ਪਿਆਰ ਸਿੰਘ (ਡਾ.), **ਖੋਜ : ਸਿਧਾਂਤ ਤੇ ਵਿਵਹਾਰ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.

ਰੂਪ ਸਿੰਘ (ਸੰਪਾ), **ਪ੍ਰਮੁੱਖ ਸਿੱਖ ਸ਼ਖ਼ਸੀਅਤਾਂ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010.

ਲਾਲ ਸਿੰਘ (ਗਿਆਨੀ), **ਸਿਖ ਧਰਮ ਅਤੇ ਅਨਯ ਮਤ,** ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010.

**ਅੰਗਰੇਜੀ ਪੁਸਤਕਾਂ**

Anand Spancer, **the understanding religion**, Vision&venture, New Dehli, 1997.

Teja singh **(pri.), SIKH RELIGION,** shiromani gurdwara parbandhak committee, sri Amritsar, 1979.

Ibid, **Anglo-punjabi dictionary,** Lahore book shop, Lahore, 1964.

Ibid, **English-punjabi dictionary,** Lahore book shop, Ludheana, 1980.

Ibid, **SIKHISM ITS IDEAL & INSTITUTIONS**, khalsa brothers, Amritsar,1970.

Ibid, **THE GROWTH OF RESPONSIBILITY IN SIKHISM,** shiromani gurdwara parbandhak committee, sri Amritsar, 1977.

Ibid, **THE GURDWARA REFORM MOVEMENT AND THE SIKH AWAKENING,** shiromani gurdwara parbandhak committee, sri Amritsar, 2000.

Ibid, **The Holly Granth,** Punjabi university Patiala, 2001.

Ibid, **THE PSALM PEACE,** Lahore book shop, Lahore, 1945.

Ibid, **THE RELIGION OF THE SIKH GURUS,** shiromani gurdwara parbandhak committee, sri Amritsar, 1975.

Ibid, **THE SIKH PRAYER** shiromani gurdwara parbandhak committee, sri Amritsar,

1979.

**ਪਤ੍ਰਿਕਾਵਾਂ**

**ਨਾਨਕ ਪ੍ਰਕਾਸ਼ ਪਤ੍ਰਿੱਕਾ**

ਪ੍ਰੋਫੈਸਰ ਸਾਹਿਬ ਸਿੰਘ ਵਿਸ਼ੇਸ਼ ਅੰਕ, ਦਸੰਬਰ 1991.

ਜੂਨ 1978-ਦਸੰਬਰ 1978, 1992.

ਭਗਤ-ਬਾਣੀ ਵਿਸ਼ੇਸ਼ ਅੰਕ, ਦਸੰਬਰ 2003.

**ਖੋਜ ਪਤ੍ਰਿਕਾ**

ਬਾਣੀਕਾਰ ਵਿਸ਼ੇਸ਼ ਅੰਕ, ਅੰਕ 57 ਮਾਰਚ 2003, 2004.

ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ, ਸਤੰਬਰ 2003 ਅੰਕ 58, 2005.

ਬਾਣੀ ਸੰਪਾਦਨਾ ਵਿਸ਼ੇਸ਼ ਅੰਕ, ਮਾਰਚ 2004 ਅੰਕ 59, 2010.

ਗੁਰਮਤਿ ਕਾਵਿ ਅੰਕ, ਸਤੰਬਰ 1985 ਅੰਕ:26, 2012.

**ਫੁਟਕਲ**

ਸਿੰਘ ਸਭਾ ਪਤ੍ਰਿਕਾ, ਅਕਤੂਬਰ-ਨਵੰਬਰ 1977; ਸਤੰਬਰ 1978; ਮਾਰਚ-ਨਵੰਬਰ 1981; ਜਨਵਰੀ ਫਰਵਰੀ 1989.

ਗੁਰਮਤਿ ਪ੍ਰਕਾਸ਼, ਪ੍ਰਿੰ. ਤੇਜਾ ਸਿੰਘ ਵਿਸ਼ੇਸ਼ ਅੰਕ, 1995.

ਗੁਰਦਵਾਰਾ ਗਜਟ, ਅੰਕ 1936.

# ਪ੍ਰਿੰ. ਤੇਜਾ ਸਿੰਘ ਦਾ ਗੁਰਮਤਿ ਵਿਆਖਿਆ ਵਿਚ ਯੋਗਦਾਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ ਸਾਇੰਸਿਜ਼ ਫੈਕਲਟੀ ਦੇ ਅਧੀਨ

ਪੀਐਚ.ਡੀ. ਦੀ ਉਪਾਧੀ ਲਈ ਪੇਸ਼ ਕੀਤਾ

ਥੀਸਸ

(2019)


ਨਿਗਰਾਨ

ਡਾ. ਗੁੰਜਨਜੋਤ ਕੌਰ

ਖੋਜਾਰਥੀ

ਗੁਰਪ੍ਰੀਤ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਸਾਰ ਤੇ ਸਥਾਪਨਾਵਾਂ

ਕਿਸੇ ਵੀ ਧਰਮ ਚਿੰਤਕ ਦੇ ਚਿੰਤਨ ਜਾਂ ਜੀਵਨ ਪ੍ਰਾਪਤੀਆਂ ਅਤੇ ਅਧਿਐਨ ਅਧਿਆਪਨ ਦੇ ਖੇਤਰ ਵਿਚ ਪਾਏ ਯੋਗਦਾਨ ਨੂੰ ਵਾਚਣ ਦੇ ਜਤਨਾਂ ਵਿਚ ਭਾਵੇਂ ਕੋਈ ਵੀ ਜਤਨ ਸੰਪੂਰਨ ਨਹੀਂ ਮੰਨਿਆ ਜਾ ਸਕਦਾ ਪ੍ਰੰਤੂ 'ਆਪੁ ਆਪਨੀ ਬੁਧ ਹੈ ਜੇਤੀ' ਗੁਰਬਾਣੀ ਅਨੁਸਾਰ ਹਰ ਇਕ ਲੇਖਕ, ਬੁੱਧੀਜੀਵੀ ਅਤੇ ਖੋਜਾਰਥੀ ਵਿਆਪਤ ਤੱਥਾਂ ਦੇ ਆਧਾਰ 'ਤੇ ਆਪਣੇ-ਆਪਣੇ ਨਜ਼ਰੀਏ ਤੋਂ ਉਸ ਚਿੰਤਕ ਬਾਰੇ ਕੁਝ ਵਿਸ਼ੇਸ਼ ਨਤੀਜੇ ਪ੍ਰਾਪਤ ਕਰਕੇ ਪਾਠਕਾਂ ਦੇ ਸਨਮੁੱਖ ਰੱਖਣ ਦਾ ਜਤਨ ਕਰਦਾ ਹੈ। ਅਜਿਹੇ ਜਤਨਾਂ ਵਿਚ ਮੈਂ ਭਾਵੇਂ ਪ੍ਰਿੰ. ਤੇਜਾ ਸਿੰਘ ਨੂੰ ਗੁਰਬਾਣੀ ਅਤੇ ਗੁਰਮਤਿ ਸਾਹਿਤ ਦੇ ਗੂੜ੍ਹ ਅਤੇ ਗਹਿਰ ਗੰਭੀਰ ਚਿੰਤਕ ਅਤੇ ਵਿਆਖਿਆਕਾਰ ਵਜੋਂ ਆਧਾਰ ਬਣਾ ਕਾਰਜ ਲਈ ਚੁਣਿਆ ਹੈ ਪ੍ਰੰਤੂ ਉਨ੍ਹਾਂ ਦੀ ਵਿਆਖਿਆਕਾਰੀ ਦੇ ਨਾਲ-ਨਾਲ ਜਦ ਅਸੀਂ ਗੁਰਬਾਣੀ/ਗੁਰਮਤਿ ਵਿਆਖਿਆਕਾਰੀ ਦੇ ਪਿਛੋਕੜ/ਇਤਿਹਾਸ ਅਤੇ ਵਰਤਮਾਨ ਰੂਪਾਂ ਬਾਰੇ ਗੱਲ ਕਰਦੇ ਹਾਂ ਤਾਂ ਸਹਿਜ ਹੀ ਅਸੀਂ ਅਕਾਦਮਿਕਤਾ ਜਗਤ ਵਿਚ ਵਿਆਖਿਆਕਾਰੀ ਦੇ ਸਰੂਪ ਬਾਰੇ ਵੀ ਜਾਣ ਰਹੇ ਹੁੰਦੇ ਹਾਂ। ਹਥਲਾ ਖੋਜ ਕਾਰਜ ਅਕਾਦਮਿਕਤਾ ਦੇ ਸਮੁੰਦਰ ਵਿਚ ਭਾਵੇਂ ਬੂੰਦ ਦੇ ਸਮਾਨ ਹੀ ਮੰਨਿਆ ਜਾ ਸਕਦਾ ਹੈ ਪ੍ਰੰਤੂ ਫਿਰ ਵੀ ਸਾਡੀ ਕੋਸ਼ਿਸ਼ ਰਹੀ ਹੈ ਕਿ ਅਸੀਂ ਇਸ ਖੋਜ ਕਾਰਜ ਤੋਂ ਭਵਿੱਖਤ ਖੋਜ ਲਈ ਖੋਜਾਰਥੀਆਂ ਨੂੰ ਵੱਧ ਤੋਂ ਵੱਧ ਸੂਚਨਾਵਾਂ/ਲਾਭ ਪ੍ਰਾਪਤ ਹੋ ਸਕੇ। ਇਸ ਖੋਜ ਕਾਰਜ ਦੀ ਸੰਪੂਰਨਤਾ ਉਪਰੰਤ ਖੋਜ ਕਾਰਜ ਦੀ ਮਹੱਤਤਾ ਨੂੰ ਨਿਮਨ ਪੱਖਾਂ ਤੋਂ ਵਾਚਿਆ ਜਾ ਸਕਦਾ ਹੈ

1 ਖੋਜ ਦੇ ਖੇਤਰ ਵਿਚ ਪ੍ਰਿੰ. ਤੇਜਾ ਸਿੰਘ ਨਾਲ ਸਬੰਧਤ ਭਾਵੇਂ ਅਨੇਕਾਂ ਖੋਜ ਕਾਰਜ ਹੋ ਚੁੱਕੇ ਹਨ ਪ੍ਰੰਤੂ ਹਥਲਾ ਕਾਰਜ ਇਨ੍ਹਾਂ ਕਾਰਜਾਂ ਤੋਂ ਨਿਵੇਕਲਾ ਹੈ ਕਿਉਂਕਿ ਅਸੀਂ ਸਿਰਫ਼ ਉਨ੍ਹਾਂ ਦੇ ਜੀਵਨ ਵੇਰੇਵਿਆਂ ਤੱਕ ਹੀ ਸੀਮਤ ਨਹੀਂ ਰਹੇ ਸਗੋਂ ਹਰ ਖੇਤਰ ਜਿਵੇਂ- ਧਾਰਮਿਕ, ਅਕਾਦਮਿਕ, ਸਮਾਜਿਕ ਅਤੇ ਇਤਿਹਾਸਕ ਪੱਖਾਂ ਨੂੰ ਵੀ ਵਿਚਾਰਨ ਦੀ ਕੋਸ਼ਿਸ਼ ਕੀਤੀ ਹੈ।

2 ਪ੍ਰਿੰ. ਤੇਜਾ ਸਿੰਘ ਦਾ ਬਿੰਬ ਸਿੱਖ ਜਗਤ ਵਿਚ ਪ੍ਰਮਾਣਿਕ ਤੇ ਸੁਹਿਰਦ ਵਿਦਵਾਨ ਚਿੰਤਕ ਵਜੋਂ ਜਿਉਂਦੇ ਜੀ ਹੀ ਸਥਾਪਤ ਹੋ ਗਿਆ ਸੀ। ਉਨ੍ਹਾਂ ਦੀ ਵਿਦਵਤਾ ਨੂੰ ਉਜਾਗਰ ਕਰਨ ਦਾ ਜਤਨ ਕੀਤਾ ਗਿਆ ਹੈ।

3 ਇਸ ਕਾਰਜ ਦੁਆਰਾ ਗੁਰੂ ਨਾਨਕ ਦੇਵ ਤੋਂ ਹੁਣ ਤੱਕ ਹੋ ਚੁੱਕੀਆਂ ਵਿਆਖਿਆ ਪਰਪਾਰਟੀਆਂ ਦੀ ਸੂਚਨਾ ਇਕ ਥਾਂ ਉਪਲੱਬਧ ਹੋਈ ਹੈ।

4 ਗੁਰਬਾਣੀ/ਗੁਰਮਤਿ ਵਿਆਖਿਆ ਜਗਤ ਵਿਚ ਹੋਏ ਟੀਕਿਆਂ, ਭਾਸ਼ਯ, ਪਰਮਾਰਥ ਆਦਿ ਦੀ ਸੂਚੀ ਇਕ ਥਾਂ ਉਪਲਬਧ ਹੋਵੇਗੀ।

5 ਵਿਆਖਿਆਕਾਰੀ ਦੇ ਵੱਖ-ਵੱਖ ਪੜਾਅ ਵੱਖੋ ਵੱਖਰੇ ਵਿਦਵਾਨਾਂ ਦੇ ਵੱਖੋ ਵੱਖਰੇ ਸਮੇਂ ਹੋਏ ਟੀਕਿਆਂ ਅਨੁਸਾਰ ਉਨ੍ਹਾਂ ਵਿਚਲੀਆਂ ਵਿਸ਼ੇਸ਼ਤਾਵਾਂ ਨੂੰ ਪਾਠਕਾਂ ਦੇ ਸਨਮੁੱਖ ਰਖਿਆ ਗਿਆ ਹੈ

6 ਵਿਆਖਿਆਕਾਰੀ, ਵਿਆਖਿਆ-ਸ਼ਾਸਤਰ ਕੀ ਹੈ? ਇਸ ਬਾਰੇ ਪੱਛਮੀ ਤੇ ਪੂਰਬੀ ਵਿਆਖਿਆ ਪਧੱਤੀਆਂ ਵਿਚ ਅੰਤਰ ਅਤੇ ਸਮਾਨਤਾਵਾਂ ਨੂੰ ਵੇਖਿਆ ਗਿਆ ਹੈ।

7 ਵਿਆਖਿਆਕਾਰੀ ਦੀ ਆਰੰਭਤਾ ਦਾ ਪਿਛੋਕੜ, ਇਤਿਹਾਸ ਅਤੇ ਵਰਤਮਾਨ ਰੂਪ ਕੀ ਹੈ? ਬਾਰੇ ਵਿਸਥਾਰ ਸਹਿਤ ਵਿਚਾਰ ਕੀਤੀ ਗਈ ਹੈ।

8 'ਸ਼ਬਦਾਰਥ' ਬਾਰੇ ਇਸ ਦੀ ਆਰੰਭਤਾ ਤੋਂ ਮੌਜੂਦਾ ਪ੍ਰਕਾਸ਼ਨਾਵਾਂ ਬਾਰੇ ਸੂਚਨਾ 'ਗੁਰ ਸੇਵਕ ਸਭਾ' ਤੋਂ ਮੌਜੂਦਾ ਸਮੇਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਤੱਕ।

## ABSTRACT

As soon as the divine bani came to exist, basic efforts to understand its deep meaning had begun. In the beginning these efforts were done verbally. Although Bhai Gurdas' 40 vaars were in the written form of the Gurbani explanatory but these were also in a poetic form. After Bhai Sahib, Sodhi Miharban, Udasis, Nirmlays, Giani etc. started the work of interpretation through various sects / methods. Under the influence of time, place and sectarian, the differences in the meaning of Gurbani also started to increase. When these differences became clear to the Singh Sabha movement, they started the task of understanding the Gurbani descriptors through scientific interventions. The names of many prominent scholars of the Singh Sabha movement are acting as a remarkable milestones in this area, among them The name of Principal Teja Singh is most prominent. He found some rules of Gurbani grammar and wrote these rules in the book 'Shabdantik lagan matra de gujhe bhed', and after applying these rules in Gurbani descriptor, he prepared the 'Teeka of Japji' in 1919 CE. After this, he prepared 'Asa di Vaar' and later he prepared 'Shabadarath' (four volumes) with the help of the most prominent Gursewak Sabha. With efforts of Principal Teja Singh, only the single-meaning interpretation of Gurbani came to exist instead of multi-dimensional meaning of Gurbani, and these interpretations were also based on the grammatical rules found by Principal Teja Singh. In this research, Teja Singh's life, personalities, literary and gurmat discourses, as well as meaning of interpretation, efforts to understand it in Western and Eastern world, considering the role of interpretation, the importance of explanation has been tried to made clear. After looking into the historical background of Gurbani's interpretation, an attempt has been made to collect the main characteristic of Gurbani's interpretation in main books (teekas) of Punjabi language at one place. It is hoped that Gurbani lovers / preachers / story writers / exponents / researchers, etc. will be able to get the appropriate guidance from this research work.

**Key words:** Giani, Interpretation, Pri. Teja Singh, Hermenutics

## ਪ੍ਰਿੰ. ਤੇਜਾ ਸਿੰਘ ਦਾ ਗੁਰਮਤਿ ਵਿਆਖਿਆ ਵਿਚ ਯੋਗਦਾਨ

ਧੁਰ ਕੀ ਬਾਣੀ ਦੇ ਅਵਤਰਨ ਨਾਲ ਹੀ ਇਸ ਦੇ ਗੂੜ੍ਹ ਰਹੱਸ ਨੂੰ ਸਮਝਣ ਦੇ ਜਤਨ ਆਰੰਭ ਹੋ ਗਏ ਸਨ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਸਮੇਂ ਇਹ ਜਤਨ ਮੌਖਿਕ ਰੂਪ ਵਿਚ ਹੀ ਸਨ। ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਗੁਰਬਾਣੀ ਰਾਹੀਂ ਗੁਰਬਾਣੀ ਦੀ ਵਿਆਖਿਆ ਦਾ ਇਹ ਸਹਿਜ ਰੂਪ ਹੀ ਪ੍ਰਚੱਲਿਤ ਰਿਹਾ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ (1604 ਈ.) ਉਪਰੰਤ ਭਾਈ ਗੁਰਦਾਸ ਜੀ ਦੀ ਰਚਨਾ ਰਾਹੀਂ ਗੁਰਬਾਣੀ ਵਿਆਖਿਆਕਾਰੀ ਦਾ ਲਿਖਤੀ ਦੌਰ ਆਰੰਭ ਹੋਇਆ ਅਤੇ ਭਾਈ ਸਾਹਿਬ ਨੂੰ ਸਿੱਖੀ ਦੇ ਪਹਿਲੇ ਵਿਆਖਿਆਕਾਰ ਹੋਣ ਦਾ ਮਾਣ ਪ੍ਰਾਪਤ ਹੋਇਆ। ਭਾਈ ਸਾਹਿਬ ਤੋਂ ਬਾਅਦ ਸੋਢੀ ਮਿਹਰਬਾਨ, ਉਦਾਸੀ, ਗਿਆਨੀ, ਨਿਰਮਲੇ ਆਦਿ ਅਨੇਕਾਂ ਸੰਪਰਦਾਵਾਂ/ਵਿਧਾਵਾਂ ਰਾਹੀਂ ਵਿਆਖਿਆਕਾਰੀ ਕਾਰਜਾਂ ਵਿਚ ਵਿਸਥਾਰ ਹੋਣ ਲੱਗਾ। ਪ੍ਰੰਤੂ ਸਮੇਂ/ਸਥਾਨ/ਸੰਪਰਦਾਵਾਂ ਦੇ ਪ੍ਰਭਾਵ ਅਧੀਨ ਗੁਰਬਾਣੀ ਵਿਆਖਿਆਕਾਰੀ ਬਹੁਅਰਥੀ ਰੂਪ ਗ੍ਰਹਿਣ ਕਰ ਗਈ ਅਤੇ ਅਰਥਾਂ ਵਿਚ ਵਖਰੇਵਾਂ ਸਪਸ਼ਟ ਪ੍ਰਤੀਤ ਹੋਣ ਲੱਗਾ। ਇਨ੍ਹਾਂ ਸਮੱਸਿਆਵਾਂ ਦੇ ਮੱਦੇਨਜਰ 19 ਵੀਂ ਸਦੀ ਵਿਚ 'ਸਿੰਘ ਸਭਾ ਲਹਿਰ' ਨੇ ਗੁਰਬਾਣੀ ਅਰਥਾਂ ਨੂੰ ਆਧੁਨਿਕਤਾ ਦੇ ਸਨਮੁੱਖ ਵਿਗਿਆਨਕ ਦ੍ਰਿਸ਼ਟੀਕੋਣ ਰਾਹੀਂ ਸਮਝਣ ਹਿੱਤ ਕਾਰਜ ਆਰੰਭੇ। ਇਸ ਖੇਤਰ ਵਿਚ 'ਸਿੰਘ ਸਭਾ ਲਹਿਰ' ਦੇ ਅਨੇਕਾਂ ਸਿਰਕੱਢ ਵਿਦਵਾਨਾਂ ਦਾ ਨਾਂ ਜ਼ਿਕਰਯੋਗ ਹੈ, ਉਨ੍ਹਾਂ ਵਿਚੋਂ ਪ੍ਰਿੰ. ਤੇਜਾ ਸਿੰਘ ਦਾ ਨਾਂ ਵੀ ਆਪਣੀ ਪਛਾਣ ਰਖਦਾ ਹੈ, ਜਿਨ੍ਹਾਂ ਨੇ 'ਸ਼ਬਦਾਂਤਿਕ ਲਗਾਂ ਮਾਤਰਾਂ ਦੇ ਗੁਝੇ ਭੇਦ' ਪੁਸਤਕ ਰਾਹੀਂ ਗੁਰਬਾਣੀ ਵਿਆਕਰਨ ਦੇ ਕੁਝ ਨੇਮ ਲੱਭ ਕੇ ਇਨ੍ਹਾਂ ਨੇਮਾਂ ਆਧਾਰਿਤ 1919 ਈ. ਨੂੰ 'ਜਪੁਜੀ ਦਾ ਟੀਕਾ' ਕੀਤਾ ਫਿਰ 'ਆਸਾ ਦੀ ਵਾਰ ਦਾ ਟੀਕਾ' ਅਤੇ 'ਸ਼ਬਦਾਰਥ' (ਚਾਰ ਭਾਗ) ਤਿਆਰ ਕੀਤਾ ਜੋ ਗੁਰ ਸੇਵਕ ਸਭਾ ਦੇ ਸਹਿਯੋਗ ਨਾਲ ਪ੍ਰਕਾਸ਼ਿਤ ਹੋਇਆ। ਉਨ੍ਹਾਂ ਦੇ ਇਸ ਜਤਨ ਨਾਲ ਗੁਰਬਾਣੀ ਦੀ ਬਹੁ ਅਰਥੀ ਪਰਪਾਟੀ ਦੀ ਥਾਂ ਇਕ ਅਰਥ ਵਿਆਕਰਨਕ ਨੇਮਾਂ ਅਨੁਸਾਰ ਹੋਣ ਲੱਗੇ। ਹਥਲਾ ਪੀਐੱਚ. ਡੀ. ਖੋਜ ਕਾਰਜ 'ਪ੍ਰਿੰ. ਤੇਜਾ ਸਿੰਘ ਦਾ ਗੁਰਮਤਿ ਵਿਆਖਿਆ ਵਿਚ ਯੋਗਦਾਨ' ਵਿਸ਼ੇ ਤੇ ਕੇਂਦਰਿਤ ਹੈ। ਇਸ ਖੋਜ ਕਾਰਜ ਨੂੰ ਸਿਰਜਣ ਸਮੇਂ ਇਸ ਦੀ ਨਿਮਨ ਚਾਰ ਅਧਿਆਇਆਂ ਵਿਚ ਵੰਡ ਕੀਤੀ ਗਈ ਹੈ।

1. ਪ੍ਰਿੰ. ਤੇਜਾ ਸਿੰਘ ਜੀਵਨ ਤੇ ਰਚਨਾ
2. ਵਿਆਖਿਆ: ਅਰਥ ਸਰੂਪ ਤੇ ਮਹੱਤਵ
3. ਗੁਰਬਾਣੀ ਵਿਆਖਿਆ: ਪਿਛੋਕੜ ਅਤੇ ਵਰਤਮਾਨ
4. ਪ੍ਰਿੰ. ਤੇਜਾ ਸਿੰਘ ਦਾ ਗੁਰਮਤਿ ਵਿਆਖਿਆ ਵਿਚ ਯੋਗਦਾਨ

ਉਕਤ ਅਧਿਆਇਆਂ ਵਿਚ ਪ੍ਰਿੰ. ਤੇਜਾ ਸਿੰਘ ਦੇ ਜੀਵਨ ਕਾਲ, ਵਿਅਕਤੀਤਵ, ਸਾਹਿਤ ਅਤੇ ਗੁਰਮਤਿ ਵਿਆਖਿਆਕਾਰੀ ਦੇ ਨਾਲ-ਨਾਲ ਵਿਆਖਿਆ ਦਾ ਅਰਥ, ਪੱਛਮੀ ਅਤੇ ਪੂਰਬੀ ਜਗਤ ਵਿਚ ਇਸ ਨੂੰ ਸਮਝਣ ਦੇ ਜਤਨ ਅਤੇ ਵਿਆਖਿਆ ਸ਼ਾਸਤਰ ਦੀ ਭੂਮਿਕਾ ਨੂੰ ਵਿਚਾਰਦਿਆਂ ਵਿਆਖਿਆਕਾਰੀ ਦੇ ਮਹੱਤਵ ਨੂੰ ਸਪੱਸ਼ਟ ਕੀਤਾ ਹੈ ਉਥੇ ਗੁਰਬਾਣੀ ਵਿਆਖਿਆਕਾਰੀ ਦੇ ਇਤਿਹਾਸਕ ਪਿਛੋਕੜ ਨੂੰ ਵੇਖਦਿਆਂ ਹੁਣ ਤੱਕ ਗੁਰਬਾਣੀ ਦੇ ਪੰਜਾਬੀ ਭਾਸ਼ਾ ਵਿਚ ਹੋਏ ਪ੍ਰਮੁੱਖ ਟੀਕਿਆਂ ਵਿਚਲੀਆਂ ਵਿਸ਼ੇਸ਼ਤਾਵਾਂ/ਲੱਛਣਾਂ ਨੂੰ ਪੜਚੋਲਦਿਆਂ ਵਿਆਖਿਆਕਾਰ ਦੀ ਗੁਰਬਾਣੀ ਪ੍ਰਤੀ ਪਹੁੰਚ ਅਤੇ ਵਿਆਖਿਆਤਮਕ ਜੁਗਤਾਂ/ਅੰਤਰ ਦ੍ਰਿਸ਼ਟੀਆਂ ਨੂੰ ਇਕ ਜਗ੍ਹਾ ਇਕੱਠਾ ਕਰਨ ਦਾ ਯਤਨ ਕੀਤਾ ਗਿਆ ਹੈ। ਉਮੀਦ ਹੈ ਕਿ ਗੁਰਬਾਣੀ ਪ੍ਰੇਮੀ/ਪ੍ਰਚਾਰਕ/ਕਥਾਕਾਰ/ਵਿਆਖਿਆਕਾਰ/ ਖੋਜਾਰਥੀਆਂ ਆਦਿ ਨੂੰ ਇਸ ਖੋਜ ਕਾਰਜ ਤੋਂ ਯੋਗ ਸੇਧ ਪ੍ਰਾਪਤ ਹੋਵੇਗੀ।

ਮੁੱਖ ਸ਼ਬਦ- ਪ੍ਰਿੰ. ਤੇਜਾ ਸਿੰਘ, ਵਿਆਖਿਆ, ਵਿਆਖਿਆਕਾਰੀ, ਵਿਆਖਿਆ-ਸ਼ਾਸਤਰ, ਵਿਆਖਿਆ ਵੰਨਗੀ

# ਘੋਸ਼ਣਾ-ਪੱਤਰ

ਮੈਂ ਬਿਆਨ ਕਰਦਾ ਹਾਂ ਕਿ '**ਪ੍ਰਿੰ. ਤੇਜਾ ਸਿੰਘ ਦਾ ਗੁਰਮਤਿ ਵਿਆਖਿਆ ਵਿਚ ਯੋਗਦਾਨ**' ਵਿਸ਼ੇ ਉਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿਤਾ ਗਿਆ ਹੋਵੇ।

**(ਨਿਗਰਾਨ)**

ਗੁੰਜਨ ਜੋਤ ਕੌਰ

**ਗੁੰਜਨਜੋਤ ਕੌਰ (ਡਾ.)**

**(ਖੋਜਾਰਥੀ)**

ਗੁਰਪ੍ਰੀਤ ਸਿੰਘ

**ਗੁਰਪ੍ਰੀਤ ਸਿੰਘ**

# ਧੰਨਵਾਦ

ਸਭ ਤੋਂ ਪਹਿਲਾਂ ਮੈਂ ਉਸ ਅਕਾਲ ਪੁਰਖ ਦਾ ਧੰਨਵਾਦ ਕਰਦਾ ਹਾਂ ਜਿਸ ਦੀ ਮਿਹਰ ਸਦਕਾ ਹਥਲੇ ਖੋਜ ਕਾਰਜ ਨੂੰ ਨੇਪਰੇ ਚੜ੍ਹਾਉਣ ਵਿਚ ਸਫਲਤਾ ਮਿਲੀ ਹੈ।

ਮੈਂ ਧੰਨਵਾਦ ਕਰਦਾ ਹਾਂ ਮੇਰੇ ਨਿਗਰਾਨ ਡਾ. ਗੁੰਜਨਜੋਤ ਕੌਰ ਜੀ ਦਾ ਜਿਨ੍ਹਾਂ ਦੀ ਸੁਯੋਗ ਅਗਵਾਈ ਅਤੇ ਸਮੇਂ-ਸਮੇਂ ਦਿੱਤੇ ਉਤਸ਼ਾਹ ਕਾਰਨ ਹਥਲਾ ਖੋਜ ਕਾਰਜ ਸੰਪੂਰਨ ਹੋਇਆ।

ਵਿਭਾਗ ਦੇ ਮੁਖੀ ਪ੍ਰੋ. ਸਰਬਜਿੰਦਰ ਸਿੰਘ ਜੀ ਅਤੇ ਪ੍ਰੋ. ਮਲਕਿੰਦਰ ਕੌਰ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸਮੇਂ-ਸਮੇਂ ਤੇ ਹੱਲਾਸ਼ੇਰੀ ਅਤੇ ਚੰਗੇ ਸੁਝਾਅ ਦਿੱਤੇ।

ਮੈਂ ਧੰਨਵਾਦ ਕਰਦਾ ਹਾਂ ਡਾ. ਗੁਰਮੇਲ ਸਿੰਘ ਜੀ ਅਤੇ ਮੇਰੇ ਪਰਮ ਮਿੱਤਰ ਡਾ. ਜਸਵੰਤ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਦਾ ਜਿਨ੍ਹਾਂ ਨੇ ਖੋਜ ਕਾਰਜ ਸੰਪੂਰਣ ਕਰਨ ਵਿਚ ਮੇਰੀ ਮਦਦ ਕੀਤੀ।

ਮੈਂ ਧੰਨਵਾਦ ਕਰਦਾ ਹਾਂ ਵਿਭਾਗ ਦੇ ਲਾਇਬ੍ਰੇਰੀਅਨ ਮੈਡਮ ਕੁਲਵੰਤ ਕੌਰ ਅਤੇ ਸਮੂਹ ਵਿਭਾਗੀ ਸਟਾਫ ਅਤੇ ਮਿੱਤਰਾਂ ਦਾ ਜਿਨ੍ਹਾਂ ਨੇ ਇਸ ਕਾਰਜ ਦੀ ਸਫਲਤਾ ਲਈ ਹਰ ਸਮੇਂ ਮੇਰਾ ਸਾਥ ਦਿੱਤਾ।

ਖੋਜ ਕਾਰਜ ਦੇ ਆਖਰੀ ਪੜਾਅ 'ਤੇ ਅਕਸਰ ਪਿੰਡੋਂ ਆਉਣਾ ਤੇ ਦੋ ਚਾਰ ਦਿਨ ਪਟਿਆਲੇ ਲਗ ਹੀ ਜਾਂਦੇ ਤਾਂ ਮੇਰੇ ਰਹਿਣ, ਖਾਣ-ਪੀਣ ਦਾ ਇਕੋ ਟਿਕਾਣਾ ਵੱਡੇ ਵੀਰ ਹਰਵਿੰਦਰ ਸਿੰਘ (ਲੱਡੂ) ਅਤੇ ਭੈਣ ਲਖਵੀਰ ਕੌਰ ਦੇ ਘਰ ਹੁੰਦਾ। ਉਨ੍ਹਾਂ ਨੇ ਮੇਰੇ ਇਸ ਖੋਜ ਕਾਰਜ ਵਿਚ ਬਹੁਤ ਮਦਦ ਕੀਤੀ ਇਸ ਲਈ ਉਨ੍ਹਾਂ ਦੇ ਸਮੁੱਚੇ ਪਰਿਵਾਰ ਦਾ ਵੀ ਧੰਨਵਾਦ ਹੈ।

ਮੈਂ ਆਪਣੇ ਪਰਿਵਾਰ, ਪਤਨੀ ਸਨਦੀਪ ਕੌਰ (ਖੋਜਾਰਥਣ), ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰੇ ਸਾਰੇ ਖੋਜ ਕਾਰਜ ਵਿਚ ਸਹਿਯੋਗ ਦਿਤਾ ਅਤੇ ਸਮੁੱਚੇ ਖੋਜ ਕਾਰਜ ਦੇ ਪਰੂਫ਼ ਵੀ ਪੜ੍ਹੇ।

ਅਖੀਰ ਵਿਚ ਸਪੁੱਤਰ ਜੈ ਸਿੰਘ ਦਾ ਵੀ ਧੰਨਵਾਦ, ਜਿਸ ਦੇ ਬਚਪਣ ਦੀਆਂ ਕਿਲਕਾਰੀਆਂ ਨੂੰ ਖੋਜ ਕਾਰਜ ਦੇ ਰੁਝਿਵਿਆਂ ਕਾਰਣ ਅਣਗੌਲਿਆ ਕੀਤਾ।

# ਤਤਕਰਾ


| ਲੜੀ ਨੰ. | ਵਿਸ਼ਾ-ਸੂਚੀ | ਪੰਨਾ |
|---|---|---|
| | ਭੂਮਿਕਾ | i-vii |
| 1. | ਅਧਿਆਇ ਪਹਿਲਾ<br>ਪ੍ਰਿੰ. ਤੇਜਾ ਸਿੰਘ ਜੀਵਨ ਤੇ ਰਚਨਾ | 1-38 |
| 2. | ਅਧਿਆਇ ਦੂਜਾ<br>ਵਿਆਖਿਆ: ਅਰਥ ਸਰੂਪ ਤੇ ਮਹੱਤਵ | 39-66 |
| 3. | ਅਧਿਆਇ ਤੀਜਾ<br>ਗੁਰਬਾਣੀ ਵਿਆਖਿਆ: ਪਿਛੋਕੜ ਤੇ ਵਰਤਮਾਨ | 67-173 |
| 4. | ਅਧਿਆਇ ਚੌਥਾ<br>ਪ੍ਰਿੰ. ਤੇਜਾ ਸਿੰਘ ਦਾ ਗੁਰਮਤਿ ਵਿਆਖਿਆ ਵਿਚ ਯੋਗਦਾਨ | 174-216 |
| 5. | ਸਾਰ ਤੇ ਸਥਾਪਨਾਵਾਂ | 217-218 |
| 6. | ਪੁਸਤਕ-ਸੂਚੀ | 219-226 |

# ਭੂਮਿਕਾ

ਸਾਹਿਤ ਸਮੀਖਿਆ ਦੇ ਬੀਜ ਸਾਹਿਤ ਸਿਰਜਣਾ ਵਿਚ ਹੀ ਮੌਜੂਦ ਹੁੰਦੇ ਹਨ। ਸਾਹਿਤ ਚਿੰਤਕਾਂ ਦਾ ਇਹ ਮਤ ਹੈ ਕਿ ਸਾਹਿਤ ਸਮੀਖਿਆ ਦੀ ਨਿੱਖੜੀ ਹੋਈ ਪਰੰਪਰਾ ਉਸੇ ਸਮਾਜ ਵਿਚ ਵਿਗਸਦੀ ਹੈ ਜਿਸ ਵਿਚ ਸਾਹਿਤ ਇਕ ਪੱਕੀ ਤੇ ਸੁਤੰਤਰ ਸੰਸਥਾ ਦਾ ਰੂਪ ਧਾਰ ਚੁੱਕਾ ਹੈ। ਸੰਸਾਰ ਵਿਚ ਬਹੁਤ ਘੱਟ ਵਿਅਕਤੀ ਅਜਿਹੇ ਹਨ ਜੋ ਕਿ ਇਕੋ ਸਮੇਂ ਚੰਗੇ ਆਲੋਚਕ ਤੇ ਚੰਗਾ ਸਮੀਖਿਅਕ ਹੋਣ ਦੇ ਨਾਲ ਨਾਲ ਵਧੀਆ ਚਿੰਤਕ ਵੀ ਹੋਣ ਪਰ ਜਦੋਂ ਇਹ ਸਾਰੇ ਗੁਣ ਇਕੋ ਵਿਅਕਤੀ ਵਿਚ ਆ ਜਾਣ ਤਾਂ ਉਹ ਜਿਸ ਸਾਹਿਤ ਦੀ ਸਿਰਜਨਾ ਕਰਦਾ ਹੈ, ਉਹ ਸਜਰਾ ਤੇ ਨਰੋਆ ਸਾਹਿਤ ਕਿਹਾ ਜਾ ਸਕਦਾ ਹੈ।

ਚਿੰਤਕ ਅਤੇ ਚਿੰਤਨ ਵਿਹਾਰਕ ਪੱਖ ਤੋਂ ਸਮਾਨਾਂਤਰ ਰੂਪ ਵਿਚ ਹੀ ਕਾਰਜ ਕਰਦੇ ਪ੍ਰਤੀਤ ਹੁੰਦੇ ਹਨ ਕਿਉਂਕਿ ਚਿੰਤਕ ਰਾਹੀਂ ਹੀ ਚਿੰਤਨ ਦੀ ਆਧਾਰਸ਼ਿਲਾ ਬਣਦੀ ਹੈ। ਉਕਤ ਦੋਵੇਂ ਹੀ ਕਿਸੇ ਵੀ ਦੇਸ਼, ਕੌਮ, ਧਰਮ ਦੇ ਸਾਹਿਤ ਲਈ ਸੰਜੀਵਨੀ ਬੂਟੀ ਦਾ ਕੰਮ ਕਰਦੇ ਹਨ ਜੋ ਲੋਕਾਈ ਵਿਚੋਂ ਮਰ ਚੁੱਕੀ ਚੇਤੰਨਤਾ ਨੂੰ ਮੁੜ ਸੁਰਜੀਤ ਕਰਨ ਵੱਲ ਪ੍ਰੇਰਦੇ ਹੋਏ ਸਾਹਿਤਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪੱਖ ਤੋਂ ਵੀ ਵਿਕਾਸ ਕਰਦੇ ਹਨ। ਸਮਾਜ ਵਿਚ ਐਸੇ ਅਨੇਕਾਂ ਦਾਨਿਸ਼ਮੰਦ, ਸਤਪੁਰਖ, ਮਹਾਤਮਾ ਬੰਧੂ ਜ਼ਿਕਰ ਯੋਗ ਹਨ ਜਿਨ੍ਹਾਂ ਨੇ ਪ੍ਰਚੰਡ ਗਿਆਨ-ਵਿਗਿਆਨ ਦੇ ਬਲਬੂਤੇ ਅਤੇ ਵਿਸ਼ੇਸ਼ ਕਰਕੇ 'ਬਿਬੇਕ-ਬੁੱਧ' ਦੇ ਆਸਰੇ ਸਮਾਜ ਨੂੰ ਨਵੀਂ ਸੇਧ ਦਿੱਤੀ। ਇਸ ਲਈ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਕਿਸੇ ਵੀ ਧਰਮ, ਕੌਮ ਜਾਂ ਨਸਲ ਲਈ ਵਿਦਵਾਨ ਇਕ ਨਿਰੰਤਰ ਵਗਦੇ ਦਰਿਆ ਵਾਂਗ ਹੁੰਦੇ ਹਨ ਜੋ ਆਪਣੇ ਵਿਰਸੇ ਅਤੇ ਸਿਧਾਤਾਂ ਤੋਂ ਟੁੱਟ ਚੁੱਕੀ ਲੋਕਾਈ ਨੂੰ ਆਪਣੇ ਧੁਰੇ ਨਾਲ ਜੋੜ ਕੇ ਬੇਕਾਰ ਤੋਂ ਬੇਕਾਰ ਜਮੀਨ ਨੂੰ ਵੀ ਉਪਜਾਊ ਬਨਾਉਣ (ਇਕ ਨਵੀਂ ਸੋਚ ਪੈਦਾ ਕਰਨ) ਦੀ ਸਮਰਥਾ ਰੱਖਦੇ ਹਨ। ਇਨ੍ਹਾਂ ਦਾਨਾਈ ਪੁਰਸ਼ਾਂ ਦੀ ਬੁੱਧੀ ਮੰਡਲ ਦੀ ਸੋਚ, ਸਮਾਜ ਵਿਚਲੇ ਆਮ ਪ੍ਰਾਣੀਆਂ ਤੋਂ ਕਿਤੇ ਜ਼ਿਆਦਾ ਆਗਾਂਹ ਵਧੂ ਹੁੰਦੀ ਹੈ ਪਰ ਅਫਸੋਸ ਇਸ ਗੱਲ ਦਾ ਹੁੰਦਾ ਹੈ ਕਿ ਐਸੇ ਦਾਨਿਆਂ ਨੂੰ ਅਸੀਂ ਅਕਸਰ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਹੀ ਸਮਝਣ ਦੀਆਂ ਕੋਸ਼ਿਸ਼ਾਂ ਕਰਦੇ ਹਾਂ।

ਸਿੱਖ ਧਰਮ ਸਮੁੱਚੀ ਲੋਕਾਈ ਦਾ ਸਾਂਝਾ ਧਰਮ ਹੋਣ ਕਰਕੇ ਸਰਬਤਰ ਸੰਸਾਰ ਲਈ ਗਿਆਨ ਦਾ ਵੱਡਾ ਤੇ ਅਥਾਹ ਸੋਮਾ ਹੈ। ਸਿੱਖ ਧਰਮ ਨਵੀਨ ਧਰਮ ਹੈ। ਨਵੀਨ ਧਰਮ ਦੇ ਨਵੀਨ ਗਿਆਨ ਨੂੰ ਪ੍ਰਾਪਤ ਕਰਨਾ ਅਤੇ ਗਿਆਨ ਪ੍ਰਾਪਤ ਕਰਕੇ ਦੂਜਿਆਂ ਨੂੰ ਜਾਗਰੂਕ ਕਰਵਾਉਣਾ ਇਕ ਮਹੱਤਵਪੂਰਨ ਕਾਰਜ ਹੈ। ਜੇਕਰ ਸਿੱਖ ਚਿੰਤਕਾਂ ਦੀ ਗੱਲ ਕਰੀਏ ਤਾਂ ਇਸ ਲੜੀ ਵਿਚ ਪ੍ਰਮੁੱਖ ਸਥਾਨ ਭਾਈ ਗੁਰਦਾਸ ਜੀ ਦਾ ਆਉਂਦਾ ਹੈ ਜਿਨ੍ਹਾਂ ਨੇ 40ਵਾਰਾਂ ਅਤੇ ਕਬਿੱਤ ਸਵਯੇ ਰਚਨਾਵਾਂ ਰਾਹੀਂ ਸਿੱਖ ਚਿੰਤਨ ਦਾ ਆਧਾਰ ਰੱਖਿਆ। ‘ਜਿਨ੍ਹਾਂ ਤੇ ਸ਼ਬਦ ਦੀ ਮਿਹਰ ਹੋਈ ਤੇ ਉਹ ਵੇਦ ਵਿਆਸ(ਵੇਦਾਂਤ), ਦੇਵ ਰਿਧੀ (ਜੈਨ), ਵਿਦਰਾਗਮਨੀ (ਬੁੱਧ), ਹੈਰੂਨ ਸੈਮੂਅਲ (ਯੁਹੂ+ਈਸਾਈਅਤ) ਅਤੇ ਜੈਦ-ਬਿਨ-ਸਾਬਿਤ ਵਾਂਗ ਆਪੋ ਆਪਣੇ ਧਰਮਾਂ ਦੀ ਪੈਗੰਬਰੀ ਅਜ਼ਮਤ ਤੋਂ ਬਾਅਦ ਵਿਰਾਸਤ ਦਾ ਫ਼ਖ਼ਰ ਹੋ ਨਿਬੜੇ।[1] ਉਨ੍ਹਾਂ ਤੋਂ ਉਪਰੰਤ ਭਾਈ ਨੰਦ ਲਾਲ ਜੀ, ਕਵੀ ਰਾਜ ਕਵੀ ਭਾਈ ਸੰਤੋਖ ਸਿੰਘ ਜੀ ਚੂੜਾਮਣੀ, ਗਿਆਨੀ ਗਿਆਨ ਸਿੰਘ, ਰਤਨ ਸਿੰਘ ਭੰਗੂ ਆਦਿ ਅਤੇ ਨਵੀਨ ਚਿੰਤਕਾਂ ਦੀ ਲੜੀ ਵਿਚ ਪ੍ਰੋਫੈਸਰ ਪੂਰਨ ਸਿੰਘ, ਭਾਈ ਵੀਰ ਸਿੰਘ, ਪ੍ਰੋਫੈਸਰ ਸਾਹਿਬ ਸਿੰਘ ਅਤੇ ਹੋਰ ਅਨੇਕਾਂ ਐਸੇ ਚਿੰਤਕਾਂ ਦੀ ਲੜੀ ਵੇਖੀ ਜਾ ਸਕਦੀ ਹੈ ਜਿਨ੍ਹਾਂ ਨੇ ਆਪਣੀ ਵਿਧਾ ਤੇ ਵਿਚਾਰਧਾਰਾ ਦੇ ਪਰਬਲ ਵੇਗ ਨਾਲ ਸਮਾਜ ਨੂੰ ਹਰ ਪੱਖੋਂ ਅਗਾਂਹ ਲਿਜਾਣ ਦੀ ਕੋਸ਼ਿਸ਼ ਕੀਤੀ ਇਨ੍ਹਾਂ ਵਿਚ ਪ੍ਰਿੰ. ਤੇਜਾ ਸਿੰਘ ਦਾ ਨਾਂ ਸਿੱਖ ਅਕਾਦਮਿਕਤਾ ਜਗਤ ਵਿਚ ਇਸ ਤਰ੍ਹਾਂ ਜੁੜਿਆ ਹੋਇਆ ਹੈ ਕਿ ਜਦ ਵੀ ਪੰਜਾਬੀ ਸਾਹਿਤ ਜਾਂ ਧਰਮ ਦੀ ਗੱਲ ਚਲਦੀ ਹੈ ਤਾਂ ਉਨ੍ਹਾਂ ਦਾ ਨਾਂ ਮੁੱਢਲੇ ਵਿਦਵਾਨਾਂ ਦੀ ਕਤਾਰ ਵਿਚ ਆਉਂਦਾ ਹੈ। ਪ੍ਰਿੰ. ਸਾਹਿਬ ਗੁਰੂ ਦੇ ਭਰੋਸੇ ਤੁਰਨ ਵਾਲੇ ਇਕ ਨਿਮਾਣੇ ਸਿੱਖ ਵਜੋਂ ਸਿੱਖ ਅਕਾਦਮਿਕਤਾ ਲਈ ਕਾਰਜ ਕਰਦੇ ਰਹੇ। ਗੁਰਬਾਣੀ ਦੇ ਮਹਾਨ ਵਿਆਖਿਆਕਾਰ ਹੋਣ ਦੇ ਨਾਲ-ਨਾਲ ਉਨ੍ਹਾਂ ਨੇ ਗੁਰਬਾਣੀ ਨੂੰ ਨਾ ਕੇਵੱਲ ਖ਼ੁਦ ਆਪ ਸਮਝਿਆ ਬਲਕਿ ਗੁਰਬਾਣੀ ਨੂੰ ਸਮਝਣ ਤੇ ਸਮਝਾਣ ਹਿੱਤ ਢੇਰਾਂ ਦੇ ਢੇਰ ਖੋਜ ਕਾਰਜਾਂ ਨੂੰ ਨੇਪਰੇ ਵੀ ਚਾੜ੍ਹਿਆ। ਹਥਲੇ ਖੋਜ ਕਾਰਜ ਵਿਚ ਅਸੀਂ (ਪ੍ਰਿੰ. ਤੇਜਾ ਸਿੰਘ ਦਾ ਗੁਰਮਤਿ ਵਿਆਖਿਆ ਵਿਚ ਯੋਗਦਾਨ) ਵਿਸ਼ੇ ਨੂੰ ਆਪਣੇ ਪੀਐਚ. ਡੀ., ਦੇ ਖੋਜ ਕਾਰਜ ਦਾ ਆਧਾਰ ਬਣਾਇਆ ਹੈ। ਇਸ ਖੋਜ ਕਾਰਜ ਰਾਹੀਂ ਭਾਵੇਂ ਸਿੱਧੇ ਰੂਪ ਵਿਚ ਪ੍ਰਿੰ. ਤੇਜਾ ਸਿੰਘ ਦੇ ਗੁਰਬਾਣੀ/ਗੁਰਮਤਿ ਵਿਆਖਿਆਕਾਰੀ ਦੇ ਵਿਚ ਪਾਏ

[1] ਡਾ. ਸਰਬਜਿੰਦਰ ਸਿੰਘ (ਸੰਪਾ.), ਕਬਿੱਤ ਸਵੈਯੇ ਭਾਈ ਗੁਰਦਾਸ, ਤੁਕ-ਤਤਕਰਾ, ਭੂਮਿਕਾ

ਯੋਗਦਾਨ ‘ਤੇ ਹੀ ਕੇਂਦਰਿਤ ਹਾਂ ਪ੍ਰੰਤੂ ਇਸ ਦੇ ਨਾਲ-ਨਾਲ ਗੁਰਬਾਣੀ ਅਤੇ ਗੁਰਮਤਿ ਸੰਕਲਪਾਂ ਦੀ ਵਿਆਖਿਆ ਸਬੰਧੀ ‘ਧੁਰ ਕੀ ਬਾਣੀ’ ਦੇ ਪ੍ਰਗਟ ਸਮੇਂ ਤੋਂ (ਵਿਸ਼ੇਸ਼ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਪ੍ਰਚਾਰ ਯਾਤਰਾਵਾਂ ਦੌਰਾਨ) ਹੋਏ ਅਤੇ ਆਧੁਨਿਕ ਸਮੇਂ ਹੋ ਰਹੇ ਅਜਿਹੇ ਯਤਨਾਂ ਬਾਰੇ ਵੀ ਜਾਨਣ ਦੀ ਕੋਸ਼ਿਸ਼ ਕੀਤੀ ਹੈ। 15ਵੀਂ ਸਦੀ ਤੋਂ 19ਵੀਂ ਸਦੀ ਤੱਕ ਗੁਰਬਾਣੀ/ਗੁਰਮਤਿ ਦੇ ਆਸ਼ੇ ਨੂੰ ਸਮਝਣ ਸਮਝਾਉਣ ਵਿਚ ਅਨੇਕਾਂ ਪ੍ਰਣਾਲੀਆਂ, ਸੰਪਰਦਾਵਾਂ, ਲਹਿਰਾਂ ਆਦਿ ਨੇ ਭਾਸ਼ਯ, ਪਰਮਾਰਥਾਂ, ਟੀਕਿਆਂ, ਵ੍ਰਿਤੀਆਂ, ਨਿਰੁਕਤੀਆਂ ਆਦਿ ਨੂੰ ਆਧਾਰ ਬਣਾਇਆ ਹੈ ਕਿਉਂਕਿ ਰੱਬੀ ਅਜ਼ਮਤ ਦਾ ਸੰਦੇਸ਼ ਨਿੱਤ ਨਵਾਂ ਹੋਣ ਕਾਰਨ ਅਜਿਹਾ ਕੋਈ ਵੀ ਜਤਨ ਸੰਪੂਰਨ ਨਹੀਂ ਮੰਨਿਆ ਜਾ ਸਕਿਆ ਇੰਨਾ ਜ਼ਰੂਰ ਹੋਇਆ ਹੈ ਕਿ ਹਰ ਜਤਨ ਦੀ ਕਿਸੇ ਵਿਸ਼ੇਸ਼ ਸਮੇਂ/ਸਥਾਨ ਦੇ ਪ੍ਰਸੰਗ ਵਿਚ ਸਾਰਥਿਕਤਾ ਜ਼ਰੂਰ ਕਾਇਮ ਰਹੀ ਹੈ। ਉਕਤ ਜਤਨ ਕਰਦਿਆਂ ਲੜੀ ਅਧੀਨ 19ਵੀਂ ਸਦੀ ‘ਚ ਸਿੰਘ ਸਭਾ ਲਹਿਰ ਦੀ ਉਤਪਤੀ ਹੋਈ। ਇਸ ਲਹਿਰ ਦਾ ਕਾਰਜ ਖੇਤਰ ਜਿੱਥੇ ਪੰਜਾਬੀ ਭਾਸ਼ਾ ਵਿਚ ਸੁਧਾਰ ਅਤੇ ਗੁਰਮਤਿ ਰਾਹ ਤੋਂ ਦੂਰ, ਪਤਿਤਪੁਣੇ ਦਾ ਸ਼ਿਕਾਰ ਹੋਏ ਧਰਮ ਅਭਿਲਾਖੀਆਂ ਨੂੰ ਮੁੜ ਸਿੱਖੀ ਵੱਲ ਪਰਤਾਣ ਦੇ ਨਾਲ-ਨਾਲ ਗੁਰਬਾਣੀ/ਗੁਰਮਤਿ ਦੀ ਵਿਆਖਿਆ ਨੂੰ ਬਦਲਦੇ ਸਮੇਂ ਅਤੇ ਸਥਿਤੀਆਂ ਲਈ ਪ੍ਰਸੰਗਕ ਬਨਾਉਣਾ ਸੀ। ਇਸ ਲਹਿਰ ਨੇ ਸਿੱਖ ਪੰਥ ਨੂੰ ਅਨੇਕਾਂ ਵਿਦਵਾਨ (ਜਿਵੇਂ-ਗਿਆਨੀ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ, ਪ੍ਰੋ. ਸਾਹਿਬ ਸਿੰਘ, ਭਾਈ ਜੋਧ ਸਿੰਘ, ਪ੍ਰਿੰਸੀਪਲ ਨਿਰੰਜਨ ਸਿੰਘ, ਭਾਈ ਵੀਰ ਸਿੰਘ) ਕੌਮ ਦੀ ਝੋਲੀ ਪਾਏ। ਇਨ੍ਹਾਂ ਹੀ ਵਿਦਵਾਨਾਂ ਦੀ ਲੜੀ ਵਿਚ (ਉਪਰ ਕੀਤੇ ਸੰਕੇਤ ਅਨੁਸਾਰ) ਪ੍ਰਿੰ. ਤੇਜਾ ਸਿੰਘ ਦਾ ਨਾਂ ਆਉਂਦਾ ਹੈ ਪ੍ਰਿੰ. ਤੇਜਾ ਸਿੰਘ ‘ਤੇ ਆਧਾਰਿਤ ਹਥਲੇ ਖੋਜ ਕਾਰਜ ਨੂੰ ਵਿਉਂਤਣ ਲਈ ਅਸੀਂ ਇਸ ਦੇ ਵੱਖ ਵੱਖ ਪੱਖਾਂ ਨੂੰ ਸਮਝਣ ਹਿੱਤ ਚਾਰ ਅਧਿਆਏ ਬਣਾਏ ਹਨ ਜਿਨ੍ਹਾਂ ਦੀ ਸੰਖੇਪ ਜਾਣ ਪਛਾਣ ਨਿਮਨ ਅਨੁਸਾਰ ਹੈ:-

**ਅਧਿਆਇ ਪਹਿਲਾ** ਪ੍ਰਿੰ. ਤੇਜਾ ਸਿੰਘ: ਜੀਵਨ ਤੇ ਰਚਨਾ

**ਅਧਿਆਇ ਦੂਸਰਾ** ਵਿਆਖਿਆ: ਅਰਥ, ਸਰੂਪ ਤੇ ਮਹੱਤਵ

**ਅਧਿਆਇ ਤੀਸਰਾ** ਗੁਰਬਾਣੀ ਵਿਆਖਿਆ: ਪਿਛੋਕੜ ਅਤੇ ਵਰਤਮਾਨ

**ਅਧਿਆਇ ਚੌਥਾ** ਪ੍ਰਿੰ. ਤੇਜਾ ਸਿੰਘ ਦਾ ਗੁਰਮਤਿ ਵਿਆਖਿਆ ਵਿਚ ਯੋਗਦਾਨ

ਖੋਜ ਕਾਰਜ ਦੇ ਪਹਿਲੇ ਅਧਿਆਇ ਵਿਚ ਪ੍ਰਿੰ. ਤੇਜਾ ਸਿੰਘ: ਜੀਵਨ ਤੇ ਰਚਨਾਵਾਂ ਵਿਚ ਪ੍ਰਿੰ. ਤੇਜਾ ਸਿੰਘ ਦਾ ਜੀਵਨ, ਮਾਤਾ-ਪਿਤਾ, ਮੁੱਢਲੀ ਵਿਦਿਆ, ਅਧਿਆਪਨ ਕਾਰਜ, ਧਾਰਮਿਕ ਸਰਗਰਮੀਆਂ, ਜੇਲ੍ਹ ਯਾਤਰਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਪਾਏ ਯੋਗਦਾਨ (ਕਮੇਟੀ ਦੀ ਪਬਲੀਸਿਟੀ ਕਰਨੀ, ਰਹਿਤ ਸਰਯਾਦਾ ਦਾ ਖਰੜਾ ਤਿਆਰ ਕਰਨਾ ਅਤੇ ਮੁਢਲੇ ਮੈਂਬਰ ਹੋਣ ਬਾਰੇ) ਵਿਚਾਰ ਪੇਸ਼ ਕੀਤੇ ਗਏ ਹਨ। ਅਗਲੇ ਹਿੱਸੇ ਵਿਚ ਪ੍ਰਿੰ. ਤੇਜਾ ਸਿੰਘ ਦੀਆਂ ਪ੍ਰਮੁੱਖ ਰਚਨਾਵਾਂ ਦਾ ਵੇਰਵਾ ਵਿਸਥਾਰ ਪੂਰਵਕ ਦਿਤਾ ਗਿਆ ਹੈ। ਜਿਵੇਂ- ਸ਼ਬਦਾਂਤਿਕ ਲਗਾਂ ਮਾਤਰਾਂ ਦੇ ਗੁਝੇ ਭੇਦ, ਜਪੁਜੀ ਸਟੀਕ, ਆਸਾ ਦੀ ਵਾਰ ਸਟੀਕ, 'ਸ਼ਬਦਾਰਥ', ਸ੍ਰੀ ਗੁਰੂ ਗ੍ਰੰਥ ਸਾਹਿਬ (੪ ਭਾਗ), ਆਰਸੀ, ਸਿੱਖ ਇਤਿਹਾਸ, ਨਵਾਂ ਜਮਾਨਾ, ਪੰਜਾਬੀ ਕਿਵੇਂ ਲਿਖੀਏ, ਪੰਜਾਬੀ ਸ਼ਬਦ ਜੋੜ, ਸਿਖ ਧਰਮ, ਸਿਖ ਸਭਿਆਚਾਰ ਅਤੇ ਹੋਰ ਧਾਰਮਿਕ ਲੇਖ, ਸਿੱਖ ਇਤਿਹਾਸ ਦੀਆਂ ਝਾਕੀਆਂ (੩ ਭਾਗ), ਸਿਲਵਰ ਜੁਬਲੀ ਬੁਕ, The Holly Granth, The psalm peace, The Growth of responsibility in sikhism, The Sikh Prayer, The Sikh Religion, The Religion of Sikh Gurus, Sikhism its ideals & institutions ਆਦਿ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਦੂਸਰੇ ਅਧਿਆਇ ਵਿਚ 'ਵਿਆਖਿਆ: ਅਰਥ, ਸਰੂਪ ਤੇ ਮਹੱਤਵ'- ਵਿਚ ਵਿਆਖਿਆ ਤੇ ਵਿਆਖਿਆ ਸ਼ਾਸਤਰ ਦੀ ਗੱਲ ਕਰਦਿਆਂ ਇਸ ਦੇ ਮੁਢਲੇ/ਪੱਛਮੀ ਰੂਪ (Hermenutics, Interprtation, Exgesis) ਬਾਰੇ ਦਸਦਿਆਂ, ਧਾਰਮਿਕ ਗ੍ਰੰਥਾਂ ਵਿਚਲੇ ਪਾਠ (text) ਅਤੇ ਇਸ ਦੇ ਰਹੱਸ ਅਤੇ ਭਾਸ਼ਾ ਦੀ ਤਬਦੀਲੀ ਸਬੰਧੀ ਸਮੱਸਿਆਵਾਂ ਬਾਰੇ ਵਿਚਾਰ ਪੇਸ਼ ਕੀਤੇ ਗਏ ਹਨ ਅਤੇ ਧਰਮ ਗ੍ਰੰਥਾਂ ਦੀ ਵਿਆਖਿਆ ਕਰਨ ਦੇ ਢੰਗਾਂ ਦਾ ਜਿਕਰ ਕੀਤਾ ਗਿਆ ਹੈ। ਵਿਆਖਿਆਕਾਰੀ ਤੋਂ ਉਪਰੰਤ ਵਿਆਖਿਆਕਾਰੀ ਦੇ ਸਰੂਪ ਜਿਵੇਂ- ਟੀਕਾ, ਨਿਰੁਕਤ, ਪਰਮਾਰਥ, ਵ੍ਰਿਤੀ, ਭਾਸ, ਕੋਸ਼, ਟਿਪਣੀ, ਕਥਾਕਾਰੀ ਆਦਿ ਬਾਰੇ ਦਸਦਿਆਂ ਅੰਤ ਵਿਚ ਗੁਰਬਾਣੀ ਵਿਆਖਿਆਕਾਰੀ ਦੇ ਮਹੱਤਵ ਬਾਰੇ ਦਸਿਆ ਗਿਆ ਹੈ।

ਤੀਸਰੇ ਅਧਿਆਇ ਵਿਚ ਗੁਰਬਾਣੀ ਵਿਆਖਿਆਕਾਰੀ ਦੇ ਪਿਛੋਕੜ ਤੋਂ ਲੈ ਕੇ ਅਜੋਕੇ ਸਮੇਂ ਤੱਕ ਹੋਏ ਮਹੱਤਵਪੂਰਣ/ਸੰਪੂਰਣ ਟੀਕਿਆਂ ਦਾ ਸਰਵੇਖਣ ਕੀਤਾ ਗਿਆ। ਇਸ ਕਾਰਜ ਵਿਚ ਕੁਲ ਚੌਦਾਂ (14) ਟੀਕੇ ਲਏ ਗਏ ਹਨ। ਜਿਵੇਂ-

1) ਫਰੀਦਕੋਟੀ ਟੀਕਾ, (ਚਾਰ ਭਾਗ), ਗਿਆਨ ਬਦਨ ਸਿੰਘ ਸੇਖਵਾਂ , 1877-83.

2) ਗੁਰੁ ਭਾਵ ਦੀਪਕਾ, ਪੰਡਤ ਤਾਰਾ ਸਿੰਘ ਨਰੋਤਮ, 1881-85.

3) ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ,(ਅੱਠ ਭਾਗ), ਗਿਆਨੀ ਬਿਸ਼ਨ ਸਿੰਘ, 1929-38.

4) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, (ਦਸ ਭਾਗ), ਪੰਡਤ ਨਰੈਣ ਸਿੰਘ, 1932-37.

5) ਸ਼ਬਦਾਰਥ, (ਚਾਰ ਭਾਗ), ਪ੍ਰਿੰ. ਤੇਜਾ ਸਿੰਘ, 1936-41.

6) ਸ੍ਰੀ ਗੁਰਮਤਿ ਭਾਉ ਪ੍ਰਕਾਸ਼ਨੀ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, (ਛੇ ਭਾਗ), ਅਕਾਲੀ ਨਿਹਾਲ ਸਿੰਘ ਸੂਰੀ, 1936.

7) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, (ਦਸ ਭਾਗ), ਪ੍ਰੋ. ਸਾਹਿਬ ਸਿੰਘ, 1957-64.

8) ਸੰਥਯਾ, ਸ੍ਰੀ ਗੁਰੂ ਗ੍ਰੰਥ ਸਾਹਿਬ, (ਸਤ ਭਾਗ), ਭਾਈ ਵੀਰ ਸਿੰਘ, ਅਧੂਰਾ, 1958-62.

9) ਸੰਪ੍ਰਦਾਈ ਟੀਕਾ, ਸ੍ਰੀ ਅਮੀਰ ਭੰਡਾਰ, (ਦਸ ਭਾਗ) ਸੰਤ ਕ੍ਰਿਪਾਲ ਸਿੰਘ, 1961.

10) ਸਿਧਾਂਤਕ ਸਟੀਕ, ਸ੍ਰੀ ਗੁਰੂ ਗ੍ਰੰਥ ਸਾਹਿਬ,( ਅੱਠ ਭਾਗ), ਗਿਆਨੀ ਮਨੀ ਸਿੰਘ, 1980.

11) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਦਰਸ਼ਨ ਨਿਰਣੈ ਸਟੀਕ, (ਚੌਦਾਂ ਭਾਗ) ਗਿਆਨੀ ਹਰਬੰਸ ਸਿੰਘ, 1990-92.

12) ਅਰਥ ਬੋਧ, ਸ੍ਰੀ ਗੁਰੂ ਗ੍ਰੰਥ ਸਾਹਿਬ, (ਪੰਜ ਭਾਗ), ਡਾ. ਰਤਨ ਸਿੰਘ ਜੱਗੀ, 2007.

13) ਭਾਵ ਪ੍ਰਬੋਧਨੀ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ, (ਅਠ ਭਾਗ), ਰਤਨ ਸਿੰਘ ਜੱਗੀ, 2013.

14) ਗੁਰਬਾਣੀ ਅਰਥ ਭੰਡਾਰ, (12 ਭਾਗ), ਸੰਤ ਹਰੀ ਸਿੰਘ ਰੰਧਾਵਾ, 2016.

ਇਨ੍ਹਾਂ ਵਿਚੋਂ ਕੁਝ ਟੀਕੇ ਜਿਵੇਂ- ਪੰਡਤ ਤਾਰਾ ਸਿੰਘ ਨਰੋਤਮ, ਪੰਡਤ ਨਰੈਣ ਸਿੰਘ, ਅਕਾਲੀ ਨਿਹਾਲ ਸਿੰਘ ਸੂਰੀ ਅਤੇ ਭਾਈ ਵੀਰ ਸਿੰਘ ਦੇ ਟੀਕੇ ਅਧੂਰੇ ਹਨ ਜੋ ਕਿਸੇ ਕਾਰਨ ਕਰਕੇ ਪੂਰੇ ਨਹੀਂ ਹੋ ਸਕੇ ਪਰ ਆਪਣੇ ਸਮੇਂ ਅਤੇ ਅਜੋਕੇ ਸਮੇਂ ਵਿਚ ਉਨ੍ਹਾਂ ਦੀ ਸਾਰਥਕਤਾ ਨੂੰ ਮੁੱਖ ਰਖਦਿਆਂ ਇਨ੍ਹਾਂ ਨੂੰ ਵੀ ਖੋਜ-ਕਾਰਜ ਵਿਚ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਗੁਰਬਾਣੀ ਟੀਕਿਆਂ ਦੇ ਸਰਵੇਖਣ ਦੀ ਵਿਉਂਤ ਇਸ ਪ੍ਰਕਾਰ ਹੈ- ਸਭ ਤੋਂ ਪਹਿਲਾਂ ਟੀਕੇ ਨਾਲ ਸੰਬੰਧਤ ਵਿਆਖਿਆਕਾਰ ਦਾ ਸੰਖੇਪ ਜੀਵਨ ਅਤੇ ਉਨ੍ਹਾਂ ਦੁਆਰਾ ਵਿਆਖਿਆ ਕਰਦਿਆਂ ਵਰਤੀਆਂ ਗਈਆਂ ਵਿਆਖਿਆਤਮਕ ਯੁਗਤਾਂ ਦੀ ਜਾਣਕਾਰੀ ਜਿਵੇਂ- ਅਰਥ, ਪਦ-ਅਰਥ, ਭਾਵ-ਅਰਥ, ਉਥਾਨਕਾ, ਸਾਖੀਆਂ, ਪ੍ਰਾਕਥਨ, ਵਿਆਕਰਨ, ਗੁਰਮਤਿ ਸੰਕਲਪ, ਪ੍ਰਸ਼ਨੋਤਰੀ ਆਦਿ ਦਾ ਵੇਰਵਾ ਪੇਸ਼ ਕੀਤਾ ਗਿਆ ਹੈ ਅਤੇ ਹਰ ਵਿਆਖਿਆਕਾਰ ਦੁਆਰਾ ਕੀਤੀ ਵਿਆਖਿਆਕਾਰੀ ਬਾਰੇ ਵਿਚਾਰ ਕਰਨ ਉਪਰੰਤ ਉਸ ਵਿਆਖਿਆਕਾਰ ਦੁਆਰਾ ਕੀਤੀ ਵਿਆਖਿਆਕਾਰੀ ਵਿਚੋਂ ਵਿਆਖਿਆ ਵੰਨਗੀ ਪਾਠਕਾਂ ਅਤੇ ਖੋਜਾਰਥੀਆਂ ਦੇ ਧਿਆਨ ਵਿਚ ਲਿਆਉਣ ਹਿਤ ਅੰਕਿਤ ਕੀਤੀ ਗਈ ਹੈ।

ਚੌਥੇ ਅਧਿਆਇ 'ਪ੍ਰਿੰ. ਤੇਜਾ ਸਿੰਘ ਦਾ ਗੁਰਮਤਿ ਵਿਆਖਿਆ ਵਿਚ ਯੋਗਦਾਨ'-ਇਹ ਅਧਿਆਇ ਖੋਜ ਕਾਰਜ ਦਾ ਮੁਖ ਵਿਸ਼ਾ ਹੈ। ਇਸ ਵਿਸ਼ੇ ਨੂੰ ਦੋ ਹਿਸਿਆਂ ਵਿਚ ਰਖਿਆ ਗਿਆ ਹੈ। ਪਹਿਲੇ ਹਿਸੇ ਨੂੰ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' 'ਜਪੁਜੀ ਸਟੀਕ' ਅਤੇ 'ਆਸਾ ਦੀ ਵਾਰ ਸਟੀਕ' ਦੇ ਆਧਾਰ ਤੇ ਗੁਰਬਾਣੀ ਦੇ ਅਰਥ ਕਰਦਿਆਂ ਪ੍ਰਿੰ. ਸਾਹਿਬ ਵਲੋਂ ਵਰਤੀਆਂ ਯੁਗਤਾਂ ਜਿਵੇਂ- ਭੂਮਿਕਾ, ਉਥਾਨਕਾ, ਵਿਚਾਰਧਾਰਕ ਏਕਤਾ, ਵਿਆਕਰਨ, ਪਾਠ-ਅੰਤਰ, ਪ੍ਰਸ਼ਨੋਤਰੀ, ਭਾਸ਼ਾਈ ਗਿਆਨ ਆਦਿ ਬਾਰੇ ਉਨ੍ਹਾਂ ਦੀ ਵਿਆਖਿਆਕਾਰੀ ਦੇ ਕਾਰਜ ਵਿਚੋਂ ਉਦਾਹਰਨਾਂ ਲੈ ਕੇ ਵਿਚਾਰ ਕੀਤੀ ਗਈ ਹੈ। ਅਗਲੇ ਹਿਸੇ ਵਿਚ, ਜਿਸ ਨੂੰ ਗੁਰਮਤਿ ਸੰਕਲਪ/ਸਿਧਾਂਤ ਦਾ ਨਾਮ ਦਿਤਾ ਗਿਆ ਹੈ, 'ਚ ਗੁਰਬਾਣੀ ਦੀ ਵਿਆਖਿਆ ਕਰਦਿਆਂ ਕੁਝ-ਕੁ ਗੁਰਮਤਿ ਸੰਕਲਪ ਜਿਵੇਂ- ਨਾਮ, ਹੁਕਮ, ਕਰਮ, ਹਉਮੈ, ਪਰਮਾਤਮਾ, ਸੇਵਾ, ਨੈਤਿਕਤਾ ਬਾਰੇ ਉਨ੍ਹਾਂ ਦੁਆਰਾ ਕੀਤੀ ਵਿਆਖਿਆਕਾਰੀ ਵਿਚੋਂ ਹੀ ਪੇਸ਼ ਕਰਨ ਦਾ ਜਤਨ ਕੀਤਾ ਗਿਆ ਹੈ।

ਉਕਤ ਚਾਰ ਅਧਿਆਇਆਂ ਲਈ ਅਸੀਂ ਇਸ ਦੇ ਘੇਰੇ ਵਿਚ ਪੰਜਾਬੀ ਭਾਸ਼ਾ ਵਿਚ ਪ੍ਰਾਪਤ ਪ੍ਰਿੰ. ਤੇਜਾ ਸਿੰਘ ਅਤੇ ਗੁਰਬਾਣੀ/ਗੁਰਮਤਿ ਵਿਆਖਿਆਕਾਰੀ ਨਾਲ ਸਬੰਧਤ ਪ੍ਰਮੁੱਖ ਕਾਰਜਾਂ ਨੂੰ ਹੀ ਆਧਾਰ ਬਣਾਇਆ ਹੈ।

ਧਰਮ ਅਧਿਐਨ ਦੇ ਖੇਤਰ ਵਿਚ ਭਾਵੇਂ ਅਨੇਕਾਂ ਖੋਜ ਵਿਧੀਆਂ ਕਾਰਜਰਤ/ਪ੍ਰਚਲਿਤ ਹਨ ਪਰ ਹਥਲੇ ਖੋਜ ਕਾਰਜ ਵਿਚ ਗੁਰਬਾਣੀ ਵਿਆਖਿਆਕਾਰੀ ਦਾ ਪਿਛੋਕੜ, ਪ੍ਰਿੰ. ਤੇਜਾ ਸਿੰਘ ਦਾ ਸਮੁੱਚਾ ਜੀਵਨ ਅਤੇ ਰਚਨਾਵਾਂ ਆਦਿ ਪੱਖਾਂ ਤੇ ਕੇਂਦਰਿਤ ਹੋਏ ਹਾਂ। ਇਸ ਕਰਕੇ ਵਿਆਖਿਆਕਾਰੀ ਦਾ ਪਿਛੋਕੜ ਅਤੇ ਪ੍ਰਿੰ. ਤੇਜਾ ਸਿੰਘ ਦਾ ਜੀਵਨ, ਪੱਖਾਂ ਨੂੰ ਵਾਚਨ ਲਈ ਇਤਿਹਾਸਕ ਪਹੁੰਚ ਵਿਧੀ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਇਲਾਵਾ ਸਮੁੱਚਾ ਖੋਜ ਕਾਰਜ ਗੁਰਮਤਿ ਆਸ਼ਯ ਨੂੰ ਮੁਖ ਰਖਦਿਆਂ ਹੋਇਆਂ ਗੁਰਬਾਣੀ ਵਿਆਖਿਆਕਾਰੀ ਦੀਆਂ ਪ੍ਰਣਾਲੀਆਂ ਅਤੇ ਗੁਰਮਤਿ ਸੰਕਲਪਾਂ ਆਦਿ ਪੱਖਾਂ ਤੇ ਉਸਰਿਆ ਹੈ, ਇਸ ਲਈ ਇਨ੍ਹਾਂ ਪੱਖਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਧਰਮ ਸ਼ਾਸਤਰੀ ਵਿਧੀ ਦਾ ਪ੍ਰਯੋਗ ਕੀਤਾ ਗਿਆ ਹੈ।

ਸਮੁੱਚਾ ਖੋਜ ਕਾਰਜ ਸੰਪੂਰਨ ਕਰਨ ਉਪਰੰਤ ਇਸ ਦੇ ਕੁਝ ਮਹੱਤਵਪੂਰਨ ਪੱਖਾਂ ਦਾ ਸੰਖੇਪ ਜ਼ਿਕਰ ਕੀਤਾ ਹੈ। ਅੰਤ ਵਿਚ ਸਮੁੱਚੇ ਖੋਜ ਕਾਰਜ ਨੂੰ ਸੰਖੇਪ ਰੂਪ ਵਿਚ ਦੱਸ ਕੇ ਸਮੁੱਚੇ ਖੋਜ ਕਾਰਜ ਦਾ ਸਾਰ ਰੂਪ ਪੇਸ਼ ਕੀਤਾ ਗਿਆ ਹੈ।

# ਪ੍ਰਕਾਸ਼ਿਤ ਹੋਏ ਖੋਜ ਪੱਤਰਾਂ ਦੀ ਸੂਚੀ

1. ਗੁਰਪ੍ਰੀਤ ਸਿੰਘ, ਸਲੋਕ ਮਹਲਾ ੯ ਬਾਣੀ ਦੇ ਵਿਸ਼ੇ ਪਖ ਦਾ ਅਧਿਐਨ, ਗੁਰੂ ਤੇਗ ਬਹਾਦਰ ਜਰਨਲ ਆਫ ਰਿਲੀਜਿਅਸ ਸਟਡੀਜ, ਡਾ. ਜਸਵੀਰ ਸਿੰਘ (ਮੁਖ ਸੰਪਾ.), ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪਰ ਸਾਹਿਬ, 2018, ਪੰਨਾ 89 -96।

2. ਗੁਰਪ੍ਰੀਤ ਸਿੰਘ, ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਲੋਹਗੜ (ਅੰਮ੍ਰਿਤਸਰ) ਦੀ ਪਹਿਲੀ ਲੜਾਈ (ਗੌਣ ਸਰੋਤਾਂ ਦੇ ਹਵਾਲੇ ਨਾਲ), ਜਰਨਲ ਆਫ ਸ੍ਰੀ ਗੁਰੂ ਗ੍ਰੰਥ ਸਾਹਿਬ ਸਟਡੀਜ, ਡਾ. ਕਿਰਨਦੀਪ ਕੌਰ (ਸੰਪਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ ਸਾਹਿਬ, 2017, ਪੰਨਾ 30-38